Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Feb 15, 2015
-Travelers-Progressive
-Kemper Preferred
-Mercury-Hartford
-Safeco-Victoria
-Mapfre -GMAC
Fidelity- Access
& Many More
Gurdawar Singh Mann
Phone: 510-487-1000 Email: mann@ggiausa.com
License # 0D74334
Certified Agent

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 02, January 10, 2015 | 20451 N Plum Grove Rd., Palatine, IL 60074 | Ph:847-359-0746, Fax:847-705-9388


## ਬੰਦੀ ਸਿੱਖਾਂ ਦੀ ਰਿਹਾਈ ਬਾਰੇ ਕੇਂਦਰ ਨੇ ਬਾਦਲ ਨੂੰ ਅੰਗੂਠਾ ਦਿਖਾਇਆ


### ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਅਪੀਲ ਰੱਦ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਜੇਲ੍ਹਾਂ ਵਿਚ ਬੰਦ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਦੀ ਰਿਹਾਈ ਬਾਰੇ ਕੇਂਦਰ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਪੀਲ ਰੱਦ ਕਰ ਦਿੱਤੀ ਹੈ। ਗ੍ਰਹਿ ਮੰਤਰਾਲੇ ਨੇ ਕਾਲੀ ਸੂਚੀ ਵਿਚ 58 ਨਾਂ ਬਰਕਰਾਰ ਰੱਖਣ ਦਾ ਫੈਸਲਾ ਵੀ ਕੀਤਾ ਹੈ। ਇਹ ਸੂਚੀ ਮਈ 2014 ਵਿਚ ਅਪਡੇਟ ਕੀਤੀ ਗਈ ਸੀ। ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਦੇ ਆਪਸੀ ਸਬੰਧ ਪਹਿਲਾਂ ਹੀ ਤਣਾਅਪੂਰਨ ਹਨ ਅਤੇ ਗ੍ਰਹਿ ਮੰਤਰਾਲੇ ਦੇ ਇਸ ਫੈਸਲੇ ਨਾਲ ਤਣਾਅ ਹੋਰ ਵਧਣ ਦੇ ਆਸਾਰ ਹਨ।

ਪੰਜਾਬ ਵਿਚ ਸਿੱਖ ਬੰਦੀਆਂ ਦੀ ਰਿਹਾਈ ਦਾ ਮਾਮਲਾ ਕਾਫੀ ਭਖਿਆ ਹੋਇਆ ਹੈ। ਸਿੱਖ ਕਾਰਕੁਨ ਗੁਰਬਖਸ਼ ਸਿੰਘ ਖਾਲਸਾ ਤਕਰੀਬਨ ਦੋ ਮਹੀਨਿਆਂ ਤੋਂ ਅੰਬਾਲਾ ਵਿਖੇ ਭੁੱਖ ਹੜਤਾਲ 'ਤੇ ਹਨ। ਸ. ਬਾਦਲ ਨੇ ਪਿਛਲੇ ਮਹੀਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਚਿੱਠੀ ਲਿਖ ਕੇ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਪਰਮਜੀਤ ਸਿੰਘ ਭਿਓਰਾ ਤੇ ਜਗਤਾਰ ਸਿੰਘ ਹਵਾਰਾ ਦੀ ਰਿਹਾਈ ਕਰਨ ਦੀ ਮੰਗ ਕੀਤੀ ਸੀ ਜੋ ਇਸ ਵੇਲੇ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹਨ। ਇਸ ਤੋਂ ਇਲਾਵਾ ਉਨ੍ਹਾਂ ਉਤਰ ਪ੍ਰਦੇਸ਼, ਰਾਜਸਥਾਨ, ਪੱਛਮੀ ਬੰਗਾਲ, ਕਰਨਾਟਕ, ਗੁਜਰਾਤ ਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਨੂੰ ਚਿੱਠੀ ਲਿਖੀ ਸੀ। ਜਿਨ੍ਹਾਂ ਹੋਰ ਸਿੱਖ ਕੈਦੀਆਂ ਦੀ ਰਿਹਾਈ ਮੰਗੀ ਸੀ, ਉਨ੍ਹਾਂ ਵਿਚ ਗੁਰਮੀਤ ਸਿੰਘ ਫੌਜੀ ਤੇ ਦਯਾ ਸਿੰਘ ਲਾਹੌਰੀਆ

(ਬਾਕੀ ਸਫਾ 6 'ਤੇ)

### ਬਾਦਲ ਪਹਿਲਾਂ ਪੰਜਾਬ ਦੀਆਂ ਜੇਲ੍ਹਾਂ ਵਿਚੋਂ ਬੰਦੀ ਸਿੱਖ ਰਿਹਾਅ ਕਰਨ



ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਬੈਠੇ ਗੁਰਬਖਸ਼ ਸਿੰਘ ਖਾਲਸਾ ਨੂੰ ਮਿਲਣ ਗਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਖਰੀਆਂ-ਖਰੀਆਂ ਸੁਣਨੀਆਂ ਪਈਆਂ। ਗੁਰਬਖਸ਼ ਸਿੰਘ ਨੇ ਜਥੇਦਾਰ ਮੱਕੜ ਨੂੰ ਕਿਹਾ ਕਿ ਜੇ ਆਏ ਹੋ ਤਾਂ 'ਜੀ ਆਇਆਂ ਨੂੰ', ਪਰ ਬੰਦੀ ਸਿੱਖਾਂ ਨੂੰ ਰਿਹਾਅ ਕਰਾਉਣ ਲਈ ਕੋਈ ਬਹਾਨਾ ਨਾ ਲਾਇਓ, ਧਾਰਾ 161 ਦਾ ਰੌਲਾ ਵੀ ਨਾ ਪਾਇਆ ਜਾਵੇ। ਨਾਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਹਿ ਕੇ ਪਹਿਲਾਂ ਪੰਜਾਬ ਦੀਆਂ ਜੇਲ੍ਹਾਂ ਵਿਚੋਂ ਬੰਦੀ ਸਿੱਖਾਂ ਨੂੰ ਰਿਹਾਅ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਕਬੱਡੀ ਕੱਪ ਜੀਅ ਸਦਕੇ ਕਰਾਓ, ਪਰ ਜੋ ਕੌਮ ਲਈ ਕਬੱਡੀ ਖੇਡ ਕੇ ਜੇਲ੍ਹਾਂ ਵਿਚ ਪਏ ਹਨ, ਉਨ੍ਹਾਂ ਨੂੰ ਵੀ ਬਾਹਰ ਲਿਆਓ।

### ਪੰਥ ਦੇ ਪਹਿਰੇਦਾਰ ਭਗਵੇਂਕਰਨ ਦੇ ਪ੍ਰਭਾਵ ਹੇਠ: ਨੰਦਗੜ੍ਹ



ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ 'ਤੇ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਗੁਰਬਖ਼ਸ ਸਿੰਘ ਖਾਲਸਾ ਨਾਲ ਇਕ ਵਰ੍ਹਾ ਪਹਿਲਾਂ ਕੀਤਾ ਵਾਅਦਾ ਨਹੀਂ ਨਿਭਾਇਆ ਅਤੇ ਹੁਣ ਉਹ ਵੀ ਕਾਨੂੰਨ ਦੀ ਗੱਲ ਕਰ ਰਹੇ ਹਨ। ਪੰਜਾਬ ਸਰਕਾਰ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਇਕ ਪਾਸੇ ਧਾਰਾ 25 ਵਿਚ ਸੋਧ ਦੀ ਮੰਗ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਨਹੀਂ ਕਰਵਾਇਆ ਜਾ ਰਿਹਾ। ਉਨ੍ਹਾਂ ਆਖਿਆ ਕਿ ਪੰਥ ਦੇ ਪਹਿਰੇਦਾਰ ਹੁਣ ਭਗਵੇਂਕਰਨ ਦੇ ਪ੍ਰਭਾਵ ਹੇਠ ਹਨ।

## ਗ੍ਰਿਫਤਾਰ ਖਾੜਕੂ ਜਗਤਾਰ ਤਾਰਾ ਨੂੰ ਭਾਰਤ ਹਵਾਲੇ ਕਰਨ ਦੇ ਹੁਕਮ

**ਬੈਂਕਾਕ:** ਬੇਅੰਤ ਸਿੰਘ ਹੱਤਿਆ ਕੇਸ ਵਿਚ ਸਜ਼ਾਯਾਫਤਾ ਅਤੇ 2004 ਵਿਚ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚੋਂ ਸੁਰੰਗ ਪੁੱਟ ਕੇ ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਓਰਾ ਅਤੇ ਹਰਿਆਣਵੀ ਰਸੋਈਏ ਦੇਵੀ ਸਿੰਘ ਨਾਲ ਫਰਾਰ ਹੋਏ ਖਾੜਕੂ ਜਗਤਾਰ ਸਿੰਘ ਤਾਰਾ ਨੂੰ ਥਾਈਲੈਂਡ ਦੀ ਪੁਲਿਸ ਨੇ ਸੋਮਵਾਰ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸ ਨੂੰ ਡਿਪੋਰਟ ਕਰ ਕੇ ਭਾਰਤ ਹਵਾਲੇ ਕਰਨ ਦੀ ਆਗਿਆ ਦੇ ਦਿੱਤੀ ਹੈ। ਨਿਯਮਾਂ ਮੁਤਾਬਕ ਉਸ ਨੂੰ ਪੰਜਾਬ ਲਿਆਉਣ ਵਿਚ ਤਕਰੀਬਨ ਇੱਕ ਮਹੀਨਾ ਲੱਗੇਗਾ। ਭਾਰਤ ਵੱਲੋਂ ਭਾਰਤ-ਥਾਈਲੈਂਡ ਅਪਰਾਧੀ ਹਵਾਲਗੀ ਸੰਧੀ ਤਹਿਤ ਕੁਝ ਕਾਨੂੰਨੀ ਕਾਰਵਾਈਆਂ ਮੁਕੰਮਲ ਕਰਨ ਵਿਚ ਇੰਨਾ ਸਮਾਂ ਲੱਗ ਜਾਣਾ ਹੈ।

ਜਾਣਕਾਰੀ ਅਨੁਸਾਰ ਬੀਤੇ ਸਾਲ ਦੇ ਆਖਰੀ ਮਹੀਨਿਆਂ ਵਿਚ ਪੰਜਾਬ ਪੁਲਿਸ ਦੀ ਟੀਮ ਥਾਈਲੈਂਡ ਗਈ ਸੀ। ਉਦੋਂ ਉੱਥੇ ਪੁਲਿਸ ਉਸ ਤੱਕ ਤਾਂ ਨਾ ਪੁੱਜ ਸਕੀ, ਪਰ 2 ਹੋਰ ਖਾੜਕੂ ਗੁਰਪ੍ਰੀਤ ਸਿੰਘ ਗੋਪੀ ਅਤੇ ਹਰਮਿੰਦਰ ਸਿੰਘ ਮਿੰਟੂ ਨੂੰ ਗ੍ਰਿਫਤਾਰ ਕਰਨ ਵਿਚ ਪੰਜਾਬ ਪੁਲਿਸ ਕਾਮਯਾਬ ਹੋ ਗਈ ਸੀ। ਇਸ ਤੋਂ ਬਾਅਦ ਸੂਹ ਦੀਆਂ ਕੜੀ ਜੋੜਨ ਪਿਛੋਂ ਮਲੇਸ਼ੀਆ ਤੋਂ ਖਾਲਿਸਤਾਨ ਟਾਈਗਰਜ਼ ਫੋਰਸ ਦੇ ਖਾੜਕੂ ਰਮਨਦੀਪ ਸਿੰਘ ਗੋਲਡੀ ਨੂੰ ਕਾਬੂ ਕਰ ਲਿਆ ਗਿਆ। ਇਸੇ ਪੁੱਛ-ਗਿੱਛ ਦੌਰਾਨ ਬੀ.ਟੀ.ਐਫ.ਕੇ. ਦੇ ਖਾੜਕੂ ਰਤਨਦੀਪ ਸਿੰਘ ਨੂੰ ਉੱਤਰ ਪ੍ਰਦੇਸ਼ ਦੇ ਸ਼ਹਿਰ ਗੋਰਖਪੁਰ ਵਿਚੋਂ ਫੜ ਲਿਆ ਗਿਆ। ਪੁਲਿਸ ਮੁਤਾਬਕ ਇਨ੍ਹਾਂ ਖਾੜਕੂਆਂ ਤੋਂ ਮਿਲੀ ਜਾਣਕਾਰੀ ਅਤੇ ਫੋਨ ਨੰਬਰਾਂ ਦੀ ਕਾਲ ਡਿਟੇਲ ਤੋਂ ਪੰਜਾਬ ਪੁਲਿਸ ਅਤੇ ਖੁਫੀਆ ਏਜੰਸੀਆਂ ਨੂੰ ਤਾਰਾ ਦੇ ਪੱਕੇ ਟਿਕਾਣੇ ਦੀ ਭਿਣਕ ਪੈ ਗਈ।



*ਥਾਈਲੈਂਡ ਵਿਚ ਗ੍ਰਿਫਤਾਰ ਜਗਤਾਰ ਸਿੰਘ ਤਾਰਾ ਅਤੇ (ਹੇਠਾਂ) ਇਕ ਪੁਰਾਣੀ ਤਸਵੀਰ।*



ਸੂਤਰਾਂ ਅਨੁਸਾਰ ਜਗਤਾਰ ਸਿੰਘ ਤਾਰਾ ਨੂੰ ਗ੍ਰਿਫਤਾਰ ਕਰਨ ਲਈ ਥਾਈਲੈਂਡ ਪੁਲਿਸ ਕਾਫ਼ੀ

(ਬਾਕੀ ਸਫਾ 6 'ਤੇ)


REAL ESTATE & HOME LOANS
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ 'ਚ ਖੂਬ ਪਿਆ ਸੰਗੀਤਕ ਧੁਨਾਂ ਦਾ ਛਣਕਾਟਾ

## ਪੰਜਾਬੀਆਂ ਨੇ ਆਪਣੇ ਸਭਿਆਚਾਰਕ ਵਿਰਸੇ ਨਾਲ ਦੁਨੀਆਂ ਭਰ 'ਚ ਵੱਖਰੀ ਪਹਿਚਾਣ ਬਣਾਈ ਹੈ: ਕੌਂਸਲ ਜਨਰਲ

**ਸੰਨੀਵੇਲ (ਬਿਊਰੋ):** ਪੰਜਾਬੀ ਦੁਨੀਆਂ ਵਿਚ ਜਿਥੇ ਜਿਥੇ ਵੀ ਗਏ ਉਥੇ ਉਨ੍ਹਾਂ ਆਪਣੀ ਵੱਖਰੀ ਪਹਿਚਾਣ ਹੀ ਨਹੀਂ ਬਣਾਈ ਸਗੋਂ ਆਪਣੇ ਸਭਿਆਚਾਰ, ਗੀਤ-ਸੰਗੀਤ ਅਤੇ ਲੋਕ ਨਾਚਾਂ ਨੂੰ ਵੀ ਬਚਾ ਕੇ ਰੱਖਿਆ ਹੈ। ਅੱਜ ਮੈਨੂੰ ਪੰਜਾਬੀਆਂ ਦੇ ਇਸ ਸਭਿਆਚਾਰਕ ਪ੍ਰੋਗਰਾਮ ਵਿਚ ਸ਼ਾਮਿਲ ਹੋ ਕੇ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ। ਇਹ ਵਿਚਾਰ ਸੈਨ ਫਰਾਂਸਿਸਕੋ ਵਿਚ ਭਾਰਤੀ ਕੀਤੀਆਂ ਪ੍ਰਾਪਤੀਆਂ ਨਾਲ ਸਮੁੱਚੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਐਸ. ਅਸ਼ੋਕ ਭੌਰਾ ਵਲੋਂ ਪੇਸ਼ ਕੀਤੇ ਗਏ ਇਸ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਕੌਂਸਲਰ ਆਨੰਦ ਝਾਅ ਵੀ ਹਾਜ਼ਰ ਸਨ।

ਪੰਜਾਬ ਲੋਕ ਰੰਗ ਅਤੇ ਪੰਜ ਦਰਿਆ ਸੰਗੀਤ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਪ੍ਰੋਗਰਾਮ ਦੌਰਾਨ ਬੋਲਦਿਆਂ ਸੰਨੀਵੇਲ 'ਚ ਭੁਚਾਲ ਆ ਗਿਆ ਜਦੋਂ ਪਿਆ ਛਣਕਾਟਾ ਮੇਰੀ ਵੰਗ ਦਾ' ਗੀਤ ਨਾਲ ਕੋਰੀਓਗ੍ਰਾਫੀ ਨਾਲ ਹੋਇਆ। ਉਪਰੰਤ ਬੁਲੰਦ ਆਵਾਜ਼ ਵਾਲੇ ਸੱਤੀ ਪਾਬਲਾ ਨੇ ਆਪਣੇ ਦੋ ਗੀਤ ਪੇਸ਼ ਕੀਤੇ। ਪੰਜਾਬ ਤੋਂ ਉਚੇਚੇ ਤੌਰ 'ਤੇ ਇਸ ਪ੍ਰੋਗਰਾਮ 'ਚ ਭਾਗ ਲੈਣ ਆਈ ਕੁੜੀ ਜੋਤ ਰਣਜੀਤ ਨੇ 'ਵਾਰ ਬੰਦਾ ਸਿੰਘ ਬਹਾਦਰ' ਅਤੇ ਪੰਜਾਬ ਦੀ ਨਸ਼ਿਆਂ ਦੀ ਤ੍ਰਾਸਦੀ 'ਤੇ ਗੀਤ 'ਨੀ ਮੜ੍ਹੀਏ ਪੰਜਾਬ ਦੀਏ' ਤਰਸੇਮ ਅਟਵਾਲ ਦਾ ਜੁਗਲ ਗੀਤ 'ਕਿਥੇ ਜਾ ਕੇ ਕਿੰਝ ਵਸਣਾ ਇਹ ਪੰਜਾਬੀ ਜਾਣਦੇ', ਡਿੰਪਲ ਜੋਸ਼ੀ ਅਤੇ ਮਨਦੀਪ ਸਿੱਧੂ ਦੀ ਕੋਰੀਓਗ੍ਰਾਫੀ ਵਾਲਾ ਗੀਤ 'ਵੇ ਮੈਂ ਹਾਕੀ ਦੀ ਖਿਡਾਰਨ ਪੰਜਾਬੀਆਂ ਦੀ ਜਾਨ' ਦੋਗਾਣਾ ਸੁਣਨ ਵਾਲੇ ਸ਼ੌਕੀਨਾਂ ਦਾ ਚਾਅ ਪੂਰਾ ਕਰ ਗਿਆ। ਬਲਜੀਵਨ ਤੇ ਵਿਜੇ ਦੀ ਕਮੇਡੀ ਦੇ ਨਾਲ ਨਾਲ ਬੀਬੀ ਜਸਵਿੰਦਰ ਧਨੋਆ, ਜਸਵਿੰਦਰ ਸੱਗੀ ਤੇ ਚੇੜਾ ਨੇ ਵੀ ਖੂਬ ਹਾਸਾ ਮਚਾਇਆ। ਸਵਰਗੀ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਬੜੀ ਖੂਬਸੂਰਤੀ ਨਾਲ ਕੀਤਾ।

ਇਸ ਪ੍ਰੋਗਰਾਮ ਵਿਚ ਸ਼ਿਕਾਗੋ ਤੋਂ ਹਰਜੰਤ ਸਿੰਘ, ਵੈਨਕੂਵਰ ਤੋਂ ਸੁਰਜੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਕੈਲੀਫੋਰਨੀਆ ਦੀਆਂ ਉਘੀਆਂ ਵਪਾਰਕ, ਸੱਭਿਆਚਾਰਕ ਅਤੇ ਰਾਜਨੀਤਕ, ਖੇਡ ਤੇ ਧਾਰਮਿਕ ਸ਼ਖਸੀਅਤਾਂ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣੀਆਂ। ਗਲੋਬਲ



ਸ਼ਕਤੀ ਮਾਣਕ



ਸੱਤੀ ਪਾਬਲਾ



ਜੋਤ ਰਣਜੀਤ



ਸਤਵਿੰਦਰ ਬਿੱਟੀ



ਐਸ ਅਸ਼ੋਕ ਭੌਰਾ



ਅਨੂਪ ਚੀਮਾ ਤੇ ਤਰਲੋਕ ਸਿੰਘ



ਹਾਸਰਸ ਦਾ ਰੰਗ ਜਸਵਿੰਦਰ ਧਨੋਆ ਤੇ ਸਾਥੀ



ਜਾਗਰ ਤੇ ਨਾਜਰ (ਬਲਜੀਵਨ ਤੇ ਵਿਜੇ)



ਵੇ ਮੈਂ ਹਾਕੀ ਦੀ ਖਿਡਾਰਨ (ਮਨਦੀਪ ਸਿੱਧੂ ਤੇ ਡਿੰਪਲ ਜੋਸ਼ੀ)



ਜਦੋਂ ਪਿਆ ਛਣਕਾਟਾ ਮੇਰੀ ਵੰਗ ਦਾ



(ਖੱਬਿਓਂ ਛੇਵੇਂ ਤੇ) ਕੌਂਸਲੇਟ ਜਨਰਲ ਸਾਨਫਰਾਂਸਿਸਕੋ ਵੈਂਕਟੇਸ਼ਵਰ ਮੁੱਖ ਪ੍ਰਬੰਧਕ ਐਸ ਅਸ਼ੋਕ ਭੌਰਾ ਤੇ ਰਾਜ ਭਨੋਟ ਹੁਰਾਂ ਨਾਲ



ਸਤਵਿੰਦਰ ਬਿੱਟੀ ਦਾ ਇਕ ਅੰਦਾਜ਼ 'ਜਦੋਂ ਕੁੜੀਆਂ ਚਿੜੀਆਂ ਤੇ ਬਜ਼ੁਰਗ ਔਰਤਾਂ ਵੀ ਨੱਚੀਆਂ'



ਪ੍ਰੋਗਰਾਮ ਵਿਚ ਸ਼ਾਮਿਲ ਹਾਜ਼ਰੀਨ




ਪੇਸ਼ਕਾਰੀ ਦਾ ਇਕ ਰੰਗ ਇਹ ਵੀ



ਹਾਜ਼ਰ ਦਰਸ਼ਕ

ਕੌਂਸਲਖਾਨੇ ਦੇ ਮੁਖੀ ਕੌਂਸਲ ਜਨਰਲ ਸ੍ਰੀ ਵੈਂਕਟੇਸ਼ਵਰ ਅਸ਼ੋਕ ਨੇ ਇਥੇ ਸੰਨੀਵੇਲ ਕਮਿਊਨਿਟੀ ਸੈਂਟਰ ਵਿਖੇ ਲੰਘੇ ਸਨਿਚਰਵਾਰ ਕਾਲਮਨਵੀਸ ਐਸ. ਅਸ਼ੋਕ ਭੌਰਾ ਅਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਪੇਸ਼ ਕੀਤੇ ਗਏ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ' ਦੀ ਪੇਸ਼ਕਾਰੀ ਸਮੇਂ ਬੋਲਦਿਆਂ ਪ੍ਰਗਟਾਏ।

ਸ੍ਰੀ ਵੈਂਕਟੇਸ਼ਵਰ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਗੁਰੂਆਂ, ਪੀਰਾਂ ਤੇ ਯੋਧਿਆਂ ਦੀ ਧਰਤੀ ਪੰਜਾਬ ਤੋਂ ਆਏ ਪੰਜਾਬੀਆਂ ਨੇ ਦੁਨੀਆਂ ਵਿਚ ਆਪਣੇ ਸਿਦਕ ਤੇ ਸਿਰੜ ਨਾਲ ਹਿੰਦੂ ਟੈਂਪਲ ਦੇ ਮੁੱਖ ਸੇਵਾਦਾਰ ਰਾਜ ਭਨੋਟ ਨੇ ਕੌਂਸਲ ਜਨਰਲ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਦੀ ਇਸ ਹਾਜ਼ਰੀ ਨੂੰ ਪੰਜਾਬੀਆਂ 'ਤੇ ਸੱਭਿਆਚਾਰ ਦੇ ਨੇੜੇ ਹੋਣ ਦੀ ਗੱਲ ਆਖੀ। ਕੌਂਸਲ ਜਨਰਲ ਸ੍ਰੀ ਅਸ਼ੋਕ ਦਾ ਇਸ ਮੌਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਉਘੀਆਂ ਹਸਤੀਆਂ ਵਿਚ ਸੁਰਿੰਦਰ ਸਿੰਘ ਧਨੋਆ, ਬਿੱਲਾ ਸੰਘੇੜਾ, ਇਕਬਾਲ ਸਿੰਘ ਗਾਖਲ, ਰਾਜ ਭਨੋਟ ਅਤੇ ਸੁੱਚਾ ਰਾਮ ਭਾਰਟਾ ਹਾਜ਼ਰ ਸਨ।

ਪ੍ਰੋਗਰਾਮ ਦਾ ਅਰੰਭ ਸੁਰ ਸਰਤਾਜ ਇਨਾਮ ਜੇਤੂ ਗਾਇਕਾ ਮਨਦੀਪ ਕੌਰ ਮਾਛੀਵਾੜਾ ਦੇ 'ਗਿੱਧੇ ਨਾਲ ਇਕ ਵੱਖਰੀ ਕਿਸਮ ਦਾ ਮਾਹੌਲ ਸਿਰਜ ਦਿੱਤਾ। ਗਾਇਕ ਅਨੂਪ ਚੀਮਾ ਨੇ 'ਕੀ ਕਰਦੀ ਸੀ ਮੇਰੀ ਮਾਂ ਵੇ' ਗਾਉਣ ਉਪਰੰਤ ਤਰਲੋਕ ਸਿੰਘ ਨਾਲ ਸਾਂਝੇ ਤੌਰ 'ਤੇ 'ਆਓ ਨੱਚੀਏ' ਨਾਲ ਦਰਸ਼ਕਾਂ ਦੀਆਂ ਅੱਡੀਆਂ ਥਿਰਕਣ ਲਾ ਦਿੱਤੀਆਂ।

ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ ਜਸਵਿੰਦਰ ਧਨੋਆ, ਜਸਵਿੰਦਰ ਸੱਗੀ ਅਤੇ ਸੋਨੀਆ ਚੇੜਾ ਦੀ ਅਗਵਾਈ ਵਿਚ ਲੰਮ ਸਲੰਮੀਆਂ ਪੰਜਾਬੀ ਮੁਟਿਆਰਾਂ ਨੇ ਪੇਸ਼ ਕਰਕੇ ਸਟੇਜ ਪੁੱਟਣ ਵਾਲੀ ਗੱਲ ਕਰਦਿਆਂ ਪ੍ਰੋਗਰਾਮ ਦੇ ਟਾਈਟਲ ਨੂੰ ਸਾਰਥਕ ਕਰ ਦਿੱਤਾ। ਮੰਗਜੀਤ ਮੰਗਾ ਅਤੇ ਪ੍ਰਸਿੱਧ ਗਾਇਕਾ ਸਤਵਿੰਦਰ ਬਿੱਟੀ ਨੇ ਗੀਤ 'ਧੰਨ ਤੇਰੀ ਸਿੱਖੀ' ਨਾਲ ਸ਼ੁਰੂ ਕਰ ਕੇ 'ਰਾਮਾ ਰਾਮਾ ਹਰੇ ਹਰੇ', 'ਸੋਹਣੀ', 'ਗੱਭਰੂ', 'ਲਾ ਲੈ ਸੋਹਣਿਆ ਯਾਰੀ', ਬੋਲੀਆਂ ਨਾਲ 'ਛਣਕਾਟਾਂ ਵੰਗਾਂ ਦਾ' ਦੀਆਂ ਵੰਗਾਂ ਖੂਬ ਛਣਕਾਈਆਂ।

ਸਮੁੱਚੇ ਪ੍ਰੋਗਰਾਮ ਦੌਰਾਨ ਦਰਸ਼ਕਾਂ ਵਲੋਂ ਸੁਰਿੰਦਰ ਧਨੋਆ ਦੇ ਨਿਰਦੇਸ਼ਨ ਅਤੇ ਪਾਲੀ ਧਨੌਲਾ ਦੀ ਕੋਰੀਓਗ੍ਰਾਫੀ ਨੂੰ ਬੇਹੱਦ ਸਲਾਹਿਆ ਗਿਆ। ਅੰਤ ਵਿਚ ਸਮੁੱਚੇ ਕਲਾਕਾਰਾਂ ਦੀ ਸਾਂਝੀ ਪੇਸ਼ਕਾਰੀ ਨੇ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾਇਆ। ਪ੍ਰੋਗਰਾਮ ਦਾ ਸੰਚਾਲਨ ਕਲੀਆਂ ਦੇ ਬਾਦਸ਼ਾਹ ਪੰਜਾਬ ਟੀ ਵੀ ਦੇ ਕੈਲੀਫੋਰਨੀਆ ਬਿਊਰੋ ਚੀਫ ਜਗਦੇਵ ਸਿੰਘ ਭੰਡਾਲ ਅਤੇ ਸਟੂਡੀਓ ਡਾਇਰੈਕਟਰ ਰਾਹੁਲ ਐਸ ਕੁਮਾਰ ਦੀ ਅਗਵਾਈ ਵਿਚ ਰਿਕਾਰਡ ਕੀਤਾ ਗਿਆ ਇਹ ਪ੍ਰੋਗਰਾਮ ਐਤਵਾਰ 11 ਜਨਵਰੀ, ਸ਼ਾਮ 8:30 ਵਜੇ ਗਲੋਬਲ ਪੰਜਾਬ ਟੀ ਵੀ ਡਿਸ਼ ਨੈਟਵਰਕ ਚੈਨਲ 739 'ਤੇ ਵਿਖਾਇਆ ਜਾਵੇਗਾ।

ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐਸ. ਅਸ਼ੋਕ ਭੌਰਾ ਨੇ ਦਰਸ਼ਕਾਂ, ਕਲਾਕਾਰਾਂ, ਸਹਿਯੋਗੀਆਂ, ਸਪਾਂਸਰਾਂ ਅਤੇ ਮੀਡੀਏ ਦਾ ਸਹਿਯੋਗ ਲਈ ਧੰਨਵਾਦ ਕੀਤਾ।


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


HIGH DEFINITION
Surveillance
SYSTEMS
By
FOR COMMERCIAL &RESIDENTIAL
2 YEAR WARRANTY
1080P
VISTA HD SOLUTION
WE INSTALL ANYWHERE IN CALIFORNIA
HD QUALITY & ECONOMICAL PRICE
17 YEAR SURVEILLANCE BUSINESS
TRAINED & PROFESSIONAL TECH. SUPPORT
Call Sukhpal
1-661-586-5080
commvision@sbcglobal.net


TRAVELOPOD.COM
Happy New Year '2015'
Lowest fares to INDIA 'GUARANTEED'
BOOK BY PHONE
& SAVE UPTO
$100
SUBSCRIBE TO WIN
FREE AIR TICKET
WE BEAT ANY QUOTE
(T&C APPLY)
CALL FOR THE BEST UNPUBLISHED DEALS 1-855-436-0728
Fly to INDIA with fares starting from :
FROM NYC : $690
FROM LAX : $720
FROM SFO : $720
FROM CHICAGO : $690
Domestic & International Special Deals available from ALL CITIES.
WHY BOOK WITH TRAVELOPOD?
Customer Satisfaction
BEST PRICE GUARANTEED
Best Fare Guarantee on Dom & Inl Flights
Excellent Service
24/7
24x7 Live Support
LUXURY HOLIDAY TOURS
Golden Triangle with Rajasthan : $500
Enchanting Kerala from : $650
African Tours with Safari from : $750
Europe Tours from : $790
Travelopod- Where Service Matters
CST # 2112418-40

# ਪੰਜਾਬ ਸਰਕਾਰ ਦਾ 'ਪ੍ਰੋਗਰੈਸਿਵ ਪੰਜਾਬ' ਵਾਲਾ ਸੁਪਨਾ ਟੁੱਟਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਸਨਅਤੀ ਫੋਕਲ ਪੁਆਇੰਟਾਂ ਵਿਚਲੇ ਪਲਾਟ ਵੇਚਣ ਲਈ ਕੋਈ ਖਰੀਦਦਾਰ ਨਹੀਂ ਮਿਲ ਰਿਹਾ। ਉਦਯੋਗ ਵਿਭਾਗ ਨੇ ਸੂਬੇ ਦੇ 15 ਸ਼ਹਿਰਾਂ ਦੇ ਫੋਕਲ ਪੁਆਇੰਟਾਂ ਵਿਚ ਪਏ ਪਲਾਟਾਂ ਦੀ ਅਲਾਟਮੈਂਟ ਲਈ ਹਾਲ ਹੀ ਵਿਚ ਅਰਜ਼ੀਆਂ ਮੰਗੀਆਂ ਪਰ ਵਿਭਾਗ ਤੱਕ ਬਹੁਤ ਘੱਟ ਲੋਕਾਂ ਨੇ ਪਹੁੰਚ ਕੀਤੀ। ਸ਼ਹਿਰੀ ਖੇਤਰ ਦੇ ਫੋਕਲ ਪੁਆਇੰਟਾਂ ਵਿਚ ਵੱਖ ਵੱਖ ਆਕਾਰ ਦੇ ਕੁੱਲ 223 ਪਲਾਟ ਉਪਲਬਧ ਹਨ ਤੇ ਅਰਜ਼ੀਆਂ ਸਿਰਫ਼ 91 ਹਾਸਲ ਹੋਈਆਂ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 'ਪ੍ਰੋਗਰੈਸਿਵ ਪੰਜਾਬ' ਦੇ ਨਾਅਰੇ ਹੇਠ ਵੱਡੇ ਪੱਧਰ 'ਤੇ ਪੂੰਜੀ ਨਿਵੇਸ਼ ਹੋਣ ਦੇ ਦਾਅਵੇ ਕੀਤੇ ਸਨ। ਉਦਯੋਗ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਸਨਅਤੀ ਫੋਕਲ ਪੁਆਇੰਟਾਂ ਵਿਚ 223 ਪਲਾਟ ਲੰਮੇ ਸਮੇਂ ਤੋਂ ਉਦਯੋਗਪਤੀਆਂ ਨੂੰ ਵੇਚਣ ਦੀ ਯੋਜਨਾ ਅਧੀਨ ਹਨ। ਵਿਭਾਗ ਵੱਲੋਂ ਕਈ ਵਾਰੀ ਅਲਾਟਮੈਂਟ ਲਈ ਯੋਜਨਾ ਉਲੀਕੀ ਗਈ ਪਰ ਉਦਯੋਗਪਤੀਆਂ ਵੱਲੋਂ ਰੁਚੀ ਨਾ ਦਿਖਾਏ ਜਾਣ ਕਾਰਨ ਇਹ ਯੋਜਨਾ ਸਿਰੇ ਨਹੀਂ ਚੜ੍ਹ ਸਕੀ। ਉਦਯੋਗ ਵਿਭਾਗ ਮੁਤਾਬਕ ਮੁਹਾਲੀ ਸ਼ਹਿਰ ਵਿਚ ਹੀ ਪਲਾਟਾਂ ਦੇ ਖਰੀਦਦਾਰਾਂ ਦੀ ਗਿਣਤੀ ਜ਼ਿਆਦਾ ਹੈ, ਬਾਕੀ ਸ਼ਹਿਰਾਂ ਵੱਲ ਕੋਈ ਮੂੰਹ ਨਹੀਂ ਕਰ ਰਿਹਾ। ਪਲਾਟਾਂ ਦਾ ਕੋਈ ਖ਼ਰੀਦਦਾਰ ਨਾ ਹੋਣ ਕਾਰਨ ਅਲਾਟਮੈਂਟ ਲਈ ਤਿਆਰ ਕੀਤੀ ਯੋਜਨਾ ਮੁਲਤਵੀ ਕਰ ਦਿੱਤੀ ਗਈ ਹੈ। ਇਸ ਬਾਰੇ ਰਸਮੀ ਡਰਾਅ 29 ਦਸੰਬਰ ਨੂੰ ਕੱਢਿਆ ਜਾਣਾ ਸੀ।

### ਫੋਕਲ ਪੁਆਇੰਟਾਂ ਵਿਚਲੇ 223 ਪਲਾਟਾਂ ਲਈ ਖਰੀਦਦਾਰ ਲੱਭਣੇ ਹੋਏ ਔਖੇ




ਉਦਯੋਗ ਵਿਭਾਗ ਤੋਂ ਹਾਸਲ ਜਾਣਕਾਰੀ ਮੁਤਾਬਕ ਪਠਾਨਕੋਟ ਵਿਚ 21 ਪਲਾਟ ਹਨ ਤੇ ਚਾਹਵਾਨ ਸਿਰਫ਼ ਦੋ, ਰਾਏਕੋਟ ਵਿਚ ਪਲਾਟ 11 ਪਰ ਚਾਹਵਾਨ ਇਕ, ਮਲੋਟ ਵਿਚ ਪਲਾਟ 31 ਤੇ ਚਾਹਵਾਨ 16, ਬਠਿੰਡਾ ਵਿਚ ਪਲਾਟ 14 ਤੇ ਚਾਹਵਾਨ ਚਾਰ, ਕਪੂਰਥਲਾ ਵਿਚ ਪਲਾਟ 58 ਤੇ ਚਾਹਵਾਨ ਇਕ, ਮੁਕਤਸਰ ਵਿਚ ਪਲਾਟਾਂ ਦੀ ਗਿਣਤੀ 20 ਤੇ ਅਰਜ਼ੀਆਂ ਦੇਣ ਵਾਲਿਆਂ ਦੀ ਗਿਣਤੀ ਪੰਜ, ਗੋਇੰਦਵਾਲ ਸਾਹਿਬ ਦੇ ਫੋਕਲ ਪੁਆਇੰਟ ਵਿਚ ਪਲਾਟਾਂ ਦੀ ਗਿਣਤੀ 13 ਹੈ ਪਰ ਅਰਜ਼ੀ ਸਿਰਫ਼ ਇਕ ਆਈ। ਅਬੋਹਰ ਵਿਚ ਪਲਾਟਾਂ ਦੀ ਗਿਣਤੀ 15 ਤੇ ਅਰਜ਼ੀਆਂ ਦੀ ਗਿਣਤੀ ਤਿੰਨ ਸੀ। ਮੁਹਾਲੀ ਵਿਚ ਇਨ੍ਹਾਂ ਸ਼ਹਿਰਾਂ ਦੇ ਮੁਕਾਬਲੇ ਸਥਿਤੀ ਵੱਖਰੀ ਹੈ। ਰਾਜਧਾਨੀ ਨਾਲ ਲੱਗਦੇ ਇਸ ਸ਼ਹਿਰ ਵਿਚ ਜ਼ਮੀਨਾਂ ਦੇ ਭਾਅ ਆਸਮਾਨੀ ਚੜ੍ਹੇ ਹੋਏ ਹਨ ਤੇ ਪਲਾਟਾਂ ਦੇ ਚਾਹਵਾਨਾਂ ਦੀ ਗਿਣਤੀ ਵੀ ਵਧੇਰੇ ਹੈ। ਇਸ ਸ਼ਹਿਰ ਵਿਚ ਕੁੱਲ ਪਲਾਟਾਂ ਦੀ ਗਿਣਤੀ 28 ਹੈ ਤੇ ਅਰਜ਼ੀਆਂ 35 ਹਾਸਲ ਹੋਈਆਂ। ਹੈਰਾਨੀ ਦੀ ਗੱਲ ਇਹ ਹੈ ਕਿ ਹਜ਼ਾਰ ਵਰਗ ਗਜ਼ ਦੇ ਪਲਾਟਾਂ ਦੀ ਗਿਣਤੀ ਨੌਂ ਹੈ ਤੇ ਇਨ੍ਹਾਂ ਪਲਾਟਾਂ ਨੂੰ ਹਾਸਲ ਕਰਨ ਲਈ 24 ਵਿਅਕਤੀਆਂ ਨੇ ਪਹੁੰਚ ਕੀਤੀ। ਇਨ੍ਹਾਂ ਵਿਚੋਂ ਬਹੁਤੇ ਅਸਰ ਰਸੂਖ ਵਾਲੇ ਹਨ।

ਜ਼ਿਕਰਯੋਗ ਹੈ ਕਿ ਵਿਭਾਗ ਨੇ ਕੁਝ ਮਹੀਨੇ ਪਹਿਲਾਂ ਵੀ ਇਨ੍ਹਾਂ ਪਲਾਟਾਂ ਦੀ ਅਲਾਟਮੈਂਟ ਲਈ ਅਰਜ਼ੀਆਂ ਮੰਗੀਆਂ ਸਨ। ਅਰਜ਼ੀਆਂ ਨਾਲ ਕਿਉਂਕਿ ਫੀਸ ਵੀ ਜਮ੍ਹਾਂ ਕਰਾਉਣੀ ਹੁੰਦੀ ਹੈ। ਇਸ ਲਈ ਉਦਯੋਗ ਵਿਭਾਗ 30 ਕਰੋੜ ਰੁਪਏ ਦੇ ਕਰੀਬ ਰਾਸ਼ੀ ਇਕੱਠੀ ਕਰੀ ਬੈਠਾ ਹੈ। ਰਾਸ਼ੀ ਜਮ੍ਹਾਂ ਕਰਾਉਣ ਵਾਲਿਆਂ ਨੂੰ ਵਿਆਜ ਵੀ ਨਹੀਂ ਦਿੱਤਾ ਜਾਂਦਾ। ਉਦਯੋਗਪਤੀਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਯੋਗ ਵਿਅਕਤੀਆਂ ਨੂੰ ਸਨਅਤੀ ਪਲਾਟ ਦਿੱਤੇ ਨਹੀਂ ਜਾ ਰਹੇ ਤੇ ਕਈ ਅਯੋਗ ਵਿਅਕਤੀ ਜੋ ਪ੍ਰਾਪਰਟੀ ਡੀਲਰ ਵਜੋਂ ਕੰਮ ਕਰਦੇ ਹਨ, ਵੱਲੋਂ ਪਲਾਟ ਹਥਿਆਉਣ ਲਈ ਭੱਜ-ਨੱਠ ਕੀਤੀ ਜਾ ਰਹੀ ਹੈ। ਸਨਅਤਕਾਰਾਂ ਦਾ ਕਹਿਣਾ ਹੈ ਕਿ ਬਾਹਰਲੇ ਸੂਬਿਆਂ ਤੋਂ ਸਨਅਤਾਂ ਲਿਆਉਣ ਲਈ ਸਰਕਾਰ ਵੱਲੋਂ ਪੈਕੇਜ, ਸਸਤੇ ਭਾਅ 'ਤੇ ਜ਼ਮੀਨਾਂ ਤੇ ਹੋਰ ਢੇਰ ਸਾਰੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਜਦੋਂ ਕਿ ਸੂਬੇ ਵਿਚਲੇ ਸਨਅਤਕਾਰਾਂ ਦੀ ਸਾਰ ਨਹੀਂ ਲਈ ਜਾਂਦੀ।

## ਰਿਆਇਤਾਂ ਸਿਰਫ ਬਾਹਰਲੇ ਸੂਬਿਆਂ ਲਈ

ਸਨਅਤਕਾਰਾਂ ਦਾ ਕਹਿਣਾ ਹੈ ਕਿ ਬਾਹਰਲੇ ਸੂਬਿਆਂ ਤੋਂ ਸਨਅਤਾਂ ਲਿਆਉਣ ਲਈ ਸਰਕਾਰ ਵੱਲੋਂ ਪੈਕੇਜ, ਸਸਤੇ ਭਾਅ 'ਤੇ ਜ਼ਮੀਨਾਂ ਤੇ ਹੋਰ ਢੇਰ ਸਾਰੀਆਂ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਜਦੋਂ ਕਿ ਸੂਬੇ ਵਿਚਲੇ ਸਨਅਤਕਾਰਾਂ ਦੀ ਸਾਰ ਨਹੀਂ ਲਈ ਜਾਂਦੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਯੋਗ ਵਿਅਕਤੀਆਂ ਨੂੰ ਸਨਅਤੀ ਪਲਾਟ ਦਿੱਤੇ ਨਹੀਂ ਜਾ ਰਹੇ ਤੇ ਕਈ ਅਯੋਗ ਵਿਅਕਤੀ ਜੋ ਪ੍ਰਾਪਰਟੀ ਡੀਲਰ ਵਜੋਂ ਕੰਮ ਕਰਦੇ ਹਨ, ਵੱਲੋਂ ਪਲਾਟ ਹਥਿਆਉਣ ਲਈ ਭੱਜ-ਨੱਠ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਪੰਜਾਬ ਰਾਜ ਹੌਜ਼ਰੀ ਨਿਟਵਿਅਰ ਵਿਕਾਸ ਨਿਗਮ ਲਿਮਟਿਡ ਦੀ ਉਦਯੋਗਿਕ ਫੋਕਲ ਪੁਆਇੰਟ ਲੁਧਿਆਣਾ ਸਥਿਤ 85 ਕਰੋੜ ਰੁਪਏ ਦੀ ਜਾਇਦਾਦ 'ਹੀਰੋ ਗਰੁੱਪ' ਨੂੰ ਮੁਫ਼ਤ ਦਿੱਤੀ ਜਾ ਰਹੀ ਹੈ ਪਰ ਸਥਾਨਕ ਸਨਅਤਕਾਰਾਂ ਨੂੰ ਕੋਈ ਵੀ ਛੋਟ ਦੇਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ।ਹੀਰੋ ਗਰੁੱਪ ਵੱਲੋਂ ਇਸ ਸਰਕਾਰੀ ਜ਼ਮੀਨ 'ਤੇ 'ਸਕਿਲ ਡਿਵੈਲਪਮੈਂਟ ਸੈਂਟਰ' ਖੋਲ੍ਹੇ ਜਾਣ ਦੀ ਤਜਵੀਜ਼ ਹੈ। ਉਦਯੋਗ ਵਿਭਾਗ ਵੱਲੋਂ ਇਸ ਜ਼ਮੀਨ ਦੀ ਕੀਮਤ 85 ਕਰੋੜ 75 ਲੱਖ ਰੁਪਏ ਦੱਸੀ ਗਈ ਹੈ। ਇਸ ਬਾਰੇ ਆਮਦਨ ਕਰ ਦੀ ਅਦਾਇਗੀ ਵੀ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ। ਆਮਦਨ ਕਰ ਦੀ ਅਦਾਇਗੀ ਬਾਰੇ ਵਿੱਤ ਵਿਭਾਗ ਵੱਲੋਂ ਭਾਵੇਂ ਉਜ਼ਰ ਕੀਤਾ ਜਾ ਰਿਹਾ ਹੈ ਪਰ ਮੁੱਖ ਮੰਤਰੀ ਜ਼ਮੀਨ ਦੇਣ ਲਈ ਬਜ਼ਿੱਦ ਹਨ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਜ਼ਮੀਨ ਉਦਯੋਗਿਕ ਘਰਾਣੇ ਦੇ ਨਾਂ ਤਬਦੀਲ ਕਰਨ ਦੀਆਂ ਹਦਾਇਤਾਂ ਕੀਤੀਆਂ। ਇਸ ਜ਼ਮੀਨ ਦਾ ਕੁਲੈਕਟਰ ਰੇਟ 8200 ਰੁਪਏ ਵਰਗ ਗਜ਼ ਹੈ। ਇਹ ਜ਼ਮੀਨ ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਨਿਗਮ ਵੱਲੋਂ ਖ਼ਰੀਦ ਕੇ ਹੌਜ਼ਰੀ ਨਿਗਮ ਨੂੰ 23 ਦਸੰਬਰ 1977 ਨੂੰ 99 ਸਾਲਾ ਪਟੇ 'ਤੇ ਦਿੱਤੀ ਗਈ ਸੀ।

# ਸੀ.ਬੀ.ਆਈ. ਵਲੋਂ ਡੇਰਾ ਸਿਰਸਾ ਖਿਲਾਫ ਜਾਂਚ ਸ਼ੁਰੂ

**ਚੰਡੀਗੜ੍ਹ:** ਸੀ.ਬੀ.ਆਈ. ਨੇ ਪੁਰਸ਼ਾਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ ਵਿਚ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕਰਨ ਲਈ ਸਬੂਤਾਂ ਦਾ ਅਧਿਐਨ ਸ਼ੁਰੂ ਕਰ ਦਿੱਤਾ ਹੈ। ਉਸ ਦੇ ਆਧਾਰ 'ਤੇ ਹੀ ਅਗਲਾ ਕਦਮ ਚੁੱਕਿਆ ਜਾਵੇਗਾ। ਸੂਤਰਾਂ ਦਾ ਕਹਿਣਾ ਹੈ ਕਿ ਸੀ.ਬੀ.ਆਈ. ਵੱਲੋਂ ਸਬੂਤਾਂ ਦੇ ਅਧਿਐਨ ਤੋਂ ਬਾਅਦ ਕੇਸ ਚੰਡੀਗੜ੍ਹ ਵਿਚ ਹੀ ਦਰਜ ਕੀਤੇ ਜਾਣ ਦੇ ਆਸਾਰ ਹਨ ਕਿਉਂਕਿ ਡੇਰਾ ਮੁਖੀ ਦੇ ਖ਼ਿਲਾਫ਼ ਪਹਿਲਾਂ ਵੀ ਦੋ ਕੇਸ ਚੰਡੀਗੜ੍ਹ ਵਿਚ ਦਰਜ ਕੀਤੇ ਗਏ ਸਨ ਤੇ ਇਨ੍ਹਾਂ ਕੇਸਾਂ ਦੀ ਸੁਣਵਾਈ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਵਿਚ ਚੱਲ ਰਹੀ ਹੈ।

ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪਿਛਲੇ ਮਹੀਨੇ ਇਕ ਪੀੜਤ ਵਿਅਕਤੀ ਹੰਸ ਰਾਜ ਦੀ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਡੇਰੇ ਵਿਚ ਪੁਰਸ਼ਾਂ ਨੂੰ ਨਿਪੁੰਸਕ ਬਣਾਉਣ ਦਾ ਕੇਸ ਸੀ.ਬੀ.ਆਈ. ਨੂੰ ਸੌਂਪ ਦਿੱਤਾ ਸੀ। ਉਸ ਨੇ ਦੋਸ਼ ਲਾਇਆ ਸੀ ਕਿ ਡੇਰਾ ਮੁਖੀ ਵੱਲੋਂ ਕਾਫੀ ਵਿਅਕਤੀਆਂ ਨੂੰ ਨਿਪੁੰਸਕ ਬਣਾਇਆ ਗਿਆ ਹੈ ਤੇ ਇਸ ਮਾਮਲੇ ਵਿਚ ਡੇਰਾ ਮੁਖੀ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਪ੍ਰਾਪਤ ਜਾਣਕਾਰੀ ਅਨੁਸਾਰ ਹਰਿਆਣਾ ਪੁਲਿਸ ਨੇ ਜਾਂਚ ਨਾਲ ਸਬੰਧਤ ਸਾਰਾ ਰਿਕਾਰਡ ਸੀ.ਬੀ.ਆਈ. ਦੇ ਇੰਸਪੈਕਟਰ ਅਰਵਿੰਦ ਕੁਮਾਰ ਦੇ ਹਵਾਲੇ ਕਰ ਦਿੱਤਾ ਹੈ।

ਇਸ ਕੇਸ ਵਿਚ ਸਿਰਸਾ ਪੁਲਿਸ ਨੇ ਸੱਤ ਵਿਅਕਤੀਆਂ ਦੇ ਬਿਆਨ ਦਰਜ ਕੀਤੇ ਸਨ। ਹਰਿਆਣਾ ਪੁਲਿਸ ਇਸ ਕੇਸ ਵਿਚ ਸੀ.ਬੀ.ਆਈ. ਨੂੰ ਪੂਰਾ ਸਹਿਯੋਗ ਕਰੇਗੀ। ਪੁਲਿਸ ਤੇ ਖੁਫੀਆ ਜਾਂਚ ਏਜੰਸੀਆਂ ਡੇਰੇ ਵਿਚ ਹਥਿਆਰਾਂ ਦੀ ਸਿਖਲਾਈ ਦੇਣ ਦੀ ਜਾਣਕਾਰੀ ਦੇਣ ਦੀ ਰਿਪੋਰਟ ਤਿਆਰ ਕਰ ਰਹੀਆਂ ਹਨ ਕਿ ਡੇਰੇ ਵਿਚ ਕਿੰਨੇ ਸ਼ਰਧਾਲੂਆਂ ਨੂੰ ਹਥਿਆਰਾਂ ਦੀ ਸਿਖਲਾਈ ਦਿੱਤੀ ਗਈ ਹੈ।

# ਓਬਾਮਾ ਦੇ ਦੌਰੇ ਤੋਂ ਪਹਿਲਾਂ ਹਮਲੇ ਦੀ ਤਾਕ ਵਿਚ ਹਨ ਪਾਕਿਸਤਾਨੀ ਅਤਿਵਾਦੀ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਆਗਾਮੀ ਭਾਰਤ ਦੌਰੇ ਦੇ ਮੱਦੇਨਜ਼ਰ ਪਾਕਿਸਤਾਨੀ ਅਤਿਵਾਦੀ ਸਮੂਹ ਅੰਤਰਰਾਸ਼ਟਰੀ ਸਰਹੱਦ 'ਤੇ ਗੋਲੀਬਾਰੀ ਦਾ ਫਾਇਦਾ ਲੈਂਦਿਆਂ ਜੰਮੂ-ਕਸ਼ਮੀਰ ਵਿਚ ਹਾਲਾਤ ਨੂੰ ਅਣਸੁਖਾਵਾਂ ਬਣਾਉਣ ਦੀ ਪੂਰੀ ਵਾਹ ਲਾ ਰਹੇ ਹਨ। ਖੁਫੀਆ ਏਜੰਸੀਆਂ ਅਨੁਸਾਰ ਅਤਿਵਾਦੀਆਂ ਦਾ ਉਦੇਸ਼ ਅਮਰੀਕੀ ਰਾਸ਼ਟਰਪਤੀ ਦੇ ਭਾਰਤ ਦੌਰੇ ਤੋਂ ਪਹਿਲਾਂ ਵੱਡਾ ਹਮਲਾ ਕਰਕੇ ਇਸ ਨੂੰ ਅਸਫਲ ਬਣਾਉਣਾ ਹੈ। ਗ੍ਰਹਿ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਖੁਫੀਆ ਏਜੰਸੀਆਂ ਦੇ ਹਵਾਲੇ ਨਾਲ ਕਿਹਾ ਕਿ ਅਤਿਵਾਦੀ ਅੰਤਰਰਾਸ਼ਟਰੀ ਸਰਹੱਦ ਨਾਲ ਲਗਦੀਆਂ ਅੱਠ ਥਾਵਾਂ 'ਤੇ ਹਮਲਾ ਕਰਨ ਦੀ ਤਾਕ ਵਿਚ ਹਨ। ਇਨ੍ਹਾਂ ਅਤਿਵਾਦੀਆਂ ਨੂੰ ਪਾਕਿਸਤਾਨੀ ਫੌਜ ਵੱਲੋਂ ਪੂਰੀ ਮਦਦ ਮਿਲ ਰਹੀ ਹੈ। ਤਕਰੀਬਨ 40-45 ਅਤਿਵਾਦੀ ਜੰਮੂ-ਕਸ਼ਮੀਰ ਦੇ ਸਾਂਬਾ ਸੈਕਟਰ ਵਿਚ ਆਪਣੀਆਂ ਗਤੀਵਿਧੀਆਂ ਨੂੰ ਅੰਜ਼ਾਮ ਦੇਣ ਦੀ ਤਾਕ ਵਿਚ ਬੈਠੇ ਹੋਏ।

# ਨਾਟੋ ਮਿਸ਼ਨ ਪਿੱਛੋਂ ਅਫਗਾਨ ਸੁਰੱਖਿਆ ਦਸਤੇ ਮੁਸਤੈਦ

**ਕਾਬੁਲ:** ਨਾਟੋ ਦੇ ਲੜਾਕੂ ਅਪਰੇਸ਼ਨਾਂ ਦੇ ਖਾਤਮੇ ਤੇ ਨਵੇਂ 'ਸਿਖਲਾਈ ਤੇ ਇਮਦਾਦੀ' ਮਿਸ਼ਨ ਦੀ ਸ਼ੁਰੂਆਤ ਮੌਕੇ ਤਾਲਿਬਾਨ ਹਮਲੇ ਤੋਂ ਬਚਾਅ ਲਈ ਅਫ਼ਗਾਨ ਸੁਰੱਖਿਆ ਦਸਤੇ ਪੂਰੀ ਤਰ੍ਹਾਂ ਮੁਸਤੈਦ ਹਨ।

ਅਫ਼ਗਾਨਿਸਤਾਨ ਵਿਚ ਨਾਟੋ ਦੀ ਲੜਾਈ ਦਾ ਮਿਸ਼ਨ ਰਸਮੀ ਤੌਰ 'ਤੇ ਖਤਮ ਹੋ ਗਿਆ ਸੀ। ਜਦੋਂ ਕੌਮਾਂਤਰੀ ਸੁਰੱਖਿਆ ਬਲ (ਆਈ.ਐਸ.ਏ.ਐਫ.) ਨੂੰ ਅਮੀਰਕਾ ਦੀ ਅਗਵਾਈ ਵਾਲੇ 'ਦ੍ਰਿੜ ਇਮਦਾਦੀ' ਮਿਸ਼ਨ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਫਰਾਂਸ, ਜਿਸ ਨੇ ਆਪਣੇ ਸਾਰੇ ਲੜਾਕੂ ਦਸਤੇ ਦੋ ਸਾਲ ਪਹਿਲਾਂ ਹੀ ਵਾਪਸ ਬੁਲਾ ਲਏ ਸਨ, ਦੇ 2001 ਤੋਂ ਲੈ ਕੇ ਹੁਣ ਤੱਕ ਜੰਗ ਦੌਰਾਨ 89 ਫੌਜੀ ਮਾਰੇ ਜਾ ਚੁੱਕੇ ਹਨ ਤੇ 700 ਜ਼ਖਮੀ ਹੋਏ ਹਨ।

ਅਫ਼ਗਾਨਿਸਤਾਨ ਵਿਚ ਤਾਲਿਬਾਨ ਦਾ ਜ਼ੋਰ ਅਜੇ ਵੀ ਖਤਮ ਨਹੀਂ ਹੋ ਸਕਿਆ ਤੇ ਹੁਣ ਤਕਰੀਬਨ 17000 ਵਿਦੇਸ਼ੀ ਫੌਜੀ ਇਥੇ ਰਹਿ ਕੇ ਅਫ਼ਗਾਨ ਪੁਲਿਸ ਤੇ ਫੌਜ ਦੀ ਮਦਦ ਕਰਨਗੇ। ਇਸ ਵਿਚ 12500 ਫੌਜੀ ਨਾਟੋ ਮਿਸ਼ਨ ਤੇ ਅਮਰੀਕਾ ਦੇ ਦਹਿਸ਼ਤਵਾਦ ਵਿਰੋਧੀ ਅਪਰੇਸ਼ਨ ਵਿਚੋਂ ਲਏ ਜਾਣਗੇ।

ਗ੍ਰਹਿ ਮੰਤਰਾਲੇ ਦੇ ਤਰਜਮਾਨ ਸਦੀਕ ਸਿਦੀਕੀ ਨੇ ਦੱਸਿਆ ਕਿ ਸਾਡੇ ਸੁਰੱਖਿਆ ਬਲ ਸਾਰੇ ਜ਼ਰੂਰੀ ਕਦਮ ਉਠਾਉਣਗੇ ਤਾਂ ਕਿ ਦਹਿਸ਼ਤਪਸੰਦਾਂ ਨੂੰ ਸਾਬੋਤਾਜ ਕਰਨ ਦਾ ਮੌਕਾ ਨਾ ਮਿਲ ਸਕੇ। ਕੁਝ ਖੇਤਰਾਂ ਵਿਚ ਇਹਤਿਆਤੀ ਅਪਰੇਸ਼ਨ ਸ਼ੁਰੂ ਕੀਤੇ ਗਏ ਹਨ ਤੇ ਬਾਕੀ ਥਾਈਂ ਖਾਸ ਕਰਕੇ ਕਾਬੁਲ ਵਿਚ ਸੁਰੱਖਿਆ ਗਸ਼ਤ ਵਧਾਈ ਜਾਵੇਗੀ। ਤਾਲਿਬਾਨ ਨੇ ਨਾਟੋ ਦਾ ਲੜਾਕੂ ਮਿਸ਼ਨ ਖਤਮ ਹੋਣ 'ਤੇ ਆਪਣੇ ਖੁਸ਼ ਰੌਂਅ ਸੰਦੇਸ਼ ਵਿਚ ਕਿਹਾ ਸੀ ਕਿ ਅਸੀਂ ਇਸ ਕਦਮ ਨੂੰ ਉਨ੍ਹਾਂ ਦੀ ਹਾਰ ਦਾ ਸਪਸ਼ਟ ਸੰਕੇਤ ਮੰਨਦੇ ਹਾਂ।

# ਪਰਵਾਸੀ ਭਗੌੜਿਆਂ ਨੇ ਉਡਾਈ ਪੰਜਾਬ ਪੁਲਿਸ ਦੀ ਨੀਂਦ

**ਮੁਹਾਲੀ:** ਪੰਜਾਬ ਦੇ ਵੱਖ-ਵੱਖ ਥਾਣਿਆਂ ਵਿਚ ਦਰਜ ਗੰਭੀਰ ਅਪਰਾਧਕ ਮਾਮਲਿਆਂ ਵਿਚ ਲੋੜੀਂਦੇ ਪਰਵਾਸੀ ਭਾਰਤੀ ਮੁਲਜ਼ਮਾਂ ਤੱਕ ਪਹੁੰਚਣ ਲਈ ਕਾਨੂੰਨ ਦੇ ਲੰਮੇ ਹੱਥ ਵੀ ਛੋਟੇ ਪੈ ਗਏ ਹਨ। ਇਨ੍ਹਾਂ ਵਿਚ ਟਾਡਾ ਤੇ ਕਤਲ ਦੇ ਮਾਮਲੇ ਵਿਚ ਨਾਮਜ਼ਦ ਇਕ ਮੁਲਜ਼ਮ 34 ਸਾਲਾਂ ਤੋਂ ਅਮਰੀਕਾ ਬੈਠਾ ਹੈ। ਪੰਜਾਬ ਪੁਲਿਸ ਦੇ ਐਨ.ਆਰ.ਆਈ. ਵਿੰਗ ਦੇ ਸੂਤਰਾਂ ਮੁਤਾਬਕ ਮੌਜੂਦਾ ਸਮੇਂ ਵਿਚ ਵੱਖ-ਵੱਖ ਅਪਰਾਧਿਕ ਕੇਸਾਂ ਵਿਚ ਨਾਮਜ਼ਦ ਤਕਰੀਬਨ 67 ਭਗੌੜੇ ਮੁਲਜ਼ਮ ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਸਮੇਤ ਹੋਰ ਮੁਲਕਾਂ ਵਿਚ ਬੈਠੇ ਹਨ। ਇਨ੍ਹਾਂ ਵਿਚੋਂ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਚਾਰ, ਫ਼ਰੀਦਕੋਟ ਜ਼ਿਲ੍ਹੇ ਦੇ 32 ਤੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ 31 ਪਰਵਾਸੀ ਪੰਜਾਬੀ ਭਗੌੜੇ ਹਨ।

ਇਨ੍ਹਾਂ ਮੁਲਜ਼ਮਾਂ ਨੂੰ ਵੱਖ-ਵੱਖ ਅਦਾਲਤਾਂ ਵੱਲੋਂ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ ਪਰ ਵਿਦੇਸ਼ਾਂ ਵਿਚ ਜਾ ਲੁਕਣ ਕਾਰਨ ਪੁਲਿਸ ਇਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਹੁਸ਼ਿਆਰਪੁਰ ਦੇ ਵਸਨੀਕ ਜਗਜੀਤ ਸਿੰਘ ਵਿਰੁੱਧ ਟਾਡਾ ਤੇ ਕਤਲ ਦਾ ਕੇਸ ਦਰਜ ਹੈ। ਉਸ ਨੂੰ ਹੁਸ਼ਿਆਰਪੁਰ ਦੀ ਜ਼ਿਲ੍ਹਾ ਅਦਾਲਤ ਨੇ ਅੱਠ ਦਸੰਬਰ 1981 ਨੂੰ ਭਗੌੜਾ ਕਰਾਰ ਦਿੱਤਾ ਸੀ। ਉਸ ਸਮੇਂ ਉਹ ਪੁਲਿਸ

### ਅਪਰਾਧਕ ਕੇਸਾਂ ਵਿਚ ਨਾਮਜ਼ਦ 67 ਮੁਲਜ਼ਮ ਨੇ ਵਿਦੇਸ਼ ਲਾਏ ਡੇਰੇ




ਨੂੰ ਝਕਾਨੀ ਦੇ ਕੇ ਅਮਰੀਕਾ ਜਾ ਵਸਿਆ, ਜੋ ਹੁਣ ਤੱਕ ਗ੍ਰਿਫ਼ਤ ਤੋਂ ਬਾਹਰ ਹਨ। ਜਲੰਧਰ ਜ਼ਿਲ੍ਹੇ ਨਾਲ ਸਬੰਧਤ ਗੁਰਿੰਦਰ ਸਿੰਘ ਉਰਫ਼ ਗਿੰਦਾ ਨੂੰ ਧੋਖਾਧੜੀ ਦੇ ਮਾਮਲੇ ਵਿਚ 24 ਮਈ 2014 ਨੂੰ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ। ਗਿੰਦਾ ਗ੍ਰਿਫ਼ਤਾਰੀ ਦੇ ਡਰੋਂ ਆਸਟਰੇਲੀਆ ਜਾ ਲੁਕਿਆ। ਦਾਜ ਦੇ ਮਾਮਲੇ ਵਿਚ ਲੋੜੀਂਦੀ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਸੀਤਾ ਰਾਣੀ ਤੇ ਉਸ ਦੀ ਬੇਟੀ ਕ੍ਰਿਸ਼ਮਾ ਵਰਮਾ ਨੇ ਦੁਬਈ ਦਾ ਰਾਹ ਫੜ ਲਿਆ। ਦਾਜ ਦੇ ਇਕ ਹੋਰ ਮਾਮਲੇ ਵਿਚ ਨਾਮਜ਼ਦ ਰਸ਼ਮੀ ਕੌਰ ਤੇ ਸੁਰਿੰਦਰ ਕੌਰ ਇਟਲੀ ਜਾ ਵਸੀਆਂ। ਕੁੱਟਮਾਰ ਤੇ ਧਮਕੀ ਦੇਣ ਦੇ ਮਾਮਲੇ ਵਿਚ ਨਾਮਜ਼ਦ ਸ਼ੀਲਾ ਦੇਵੀ ਤੇ ਉਸ ਦੀ ਭੈਣ ਦੀਪ ਕੌਰ ਸਿੰਗਾਪੁਰ ਵਿਚ ਰਹਿ ਰਹੀਆਂ ਹਨ। ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਦਾ ਸਾਹਮਣਾ ਕਰ ਰਹੀ ਮਨਵੀਰ ਕੌਰ ਉਰਫ਼ ਹਨੀ ਕੈਨੇਡਾ ਰਹਿ ਰਹੀ ਹੈ, ਜਦੋਂ ਕਿ ਧੋਖਾਧੜੀ ਦੇ ਦੋ ਵੱਖ-ਵੱਖ ਮਾਮਲਿਆਂ ਵਿਚ ਨਾਮਜ਼ਦ ਗੋਬਿੰਦ ਕੌਰ, ਸਰਬਜੀਤ ਕੌਰ ਤੇ ਭੋਲੀ ਅਤੇ ਸੰਦੀਪ ਕੌਰ (ਜ਼ਿਲ੍ਹਾ ਹੁਸ਼ਿਆਰਪੁਰ) ਕਾਨੂੰਨ ਤੋਂ ਬਚਣ ਲਈ ਕੈਨੇਡਾ ਜਾ ਵਸੀਆਂ।

ਦਾਜ ਦੇ ਮਾਮਲੇ ਦਾ ਸਾਹਮਣਾ ਕਰ ਰਹੀ ਮਨਜੀਤ ਕੌਰ ਨੇ ਅਮਰੀਕਾ, ਇਰਾਦਾ ਕਤਲ ਦੇ ਮਾਮਲੇ ਵਿਚ ਨਾਮਜ਼ਦ ਦਲਜੀਤ ਕੌਰ ਤੇ ਧੋਖਾਧੜੀ ਦੇ ਮਾਮਲੇ ਵਿਚ ਸ਼ਾਮਲ ਬੇਅੰਤ ਕੌਰ (ਜ਼ਿਲ੍ਹਾ ਫ਼ਿਰੋਜ਼ਪੁਰ) ਨੇ ਛੁਪਣ ਲਈ ਕੈਨੇਡਾ ਦੀ ਓਟ ਲਈ। ਇਸ ਦੌਰਾਨ ਲਖਵਿੰਦਰ ਸਿੰਘ ਅਮਰੀਕਾ, ਸੁਰਿੰਦਰ ਸਿੰਘ ਤੇ ਸ਼ਸ਼ੀ ਭੂਸ਼ਨ (ਦੋਵੇਂ ਵਾਸੀ ਹੁਸ਼ਿਆਰਪੁਰ) ਆਸਟਰੇਲੀਆ, ਗੁਰਿੰਦਰ ਸਿੰਘ ਤੇ ਮੱਖਣ ਸਿੰਘ ਮਲੇਸ਼ੀਆ ਤੇ ਬਲਦੇਵ ਸਿੰਘ ਦੁਬਈ ਭੱਜ ਗਏ। ਇਨ੍ਹਾਂ ਸਾਰਿਆਂ ਖ਼ਿਲਾਫ਼ ਧੋਖਾਧੜੀ ਦੇ ਕੇਸ ਦਰਜ ਹਨ।

ਪੁਲਿਸ ਨੂੰ ਲੋੜੀਂਦੇ ਅਮਿਤ ਵਰਮਾ, ਬਲਕਾਰ ਸਿੰਘ ਤੇ ਨਿਰਮਲ ਸਿੰਘ ਅਮਰੀਕਾ, ਨਰਿੰਦਰ ਕੁਮਾਰ ਦੁਬਈ, ਗੁਰਜੀਤ ਸਿੰਘ, ਹਰਭਜਨ ਸਿੰਘ, ਮੁਕੇਸ਼ ਲਾਲ, ਬਿੰਦਰਪਾਲ (ਵਾਸੀ ਜਲੰਧਰ) ਇਟਲੀ, ਜਸਵੰਤ ਸਿੰਘ, ਸੋਢੀ ਲਾਲ, ਦਵਿੰਦਰ ਸਿੰਘ ਉਰਫ਼ ਹੈਪੀ, ਕੁਲਵਿੰਦਰ ਸਿੰਘ, ਸਰਬਜੀਤ ਸਿੰਘ, ਚਰਨਜੀਤ ਸਿੰਘ ਜਰਮਨ, ਸੰਦੀਪ ਸਿੰਘ, ਗੁਰਪ੍ਰੀਤ ਸਿੰਘ, ਆਸ਼ੀਸ਼ ਸਰਦਾਨਾ (ਸਾਰੇ ਹੁਸ਼ਿਆਰਪੁਰ) ਕੈਨੇਡਾ ਅਤੇ ਦਵਿੰਦਰ ਸਿੰਘ ਅਮਰੀਕਾ ਜਾ ਪਹੁੰਚੇ ਹਨ। ਇਨ੍ਹਾਂ ਸਾਰਿਆਂ ਖ਼ਿਲਾਫ਼ ਦਾਜ ਲਈ ਤੰਗ ਪ੍ਰੇਸ਼ਾਨ ਤੇ ਕੁੱਟਮਾਰ ਦੇ ਕੇਸ ਦਰਜ ਹਨ।

ਇੰਝ ਧਾਰਾ 364 ਵਿਚ ਨਾਮਜ਼ਦ ਕੁਲਦੀਪ ਸਿੰਘ ਕੈਨੇਡਾ, ਧਾਰਾ 494 ਦੇ ਕੇਸ ਵਿਚ ਸ਼ਾਮਲ ਅਜਮੇਰ ਸਿੰਘ ਕੈਨੇਡਾ, ਧਾਰਾ 364ਏ ਵਿਚ ਨਾਮਜ਼ਦ ਸੁਰਿੰਦਰ ਸਿੰਘ ਇੰਗਲੈਂਡ ਜਾ ਲੁਕੇ ਹਨ, ਜਦੋਂ ਕਿ ਗੁਰਪ੍ਰੀਤ ਸਿੰਘ ਤੇ ਗੁਰਿੰਦਰ ਸਿੰਘ ਵਿਰੁੱਧ ਚੋਰੀ ਦਾ ਕੇਸ ਦਰਜ ਹੈ, ਉਹ ਕ੍ਰਮਵਾਰ ਕੈਨੇਡਾ ਤੇ ਜਰਮਨੀ ਪੁੱਜ ਗਏ। ਧਾਰਾ 306 ਦੇ ਕੇਸ ਵਿਚ ਸ਼ਾਮਲ ਬਲਤੇਜ ਸਿੰਘ ਕੈਨੇਡਾ, ਧਾਰਾ 406 ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਸੁਰਿੰਦਰ ਸਿੰਘ ਕੈਨੇਡਾ ਤੇ ਜਗਜੀਤ ਸਿੰਘ ਤੇ ਸੁਖਪਾਲ ਸਿੰਘ ਇੰਗਲੈਂਡ, ਐਨ.ਡੀ.ਪੀ.ਐਸ. ਐਕਟ ਦੇ ਮਾਮਲੇ ਵਿਚ ਨਾਮਜ਼ਦ ਪਰਮਿੰਦਰ ਸਿੰਘ ਕੈਨੇਡਾ ਤੇ ਸਤਿੰਦਰ ਸਿੰਘ ਦੁਬਈ ਦੌੜ ਗਏ।

ਰਸਤੇ ਵਿਚ ਘੇਰ ਕੇ ਕੁੱਟਮਾਰ ਦੇ ਮਾਮਲੇ ਵਿਚ ਨਾਮਜ਼ਦ ਹਰਵਿੰਦਰ ਸਿੰਘ ਤੇ ਸੁਖਵਿੰਦਰ ਸਿੰਘ ਕੈਨੇਡਾ, ਧਾਰਾ 452 ਦੇ ਕੇਸ ਵਿਚ ਨਾਮਜ਼ਦ ਸੁਖਦੀਪ ਸਿੰਘ ਉਰਫ਼ ਸੰਨੀ ਕੈਨੇਡਾ, ਸੜਕ ਹਾਦਸੇ ਵਿਚ ਮੌਤ ਦੇ ਮਾਮਲੇ ਵਿਚ ਨਾਮਜ਼ਦ ਪਰਮਿੰਦਰ ਸਿੰਘ ਇਟਲੀ ਤੇ ਸਵਰਨ ਸਿੰਘ ਮਲੇਸ਼ੀਆ, ਸ਼ਰਾਬ ਤਸਕਰੀ ਦੇ ਮਾਮਲੇ ਵਿਚ ਸ਼ਾਮਲ ਸੁਖਜਿੰਦਰ ਸਿੰਘ ਦੁਬਈ ਤੇ ਧਾਰਾ 292 ਦੇ ਕੇਸ ਵਿਚ ਨਾਮਜ਼ਦ ਪ੍ਰੇਮ ਬਹਾਦਰ ਦੁਬਈ ਜਾ ਕੇ ਛੁਪ ਗਏ ਹਨ। ਡੀ.ਐਸ.ਪੀ. (ਤਫ਼ਤੀਸ਼ੀ) ਜਗਦੀਪ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਕਈ ਫੌਜਦਾਰੀ ਮਾਮਲਿਆਂ ਵਿਚ ਪੁਲਿਸ ਨੂੰ ਲੋੜੀਂਦੇ ਮੁਲਜ਼ਮ ਵੱਖ-ਵੱਖ ਮੁਲਕਾਂ ਵਿਚ ਜਾ ਲੁਕੇ ਹਨ। ਭਗੌੜੇ ਐਨ.ਆਰ.ਆਈ. ਮੁਲਜ਼ਮਾਂ ਦੀ ਸੂਚਨਾ ਛੇਤੀ ਇੰਟਰਨੈੱਟ 'ਤੇ ਪਾਈ ਜਾਵੇਗੀ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਇੰਟਰਪੋਲ ਦੀ ਮਦਦ ਲਈ ਜਾਵੇਗੀ।

# ਪੰਜਾਬ ’ਚ ਨਸ਼ਿਆਂ ਦੇ ਮੁੱਦੇ ‘ਤੇ ਸਿਆਸੀ ਮੁਹਿੰਮਾਂ ਨੇ ਜ਼ੋਰ ਫੜਿਆ

**ਅਟਾਰੀ (ਅੰਮ੍ਰਿਤਸਰ):** ਪੰਜਾਬ ਵਿਚ ਨਸ਼ਿਆਂ ਦੇ ਮੁੱਦੇ ‘ਤੇ ਸਿਆਸੀ ਮੁਹਿੰਮਾਂ ਤੇਜ਼ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਜਿਥੇ ਭਾਜਪਾ ਵੱਲੋਂ ਪੰਜਾਬ ਵਿਚ ਨਸ਼ਿਆਂ ਖਿਲਾਫ 22 ਜਨਵਰੀ ਨੂੰ ਵਿੱਢੀ ਜਾ ਰਹੀ ਮੁਹਿੰਮ ਤੋਂ ਪਹਿਲਾਂ ਹੀ ਸਰਹੱਦ ‘ਤੇ ਧਰਨੇ ਦੇ ਕੇ ਇਸ ਮੁੱਦੇ ‘ਤੇ ਬਾਜ਼ੀ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ ਉਥੇ ਕਾਂਗਰਸ ਨੇ ਵੀ ਜ਼ਿਲ੍ਹਾ ਹੈਡਕੁਆਰਟਰਾਂ ‘ਤੇ ਧਰਨੇ ਮਾਰ ਕੇ ਨਸ਼ਿਆਂ ਦੇ ਮੁੱਦੇ ਉਪਰ ਅਕਾਲੀ ਦਲ-ਭਾਜਪਾ ਸਰਕਾਰ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ। ਧਰਨੇ-ਕਮ-ਜਾਗਰੂਕਤਾ ਰੈਲੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਪੰਜਾਬ ਵਿਚ ਨਸ਼ਿਆਂ ਦੇ ਪਸਾਰੇ ਨੂੰ ਰੋਕਣ ਲਈ ਅੰਤਰਰਾਸ਼ਟਰੀ ਸਰਹੱਦ ਨੂੰ ਮੁਕੰਮਲ ਤੌਰ ‘ਤੇ ਸੀਲ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿਚ ਨਸ਼ਿਆਂ ਤੇ ਹੋਰ ਸਮਾਜਕ ਬੁਰਾਈਆਂ ਵਿਰੁੱਧ ਮੁਹਿੰਮ ਬਾਰੇ ਐਲਾਮ ਮਾਘੀ ਮੇਲੇ ਦੌਰਾਨ 14 ਜਨਵਰੀ ਨੂੰ ਕੀਤਾ ਜਾਵੇਗਾ।

ਉਨ੍ਹਾਂ ਪ੍ਰਧਾਨ ਮੰਤਰੀ ਕੋਲੋਂ ਮੰਗ ਕੀਤੀ ਕਿ ਬਜਟ ਵਿਚ ਸਰਹੱਦ ਨੂੰ ਸੀਲ ਕਰਨ ਲਈ ਵਿਸ਼ੇਸ਼ ਰਕਮ ਰੱਖੀ ਜਾਵੇ। ਉਨ੍ਹਾਂ ਮੱਧ ਪ੍ਰਦੇਸ਼ ਤੇ ਰਾਜਸਥਾਨ ਸੂਬਿਆਂ ਦਾ ਨਾਂ ਲੈਂਦਿਆਂ ਆਖਿਆ ਕਿ ਇਥੇ ਨਾ ਸਿਰਫ ਨਸ਼ਿਆਂ ਦੀ ਕਾਸ਼ਤ ਨੂੰ ਪ੍ਰਵਾਨਗੀ ਦਿੱਤੀ ਹੋਈ ਹੈ, ਸਗੋਂ ਨਸ਼ਿਆਂ ਦੀ ਵਿਕਰੀ ਵੀ ਹੁੰਦੀ ਹੈ, ਜਿਸ ਤੋਂ ਦੋਵਾਂ ਸੂਬਿਆਂ ਨੂੰ 100 ਤੋਂ 115 ਕਰੋੜ ਰੁਪਏ ਦੀ ਆਮਦ ਹੁੰਦੀ ਹੈ।

ਉਪ ਮੁੱਖ ਮੰਤਰੀ ਨੇ ਕਿਹਾ ਕਿ ਆਪਣੇ ਪੰਜਾਬ ਦੌਰੇ ਦੌਰਾਨ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਸੀ ਕਿ 70 ਫੀਸਦੀ ਪੰਜਾਬੀ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ, ਜਦੋਂ ਕਿ ਇਹ ਸਰਾਸਰ ਗਲਤ ਹੈ। ਰੈਲੀ ਦੌਰਾਨ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਭਾਜਪਾ ਸਰਕਾਰ ਨੂੰ ਨਿਸ਼ਾਨਾ ਬਣਾਇਆ ਤੇ ਆਖਿਆ ਕਿ ਕਾਂਗਰਸ ਵੱਲੋਂ ਕੀਤੀ ਬਦਨਾਮੀ ਨਾਲ ਉਨ੍ਹਾਂ ਨੂੰ ਕੋਈ ਗਿਲਾ ਨਹੀਂ ਹੈ ਪਰ ਜੋ ਮਿੱਤਰਾਂ ਨੇ ਦੋਸ਼ ਲਾਏ ਹਨ, ਉਹ ਵਧੇਰੇ ਦੁਖਦਾਈ ਹੈ। ਇਸ ਦੌਰਾਨ ਵਧੇਰੇ ਬੁਲਾਰਿਆਂ ਨੇ ਸਪੱਸ਼ਟ ਕੀਤਾ ਕਿ ਇਹ ਧਰਨਾ ਬੀ. ਐਸ. ਐਫ. ਜਾਂ ਹੋਰ ਸੁਰੱਖਿਆ ਬਲਾਂ ਖ਼ਿਲਾਫ਼ ਨਹੀਂ ਹੈ।

ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਲੋਕਾਂ ਨੂੰ ਨਸ਼ਾ ਨਾ ਕਰਨ ਤੇ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਮੁਹਿੰਮ ਵਿੱਢਣ ਦਾ ਪ੍ਰਣ ਕਰਵਾਇਆ। ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਕਿਹਾ ਕਿ ਨਸ਼ੇ ਨੂੰ ਮੁਕੰਮਲ ਤੌਰ ‘ਤੇ ਰੋਕਣ ਲਈ ਸਰਹੱਦਾਂ ਉਪਰ ਚੌਕਸੀ ਵਧਾਉਣ ਦੀ ਲੋੜ ਹੈ। ਜਥੇਦਾਰ ਤੋਤਾ ਸਿੰਘ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਬਾਹਰਲੇ ਸੂਬਿਆਂ ਵਿਚ ਤਾਂ ਕਈ ਥਾਈਂ ਗੁਰਦੁਆਰਿਆਂ ਦੇ ਬਾਹਰ ਹੀ ਲੋਕ ਨਸ਼ਾ ਵੇਚੀ ਜਾ ਰਹੇ ਹਨ। ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਨੇ ਕਿਹਾ ਕਿ ਕੌਮੀ ਪੱਧਰ ‘ਤੇ ਕੁਝ ਲੋਕਾਂ ਵੱਲੋਂ ਗਲਤ ਧਾਰਨਾ ਬਣਾਈ ਜਾ ਰਹੀ ਹੈ ਤੇ ਇਹ ਦੱਸਿਆ ਜਾ ਰਿਹਾ ਹੈ ਕਿ ਬਹੁਤੇ ਪੰਜਾਬੀ ਨਸ਼ੇੜੀ ਹਨ।

ਧਰਨਿਆਂ ਤੋਂ ਦੂਰ ਰਹੇ ਬਾਦਲ: ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਵੱਲੋਂ ਸਰਹੱਦ ‘ਤੇ ਧਰਨਿਆਂ ਤੋਂ ਦੂਰ ਹੀ ਰਹੇ। ਉਹ ਧਰਨਿਆਂ ਦੀ ਥਾਂ ਸਕੱਤਰੇਤ ਵਿਚ ਹਾਜ਼ਰ ਸਨ, ਜਦੋਂ ਕਿ ਬਾਕੀ ਦੇ ਸਾਰੇ ਮੰਤਰੀ ਗ਼ੈਰਹਾਜ਼ਰ ਦੇਖੇ ਗਏ। ਮੁੱਖ ਮੰਤਰੀ ਸਵੇਰੇ ਤਕਰੀਬਨ 9.15 ਵਜੇ ਹੀ ਸਕੱਤਰੇਤ ਪਹੁੰਚ ਗਏ ਤੇ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਤਿੰਨ ਮੀਟਿੰਗਾਂ ਆਪਣੇ ਦਫ਼ਤਰ ਵਿਚ ਕੀਤੀਆਂ। ਸ. ਬਾਦਲ ਨੇ ਦਫ਼ਤਰ ਵਿਚ ਹਾਜ਼ਰੀ ਲਵਾ ਕੇ ਇਹ ਸੰਕੇਤ ਦੇਣ ਦਾ ਯਤਨ ਕੀਤਾ ਕਿ ਉਹ ਧਰਨਿਆਂ ਵਾਲੇ ਪ੍ਰੋਗਰਾਮ ਤੋਂ ਦੂਰ ਹਨ। ਦਿਲਚਸਪ ਤੱਥ ਇਹ ਵੀ ਹੈ ਕਿ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਮੰਤਰੀ ਸਕੱਤਰੇਤ ਵਿਚ ਨਜ਼ਰ ਨਹੀਂ ਆਏ।

## ਚੋਣ ਲੜਨ ਵਾਲੇ ਆਗੂਆਂ ਦਾ ਵੀ ਡੋਪ ਟੈਸਟ ਹੋਵੇ: ਤੋਤਾ ਸਿੰਘ

**ਚੰਡੀਗੜ੍ਹ:** ਪੰਜਾਬ ਦੇ ਖੇਤੀ ਮੰਤਰੀ ਤੋਤਾ ਸਿੰਘ ਨੇ ਕਿਹਾ ਹੈ ਕਿ ਉਹ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਤੇ ਦਲ ਦੀ ਕੋਰ ਕਮੇਟੀ ਵਿਚ ਇਹ ਮੁੱਦਾ ਉਠਾਉਣਗੇ ਕਿ ਜੇਕਰ ਖਿਡਾਰੀਆਂ ਦਾ ਡੋਪ ਟੈਸਟ ਹੁੰਦਾ ਹੈ ਤੇ ਸਰਕਾਰੀ ਨੌਕਰੀ ਵਿਚ ਸ਼ਾਮਲ ਹੋਣ ਵਾਲਿਆਂ ਲਈ ਵੀ ਡੋਪ ਟੈਸਟ ਜ਼ਰੂਰੀ ਹੋ ਗਿਆ ਹੈ ਤਾਂ ਚੋਣ ਲੜਨ ਵਾਲੇ ਆਗੂਆਂ ਲਈ ਵੀ ਅਜਿਹਾ ਡੋਪ ਟੈਸਟ ਕਿਉਂ ਨਹੀਂ ਹੋਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਮੇਰਾ ਇਹ ਨਿੱਜੀ ਵਿਚਾਰ ਹੈ ਕਿ ਚੋਣ ਲੜਨ ਵਾਲੇ ਸਿਆਸਤਦਾਨਾਂ ਲਈ ਵੀ ਅਜਿਹਾ ਟੈਸਟ ਹੋਣਾ ਚਾਹੀਦਾ ਹੈ। ਉਹ ਆਪਣੇ ਤੌਰ ‘ਤੇ ਇਹ ਤਜਵੀਜ਼ ਪਾਰਟੀ ਸਾਹਮਣੇ ਰੱਖਣਗੇ, ਹਾਲਾਂਕਿ ਇਸ ਨੂੰ ਲਾਗੂ ਕਰਨ ਬਾਰੇ ਕੋਈ ਵੀ ਫ਼ੈਸਲਾ ਸਿਰਫ ਚੋਣ ਕਮਿਸ਼ਨ ਹੀ ਲੈ ਸਕਦਾ ਹੈ।

# ਈ.ਡੀ. ਵਲੋਂ ਵੱਡੇ ਆਗੂਆਂ ਨੂੰ ਘੇਰਨ ਦੀ ਤਿਆਰੀ

**ਜਲੰਧਰ (ਬਿਊਰੋ):** ਪੰਜਾਬ ਵਿਚ ਡਰੱਗ ਤਸਕਰੀ ਬਾਰੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਏ ਧਰਨਿਆਂ ਨਾਲ ਜਿਥੇ ਪਹਿਲਾਂ ਹੀ ਸੂਬੇ ਦੀ ਸਿਆਸਤ ਗਰਮਾਈ ਹੋਈ ਹੈ ਉਥੇ ਈ.ਡੀ. ਵੱਲੋਂ ਚਾਰ ਹੋਰ ਅਕਾਲੀ ਆਗੂਆਂ ਨੂੰ ਤਲਬ ਕਰਨ ਦੇ ਚਰਚਿਆਂ ਨਾਲ ਪਾਰਟੀ ਦੀਆਂ ਮੁਸ਼ਕਲਾਂ ਵਧ ਗਈਆਂ ਹਨ।

ਈ.ਡੀ. ਵੱਲੋਂ ਤਲਬ ਕੀਤੇ ਜਾਣ ਵਾਲੇ ਇਨ੍ਹਾਂ ਚਾਰ ਆਗੂਆਂ ਵਿਚ ਤਿੰਨ ਆਗੂ ਮਾਝੇ ਨਾਲ ਤੇ ਇਕ ਦੁਆਬੇ ਨਾਲ ਸਬੰਧਤ ਹੈ। ਅਕਾਲੀ ਦਲ ਦੇ ਹੋਰ ਚਾਰ ਆਗੂਆਂ ਦੇ ਨਾਂ ਸਾਹਮਣੇ ਆਉਣ ਨਾਲ ਵਿਰੋਧੀ ਧਿਰ ਕਾਂਗਰਸ ਨੇ ਅਕਾਲੀ ਦਲ ‘ਤੇ ਸਿਆਸੀ ਹਮਲੇ ਹੋਰ ਤੇਜ਼ ਕਰ ਦਿੱਤੇ ਹਨ।

ਉਧਰ ਈ.ਡੀ. ਵੱਲੋਂ ਬਿਕਰਮ ਸਿੰਘ ਮਜੀਠੀਆ ਨੂੰ ਮੁੜ ਸੰਮਨ ਕਰਨ ਦੀਆਂ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ। ਜਾਣਕਾਰੀ ਅਨੁਸਾਰ ਛੇ ਹਜ਼ਾਰ ਕਰੋੜ ਦੇ ਸਿੰਥੈਟਿਕ ਡਰੱਗ ਦੇ ਮਾਮਲੇ ਵਿਚ ਈਡੀ ਨੇ ਜਾਂਚ ਦੇ ਕੰਮ ਵਿਚ ਤੇਜ਼ੀ ਲੈ ਆਂਦੀ ਹੈ। ਸੂਤਰਾਂ ਅਨੁਸਾਰ ਮਜੀਠੀਆ ਵੱਲੋਂ ਦਿੱਤੇ ਬਿਆਨਾਂ ਤੇ ਦਸਤਾਵੇਜ਼ਾਂ ਦੀ ਜਾਂਚ ਤਕਰੀਬਨ ਮੁਕੰਮਲ ਹੋ ਚੁੱਕੀ ਹੈ ਪਰ ਇਸ ਨੂੰ ਅਜੇ ਅਧੂਰਾ ਮੰਨਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 26 ਦਸੰਬਰ ਨੂੰ ਈ.ਡੀ. ਦਫ਼ਤਰ ਵਿਚ ਪੇਸ਼ ਹੋਏ ਬਿਕਰਮ ਸਿੰਘ ਮਜੀਠੀਆ ਦੇ ਤਲਬ ਹੋਣ ਤੋਂ ਬਾਅਦ ਇਸ ਮਾਮਲੇ ਦੀ ਜਾਂਚ ਵਿਚ ਤੇਜ਼ੀ ਆਈ ਹੈ। ਮਜੀਠੀਆ ਦਾਅਵਾ ਕਰ ਚੁੱਕੇ ਹਨ ਕਿ ਉਹ ਜਾਂਚ ਵਿਚ ਸਹਿਯੋਗ ਕਰਨਗੇ। ਸ੍ਰੀ ਮਜੀਠੀਆ ਤੋਂ ਪੁੱਛਗਿੱਛ ਕਰਨ ਲਈ ਮੁੱਖ ਦਫ਼ਤਰ ਤੋਂ ਈ.ਡੀ. ਦੇ ਸਪੈਸ਼ਲ ਡਾਇਰੈਕਟਰ (ਨਾਰਥ) ਕਰਨਲ ਸਿੰਘ ਆਏ ਹਨ। ਇਸ ਕੇਸ ਵਿਚ ਈ.ਡੀ ਦੇ ਡਿਪਟੀ ਡਾਇਰੈਕਟਰ-ਕਮ-ਜਾਂਚ ਅਫ਼ਸਰ ਨਿਰੰਜਣ ਸਿੰਘ ਤੇ ਜੁਆਇੰਟ ਡਾਇਰੈਕਟਰ ਗਰੀਸ਼ ਬਾਲੀ ਪੁੱਛਗਿੱਛ ਕਰ ਚੁੱਕੇ ਹਨ।

# ਜਗਮੀਤ ਬਰਾੜ ਵਲੋਂ ਕਾਂਗਰਸ ਨਾਲੋਂ ਤੋੜ-ਵਿਛੋੜਾ

**ਚੰਡੀਗੜ੍ਹ:** ਕਾਂਗਰਸ ਦੇ ਸਾਬਕਾ ਵਰਕਿੰਗ ਕਮੇਟੀ ਮੈਂਬਰ ਜਗਮੀਤ ਸਿੰਘ ਬਰਾੜ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ। ਇਹ ਐਲਾਨ ਕਰਦਿਆਂ ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਖ਼ੂਬ ਗੁਣਗਾਨ ਕੀਤਾ ਅਤੇ ਭਾਜਪਾ ਨੂੰ ਫਿਰਕੂ ਪਾਰਟੀ ਹੋਣ ਤੋਂ ਵੀ ਕਲੀਨ ਚਿੱਟ ਦੇ ਦਿੱਤੀ, ਪਰ ਫਿਲਹਾਲ ਭਾਜਪਾ ਵਿਚ ਸ਼ਾਮਲ ਹੋਣ ਤੋਂ ਚੁੱਪ ਵੱਟੀ ਰੱਖੀ।



ਜਗਮੀਤ ਸਿੰਘ ਬਰਾੜ

ਕਾਂਗਰਸ ਨਾਲੋਂ 35 ਸਾਲਾਂ ਦਾ ਸਾਥ ਛੱਡਣ ਦਾ ਐਲਾਨ ਕਰਦਿਆਂ ਸ੍ਰੀ ਬਰਾੜ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਰਗੜੇ ਲਾਏ। ਉਨ੍ਹਾਂ ਕਾਂਗਰਸ ਅਤੇ ਅਕਾਲੀ ਦਲ ਉਪਰ ਪਰਿਵਾਰਵਾਦ ਦੇ ਗੰਭੀਰ ਦੋਸ਼ ਵੀ ਲਾਏ। ਉਨ੍ਹਾਂ ਅਜੇ ਭਾਵੇਂ ਆਪਣੀ ਅਗਲੀ ਰਣਨੀਤੀ ਨਹੀਂ ਦੱਸੀ, ਪਰ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਦਾ ਭਾਜਪਾ ਵਿਚ ਸ਼ਾਮਲ ਹੋਣਾ ਤੈਅ ਹੈ। ਅਗਲੇ ਦਿਨੀਂ ਉਨ੍ਹਾਂ ਦੇ ਹੋਰ ਹਮਾਇਤੀ ਵੀ ਕਾਂਗਰਸ ਤੋਂ ਅਸਤੀਫ਼ੇ ਦੇਣ ਦਾ ਐਲਾਨ ਕਰਨਗੇ। ਇਸ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਸਮੇਤ ਦਿੱਲੀ ਜਾ ਕੇ ਭਾਜਪਾ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਸ੍ਰੀ ਬਰਾੜ ਵੱਲੋਂ ਪੰਜ ਮਹੀਨੇ ਪਹਿਲਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਕਾਰਗੁਜ਼ਾਰੀ ਉਪਰ ਸਵਾਲ ਉਠਾਉਣ ਕਾਰਨ ਪਾਰਟੀ ਨੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਸੀ।

ਸ੍ਰੀ ਬਰਾੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਕਾਂਗਰਸ ਨੇ ਉਸ ਨੂੰ ਇੰਨਾ ਬੇਇੱਜ਼ਤ ਕਰ ਦਿੱਤਾ ਕਿ ਉਸ ਕੋਲ ਅਸਤੀਫ਼ਾ ਦੇਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਉਹ ਕੋਈ ਨਵੀਂ ਪਾਰਟੀ ਨਹੀਂ ਬਣਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਦੇ ਮਾਮਲੇ ਵਿਚ ਸਾਰੇ ਵੱਡੇ ਆਗੂ ਸ਼ਾਮਲ ਹਨ। ਬਾਦਲ ਸਰਕਾਰ ਇਹ ਮਾਮਲਾ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਦੇਣ ਤੋਂ ਇਸ ਲਈ ਭੱਜ ਰਹੀ ਹੈ ਕਿਉਂਕਿ ਉਹ ਆਪਣੇ ਚਹੇਤਿਆਂ ਨੂੰ ਬਚਾਉਣਾ ਚਾਹੁੰਦੀ ਹੈ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਵੀ ਇਹ ਮਾਮਲਾ ਸੀ.ਬੀ.ਆਈ. ਨੂੰ ਦੇਣ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਡਰੱਗ ਸਰਗਨਾ ਭੋਲਾ ਇੰਕਸ਼ਾਫ ਕਰ ਚੁੱਕਾ ਹੈ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਸ ਨੇ ਕਾਂਗਰਸ ਦੇ ਇਕ ਚੋਟੀ ਦੇ ਆਗੂ ਨੂੰ ਫੰਡ ਦਿੱਤਾ ਸੀ। ਇਹੀ ਨਹੀਂ, ਕੈਪਟਨ ਅਮਰਿੰਦਰ ਸਿੰਘ ਪੱਤਰ ਲਿਖ ਕੇ ਦੋਸ਼ ਲਾ ਚੁੱਕੇ ਹਨ ਕਿ ਪ੍ਰਤਾਪ ਸਿੰਘ ਬਾਜਵਾ ਦਾ ਪਿਛੋਕੜ ਸਮਗਲਰਾਂ ਨਾਲ ਜੁੜਿਆ ਰਿਹਾ ਹੈ। ਇਸ ਮੌਕੇ ਸ੍ਰੀ ਬਰਾੜ ਦੇ ਭਰਾ ਤੇ ਸਾਬਕਾ ਵਿਧਾਇਕ ਰਿਪਜੀਤ ਬਰਾੜ, ਸਾਬਕਾ ਵਿਧਾਇਕ ਵਿਜੈ ਸਾਥੀ, ਮੁਕਤਸਰ ਦੇ ਕਾਂਗਰਸੀ ਆਗੂ ਗੁਰਦਾਸ ਗਿਰਧਰ ਅਤੇ ਮਨਜੀਤ ਸਿੰਘ ਝੱਲਬੂਟੀ ਨੇ ਵੀ ਹਾਈ ਕਮਾਂਡ ਨੂੰ ਆਪਣੇ ਅਸਤੀਫ਼ੇ ਭੇਜ ਦਿੱਤੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜਗਮੀਤ ਬਰਾੜ ਮੌਕਾਪ੍ਰਸਤ ਬੰਦਾ ਹੈ। ਉਸ ਦੇ ਜਾਣ ਨਾਲ ਪਾਰਟੀ ਵਧੀਆ ਕੰਮ ਕਰੇਗੀ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਪਾਰਟੀ ਨੇ ਸ੍ਰੀ ਬਰਾੜ ਨੂੰ ਸਮੇਂ ਸਮੇਂ ਕਈ ਅਹਿਮ ਅਹੁਦੇ ਦਿੱਤੇ ਪਰ ਜਾਪਦਾ ਹੈ ਕਿ ਉਸ ਦੀ ਭੁੱਖ ਨਹੀਂ ਮਿਟੀ।

## ਫੇਸਬੁੱਕ ‘ਤੇ ਫੜ੍ਹ ਮਾਰ ਕੇ ਘਿਰ ਗਏ ਸੁਖਬੀਰ

**ਮੁਕਤਸਰ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਫੇਸਬੁੱਕ ‘ਤੇ ਇਹ ਆਖ ਕੇ ਘਿਰ ਗਏ ਕਿ ਜੇਕਰ ਰਾਜਸਥਾਨ ਤੇ ਮੱਧ ਪ੍ਰਦੇਸ਼ ਸਰਕਾਰਾਂ ਭੁੱਕੀ ਦੇ ਠੇਕੇ ਬੰਦ ਕਰ ਦੇਣ ਤਾਂ ਉਹ ਇਨ੍ਹਾਂ ਠੇਕਿਆਂ ਤੋਂ ਹੋਣ ਵਾਲੀ ਆਮਦਨ ਦੀ ਭਰਪਾਈ ਕਰਨ ਲਈ ਤਿਆਰ ਹਨ। ਫੇਸਬੁੱਕ ‘ਤੇ ਇਸ ਪੋਸਟ ਦੇ ਕੁਝ ਘੰਟਿਆਂ ਬਾਅਦ ਹੀ 3,850 ਤੋਂ ਵੱਧ ਲੋਕਾਂ ਨੇ ਇਸ ਨੂੰ ਪੜ੍ਹਿਆ ਤੇ ਖੁੱਲ੍ਹ ਕੇ ਟਿੱਪਣੀਆਂ ਕੀਤੀਆਂ।

ਫੇਸ ਬੁੱਕ ਵਰਤੋਂਕਾਰ ਪੁਸ਼ਪਦੀਮ ਸਿੰਘ ਪੂਨੀਆ ਨੇ ਇਸ ਬਾਰੇ ਟਿੱਪਣੀ ਕੀਤੀ ਹੈ, “ਲੋਕਾਂ ਨੂੰ ਮੂਰਖ ਬਣਾਉਣਾ ਬੰਦ ਕਰੋ।” ਇਸੇ ਤਰ੍ਹਾਂ ਇਕ ਹੋਰ ਵਰਤੋਂਕਾਰ ਪੁਨੀਤ ਸਿੰਘ ਰੰਧਾਵਾ ਨੇ ਲਿਖਿਆ ਹੈ ਕਿ “ਮੈਨੂੰ ਲੱਗਦਾ ਹੈ ਕਿ ਮੁਆਵਜ਼ਾ ਅਦਾ ਕਰਨ ਦੀ ਗੱਲ ਬਿਲਕੁਲ ਗਲਤ ਹੈ।”


**Matrimonial**

**ਵਰ ਦੀ ਲੋੜ**

ਜੱਟ ਸਿੱਖ, ਉਮਰ 35 ਸਾਲ, ਕੱਦ ਕਰੀਬ 5'-5", ਵਿਜ਼ੀਟਰ ਵੀਜ਼ੇ ‘ਤੇ ਆਈ ਐਮ ਏ ਪਾਸ ਅਣ-ਵਿਆਹੀ ਲੜਕੀ ਲਈ ਅਮਰੀਕੀ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 510-305-4271 02



COVERED CALIFORNIA TM

ਬਹੁਤ ਵਾਜਬ ਭਾਅ ‘ਤੇ ਵਧੀਆ ਹੈਲਥ ਇੰਸ਼ੋਰੈਂਸ

ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ

ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ

ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ

ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ

Jarnail Singh Lallria (License # 0C19939)

Phone: (408) 728-0795

Fax: (209) 216-5502

E-mail: Jarnail_lallria@yahoo.com



WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG

MUSIC 24/7

LISTEN ON PHONE

ਹੁਣ ਸ਼ਿਕਾਗੋ ਤੋਂ

Application For Android and iPhone - Dhol Radio

LIVE CALLS ➡ USA 951-824-6365

skype - DHOLRADIO.ORG

LISTEN BY CALL ➡ USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)



Upgrade your Security Cameras to High Definition at very reasonable prices



For more Details, Contact:

Balbir S Sidhu

209-495-3905 (Cell)

www.dvrunlimited.com

Toll Free (888) 233-4566

DVRunlimited Inc. Fax: 209-665-7067

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਵਿਚ ਧਰਮ ਬਦਲੀ ਦੀ ਮੁਹਿੰਮ ਨੂੰ ਬ੍ਰੇਕਾਂ

**ਬਠਿੰਡਾ:** ਰਾਸ਼ਟਰੀ ਸਵੈਮ-ਸੇਵਕ ਸੰਘ (ਆਰ.ਐਸ.ਐਸ) ਵੱਲੋਂ 'ਘਰ ਵਾਪਸੀ' ਦੇ ਨਾਂ 'ਤੇ ਵਿੱਢੀ ਧਰਮ ਬਦਲੀ ਮੁਹਿੰਮ ਪੰਜਾਬ ਵਿਚ ਪੈਰ ਨਹੀਂ ਜਮਾ ਸਕੀ। ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਬਠਿੰਡੇ ਵਿਚ ਰੱਖੇ ਘਰ ਵਾਪਸੀ ਪ੍ਰੋਗਰਾਮ ਵਿਚ ਕੋਈ ਵੀ ਪਰਿਵਾਰ ਨਹੀਂ ਪੁੱਜਾ। ਇਥੋਂ ਤੱਕ ਕਿ ਪਿੰਡ ਗੁਰੂ ਕੀ ਵਡਾਲੀ ਵਿਖੇ ਇਸ ਮੁਹਿੰਮ ਤਹਿਤ ਸਿੱਖ ਧਰਮ ਵਿਚ ਪਰਤੇ 23 ਪਰਿਵਾਰਾਂ ਵਿਚੋਂ ਵਧੇਰੇ ਮੈਂਬਰਾਂ ਨੇ 'ਯੂ ਟਰਨ' ਲੈਂਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਆਪਣਾ ਧਰਮ ਤਬਦੀਲ ਨਹੀਂ ਕੀਤਾ ਹੈ। ਹਾਲਾਂਕਿ ਆਰ.ਐਸ.ਐਸ. ਦੀ ਇਕਾਈ ਧਰਮ ਜਾਗਰਣ ਮੰਚ ਦੇ ਪ੍ਰਬੰਧਕਾਂ ਦਾ ਦਾਅਵਾ ਹੈ ਕਿ ਇਹ ਲੋਕ ਸਰਕਾਰ ਦੇ ਦਬਾਅ ਹੇਠ ਆ ਕੇ ਮੁੱਕਰ ਰਹੇ ਹਨ।

ਦੱਸਣਯੋਗ ਹੈ ਕਿ ਪਿੰਡ ਗੁਰੂ ਕੀ ਵਡਾਲੀ ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਬਠਿੰਡਾ ਦੇ ਜਨਤਾ ਨਗਰ ਵਿਚ ਪੈਂਦੇ ਘਰ ਵਿਚ ਘਰ ਵਾਪਸੀ ਸਮਾਗਮ ਰੱਖਿਆ ਸੀ। ਪ੍ਰੀਸ਼ਦ ਆਗੂਆਂ ਨੇ ਪਰਸ ਰਾਮ ਨਗਰ ਦੇ ਬਾਬਾ ਬਾਲਕ ਨਾਥ ਮੰਦਰ ਵਿਚ ਸਮਾਗਮ ਹੋਣ ਦੀ ਗੱਲ ਆਖੀ ਸੀ। ਮੀਡੀਆ ਨਾਲ ਵੀ ਪ੍ਰੀਸ਼ਦ ਦੇ ਕਾਰਕੁਨ ਲੁਕਣ ਮੀਚੀ ਖੇਡਦੇ ਰਹੇ। ਫਿਰ ਐਲਾਨ ਕੀਤਾ ਕਿ ਸਿਆਸੀ ਦਬਾਅ ਕਾਰਨ ਪਰਿਵਾਰ ਪੁੱਜ ਨਹੀਂ ਸਕੇ, ਹੁਣ ਮਾਘੀ ਮੌਕੇ ਘਰ ਵਾਪਸੀ ਦਾ ਵੱਡਾ ਸਮਾਗਮ ਹੋਏਗਾ। ਜ਼ਿਕਰਯੋਗ ਹੈ ਕਿ ਘਰ ਵਾਪਸੀ ਮੁਹਿੰਮ ਦਾ ਪੰਜਾਬ ਵਿਚ ਸਿੱਖ ਜਥੇਬੰਦੀਆਂ ਨੇ ਖੁੱਲ੍ਹ ਕੇ ਵਿਰੋਧ ਕੀਤਾ ਸੀ ਤੇ ਤਰਕ ਦਿੱਤਾ ਸੀ ਕਿ ਸਿੱਖ ਧਰਮ ਵਿਚ ਘਰ ਵਾਪਸੀ ਵਰਗੀ ਕੋਈ ਰਵਾਇਤ ਨਹੀਂ ਹੈ। ਸਿੱਖ ਕੌਮ ਜਬਰੀ ਧਰਮ ਤਬਦੀਲੀ ਜਾਂ ਲਾਲਚ ਵੱਸ ਧਰਮ ਤਬਦੀਲੀ ਦੀ ਸਖਤ ਵਿਰੋਧੀ ਹੈ। ਸਿੱਖ ਜਥੇਬੰਦੀਆਂ ਦੇ ਵਿਰੋਧ ਪਿੱਛੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ ਦੀ ਜਾਂਚ ਮਗਰੋਂ ਗੁਰਦੁਆਰੇ ਦੇ ਪ੍ਰਬੰਧਕਾਂ ਖ਼ਿਲਾਫ਼ ਕਾਰਵਾਈ ਦੀ ਗੱਲ ਆਖੀ ਹੈ। ਧਰਮ ਤਬਦੀਲੀ ਕਰਨ ਵਾਲੀ ਜਥੇਬੰਦੀ ਧਰਮ ਜਾਗਰਨ ਮੰਚ ਨੂੰ ਕਲੀਨ ਚਿੱਟ ਦੇਣ ਤੋਂ ਨਾਂਹ ਕਰਦਿਆਂ ਜਥੇਦਾਰ ਨੇ ਕਿਹਾ ਕਿ ਇਸ ਪਿੱਛੇ ਉਨ੍ਹਾਂ ਦੀ ਕੀ ਭਾਵਨਾ ਹੈ, ਉਸ ਨੂੰ ਜਾਣੇ ਬਿਨਾਂ ਕੁਝ ਨਹੀਂ ਆਖ ਸਕਦੇ।

ਉਧਰ ਵਿਸ਼ਵ ਹਿੰਦੂ ਪ੍ਰੀਸ਼ਦ ਆਗੂ ਚੰਪਤ ਰਾਏ ਨੇ ਕਿਹਾ ਹੈ ਕਿ ਉਨ੍ਹਾਂ ਦਾ ਦਲ ਇਸ ਪ੍ਰੋਗਰਾਮ ਲਈ ਵਚਨਬੱਧ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤ ਵਿਚ 99 ਫੀਸਦੀ ਤੋਂ ਵੱਧ ਮੁਸਲਮਾਨ ਤੇ ਈਸਾਈ, ਹਿੰਦੂ ਧਰਮ ਵਿਚੋਂ ਗਏ ਹਨ। ਉਹ ਇਨ੍ਹਾਂ ਸਾਰੇ ਲੋਕਾਂ ਨੂੰ ਆਪਣੀਆਂ ਜੜ੍ਹਾਂ ਵੱਲ ਪਰਤ ਆਉਣ ਦੀ ਅਪੀਲ ਕਰਦੇ ਹਨ।

ਲੰਘੇ ਦਸੰਬਰ ਵਿਚ ਬਜਰੰਗ ਦਲ ਵੱਲੋਂ ਆਗਰੇ ਵਿਖੇ ਕੁਝ ਮੁਸਲਿਮ ਪਰਿਵਾਰਾਂ ਨੂੰ ਲਾਲਚ ਦੇ ਕੇ ਜ਼ਬਰਦਸਤੀ ਧਰਮ ਪਰਿਵਰਤਨ ਰਾਹੀਂ ਹਿੰਦੂ ਬਣਾਇਆ ਗਿਆ ਸੀ। ਇਸ ਤੋਂ ਬਾਅਦ ਹੋਰ ਵੀ ਕਈ ਥਾਵਾਂ 'ਤੇ ਅਜਿਹਾ ਕਰਨ ਦੀਆਂ ਖ਼ਬਰਾਂ ਆਈਆਂ। ਇਸ ਤੋਂ ਪਹਿਲਾਂ ਆਰ.ਐਸ.ਐਸ. ਮੋਹਨ ਭਾਗਵਤ ਨੇ ਬਿਆਨ ਰਾਹੀਂ ਇਹ ਕਿਹਾ ਸੀ ਕਿ ਮੁਲਕ ਵਿਚ ਰਹਿਣ ਵਾਲੇ ਸਿੱਖ, ਬੋਧੀ, ਜੈਨੀ ਆਦਿ ਸਭ ਹਿੰਦੂ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਅਸ਼ੋਕ ਸਿੰਘਲ ਨੇ ਵੀ ਅਜਿਹਾ ਹੀ ਬਿਆਨ ਦਾਗ਼ਦਿਆਂ ਕਿਹਾ ਸੀ ਕਿ 800 ਸਾਲ ਬਾਅਦ ਦਿੱਲੀ ਦੀ ਸੱਤਾ ਹਿੰਦੂਆਂ ਦੇ ਹੱਥ ਆਈ ਹੈ। ਸੰਸਦ ਦੇ ਸਰਦ ਰੁੱਤ ਸੈਸ਼ਨ ਵਿਚ ਧਰਮ ਬਦਲੀ ਦਾ ਮੁੱਦਾ ਕੰਮ ਵਿਚ ਸਭ ਤੋਂ ਵੱਡਾ ਅੜਿੱਕਾ ਬਣਿਆ ਸੀ ਤੇ ਰਾਜੇਸ਼ਵਰ ਸਿੰਘ ਦੀ ਉਚੀ ਸੁਰ ਪ੍ਰਤੀ ਪ੍ਰਧਾਨ ਮੰਤਰੀ ਨੇ ਨਾਖੁਸ਼ੀ ਪ੍ਰਗਟਾਈ ਸੀ।

## ਆਰ.ਐਸ.ਐਸ. ਦੀ ਮੁਹਿੰਮ ਵਿਰੁਧ ਇਸਾਈ ਭਾਈਚਾਰਾ ਇਕਜੁਟ

ਆਰ.ਐਸ.ਐਸ. ਦੀ ਸਹਿਯੋਗੀ ਜਥੇਬੰਦੀ ਧਰਮ ਜਾਗਰਨ ਮੰਚ ਵੱਲੋਂ ਚਲਾਈ ਜਾ ਰਹੀ ਮੁਹਿੰਮ ਖ਼ਿਲਾਫ਼ ਦੇਸ਼ ਭਰ ਦਾ ਈਸਾਈ ਭਾਈਚਾਰਾ ਇਕਜੁਟ ਹੋ ਰਿਹਾ ਹੈ। ਭਾਈਚਾਰੇ ਵੱਲੋਂ ਇਸ ਮੁਹਿੰਮ ਖ਼ਿਲਾਫ਼ ਕੌਮੀ ਪੱਧਰ 'ਤੇ ਰਣਨੀਤੀ ਤੈਅ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪਿੰਡ ਗੁਰੂ ਕੀ ਵਡਾਲੀ ਵਿਚ 23 ਈਸਾਈ ਪਰਿਵਾਰਾਂ ਦੇ ਮੁੜ ਸਿੱਖ ਧਰਮ ਵਿਚ ਸ਼ਾਮਲ ਹੋਣ ਦੀ ਘਟਨਾ ਮਗਰੋਂ ਚੌਕਸ ਹੋਏ ਬਿਸ਼ਪ ਸਾਮੰਤਰਾਏ ਨੇ ਆਖਿਆ ਕਿ ਘਰ ਵਾਪਸੀ ਦੇ ਨਾਂ 'ਤੇ ਇਹ ਸਮਾਜ ਤੇ ਪਰਿਵਾਰਾਂ ਨੂੰ ਆਪਸ ਵਿਚ ਵੰਡਣ ਦੀ ਯੋਜਨਾ ਹੈ। ਇਸ ਵੇਲੇ ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲ੍ਹੇ ਦੇ ਸਰਹੱਦੀ ਇਲਾਕਿਆਂ ਵਿਚ ਤਕਰੀਬਨ ਦੋ ਲੱਖ ਈਸਾਈ ਲੋਕ ਰਹਿ ਰਹੇ ਹਨ। ਇਸ ਭਾਈਚਾਰੇ ਦੇ ਲੋਕਾਂ ਵਿਚ ਅਜਿਹੇ ਪਰਿਵਾਰ ਵੀ ਹਨ, ਜਿਨ੍ਹਾਂ ਦਾ ਇਕ ਬੇਟਾ ਈਸਾਈ ਤੇ ਦੂਜਾ ਸਿੱਖ ਹੈ।

# ਮੁੰਬਈ ਕੇਸ ਵਿਚ ਲਖਵੀ ਤਲਬ

**ਇਸਲਾਮਾਬਾਦ:** ਲਸ਼ਕਰ-ਏ-ਤੋਇਬਾ ਦੇ ਅਪਰੇਸ਼ਨਾਂ ਬਾਰੇ ਕਮਾਂਡਰ ਜ਼ਕੀ-ਉਰ-ਰਹਿਮਾਨ ਜੋ 2008 ਦੇ ਮੁੰਬਈ ਹਮਲੇ ਦਾ ਮਾਸਟਰ ਮਾਈਂਡ ਮੰਨਿਆ ਜਾਂਦਾ ਹੈ, ਨੂੰ ਪਾਕਿਸਤਾਨੀ ਅਦਾਲਤ ਨੇ ਮੁੰਬਈ ਧਮਾਕਿਆਂ ਵਾਲੇ ਕੇਸ ਵਿਚ ਉਸ ਦੀ ਜ਼ਮਾਨਤ ਖ਼ਿਲਾਫ਼ ਸਰਕਾਰ ਦੀ ਅਪੀਲ 'ਤੇ ਸੁਣਵਾਈ ਮੌਕੇ ਅਗਲੀ ਪੇਸ਼ੀ ਉਤੇ ਤਲਬ ਕੀਤਾ ਹੈ। ਅਗਲੀ ਸੁਣਵਾਈ 15 ਜਨਵਰੀ ਨੂੰ ਹੋ ਰਹੀ ਹੈ। ਜਸਟਿਸ ਸ਼ੌਕਤ ਸਿੱਦੀਕੀ ਦੀ ਅਗਵਾਈ ਵਾਲੇ ਇਸਲਾਮਾਬਾਦ ਹਾਈ ਕੋਰਟ ਦੇ ਜੋ ਜੱਜਾਂ ਦੇ ਬੈਂਚ ਨੇ ਲਖਵੀ ਨੂੰ ਜ਼ਮਾਨਤ ਦੇਣ ਖ਼ਿਲਾਫ਼ ਸਰਕਾਰ ਦੀ ਅਪੀਲ ਦਾਖ਼ਲ ਕਰ ਲਈ। ਇਸਤਗਾਸਾ ਵਕੀਲ ਚੌਧਰੀ ਅਜ਼ਹਰ ਨੇ ਦੱਸਿਆ ਕਿ ਅਦਾਲਤ ਨੇ ਲਖਵੀ ਨੂੰ ਅਗਲੀ ਪੇਸ਼ੀ ਮੌਕੇ ਜ਼ਿਰ੍ਹਾ ਲਈ ਤਲਬ ਕੀਤਾ ਹੈ ਅਤੇ ਇਸ ਮੁਤੱਲਕ ਨੋਟਿਸ ਜਾਰੀ ਕਰ ਦਿੱਤੇ ਗਏ ਹਨ। ਇਸਤਗਾਸਾ ਨੇ ਆਪਣੀ ਪਟੀਸ਼ਨ ਰਾਹੀਂ ਅਦਾਲਤ ਨੂੰ ਆਗਾਹ ਕੀਤਾ ਕਿ ਦਹਿਸ਼ਤਵਾਦ ਵਿਰੋਧੀ ਅਦਾਲਤ ਨੇ ਲਖਵੀ ਨੂੰ ਜ਼ਮਾਨਤ ਦੇਣ ਸਮੇਂ ਮੁੰਬਈ ਧਮਾਕੇ ਕੇਸ ਦੀ ਸ਼ਹਾਦਤ ਨੂੰ ਨਜ਼ਰਅੰਦਾਜ਼ ਕੀਤਾ ਸੀ। ਲੰਘੀ 18 ਦਸੰਬਰ ਨੂੰ ਅਦਾਲਤ ਨੇ ਲਖਵੀ ਨੂੰ ਜ਼ਮਾਨਤ ਦੇ ਦਿੱਤੀ ਸੀ। ਅਗਲੇ ਹੀ ਦਿਨ ਉਸ ਨੂੰ ਜਨਜੀਵਨ ਵਿਵਸਥਾ ਕਾਨੂੰਨ ਤਹਿਤ ਗ੍ਰਿਫਤਾਰ ਕਰ ਲਿਆ ਸੀ।

## ਬੰਦੀ ਸਿੱਖਾਂ ਦੀ ਰਿਹਾਈ ਬਾਰੇ ਕੇਂਦਰ ਨੇ ਬਾਦਲ ਨੂੰ ਅੰਗੂਠਾ ਦਿਖਾਇਆ

*(ਸਫਾ ਇਕ ਦੀ ਬਾਕੀ)*

ਜੋ ਕ੍ਰਮਵਾਰ ਰਾਜਸਥਾਨ ਤੇ ਦਿੱਲੀ ਦੀਆਂ ਜੇਲ੍ਹਾਂ ਵਿਚ ਹਨ, ਸ਼ਾਮਲ ਹਨ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮੁੱਦੇ 'ਤੇ ਆਪਸੀ ਵਿਵਾਦ ਵਿਚ ਉਲਝੀਆਂ ਸਮੂਹ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਨਾਨਕਸ਼ਾਹੀ ਕੈਲੰਡਰ ਮੁੱਦੇ 'ਤੇ ਆਪਸ ਵਿਚ ਲੜਨ ਦੀ ਥਾਂ ਸਿੱਖ ਬੰਦੀਆਂ ਦੀ ਰਿਹਾਈ ਦੇ ਮੁੱਦੇ 'ਤੇ ਇਕਜੁਟ ਹੋਣ। ਜਥੇਦਾਰ ਨੇ ਆਖਿਆ ਕਿ ਇਸ ਵੇਲੇ ਸਮੂਹ ਸਿੱਖ ਜਥੇਬੰਦੀਆਂ ਵਿਚਾਲੇ ਪੰਥਕ ਇਕਜੁੱਟਤਾ ਦੀ ਲੋੜ ਹੈ। ਉਨ੍ਹਾਂ ਸਿੱਖ ਕੌਮ ਨੂੰ ਦੁਹਾਈ ਦਿੱਤੀ ਕਿ ਜੇ ਸਿੱਖ ਕੈਦੀਆਂ ਦੀ ਰਿਹਾਈ ਦੇ ਮਾਮਲੇ ਵਿਚ ਨਿਆਂ ਪ੍ਰਾਪਤ ਕਰਨਾ ਹੈ ਤਾਂ ਸਮੂਹ ਸਿੱਖ ਧਿਰਾਂ ਕੈਲੰਡਰ ਆਦਿ ਮੁੱਦਿਆਂ 'ਤੇ ਆਪਸੀ ਵਿਵਾਦ ਨੂੰ ਛੱਡ ਕੇ ਇਕਜੁਟ ਹੋਣ। ਕੈਲੰਡਰ ਦਾ ਮਾਮਲਾ ਸਿੱਖ ਕੌਮ ਦਾ ਅੰਦਰੂਨੀ ਮਾਮਲਾ ਹੈ ਤੇ ਇਸ ਨੂੰ ਸਮੂਹ ਧਿਰਾਂ ਅੰਦਰ ਬੈਠ ਕੇ ਵੀ ਹੱਲ ਕਰ ਸਕਦੀਆਂ ਹਨ।

# ਗੁਰਬਖਸ਼ ਸਿੰਘ ਦੇ ਹੱਕ ਵਿਚ ਸਿੱਖ ਜਥੇਬੰਦੀਆਂ ਵਲੋਂ ਰੋਸ ਮਾਰਚ

**ਪਟਿਆਲਾ:** ਹਰਿਆਣਾ ਦੇ ਗੁਰਦੁਆਰਾ ਸ੍ਰੀ ਲਖਨੌਰ ਸਾਹਿਬ ਵਿਚ ਭੁੱਖ ਹੜਤਾਲ 'ਤੇ ਬੈਠੇ ਗੁਰਬਖ਼ਸ਼ ਸਿੰਘ ਖ਼ਾਲਸਾ ਦੇ ਹੱਕ 'ਚ ਇੱਥੇ ਕੁਝ ਜਥੇਬੰਦੀਆਂ ਨੇ ਰੋਸ ਮਾਰਚ ਕੱਢਿਆ। ਮਾਰਚ ਅਤੇ ਧਰਨੇ ਤੋਂ ਪਹਿਲਾਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਚ ਬੇੜੀਆਂ ਨਾਲ ਬੰਨ੍ਹੇ ਸਿੰਘਾਂ ਅਤੇ ਜੇਲ੍ਹ ਦਾ ਪ੍ਰਤੀਕ ਪਿੰਜਰੇ ਵਿਚ ਬੰਦ ਸਿੰਘਾਂ ਨੇ ਆਪਣੇ ਆਪ ਨੂੰ ਪ੍ਰਦਰਸ਼ਿਤ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ), ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ, ਨਿਹੰਗ ਜਥੇਬੰਦੀਆਂ, ਕਿਸਾਨ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ।

ਧਰਨੇ ਨੂੰ ਸੰਬੋਧਨ ਕਰਦਿਆਂ ਰਜਿੰਦਰ ਸਿੰਘ ਛੰਨਾ, ਬਲਕਾਰ ਸਿੰਘ ਭੁੱਲਰ ਪਾਤੜਾਂ, ਗੁਰਗਿਆਨ ਸਿੰਘ ਧਨੇਠਾ, ਮੇਜਰ ਸਿੰਘ ਮਿਆਲ, ਹਰਦੀਪ ਸਿੰਘ ਸਹਿਜਪੁਰਾ, ਰਾਜਪਾਲ ਸਿੰਘ ਭਿੰਡਰ ਸਮਾਣਾ, ਪਰਮਜੀਤ ਸਿੰਘ ਖਾਨਪੁਰ, ਅਮਰਜੀਤ ਸਿੰਘ ਮਰੋੜੀ, ਬਲਬੀਰ ਸਿੰਘ ਨੇ ਕਿਹਾ ਕਿ ਜੇਲ੍ਹਾਂ ਵਿਚ ਬੰਦ ਜਿਹੜੇ ਸਿੱਖ ਸਜ਼ਾ ਪੂਰੀ ਕਰ ਚੁੱਕੇ ਹਨ, ਨੂੰ ਵੀ ਛੱਡਿਆ ਨਹੀਂ ਜਾ ਰਿਹਾ। ਉਨ੍ਹਾਂ ਕਿਹਾ ਕਿ ਉਹ ਗੁਰਬਖ਼ਸ਼ ਸਿੰਘ ਦੇ ਹੱਕ ਵਿਚ ਅਤੇ ਸਿੱਖ ਕੈਦੀਆਂ ਦੀ ਰਿਹਾਈ ਲਈ ਸੰਘਰਸ਼ ਤੇਜ਼ ਕਰਨਗੇ।

# ਗ੍ਰਿਫਤਾਰ ਖਾੜਕੂ ਤਾਰਾ ਨੂੰ ਭਾਰਤ ਹਵਾਲੇ ਕਰਨ ਦੇ ਹੁਕਮ

*(ਸਫਾ ਇਕ ਦੀ ਬਾਕੀ)*

ਸਮੇਂ ਤੋਂ ਉਸ ਦੀ ਪੈੜ ਨੱਪ ਰਹੀ ਸੀ, ਪਰ ਅਕਤੂਬਰ 'ਚ ਉਹ ਅਚਾਨਕ ਪੁਲਿਸ ਦੀਆਂ ਨਜ਼ਰਾਂ ਤੋਂ ਗਾਇਬ ਹੋ ਗਿਆ। ਇਸ ਤੋਂ ਬਾਅਦ ਥਾਈਲੈਂਡ ਪੁਲਿਸ ਨੇ ਅਪਰੇਸ਼ਨ ਰੋਕ ਦਿੱਤਾ, ਪਰ ਭਾਰਤ ਦੇ ਕੇਂਦਰੀ ਖੁਫੀਆ ਅਧਿਕਾਰੀਆਂ ਵੱਲੋਂ ਦਰਖਾਸਤ ਕੀਤੇ ਜਾਣ 'ਤੇ ਭਾਰਤ ਦੇ ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਨੇ ਆਪਣੀ ਥਾਈਲੈਂਡ ਫੇਰੀ ਸਮੇਂ ਉਥੋਂ ਦੇ ਗ੍ਰਹਿ ਮੰਤਰੀ ਨੂੰ ਇਹ ਕਾਰਵਾਈ ਤੇਜ਼ੀ ਨਾਲ ਅਮਲ ਵਿਚ ਲਿਆਉਣ ਦੀ ਬੇਨਤੀ ਕੀਤੀ ਸੀ। ਇਸ ਪਿੱਛੋਂ ਦੁਬਾਰਾ ਅਪਰੇਸ਼ਨ ਸ਼ੁਰੂ ਕੀਤਾ ਗਿਆ ਅਤੇ ਇਕ ਟੀਮ ਪੱਕੇ ਤੌਰ 'ਤੇ ਤਾਰਾ ਦੀ ਖੋਜ ਲਈ ਤਾਇਨਾਤ ਕਰ ਦਿੱਤੀ ਗਈ। ਇਸ ਪਿੱਛੋਂ ਥਾਈਲੈਂਡ ਦੇ ਫੁਕੇਤ ਖੇਤਰ ਵਿਚ ਚੋਨਬੂਰੀ ਦੇ ਇਲਾਕੇ ਦੇ ਸੋਈ ਮਾਬਾਈਲੀਆ ਵਿਖੇ ਕਾਰਵਾਈ ਕਰ ਕੇ ਇਸ ਗ੍ਰਿਫਤਾਰੀ ਨੂੰ ਅੰਜਾਮ ਦਿੱਤਾ ਗਿਆ। ਤਾਰਾ ਦੇ ਨਾਲ ਥਾਈ ਪੁਲਿਸ ਨੇ ਉਸ ਨੂੰ ਸ਼ਰਨ ਦੇਣ ਵਾਲੇ ਅਤੇ ਘਰ ਦੇ ਮਾਲਕ ਖਲਾਤ ਬਾਰੀ ਨੂੰ ਵੀ ਹਿਰਾਸਤ ਵਿਚ ਲੈ ਲਿਆ ਹੈ।

ਪੰਜਾਬ ਪੁਲਿਸ ਨੂੰ ਜਦੋਂ ਇਹ ਸੂਚਨਾ ਮਿਲੀ ਕਿ ਜਗਤਾਰ ਸਿੰਘ ਤਾਰਾ ਪਾਕਿਸਤਾਨੀ ਪਾਸਪੋਰਟ 'ਤੇ ਪਿਛਲੇ ਸਾਲ ਥਾਈਲੈਂਡ ਪੁੱਜ ਗਿਆ ਹੈ ਅਤੇ ਉਥੇ ਗੁਰਮੀਤ ਸਿੰਘ ਪੁੱਤਰ ਕਾਕਾ ਸਿੰਘ ਦੇ ਫਰਜ਼ੀ ਨਾਂ ਨਾਲ ਰਹਿ ਰਿਹਾ ਹੈ ਤਾਂ ਪੰਜਾਬ ਪੁਲਿਸ ਨੇ ਬੀਤੇ ਸਾਲ ਸਤੰਬਰ ਮਹੀਨੇ ਵਿਚ ਹੀ ਅਦਾਲਤ ਤੋਂ ਇਹ ਵਾਰੰਟ ਹਾਸਲ ਕਰ ਲਏ ਸਨ ਕਿ ਗੁਰਮੀਤ ਸਿੰਘ ਪੁੱਤਰ ਕਾਕਾ ਸਿੰਘ ਖਾੜਕੂ ਸਰਗਰਮੀਆਂ ਦੇ ਮਾਮਲਿਆਂ ਵਿਚ ਅਤਿ ਲੋੜੀਂਦਾ ਹੈ। ਫਿਰ ਇਹ ਵਾਰੰਟ ਕੇਂਦਰੀ ਖੁਫੀਆ ਏਜੰਸੀਆਂ ਰਾਹੀਂ ਇੰਟਰਪੋਲ ਨੂੰ ਭੇਜੇ ਗਏ ਜਿਸ ਨੇ ਥਾਈਲੈਂਡ ਪੁਲਿਸ ਨਾਲ ਰਾਬਤਾ ਕਾਇਮ ਕਰ ਕੇ ਗੁਰਮੀਤ ਸਿੰਘ ਉਰਫ਼ ਜਗਤਾਰ ਸਿੰਘ ਤਾਰਾ ਤੱਕ ਪਹੁੰਚ ਕਰ ਲਈ।

ਤਾਰੇ ਨੂੰ 1995 ਵਿਚ ਚੰਡੀਗੜ੍ਹ ਵਿਖੇ ਹੋਏ ਬੰਬ ਧਮਾਕੇ ਦੇ ਕੇਸ ਵਿਚ 2007 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸ ਧਮਾਕੇ ਵਿਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ 18 ਬੰਦੇ ਮਾਰੇ ਗਏ ਸਨ। ਦਾਅਵਾ ਕੀਤਾ ਜਾ ਰਿਹਾ ਹੈ ਕਿ ਜਗਤਾਰ ਸਿੰਘ ਤਾਰਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਕਤਲ ਲਈ ਮਨੁੱਖੀ ਬੰਬ ਤਿਆਰ ਕਰਨ ਵਿਚ ਰੁਝਿਆ ਹੋਇਆ। ਉਹ 22 ਜਨਵਰੀ 2004 ਨੂੰ ਬੁੜੈਲ ਜੇਲ੍ਹ ਤੋਂ ਫ਼ਰਾਰ ਹੋਇਆ ਸੀ ਅਤੇ ਉਸੇ ਸਾਲ 21 ਮਾਰਚ ਨੂੰ ਨੇਪਾਲ ਦੇ ਰਸਤੇ ਪਾਕਿਸਤਾਨ ਪੁੱਜ ਗਿਆ। ਉਥੇ ਉਹ ਤਕਰੀਬਨ ਡੇਢ ਸਾਲ ਰਿਹਾ ਅਤੇ ਗੁਰਮੀਤ ਸਿੰਘ ਨਾਂ ਹੇਠ ਪਾਸਪੋਰਟ ਬਣਾ ਕੇ ਥਾਈਲੈਂਡ ਚਲਾ ਗਿਆ। ਥਾਈਲੈਂਡ ਜਿਸ ਬੰਦੇ ਦੇ ਘਰੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ, ਉਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਐਸ. ਦਾ ਬੰਦਾ ਦੱਸਿਆ ਜਾ ਰਿਹਾ ਹੈ।

## ਸ਼੍ਰੋਮਣੀ ਅਕਾਲੀ ਦਲ ਨੇ ਮਜੀਠੀਆ ਨੂੰ ਬਚਾਉਣ ਲਈ ਲਾਏ ਧਰਨੇ: ਸਰਨਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਸਰਹੱਦ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਦਿੱਤੇ ਗਏ ਧਰਨੇ ਨੂੰ ਗੈਰ-ਵਾਜਬ ਗਰਦਾਨਦਿਆਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੂੰ ਈ.ਡੀ. ਕੋਲੋਂ ਬਚਾਉਣ ਤੇ ਆਪਣੇ ਗੁਨਾਹਾਂ 'ਤੇ ਪਰਦਾ ਪਾਉਣ ਲਈ ਸੀਮਾ ਸੁਰੱਖਿਆ ਬਲਾਂ ਦੇ ਖਿਲਾਫ ਧਰਨਾ ਲਾਉਣ ਦੇ ਪਾਖੰਡ ਕਰਨ ਨਾਲ ਅਜਿਹੇ ਗੁਨਾਹ ਮੁਆਫ ਨਹੀਂ ਹੋ ਸਕਦੇ। ਸ੍ਰੀ ਸਰਨਾ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਰਕਾਰੀ ਤੰਤਰ ਤੇ ਡਰਾ-ਧਮਕਾ ਕੇ ਜਿਹੜਾ ਇਕੱਠ ਅਟਾਰੀ ਸਰਹੱਦ 'ਤੇ ਕੀਤਾ ਗਿਆ ਹੈ। ਨਾਲੇ ਉਹ ਇਹ ਵੀ ਸਪਸ਼ਟ ਕਰਨ ਕਿ ਉਹ ਕੇਂਦਰ ਸਰਕਾਰ ਦੇ ਖਿਲਾਫ ਸੀ, ਜਾਂ ਫਿਰ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਦੇ ਖਿਲਾਫ ਸੀ?

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਬਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## ਮੈਕਸੀਕੋ 'ਚੋਂ ਅਮਰੀਕੀ ਸਿੱਖ ਦੀ ਲਾਸ਼ ਮਿਲੀ

**ਨਿਊਯਾਰਕ:** ਭਾਰਤ-ਅਮਰੀਕੀ ਯੋਗ ਅਧਿਆਪਕ ਹਰੀ ਸਿਮਰਨ ਸਿੰਘ ਖਾਲਸਾ (25) ਦੀ ਸੈਂਟਰਲ ਮੈਕਸੀਕੋ ਵਿਚ ਲਾਸ਼ ਮਿਲੀ ਹੈ। ਨਿਊਯਾਰਕ ਵਿਚ ਜੰਮੇ ਸ੍ਰੀ ਖਾਲਸਾ ਆਪਣੀ ਪਤਨੀ ਆਦਿ ਪੁਰਖ ਕੌਰ ਤੇ ਯੋਗ ਵਿਦਿਆਰਥੀਆਂ ਨਾਲ 26 ਦਸੰਬਰ ਨੂੰ ਤੇਪਜ਼ਤਲਾਨ ਕਸਬੇ ਵਿਚ ਗਏ ਸਨ। ਉਹ ਕੁਝ ਦਿਨ ਪਹਿਲਾਂ ਇਲਾਕੇ ਦੀਆਂ ਪਹਾੜੀਆਂ ਵਿਚ ਲਾਪਤਾ ਹੋ ਗਏ ਸਨ।

ਸ੍ਰੀ ਖਾਲਸਾ ਨੇ ਫੋਨ 'ਤੇ ਪਤਨੀ ਨੂੰ ਆਖਰੀ ਤਸਵੀਰ ਭੇਜੀ ਸੀ ਤੇ ਇਹ ਉਹੋ ਥਾਂ ਹੈ ਜਿਸ ਦੇ ਨੇੜਿਓਂ ਲਾਸ਼ ਮਿਲੀ ਹੈ। ਅਧਿਕਾਰੀਆਂ ਮੁਤਾਬਕ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ ਤੇ ਪੋਸਟਮਾਰਟਮ ਤੋਂ ਬਾਅਦ ਹੀ ਕੋਈ ਜਾਣਕਾਰੀ ਮਿਲੇਗੀ।

ਮੈਕਸੀਕੋ ਸਿਟੀ ਵਿਚ ਅਮਰੀਕੀ ਸਫਾਰਤਖਾਨੇ ਨੇ ਸ੍ਰੀ ਖਾਲਸਾ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਸਿੱਖ ਜੋੜਾ ਵਰਜੀਨੀਆ ਦੇ ਲੀਸਬਰਗ ਵਿਚ ਰਹਿ ਰਿਹਾ ਸੀ ਤੇ ਹੁਣ ਨਿਊਯਾਰਕ ਜਾਣ ਦੀ ਯੋਜਨਾ ਬਣਾ ਰਿਹਾ ਸੀ। ਪਰਿਵਾਰ ਵੱਲੋਂ ਜਾਰੀ ਬਿਆਨ ਮੁਤਾਬਕ ਸ੍ਰੀ ਖਾਲਸਾ ਪਹਾੜੀ ਚੜ੍ਹਨ ਮੌਕੇ ਸਿਰ ਦੇ ਭਾਰ ਡਿੱਗੇ ਤੇ ਡੂੰਘੀ ਸੱਟ ਲੱਗਣ ਕਰਕੇ ਉਨ੍ਹਾਂ ਦਾ ਦੇਹਾਂਤ ਹੋ ਗਿਆ।

## 'ਧੀਆਂ ਦੀ ਲੋਹੜੀ' 25 ਜਨਵਰੀ ਨੂੰ

**ਹੇਵਰਡ (ਬਿਊਰੋ):** ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵਲੋਂ 'ਧੀਆਂ ਦੀ ਲੋਹੜੀ' ਉਰਫ 'ਬੇਬੀ ਡੇਅ' ਆਉਂਦੀ 25 ਜਨਵਰੀ, ਐਤਵਾਰ ਨੂੰ ਸ਼ਾਮ 4 ਵਜੇ ਤੋਂ 8 ਵਜੇ ਤੱਕ ਰਾਜਾ ਕੁਜ਼ੀਨ (1275 ਵੈਸਟ ਵਿਨਟਨ ਐਵੇਨਿਊ) ਹੇਵਰਡ ਵਿਖੇ ਮਨਾਇਆ ਜਾਵੇਗਾ।

ਸਭਾ ਦੇ ਫਾਊਂਡਰ ਪਰਮਜੀਤ ਸਿੰਘ ਸੇਖੋਂ (ਦਾਖਾ) ਅਤੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਮੌਕੇ ਬੱਚਿਆਂ ਅਤੇ ਮਾਪਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ ਅਤੇ ਪੰਥਕ ਸ਼ਖਸੀਅਤ ਨੂੰ 'ਜਥੇਦਾਰ ਗੁਰਦੇਵ ਸਿੰਘ ਕਾਉਂਕੇ ਮੈਮੋਰੀਅਲ ਐਵਾਰਡ', 'ਸਿਰਦਾਰ ਕਪੂਰ ਸਿੰਘ ਮੈਮੋਰੀਅਲ ਐਵਾਰਡ' ਅਤੇ 'ਇੰਟਰਨੈਸ਼ਨਲ ਪੀਸ ਐਵਾਰਡ' ਨਾਲ ਸਨਮਾਨਿਤ ਕੀਤਾ ਜਾਵੇਗਾ।

ਬੇਬੀ ਡੇਅ ਮਨਾਉਣ ਵਾਲੇ ਬੱਚੇ-ਬੱਚੀਆਂ ਦੇ ਨਾਮ 11 ਜਨਵਰੀ ਤੱਕ ਦਿੱਤੇ ਜਾ ਸਕਦੇ ਹਨ। ਪ੍ਰੋਗਰਾਮ ਦੌਰਾਨ ਬੱਚੀਆਂ ਦੇ ਗੁੱਤ ਅਤੇ ਜੂੜਾ ਮੁਕਾਬਲੇ ਤੋਂ ਇਲਾਵਾ ਬੀਬੀਆਂ ਦਾ ਗਿੱਧਾ-ਭੰਗੜਾ ਵੀ ਹੋਵੇਗਾ। ਗੀਤ-ਸੰਗੀਤ ਦਾ ਦੌਰ ਵੀ ਚੱਲੇਗਾ। ਸਕਿਊਰਿਟੀ ਦਾ ਖਾਸ ਪ੍ਰਬੰਧ ਹੋਵੇਗਾ। ਬੁਲਾਰੇ ਅਤੇ ਕਵੀਜਨ ਵਿਚਾਰਾਂ ਦੀ ਸਾਂਝ ਪਾਉਣਗੇ। ਧੂਣੀ-ਤਿੱਲ-ਮੂੰਗਫਲੀ-ਰਿਉੜੀਆਂ ਦਾ ਪ੍ਰਬੰਧ ਹੋਵੇਗਾ।

ਪ੍ਰਬੰਧਕਾਂ ਅਨੁਸਾਰ ਪ੍ਰੋਗਰਾਮ ਦੌਰਾਨ ਆਂਡਾ, ਮੀਟ ਤੇ ਸ਼ਰਾਬ ਦੀ ਵਰਤੋਂ ਦੀ ਸਖਤ ਮਨਾਹੀ ਹੈ। ਹੈਪੀ ਬਰਥਡੇ-ਬੇਬੀ ਡੇ ਨੂੰ ਸਮਰਪਿਤ ਆਂਡਾ ਰਹਿਤ ਫਰੂਟ ਕੇਕ ਕੱਟਿਆ ਜਾਵੇਗਾ। ਪਕੌੜੇ-ਟਿੱਕੀਆਂ-ਚਾਹ-ਮਠਿਆਈ ਅਤੇ ਰੋਟੀ ਦਾ ਖਾਸ ਪ੍ਰਬੰਧ ਹੋਵੇਗਾ। ਬੱਚਿਆਂ ਨੂੰ ਤੋਹਫੇ ਵਚੀ ਵੰਡੇ ਜਾਣਗੇ। ਹੋਰ ਜਾਣਕਾਰੀ ਫੋਨ: 510-774-5909 ਜਾਂ ਫੋਨ: 510-676-4440 ਤੋਂ ਲਈ ਜਾ ਸਕਦੀ ਹੈ।

## ਡਿਲਮਾ ਵਲੋਂ ਰਾਸ਼ਟਰਪਤੀ ਵਜੋਂ ਦੂਜੀ ਪਾਰੀ ਸ਼ੁਰੂ

**ਬ੍ਰਾਸੀਲੀਆ:** ਪਿਛਲੇ ਅਕਤੂਬਰ ਵਿਚ ਬਹੁਤ ਥੋੜ੍ਹੇ ਫਰਕ ਨਾਲ ਮੁੜ ਚੋਣ ਜਿੱਤਣ ਵਾਲੀ ਡਿਲਮਾ ਰੌਸੈੱਫ ਨੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਵੱਲੋਂ ਦੂਜੀ ਵਾਰ ਸਹੁੰ ਚੁੱਕ ਲਈ ਹੈ। ਉਹ ਬ੍ਰਾਜ਼ੀਲ ਦੀ ਪ੍ਰਥਮ ਮਹਿਲਾ ਰਾਸ਼ਟਰਪਤੀ ਹੈ। ਉਹ 2011 ਵਿਚ ਪਹਿਲੀ ਵਾਰ ਰਾਸ਼ਟਰਪਤੀ ਬਣੀ ਸੀ।

ਡਿਲਮਾ (67 ਸਾਲ) ਦੇ ਸਿਆਸੀ ਗੁਰੂ ਲੂਇਜ਼ ਇਨਾਸ਼ੀਓ ਲੂਲਾ ਦਿ ਸਿਲਵਾ ਉਨ੍ਹਾਂ ਤੋਂ ਪਹਿਲਾਂ ਦੋ ਵਾਰ ਰਾਸ਼ਟਰਪਤੀ ਰਹਿ ਚੁੱਕੇ ਹਨ। ਇਸ ਭਾਗਾਂ ਭਰੇ ਮੌਕੇ ਬੋਲੀਵੀਆ, ਚਿੱਲੀ, ਕੋਸਟਾ ਰੀਕਾ, ਪਾਰਾਗੂਏ, ਉਰੂਗੂਏ, ਵੈਨਜ਼ੁਏਲਾ ਦੇ ਮੁਖੀ ਤੇ ਅਮਰੀਕਾ ਦੇ ਉਪ ਰਾਸ਼ਟਰਪਤੀ ਵੀ ਪਹੁੰਚੇ ਹੋਏ ਸਨ।

## ਚੀਨੀ ਕੁੜੀ ਬਣੀ ਸਭ ਤੋਂ ਘੱਟ ਉਮਰ ਦੀ ਅਰਬਪਤੀ

**ਬੀਜਿੰਗ:** ਚੀਨ ਦੀ 24 ਸਾਲਾ ਇਕ ਮਹਿਲਾ 1.3 ਅਰਬ ਡਾਲਰ ਜਾਇਦਾਦ ਨਾਲ ਦੁਨੀਆਂ ਵਿਚ ਸਭ ਤੋਂ ਘੱਟ ਉਮਰ ਦੀ ਅਰਬਪਤੀ ਬਣ ਗਈ ਹੈ। ਉਸ ਨੇ ਫੇਸਬੁੱਕ ਦੇ ਸਹਿ ਸੰਸਥਾਪਕ ਡਸਟਿਨ ਮੋਸਕੋਵਿਤਜ ਦਾ ਸਥਾਨ ਲੈ ਲਿਆ ਹੈ।

ਚੀਨ ਦੇ ਸਰਕਾਰੀ ਨਿਊਜ਼ ਸਰਵਿਸ ਦੀ ਖ਼ਬਰ ਅਨੁਸਾਰ ਚੀਨ ਦੀ ਰੀਅਲ ਅਸਟੇਟ ਡਵੈਲਪਰ ਲੋਗਾਨ ਪ੍ਰਾਪਰਟੀ ਦੇ ਮੁਖੀ ਤੇ ਮੁੱਖ ਕਾਰਜਕਾਰੀ ਅਧਿਕਾਰੀ ਜੀ ਹੈਪੇਂਗ ਦੀ ਲੜਕੀ 1.3 ਅਰਬ ਡਾਲਰ ਜਾਇਦਾਦ ਨਾਲ ਦੁਨੀਆ ਵਿਚ ਸਭ ਤੋਂ ਘੱਟ ਉਮਰ ਦੀ ਅਰਬਪਤੀ ਬਣ ਗਈ ਹੈ। ਉਸ ਨੇ ਲੰਡਨ ਵਿਸ਼ਵਵਿਦਿਆਲਾ ਤੋਂ ਵਿਦਿਆ ਗ੍ਰਹਿਣ ਕੀਤੀ ਹੈ ਤੇ ਹਾਂਗਕਾਂਗ ਵਿਚ ਰਹਿੰਦੀ ਹੈ।


**Korma Sutra Cuisine of India**

*Overland Park, Kansas*

ਰੈਸਟੋਰੈਂਟ ਸਟਾਫ ਦੀ ਜ਼ਰੂਰਤ ਹੈ

ਓਵਰਲੈਂਡ, ਕੈਨਸਸ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ, ਹੈਲਪਰ, ਤੰਦੂਰੀਏ, ਵੇਟਰ ਅਤੇ ਸ਼ੈਫ ਦੀ ਫੌਰੀ ਲੋੜ ਹੈ

ਸੰਪਰਕ ਕਰੋ

ਫੋਨ: 913-269-5727

51-2



**Prince's Barber Shop**

37477 Fremont Blvd, suite C, Fremont, CA 94536

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**

*www.princebarbershop.com*



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838



**Golden State Realty**

Sacramento Office: 9912 Kapalua Ln., Elk Grove, CA 95624

Tel: 916-612-5773

*Courtesy of Sales Manager Traci Lill, Meadows at Galt*

**The Poppy ~ Plan 1** — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

**The Poppy ~ Plan 2** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

**The Poppy ~ Plan 3** — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

**The Poppy ~ Plan 4** — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*

**@916-612-5773**

Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਪੰਜਾਬ ਸਰਕਾਰ ਦੀ ਕਮਾਈ ਨੂੰ ਲੱਗਾ ਵੱਡਾ ਧੱਕਾ

**ਚੰਡੀਗੜ੍ਹ:** ਚਾਲੂ ਮਾਲੀ ਸਾਲ ਦੇ ਪਹਿਲੇ ਅੱਠਾਂ ਮਹੀਨਿਆਂ ਦੌਰਾਨ ਆਮਦਨ ਬਾਰੇ ਪੰਜਾਬ ਸਰਕਾਰ ਦੇ ਅੰਦਾਜ਼ੇ ਧਰੇ-ਧਰਾਏ ਰਹੇ ਗਏ। ਵਿੱਤ ਵਿਭਾਗ ਦੇ ਵਹੀ ਖਾਤੇ ਬਿਆਨ ਕਰਦੇ ਹਨ ਕਿ ਪਹਿਲੀ ਅਪਰੈਲ ਤੋਂ 30 ਨਵੰਬਰ ਤੱਕ ਦੇ ਸਮੇਂ ਦੌਰਾਨ ਪਿਛਲੇ ਮਾਲੀ ਸਾਲ ਦੌਰਾਨ ਇਸੇ ਵਕਫ਼ੇ ਵਿਚ ਪ੍ਰਾਪਤ ਹੋਏ ਮਾਲੀਏ ਦੇ ਮੁਕਾਬਲੇ ਮਹਿਜ਼ 7.33 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਜਦੋਂਕਿ ਸਰਕਾਰ ਨੂੰ 12 ਫੀਸਦੀ ਦਾ ਵਾਧਾ ਹੋਣ ਦਾ ਅਨੁਮਾਨ ਸੀ। ਸੂਤਰਾਂ ਮੁਤਾਬਕ ਮਾਲੀ ਸਾਲ ਦੇ ਪਹਿਲੇ ਅੱਠਾਂ ਮਹੀਨਿਆਂ ਦੌਰਾਨ ਤਕਰੀਬਨ 19 ਹਜ਼ਾਰ ਕਰੋੜ ਰੁਪਏ ਦੇ ਮਾਲੀ ਸਰੋਤਾਂ ਦੀ ਜ਼ਰੂਰਤ ਸੀ ਜਦੋਂ ਕਿ ਵੱਖ-ਵੱਖ ਖੇਤਰਾਂ ਤੋਂ ਮਾਲੀਆ ਸਿਰਫ਼ 16 ਹਜ਼ਾਰ ਕਰੋੜ ਹੀ ਆਇਆ ਹੈ।

## ਚਾਲੂ ਮਾਲੀ ਸਾਲ ਦੀ ਆਮਦਨ ਟੀਚਿਆਂ ਤੋਂ ਪੱਛੜੀ



ਸਰਕਾਰ ਲਈ ਤਿੰਨ ਹਜ਼ਾਰ ਕਰੋੜ ਦਾ ਘਾਟਾ ਵੱਡੀ ਸੱਟ ਹੈ। ਇਸ ਦੇ ਉਲਟ ਸਰਕਾਰ ਦੇ ਖਰਚਿਆਂ ਵਿਚ 10 ਫੀਸਦੀ ਤੋਂ ਜ਼ਿਆਦਾ ਵਾਧਾ ਦੱਸਿਆ ਗਿਆ ਹੈ। ਸਰਕਾਰ ਦੀ ਵਿੱਤੀ ਹਾਲਤ ਦੇ ਅੰਕੜੇ ਸਾਬਤ ਕਰਦੇ ਹਨ ਕਿ ਆਉਣ ਵਾਲੇ ਸਮੇਂ ਦੌਰਾਨ ਮਾਲੀ ਸੰਕਟ ਹੋਰ ਡੂੰਘਾ ਹੋ ਸਕਦਾ ਹੈ। ਮਾਲੀਆ ਘਟਣ ਕਾਰਨ ਸਰਕਾਰ ਦੀ ਹਾਲਤ ਇਹ ਹੋ ਗਈ ਹੈ ਕਿ ਬਿਜਲੀ ਨਿਗਮ ਨੂੰ ਨਕਦ ਸਬਸਿਡੀ ਦੇਣ ਦੀ ਥਾਂ ਖਾਤਿਆਂ ਵਿਚ ਹੀ ਐਡਜਸਟ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਨੂੰ ਜ਼ਮੀਨਾਂ ਦੀਆਂ ਰਜਿਸਟਰੀਆਂ ਤੋਂ ਇਕੱਠਾ ਹੋਣ ਵਾਲੇ ਮਾਲੀਆ ਵਿਚ ਗਿਰਾਵਟ ਆਉਣ ਨਾਲ ਪਿਛਲੇ ਸਾਲ ਦੇ ਮੁਕਾਬਲੇ 2.37 ਫੀਸਦੀ ਦਾ ਘਾਟਾ ਪਿਆ ਹੈ। ਪਿਛਲੇ ਸਾਲ ਪਹਿਲੇ ਅੱਠਾਂ ਮਹੀਨਿਆਂ ਦੌਰਾਨ ਜੇਕਰ 1673 ਕਰੋੜ ਰੁਪਏ ਪ੍ਰਾਪਤ ਹੋਏ ਸਨ ਤਾਂ ਇਸ ਵਾਰੀ ਆਮਦਨ ਵਧਣ ਦੀ ਥਾਂ ਘਟ ਕੇ 1634 ਕਰੋੜ ਰੁਪਏ ਰਹਿ ਗਈ ਜਦੋਂ ਕਿ ਸਰਕਾਰ ਨੂੰ 1840 ਕਰੋੜ ਰੁਪਏ ਹਾਸਲ ਹੋਣ ਦੀ ਉਮੀਦ ਸੀ।

ਸ਼ਰਾਬ ਤੋਂ ਪਿਛਲੇ ਸਾਲ ਦੇ ਮੁਕਾਬਲੇ ਵਸੂਲੀ ਵਿਚ ਵਾਧਾ 17.23 ਫੀਸਦੀ ਹੋਇਆ ਜੋ ਅਨੁਮਾਨ ਨਾਲੋਂ ਘੱਟ ਹੈ। ਅੰਕੜਿਆਂ ਮੁਤਾਬਕ ਵਿੱਤ ਵਿਭਾਗ ਨੂੰ 3066 ਕਰੋੜ ਦੀ ਆਮਦਨ ਸ਼ਰਾਬ ਤੋਂ ਹੋਣ ਦੀ ਉਮੀਦ ਸੀ ਜੋ 2928 ਕਰੋੜ ਰੁਪਏ ਹੋਈ। ਵੈਟ ਤੋਂ ਸਿਰਫ਼ 10588 ਕਰੋੜ ਰੁਪਏ ਹੀ ਹਾਸਲ ਹੋਏ। ਪਿਛਲੇ ਸਾਲ ਦੇ ਮੁਕਾਬਲੇ ਵੈਟ ਵਿਚ ਵਾਧਾ ਮਹਿਜ਼ 5.86 ਫੀਸਦੀ ਹੋਇਆ ਜੋ ਕਿ ਚਿੰਤਾਜਨਕ ਸੰਕੇਤ ਹੈ। ਵਾਹਨਾਂ ਦੀ ਵਿਕਰੀ ਤੋਂ ਟੈਕਸ, ਜੋ ਪਿਛਲੇ ਸਾਲ 729 ਕਰੋੜ ਰੁਪਏ ਸੀ, ਇਸ ਵਾਰੀ 848 ਕਰੋੜ ਰੁਪਏ ਮਿਲੇ ਜੋ 7.23 ਫੀਸਦੀ ਦਾ ਵਾਧਾ ਹੈ। ਪਿਛਲੇ ਵਰ੍ਹਿਆਂ ਦੌਰਾਨ ਪੰਜਾਬ ਵਿਚ ਨਵੇਂ ਵਾਹਨਾਂ ਦੀ ਖ਼ਰੀਦ ਤੋਂ 20 ਫੀਸਦੀ ਤੋਂ ਜ਼ਿਆਦਾ ਦਾ ਵਾਧਾ ਹਰ ਸਾਲ ਹੁੰਦਾ ਰਿਹਾ ਹੈ। ਵਾਹਨਾਂ ਦੀ ਵਿਕਰੀ ਤੋਂ ਆਉਂਦੇ ਕਰ ਦੇ ਅੰਕੜੇ ਬਿਆਨ ਕਰਦੇ ਹਨ ਕਿ ਇਸ ਸੂਬੇ ਵਿਚ ਨਵੀਆਂ ਕਾਰਾਂ ਖ਼ਰੀਦਣ ਵਾਲਿਆਂ ਦੀ ਗਿਣਤੀ ਘਟ ਰਹੀ ਹੈ। ਬਿਜਲੀ ਤੋਂ ਆਉਂਦੀ ਇਲੈਕਟਰੀਸਿਟੀ ਡਿਊਟੀ (ਈਡੀ) ਵਿਚ ਹੈਰਾਨੀਜਨਕ ਕਮੀ ਆਈ ਹੈ। ਪਿਛਲੇ ਸਾਲ ਦੇ ਪਹਿਲੇ ਅੱਠਾਂ ਮਹੀਨਿਆਂ ਦੇ ਮੁਕਾਬਲੇ ਈਡੀ ਵਿਚ 38.97 ਫੀਸਦੀ ਦੀ ਗਿਰਾਵਟ ਹੈ।

ਇਸ ਤਰ੍ਹਾਂ ਸਰਕਾਰ ਦੀਆਂ ਕੁੱਲ ਪ੍ਰਾਪਤੀਆਂ ਪਿਛਲੇ ਸਾਲ ਦੇ ਮੁਕਾਬਲੇ 7.33 ਫੀਸਦੀ ਹੀ ਵਧੀਆਂ ਹਨ। ਪੈਟਰੋਲ ਤੇ ਡੀਜ਼ਲ ਤੇਲ ਦੇ ਭਾਅ ਘਟਣ ਨਾਲ ਵੀ ਸਰਕਾਰ ਦੀ ਆਮਦਨ ਨੂੰ ਵੱਡੀ ਸੱਟ ਵੱਜੀ ਹੈ। ਸਰਕਾਰ ਨੇ ਡੀਜ਼ਲ 'ਤੇ ਵੈਟ ਵਧਾ ਕੇ ਆਮਦਨ ਘਟਣ ਵਾਲਾ ਖੱਪਾ ਪੂਰਨ ਦਾ ਯਤਨ ਤਾਂ ਕੀਤਾ ਹੈ ਪਰ ਘਾਟਾ ਪੂਰਿਆ ਨਹੀਂ ਜਾ ਸਕਿਆ। ਵਿੱਤ ਵਿਭਾਗ ਨੇ ਮਾਲੀਏ ਵਿਚ ਆ ਰਹੀ ਗਿਰਾਵਟ ਦੇ ਚਿੰਤਾਜਨਕ ਰੁਝਾਨਾਂ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੀ ਜਾਣੂ ਕਰਾਇਆ ਹੈ। ਸਰਕਾਰ ਪਹਿਲਾਂ ਹੀ ਗੰਭੀਰ ਮਾਲੀ ਸੰਕਟ ਵਿਚੋਂ ਲੰਘ ਰਹੀ ਹੈ। ਸਰਕਾਰ ਵੱਲੋਂ ਤਨਖਾਹਾਂ ਤੇ ਹੋਰਨਾਂ ਬੱਝਵੇਂ ਖਰਚਿਆਂ ਦਾ ਬੰਦੋਬਸਤ ਹੀ ਮੁਸ਼ਕਲ ਨਾਲ ਕੀਤਾ ਜਾ ਰਿਹਾ ਹੈ। ਕੇਂਦਰੀ ਯੋਜਨਾਵਾਂ ਵਿਚ ਸੂਬਾ ਸਰਕਾਰ ਦੇ ਹਿੱਸੇ ਦੀ ਪੂੰਜੀ ਤਾਂ ਕੀ ਕੇਂਦਰੀ ਗਰਾਂਟਾਂ ਵੀ ਜਾਰੀ ਨਹੀਂ ਕੀਤੀਆਂ ਜਾ ਰਹੀਆਂ। ਮਾਲੀ ਸੰਕਟ ਕਾਰਨ ਸਰਕਾਰ ਨੇ ਨਿਗਮਾਂ ਤੇ ਬੋਰਡਾਂ ਦੇ ਪੈਸੇ ਨੂੰ ਹੁਣ ਵਾਢਾ ਲਾ ਲਿਆ ਹੈ।

## ਤੇਲ ਦੇ ਘਟੇ ਭਾਅ ਨਾਲ ਲੱਗਾ ਸਭ ਤੋਂ ਵੱਧ ਰਗੜਾ

**ਜਲੰਧਰ:** ਕੰਪਨੀਆਂ ਵੱਲੋਂ ਲਗਾਤਾਰ ਪੈਟਰੋਲ ਤੇ ਡੀਜ਼ਲ ਦਾ ਮੁੱਲ ਘਟਾਏ ਜਾਣ ਤੋਂ ਬਾਅਦ ਜਿਥੇ ਆਬਕਾਰੀ ਤੇ ਕਰ ਵਿਭਾਗ ਦਾ 400 ਕਰੋੜ ਸਾਲਾਨਾ ਮਾਲੀਆ ਘਟਿਆ ਹੈ, ਉਥੇ ਇਸ ਦੇ ਬਾਵਜੂਦ ਅਫ਼ਸਰਾਂ ਵੱਲੋਂ ਮਾਲੀਆ ਵਧਾਉਣ ਦੇ ਟੀਚੇ ਹੋਰ ਵਧਾਉਣ ਦੀ ਸੰਭਾਵਨਾ ਨਹੀਂ ਹੈ। ਵਿਭਾਗ ਨੂੰ ਪਿਛਲੇ ਸਾਲ ਸਭ ਤੋਂ ਜ਼ਿਆਦਾ ਅਸਰ ਪੈਟਰੋਲ ਦੇ ਘਟੇ ਮੁੱਲ 'ਤੇ ਪਿਆ ਹੈ। ਪੈਟਰੋਲ ਉੱਪਰ ਜ਼ਿਆਦਾ ਵੈਟ ਹੋਣ ਕਰਕੇ ਵਿਭਾਗ ਦਾ ਮਾਲੀਆ ਜ਼ਿਆਦਾ ਘਟਦਾ ਹੈ।ਨਵੰਬਰ-ਦਸੰਬਰ ਮਹੀਨੇ ਵਿਚ ਪੈਟਰੋਲ ਦਾ ਮੁੱਲ ਘਟਣ ਤੋਂ ਬਾਅਦ ਘਟੇ ਵੈਟ ਦੇ ਮਾਲੀਏ ਦੀ ਭਰਪਾਈ ਕਰਨ ਲਈ ਡੀਜ਼ਲ ਉੱਪਰ ਦੋ ਵਾਰ ਵੈਟ ਵਧਾਇਆ ਗਿਆ ਸੀ ਜਿਸ ਵਿਚ ਪਹਿਲਾਂ ਇਕ ਫ਼ੀਸਦੀ ਤੇ ਬਾਅਦ ਵਿਚ 2.5 ਫ਼ੀਸਦੀ ਵੈਟ ਵਧਾ ਦਿੱਤਾ ਗਿਆ ਸੀ ਜਿਸ ਨਾਲ ਡੀਜ਼ਲ ਉੱਪਰ ਵੈਟ ਇਸ ਵੇਲੇ ਤਕਰੀਬਨ 12.40 ਫ਼ੀਸਦੀ ਹੈ। ਵਿਭਾਗ ਨੇ ਹੁਣ ਤੱਕ ਸਾਲਾਨਾ ਤੇਲ ਤੋਂ 4000 ਕਰੋੜ ਦੇ ਕਰੀਬ ਵੈਟ ਆਉਂਦਾ ਰਿਹਾ ਹੈ ਪਰ ਪਿਛਲੇ ਤਿੰਨ ਮਹੀਨੇ ਤੋਂ ਜ਼ਿਆਦਾ ਵੈਟ ਵਸੂਲੀ ਘਟੀ।

# ਸੈਲਾਨੀਆਂ ਲਈ ਟੂਰਿਜ਼ਮ ਪੁਲਿਸ ਦੀ ਤਾਇਨਾਤੀ

**ਅੰਮ੍ਰਿਤਸਰ:** ਗੁਰੂ ਨਗਰੀ ਵਿਚ ਲੱਖਾਂ ਦੀ ਗਿਣਤੀ ਵਿਚ ਰੋਜ਼ਾਨਾ ਪੁੱਜਦੇ ਦੇਸੀ ਤੇ ਵਿਦੇਸ਼ੀ ਸੈਲਾਨੀਆਂ ਦੀ ਮਦਦ ਲਈ ਹੁਣ 'ਟੂਰਿਜ਼ਮ ਪੁਲਿਸ' ਤਾਇਨਾਤ ਹੋਵੇਗੀ। ਉੱਚ-ਸਿੱਖਿਅਕ ਤੇ ਵਿਸ਼ੇਸ਼ ਸਿਖਲਾਈ ਪ੍ਰਾਪਤ 'ਟੂਰਿਜ਼ਮ ਪੁਲਿਸ' ਦੇ ਜਵਾਨ ਆਮ ਬੋਲਚਾਲ ਵਿਚ 'ਮਿੱਠੀ' ਭਾਸ਼ਾ ਦਾ ਉਪਯੋਗ ਕਰਦਿਆ ਸੈਲਾਨੀਆਂ ਦਾ ਦਿਲ ਮੋਹ ਲੈਣਗੇ ਜੋ ਕਿ ਆਪਣੇ ਆਪ ਵਿਚ ਪੁਲਿਸ ਦਾ ਨਵਾਂ ਤੇ ਸੁਖਦ ਤਜਰਬਾ ਹੋਵੇਗਾ। ਉਕਤ ਮੁਲਾਜ਼ਮ ਹਿੰਦੀ, ਅੰਗਰੇਜੀ ਤੋਂ ਇਲਾਵਾ ਆਮ ਬੋਲਚਾਲ ਲਈ ਸਪੈਨਿਸ਼ ਤੇ ਫਰੈਂਚ ਭਾਸ਼ਾਵਾਂ ਦੀ ਵੀ ਸਿਖਲਾਈ ਲੈ ਰਹੇ ਹਨ।

ਇਹ ਜਵਾਨ ਸੈਲਾਨੀਆਂ ਲਈ ਇਕ ਗਾਈਡ ਵਾਂਗ ਵੀ ਕੰਮ ਕਰਨਗੇ ਜੋ ਉਨ੍ਹਾਂ ਨੂੰ ਅੰਮ੍ਰਿਤਸਰ ਵਿਚ ਦੇਖਣਯੋਗ ਸਥਾਨਾਂ ਤੋਂ ਇਲਾਵਾ ਰਾਜ ਭਰ ਦੇ ਪ੍ਰਮੁੱਖ ਸੈਲਾਨੀ ਕੇਂਦਰਾਂ ਬਾਰੇ ਵੀ ਜਾਣਕਾਰੀ ਦੇਣਗੇ। ਇਸ ਤੋਂ ਇਲਾਵਾ ਟੈਕਸੀ, ਬੱਸ ਸਟੈਂਡ, ਰੇਲਵੇ ਸਟੇਸ਼ਨ ਆਦਿ ਦੇ ਸਮੇਂ 'ਤੇ ਕਿਰਾਏ ਬਾਰੇ ਵੀ ਟੂਰਿਜ਼ਮ ਪੁਲਿਸ ਕੋਲ ਉਚਿੱਤ ਜਾਣਕਾਰੀ ਉਪਲਬੱਧ ਹੋਵੇਗੀ। ਸੈਲਾਨੀਆਂ ਦੀ ਮਦਦ ਲਈ 'ਟੂਰਜ਼ਿਮ ਪੁਲਿਸ' ਵੱਲੋਂ ਸ਼ਹਿਰ ਵਿਚ ਅੱਠ ਥਾਂਵਾਂ 'ਤੇ ਬੂਥ ਲਗਾਏ ਜਾ ਰਹੇ ਹਨ, ਜੋ ਟੂਰਿਸਟ ਸਹਾਇਤਾ ਕੇਂਦਰ ਵਾਂਗ ਕੰਮ ਕਰਨਗੇ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਰੇਲਵੇ ਸਟੇਸ਼ਨ, ਬੱਸ ਅੱਡਾ, ਹਵਾਈ ਅੱਡਾ, ਰਣਜੀਤ ਐਵੀਨਿਊ, ਦੁਰਗਿਆਨਾ ਮੰਦਿਰ ਆਦਿ ਪ੍ਰਮੁੱਖ ਸਥਾਨਾਂ 'ਤੇ ਸਥਾਪਤ ਇਨ੍ਹਾਂ ਬੂਥਾਂ ਵਿਚ ਸਵੇਰੇ 6:00 ਤੋਂ ਰਾਤ 11:00 ਵਜੇ ਤੱਕ ਟੂਰਿਜ਼ਮ ਪੁਲਿਸ ਦੇ 2-3 ਜਵਾਨ ਹਰ ਵੇਲੇ ਮੌਜੂਦ ਹੋਣਗੇ। ਟੂਰਿਜ਼ਮ ਪੁਲਿਸ ਦਾ ਮੁੱਖੀ ਇਕ ਇੰਸਪੈਕਟਰ ਰੈਂਕ ਦਾ ਅਧਿਕਾਰੀ ਹੋਵੇਗਾ ਤੇ ਕੁੱਲ 56 ਪੁਲਿਸ ਮੁਲਾਜ਼ਮ ਜਿਨ੍ਹਾਂ ਵਿਚ ਸਬ-ਇੰਸਪੈਕਟਰ, ਏ.ਐਸ.ਆਈ. ਹੈਡ ਕਾਂਸਟੇਬਲ ਤੇ ਸਿਪਾਹੀ ਪੱਧਰ ਦੇ ਮੁਲਾਜ਼ਮ ਸ਼ਾਮਲ ਕੀਤੇ ਗਏ ਹਨ, ਜੋ ਕਿ ਸਾਰੇ ਦੇ ਸਾਰੇ ਹੀ ਚੰਗੇ-ਪੜ੍ਹੇ ਲਿਖੇ ਤੇ ਨਿਮਰ ਸੁਭਾਅ ਦੇ ਹੋਣ ਕਾਰਨ ਟੀਮ ਵਿਚ ਸ਼ਾਮਲ ਕੀਤੇ ਗਏ ਹਨ।

ਇਨ੍ਹਾਂ ਮੁਲਾਜ਼ਮਾਂ ਨੂੰ ਜ਼ਿਲ੍ਹਾ ਗੁਰਦਾਸਪੁਰ ਦੀ ਇਕ ਸੰਸਥਾ ਤੋਂ ਸੈਲਾਨੀਆਂ ਨਾਲ ਵਿਵਹਾਰ ਬਾਰੇ ਵਿਸ਼ੇਸ਼ ਸਿਖਲਾਈ ਦਿਵਾਈ ਗਈ ਹੈ। ਉੱਚ ਸਿੱਖਿਅਕ ਪੁਲਿਸ ਤੇ ਜਵਾਨ (ਮਰਦ-ਇਸਤਰੀਆਂ) ਹਰੇਕ ਸਮੇਂ ਸੜਕਾਂ 'ਤੇ ਉਪਲਬੱਧ ਮਿਲਣਗੇ, ਜਿਨ੍ਹਾਂ ਕੋਲ ਛੇ ਵਿਸ਼ੇਸ਼ ਮੋਟਰਸਾਈਕਲ ਵੀ ਮੁਹੱਈਆ ਕਰਵਾਏ ਜਾ ਰਹੇ ਹਨ, ਜੋ ਸੜਕਾਂ 'ਤੇ ਹਰ ਸਮੇਂ ਗਸ਼ਤ ਕਰਨਗੇ। ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੇ ਕਿਹਾ ਕਿ ਇਸਦੇ ਮੁਲਾਜ਼ਮ ਆਮ ਪੁਲਿਸ ਮੁਲਾਜ਼ਮ ਵਾਂਗ ਹੀ ਵਰਦੀ ਪਹਿਨਣਗੇ ਤੇ ਹਰੇਕ ਦੇ ਮੋਢੇ 'ਤੇ ਟੂਰਿਜ਼ਮ ਪੁਲਿਸ ਦਾ ਬੈਚ ਲੱਗਾ ਹੋਵੇਗਾ। ਸੈਲਾਨੀਆਂ ਲਈ ਕੋਈ ਸ਼ਿਕਾਇਤ ਜਾਂ ਸੂਚਨਾ ਬਾਰੇ 1073 ਨੰਬਰ ਦੀ ਹੈਲਪ ਲਾਈਨ ਵੀ ਕਾਇਮ ਕੀਤੀ ਗਈ ਹੈ।




# ਡੇਰਾ ਮੁਖੀ ਨੇ ਜਬਰ ਜਨਾਹ ਦੇ ਮਾਮਲੇ ਵਿਚ ਪੇਸ਼ੀ ਭੁਗਤੀ

**ਸਿਰਸਾ:** ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਸਾਧਵੀ ਜਬਰ ਜਨਾਹ ਤੇ ਕਤਲ ਦੇ ਮਾਮਲਿਆਂ ਵਿਚ ਪੇਸ਼ੀ ਭੁਗਤੀ। ਪੇਸ਼ੀ ਵੀਡੀਓ ਕਾਨਫਰੰਸਿੰਗ ਦੇ ਜਰੀਏ ਸਿਰਸਾ ਅਦਾਲਤ ਵਿਚ ਬਣੇ ਵਿਸ਼ੇਸ਼ ਵੀਡੀਓ ਕਾਨਫਰਸਿੰਗ ਰੂਮ ਵਿਚ ਭੁਗਤੀ ਗਈ।




ਪੇਸ਼ੀ ਦੌਰਾਨ ਜਿਥੇ ਪੁਲਿਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਉਥੇ ਹੀ ਡੇਰਾ ਸ਼ਰਧਾਲੂ ਵੀ ਵੱਡੀ ਗਿਣਤੀ ਵਿਚ ਅਦਾਲਤ ਨੂੰ ਜਾਣ ਵਾਲੀ ਸੜਕ 'ਤੇ ਖੜ੍ਹੇ ਰਹੇ। ਮਿਲੀ ਜਾਣਕਾਰੀ ਅਨੁਸਾਰ ਡੇਰਾ ਸੱਚਾ ਸੌਦਾ ਮੁਖੀ ਜਬਰ ਜਨਾਹ ਮਾਮਲੇ ਤੋਂ ਇਲਾਵਾ ਪੱਤਰਕਾਰ ਰਾਮ ਚੰਦਰ ਛਤਰਪਤੀ ਤੇ ਡੇਰੇ ਦੇ ਹੀ ਸਾਬਕਾ ਸ਼ਰਧਾਲੂ ਰਣਜੀਤ ਸਿੰਘ ਕਤਲ ਮਾਮਲੇ ਵਿਚ ਸੀ.ਬੀ.ਆਈ. ਦੀ ਪੰਚਕੂਲਾ ਸਥਿਤ ਅਦਾਲਤ ਵਿਚ ਪੇਸ਼ੀ ਭੁਗਤਣ ਆਏ।

ਇਨ੍ਹਾਂ ਮਾਮਲਿਆਂ ਦੀ ਸੀ.ਬੀ.ਆਈ. ਨੇ ਜਾਂਚ ਉਪਰੰਤ ਅਦਾਲਤ ਵਿਚ ਚਲਾਨ ਪੇਸ਼ ਕੀਤਾ ਸੀ ਤੇ ਅਦਾਲਤ ਵੱਲੋਂ ਦੋਸ਼ ਆਇਦ ਕਰਨ ਉਪਰੰਤ ਇਨ੍ਹਾਂ ਕੇਸਾਂ ਦੀਆਂ ਪੇਸ਼ੀਆਂ ਭੁਗਤੀਆਂ ਜਾ ਰਹੀਆਂ ਹਨ। ਅਦਾਲਤ ਵੱਲੋਂ ਮਾਮਲੇ ਦੀ ਅਗਲੀ ਸੁਣਵਾਈ 17 ਜਨਵਰੀ ਨੂੰ ਪਾਈ ਹੈ।

# ਲਾਰਿਆਂ 'ਚ ਫਸੇ ਅੰਤਰਜਾਤੀ ਵਿਆਹ ਕਰਾਉਣ ਵਾਲੇ ਜੋੜੇ

**ਚੰਡੀਗੜ੍ਹ:** ਪੰਜਾਬ ਸਰਕਾਰ ਅੰਤਰਜਾਤੀ ਵਿਆਹ ਕਰਾਉਣ ਵਾਲੇ ਜੋੜਿਆਂ ਨੂੰ ਗਰਾਂਟ ਦੇਣੀ ਭੁੱਲ ਗਈ ਹੈ। ਅਜਿਹੇ ਕੋਈ 2300 ਜੋੜੇ ਹਨ, ਜਿਨ੍ਹਾਂ ਨੂੰ ਜਨਵਰੀ 2008 ਤੋਂ ਵਾਅਦਿਆਂ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਗ੍ਰਾਂਟ ਨਹੀਂ ਦਿੱਤੀ ਗਈ। ਕੇਂਦਰ ਤੇ ਰਾਜ ਸਰਕਾਰਾਂ ਦੀ ਸਾਂਝੀ ਸਕੀਮ ਤਹਿਤ ਪਹਿਲਾਂ ਇਹ ਰਾਸ਼ੀ 2500 ਰੁਪਏ ਹੁੰਦੀ ਸੀ। ਫਿਰ 2011 ਵਿਚ ਇਹ ਵਧਾ ਕੇ 50,000 ਰੁਪਏ ਤਾਂ ਕਰ ਦਿੱਤੀ ਗਈ, ਪਰ ਹਾਲੇ ਤੱਕ ਕਿਸੇ ਨੂੰ ਇਸ ਦਾ ਭੁਗਤਾਨ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨਿਯਮਤ ਤੌਰ 'ਤੇ ਇਹ ਰਕਮ ਜਾਰੀ ਕਰਦੀ ਆ ਰਹੀ ਹੈ ਪਰ ਪੰਜਾਬ ਸਰਕਾਰ ਆਪਣਾ ਬਣਦਾ ਹਿੱਸਾ ਨਹੀਂ ਪਾ ਰਹੀ।

## ਕੇਂਦਰ ਤੇ ਪੰਜਾਬ ਸਰਕਾਰਾਂ ਦੀਆਂ ਗ੍ਰਾਂਟਾਂ 'ਚੋਂ ਧੇਲਾ ਨਾ ਮਿਲਿਆ



ਕੇਂਦਰ ਤੇ ਰਾਜ ਸਰਕਾਰ ਵੱਲੋਂ ਬਰਾਬਰ-ਬਰਾਬਰ ਦੀ ਰਕਮ ਪਾ ਕੇ ਦਿੱਤੀ ਜਾਣ ਵਾਲੀ ਰਕਮ ਇਕ ਸਕੀਮ ਤਹਿਤ ਅਜਿਹੇ ਜੋੜਿਆਂ ਨੂੰ ਦਿੱਤੀ ਜਾਣੀ ਹੁੰਦੀ ਹੈ, ਜੋ ਅੰਤਰਜਾਤੀ ਵਿਆਹ ਕਰਵਾ ਕੇ ਕੌਮੀ ਏਕਤਾ ਤੇ ਅਖੰਡਤਾ ਨੂੰ ਮਜ਼ਬੂਤ ਕਰਦੇ ਹਨ। ਹੁਸ਼ਿਆਰਪੁਰ ਤੋਂ ਇਕ ਆਰ.ਟੀ.ਆਈ. ਕਾਰਕੁਨ ਜੈ ਗੋਪਾ ਧੀਮਾਨ ਪਿਛਲੇ ਤਿੰਨ ਸਾਲ ਤੋਂ ਅਜਿਹੇ ਜੋੜਿਆਂ ਦੇ ਕੇਸਾਂ ਦੀ ਪੈਰਵੀ ਕਰ ਰਿਹਾ ਹੈ, ਪਰ ਉਹ ਸਫਲ ਨਹੀਂ ਹੋ ਸਕਿਆ। ਉਸ ਦਾ ਕਹਿਣਾ ਹੈ ਕਿ ਸਰਕਾਰ ਵਾਰ-ਵਾਰ ਉਸ ਨੂੰ ਭਰੋਸੇ ਦਿੰਦੀ ਹੈ ਕਿ ਇਨ੍ਹਾਂ ਜੋੜਿਆਂ ਨੂੰ ਪੈਸੇ ਦੇ ਦੇਵੇਗੀ, ਪਰ ਕੁਝ ਨਹੀਂ ਹੋ ਰਿਹਾ। ਇਹ ਤਾਂ ਨਿਜ਼ਾਮ ਨਾਲ ਖੇਡਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਨੂੰ ਧਾਰਮਿਕ ਕੱਟੜਵਾਦ, ਜਾਤਪਾਤ ਜਿਹੀ ਜਿੱਲ੍ਹਣ ਵਿਚੋਂ ਕੱਢਣ ਲਈ ਅਜਿਹੀਆਂ ਸਕੀਮਾਂ ਦਾ ਐਲਾਨ ਤਾਂ ਕਰ ਦਿੰਦੀ ਹੈ, ਪਰ ਮਗਰੋਂ ਸਾਲਾਂਬੱਧੀ ਇਹ ਹੌਸਲਾ ਵਧਾਉਣ ਰਾਸ਼ੀ ਨਹੀਂ ਦਿੰਦੀ। ਇਸ ਸਕੀਮ ਦੇ ਬਹੁਤੇ ਲਾਭਪਾਤਰੀ ਹੁਸ਼ਿਆਰਪੁਰ ਤੋਂ ਹਨ। ਇਸ ਜ਼ਿਲ੍ਹੇ ਦੇ 300 ਜੋੜੇ ਇਸ ਸਕੀਮ ਅਧੀਨ ਗ੍ਰਾਂਟ ਦੀ ਉਡੀਕ ਵਿਚ ਹਨ।

ਸੰਗਰੂਰ ਦੇ ਸ਼ਕਤੀ ਨੇ ਦੱਸਿਆ ਕਿ ਪਿਛਲੇ ਡੇਢ ਸਾਲ ਵਿਚ ਉਹ ਆਪਣੇ ਕੇਸ ਬਾਰੇ ਜਾਣਨ ਲਈ ਜ਼ਿਲ੍ਹਾ ਭਲਾਈ ਦਫਤਰ ਦੇ 30 ਤੋਂ ਵੱਧ ਗੇੜੇ ਮਾਰ ਚੁੱਕਿਆ ਹੈ, ਪਰ ਅਧਿਕਾਰੀ ਉਸ ਨੂੰ ਦੱਸਦੇ ਹਨ ਕਿ ਇਹ ਕੇਂਦਰ ਦੀ ਸਪਾਂਸਰ ਕੀਤੀ ਸਕੀਮ ਹੈ ਤੇ ਇਸ ਦੇ ਲਈ ਗ੍ਰਾਂਟ ਨਹੀਂ ਆਈ। ਜੋੜੇ ਵਿਚੋਂ ਇਕ ਜਣਾ ਪੰਜਾਬ ਦਾ ਵਾਸੀ ਤੇ ਅਨੁਸੂਚਿਤ ਜਾਤੀ ਦਾ ਹੋਣਾ ਚਾਹੀਦਾ ਹੈ ਤੇ ਵਿਆਹ ਦੇ ਤਿੰਨ ਸਾਲਾਂ ਅੰਦਰ ਇਸ ਗ੍ਰਾਂਟ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਸਮਾਜ ਭਲਾਈ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਅੰਤਰਜਾਤੀ ਵਿਆਹ ਕਰਾਉਣ ਵਾਲੇ ਜੋੜਿਆਂ ਨੂੰ ਵੰਡਣ ਲਈ ਛੇ ਕਰੋੜ ਰੁਪਏ ਤੱਕ ਦੀ ਰਾਸ਼ੀ ਛੇਤੀ ਹੀ ਵਿਭਾਗ ਨੂੰ ਮਿਲ ਸਕਦੀ ਹੈ, ਪਰ ਰਾਜ ਸਰਕਾਰ ਵੱਲੋਂ ਕੀਤੀ ਗਈ ਦੇਰੀ ਦੇ ਕਾਰਨ ਉਨ੍ਹਾਂ ਨਹੀਂ ਦੱਸੇ। ਅਨੁਸੂਚਿਤ ਜਾਤੀ ਨਾਲ ਸਬੰਧਤ ਹਿੰਦ ਕੁਮਾਰ ਤੇ ਉਸ ਦੀ ਪਤਨੀ, ਜੋ ਅਰੋੜਾ ਭਾਈਚਾਰੇ ਤੋਂ ਹੈ, ਨੂੰ ਅੰਤਰਜਾਤੀ ਵਿਆਹ ਕਰਾਉਣ ਸਮੇਂ ਹੋਰ ਸਾਰੇ ਡਰਾਂ ਤੋਂ ਪਾਰ ਇਕ ਹਲਕੀ ਜਿਹੀ ਖੁਸ਼ੀ ਇਸ ਗੱਲ ਦੀ ਸੀ ਕਿ ਸਰਕਾਰ ਵੀ ਉਨ੍ਹਾਂ ਨਾਲ ਸੀ, ਜਿਸ ਨੇ ਇਸ ਜੋੜੀ ਨੂੰ 50,000 ਰੁਪਏ ਗ੍ਰਾਂਟ ਦੇਣ ਦਾ ਵਾਅਦਾ ਕੀਤਾ ਸੀ। ਮਈ 2012 ਵਿਚ ਦੋਵਾਂ ਨੇ ਪਰਿਵਾਰ ਦੀ ਮਰਜ਼ੀ ਦੇ ਉਲਟ ਵਿਆਹ ਕਰਾਇਆ ਸੀ।

ਵਿਆਹੁਤਾ ਜੀਵਨ ਸ਼ੁਰੂ ਕਰਨ ਲਈ ਥੋੜ੍ਹੀ ਰਾਸ਼ੀ ਮਿਲਣ ਦੀ ਥਾਂ, ਹਿੰਦ ਦਾ ਕਹਿਣਾ ਹੈ ਕਿ ਜ਼ਿਲ੍ਹਾ ਭਲਾਈ ਦਫਤਰ ਦੇ ਗੇੜਿਆਂ ਵਿਚ ਉਹ ਕਿੰਨੇ ਹੀ ਪੈਸੇ ਪੱਲਿਓਂ ਖਰਚ ਚੁੱਕਿਆ ਹੈ, ਪਰ ਕੁਝ ਨਹੀਂ ਬਣਿਆ। ਇਕ ਹੋਰ ਸਥਾਨਕ ਦਲਿਤ ਨੌਜਵਾਨ ਸ਼ਕਤੀ ਦਾ ਵੀ ਇਹੋ ਕਹਿਣਾ ਹੈ ਕਿ ਉਸ ਨੂੰ ਗ੍ਰਾਂਟ ਤਾਂ ਦਿੱਤੀ ਜਾਣੀ ਸੀ, ਪਰ ਹਾਲੇ ਤੱਕ ਨਹੀਂ ਮਿਲੀ। ਉਸ ਨੇ ਜੱਟ ਸਿੱਖ ਪਰਿਵਾਰ ਦੀ ਲੜਕੀ ਨਾਲ ਵਿਆਹ ਕਰਾਇਆ ਸੀ। ਇਨ੍ਹਾਂ ਦੋਵੇਂ ਜੋੜਿਆਂ ਨੂੰ ਇਸ ਗੱਲ 'ਤੇ ਥੋੜ੍ਹਾ ਸਬਰ ਹੋ ਸਕਦਾ ਹੈ ਕਿ ਉਹ ਇਕੱਲੇ ਨਹੀਂ ਹਨ, ਜਿਨ੍ਹਾਂ ਨਾਲ ਸਰਕਾਰ ਇੰਜ ਕਰ ਰਹੀ ਹੈ, ਅਜਿਹੇ ਕੋਈ 2300 ਜੋੜੇ ਹਨ, ਜਿਨ੍ਹਾਂ ਨੂੰ ਜਨਵਰੀ 2008 ਤੋਂ ਵਾਅਦਿਆਂ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਗ੍ਰਾਂਟ ਨਹੀਂ ਦਿੱਤੀ ਗਈ।

# ਸਿੱਖ ਕਤਲੇਆਮ ਕੇਸ ਵਿਚ ਮੁਲਜ਼ਮਾਂ ਦੀ ਅਪੀਲ ਦਾ ਸੀ.ਬੀ.ਆਈ. ਵਲੋਂ ਵਿਰੋਧ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਸਿੱਖ ਕਤਲੇਆਮ ਦੇ 30 ਸਾਲ ਪੁਰਾਣੇ ਕੇਸ ਵਿਚ ਕਾਂਗਰਸ ਨੇਤਾ ਸੱਜਣ ਕੁਮਾਰ ਨਾਲ ਮੁਕੱਦਮਾ ਭੁਗਤ ਰਹੇ ਦੋ ਮੁਲਜ਼ਮਾਂ ਵੱਲੋਂ ਕੇਸ ਦੀ ਸੁਣਵਾਈ ਤਬਦੀਲ ਕਰਨ ਲਈ ਦਾਇਰ ਕੀਤੀ ਗਈ ਅਪੀਲ ਦਾ ਵਿਰੋਧ ਕੀਤਾ ਹੈ।

ਜ਼ਿਲ੍ਹਾ ਜੱਜ ਤਲਵੰਤ ਸਿੰਘ ਸਾਹਮਣੇ ਪੇਸ਼ ਹੁੰਦਿਆਂ ਸੀ.ਬੀ.ਆਈ. ਦੇ ਵਕੀਲ ਡੀ.ਪੀ. ਸਿੰਘ ਨੇ ਦਲੀਲ ਦਿੱਤੀ ਕਿ ਮੁਲਜ਼ਮਾਂ ਨੂੰ ਮਨਮਰਜ਼ੀ ਦੇ ਮੰਚ ਦੀ ਚੋਣ ਕਰਨ ਦੀ ਖੁੱਲ੍ਹ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਇਸ ਪੜਾਅ 'ਤੇ ਅਜਿਹੀ ਅਰਜ਼ੀ ਦਾਇਰ ਕਰਨੀ ਉਨ੍ਹਾਂ ਦੀ ਮੰਦਭਾਵਨਾ ਨੂੰ ਦਰਸਾਉਂਦੀ ਹੈ। ਵਕੀਲ ਨੇ ਕਿਹਾ ਕਿ ਹੁਣ ਸਵਾਲ ਦੇਰੀ ਦਾ ਨਹੀਂ, ਸਗੋਂ ਅਰਜ਼ੀ ਦਾਇਰ ਕਰਨ ਦੇ ਮੰਤਵ ਦਾ ਹੈ। ਇਸ ਤਰ੍ਹਾਂ ਦੀ ਕੋਈ ਵੀ ਅਰਜ਼ੀ ਪਹਿਲਾਂ ਦਾਇਰ ਨਹੀਂ ਕੀਤੀ ਗਈ। ਇਸ ਲਈ ਸਵਾਲ ਪੈਦਾ ਹੁੰਦਾ ਹੈ ਕਿ ਇਸ ਸਮੇਂ ਇਹ ਅਰਜ਼ੀ ਕਿਉਂ ਦਾਇਰ ਕੀਤੀ ਗਈ ਹੈ? ਮੁਲਜ਼ਮ ਬ੍ਰਹਮਾਨੰਦ ਗੁਪਤਾ ਅਤੇ ਪੀਰੀਆ ਨੇ ਜੱਜ ਜਿਨ੍ਹਾਂ ਹਾਲ ਹੀ ਵਿਚ ਚਾਰਜ ਲਿਆ ਸੀ, ਕੋਲ ਅਰਜ਼ੀ ਦਾਇਰ ਕਰ ਕੇ ਕੇਸ ਦੀ ਸੁਣਵਾਈ ਕੜਕੜਡੂਮਾ ਜ਼ਿਲ੍ਹਾ ਅਦਾਲਤ ਤੋਂ ਰੋਹਿਣੀ ਜ਼ਿਲ੍ਹਾ ਕੋਰਟ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਸੀ। ਚੇਤੇ ਰਹੇ ਕਿ ਸੱਜਣ ਕੁਮਾਰ, ਬ੍ਰਹਮਾਨੰਦ ਗੁਪਤਾ, ਪੀਰੀਆ ਅਤੇ ਵੇਦ ਪ੍ਰਕਾਸ਼ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਦੰਗਿਆਂ ਦੌਰਾਨ ਸੁਰਜੀਤ ਸਿੰਘ ਦੀ ਹੱਤਿਆ ਦੇ ਕੇਸ 'ਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ।

# ਭਾਜਪਾ ਵਲੋਂ ਅਕਾਲੀਆਂ ਨੂੰ ਸਿਆਸਤ ਨਾ ਖੇਡਣ ਦੀ ਸਲਾਹ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਕੇਂਦਰ ਵਿਰੁੱਧ ਫਰੰਟ ਖੋਲ੍ਹਣ 'ਤੇ ਭਾਜਪਾ ਨੇ ਇਸ ਨੂੰ ਸਲਾਹ ਦਿੱਤੀ ਹੈ ਕਿ ਨਸ਼ੀਲੇ ਪਦਾਰਥ ਤੇ ਡਰੱਗਜ਼ ਮਾਫੀਆ ਗੰਭੀਰ ਮੁੱਦੇ ਹਨ ਤੇ ਇਨ੍ਹਾਂ ਉੱਤੇ ਸਿਆਸਤ ਨਹੀਂ ਕੀਤੀ ਜਾਣੀ ਚਾਹੀਦੀ। ਇਸ ਤੋਂ ਇਲਾਵਾ ਭਾਜਪਾ ਦੇ ਆਗੂ ਅਕਾਲੀਆਂ ਦੀ ਇਸ ਪ੍ਰਤੀਕਿਰਿਆ ਨੂੰ "ਹੋਂਦ ਵਿਚ ਰਹਿਣ" ਦੇ ਯਤਨ ਕਰਾਰ ਦੇ ਰਹੇ ਹਨ, ਖਾਸ ਕਰ ਉਦੋਂ ਜਦੋਂ ਸਮਾਂ ਹੱਥੋਂ ਵਿਚੋਂ ਰੇਤ ਵਾਂਗ ਕਿਰਦਾ ਜਾ ਰਿਹਾ ਹੋਵੇ। ਦਿਲਚਸਪ ਗੱਲ ਹੈ ਕਿ ਅਕਾਲੀ ਦਲ ਖੁਦ ਕੇਂਦਰ ਵਿਚ ਸਰਕਾਰ ਦਾ ਭਾਈਵਾਲ ਹੈ।

ਭਾਜਪਾ ਪ੍ਰਧਾਨ 22 ਜਨਵਰੀ ਤੋਂ ਗੈਰ-ਭਾਜਪਾ ਸਰਕਾਰਾਂ ਵਾਲੇ ਸੂਬਿਆਂ ਦਾ ਦੌਰਾ ਸ਼ੁਰੂ ਕਰ ਰਹੇ ਹਨ ਤੇ ਇਸ ਯਾਤਰਾ ਦਾ ਆਗਾਜ਼ ਉਹ ਅੰਮ੍ਰਿਤਸਰ ਤੋਂ ਕਰ ਰਹੇ ਹਨ, ਜਿਸ ਸ਼ਹਿਰ ਨੇ ਪਾਰਟੀ ਦੇ ਸਿਖਰਲੇ ਆਗੂ ਨੂੰ ਆਮ ਚੋਣਾਂ ਵਿਚ ਨਕਾਰ ਦਿੱਤਾ ਸੀ ਤੇ ਜਿਸ ਦੌਰਾਨ ਦੋਵੇਂ ਭਾਈਵਾਲਾਂ ਦੇ ਸਬੰਧਾਂ ਵਿਚ ਵਿੱਥ ਪੈਣੀ ਸ਼ੁਰੂ ਹੋਈ ਸੀ। ਇਸ ਹਾਲਾਤ ਵਿਚ ਅਮਿਤ ਸ਼ਾਹ ਦਾ ਅੰਮ੍ਰਿਤਸਰ ਨੂੰ ਪਹਿਲ ਪ੍ਰਥਮ ਚੁਣਨਾ ਚਿੰਨ੍ਹਾਤਮਕ ਤੇ ਸਪਸ਼ਟ ਹੈ। 22 ਜਨਵਰੀ ਤੋਂ 15 ਫਰਵਰੀ ਤੱਕ ਸ਼ਾਹ 9 ਰਾਜਾਂ ਦਾ ਦੌਰਾ ਕਰਕੇ ਉੱਥੇ ਭਾਜਪਾ ਦਾ ਆਧਾਰ ਬਣਾਉਣ ਦੇ ਸਾਰੇ ਪਹਿਲੂਆਂ 'ਤੇ ਚਰਚਾ ਕਰਨਗੇ। ਪੰਜਾਬ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਭਾਜਪਾ ਆਗੂ ਆਖਦੇ ਹਨ ਕਿ ਅਕਾਲੀ ਦਲ ਪੰਜਾਬ ਦੇ ਬਦਲ ਰਹੇ ਸਿਆਸੀ ਸਮੀਕਰਨਾਂ ਵਿਚ ਫਿਕਰਮੰਦ ਹੈ। ਕਾਂਗਰਸ ਦੇ ਸਿਖਰਲੇ ਆਗੂ (ਜਗਮੀਤ ਬਰਾੜ) ਦੀ ਭਾਜਪਾ ਨਾਲ ਸ਼ਮੂਲੀਅਤ ਦੀਆਂ ਸੰਭਾਵਨਾਵਾਂ ਨੇ ਦਲ ਨੂੰ ਹਿਲਾ ਦਿੱਤਾ ਹੈ। ਭਾਵੇਂ ਦੋਵੇਂ ਧਿਰਾਂ ਦੀ ਸਾਂਝ ਟੁੱਟਣ ਦਾ ਮੁੱਦ ਬੋਝ ਚੁੱਕਿਆ ਹੈ ਪਰ ਭਾਜਪਾ ਸੂਤਰਾਂ ਅਨੁਸਾਰ ਦਿੱਲੀ ਚੋਣਾਂ ਤੇ ਸ਼ਾਇਦ ਪੰਜਾਬ ਚੋਣਾਂ ਤੱਕ ਇਹ ਸਾਥ ਨਿਭਦਾ ਰਹੇ।

# ਸੁਨੰਦਾ ਪੁਸ਼ਕਰ ਦਾ ਕਤਲ ਹੋਇਆ?

**ਨਵੀਂ ਦਿੱਲੀ:** ਸਾਬਕਾ ਕੇਂਦਰੀ ਮੰਤਰੀ ਸ਼ਸ਼ੀ ਥਰੂਰ ਦੀ ਪਤਨੀ ਸੁਨੰਦਾ ਪੁਸ਼ਕਰ ਦੀ ਭੇਤਭਰੀ ਹਾਲਤ ਵਿਚ ਹੋਈ ਮੌਤ ਦੇ ਮਾਮਲੇ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਪੁਲਿਸ ਨੇ ਮੌਤ ਸਬੰਧੀ ਕਤਲ ਦਾ ਮਾਮਲਾ ਦਰਜ ਕਰ ਲਿਆ। ਪੁਲਿਸ ਨੇ ਇਹ ਕਾਰਵਾਈ ਉਸ ਮੈਡੀਕਲ ਰਿਪੋਰਟ ਤੋਂ ਬਾਅਦ ਕੀਤੀ ਜਿਸ ਵਿਚ ਮੌਤ ਨੂੰ ਗੈਰ-ਕੁਦਰਤੀ ਤੇ ਜ਼ਹਿਰ ਨਾਲ ਹੋਈ ਦੱਸਿਆ ਗਿਆ ਹੈ। ਉਂਜ, ਐਫ.ਆਈ.ਆਰ. ਵਿਚ ਕਿਸੇ ਦਾ ਨਾਮ ਦਰਜ ਨਹੀਂ ਕੀਤਾ ਗਿਆ।



ਕੇਸ ਦਰਜ ਕਰਨ ਬਾਰੇ ਦਿੱਲੀ ਪੁਲਿਸ ਕਮਿਸ਼ਨਰ ਬੀ.ਐਸ. ਬੱਸੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਸ੍ਰੀ ਥਰੂਰ ਤੋਂ ਵੀ ਪੁੱਛ-ਪੜਤਾਲ ਹੋ ਸਕਦੀ ਹੈ। ਹਾਲੇ ਇਹ ਪਤਾ ਨਹੀਂ ਲੱਗਿਆ ਕਿ ਸੁਨੰਦਾ ਨੇ ਜ਼ਹਿਰ ਆਪ ਖਾਧੀ ਸੀ ਜਾਂ ਉਸ ਨੂੰ ਦਿੱਤੀ ਗਈ ਸੀ। 51 ਸਾਲਾ ਸੁਨੰਦਾ ਪਿਛਲੇ ਸਾਲ 17 ਜਨਵਰੀ ਨੂੰ ਦਿੱਲੀ ਦੇ ਇਕ ਹੋਟਲ ਵਿਚ ਮ੍ਰਿਤ ਮਿਲੀ ਸੀ। ਦਿੱਲੀ ਪੁਲਿਸ ਵੱਲੋਂ ਸੁਨੰਦਾ ਪੁਸ਼ਕਰ ਦੀ ਮੌਤ ਸਬੰਧੀ ਕਤਲ ਦਾ ਕੇਸ ਦਰਜ ਕਰਨ ਨਾਲ ਸ੍ਰੀ ਥਰੂਰ ਨੂੰ ਝਟਕਾ ਲੱਗਿਆ ਹੈ, ਪਰ ਉਨ੍ਹਾਂ ਕਿਹਾ ਹੈ ਕਿ ਉਹ ਜਾਂਚ ਵਿਚ ਹਰ ਕਿਸਮ ਦਾ ਸਹਿਯੋਗ ਦੇਣਗੇ।

## ਪੰਚਾਇਤਾਂ ਵਲੋਂ ਸ਼ਰਾਬ ਦੇ ਠੇਕਿਆਂ ਖਿਲਾਫ ਮਤੇ ਪਾਸ

**ਪਟਿਆਲਾ:** ਸ਼ਰਾਬ ਦੇ ਠੇਕੇ ਬੰਦ ਕਰਵਾਉਣ ਲਈ ਜਾਗਰੂਕ ਪੰਚਾਇਤਾਂ ਤੇ ਸਮਾਜ ਸੇਵੀ ਜਥੇਬੰਦੀਆਂ ਦੀ ਚਾਰਾਜੋਈ ਲਗਾਤਾਰ ਜਾਰੀ ਹੈ। ਆਬਕਾਰੀ ਤੇ ਕਰ ਵਿਭਾਗ ਪੰਜਾਬ ਨੂੰ ਹੁਣ ਤੱਕ ਡੇਢ ਸੌ ਦੇ ਕਰੀਬ ਪੰਚਾਇਤਾਂ ਵੱਲੋਂ ਆਪਣੇ ਪਿੰਡਾਂ 'ਚੋਂ ਸ਼ਰਾਬ ਦੇ ਠੇਕੇ ਚੁਕਵਾਉਣ ਦੇ ਮਤੇ ਪ੍ਰਾਪਤ ਹੋਏ ਹਨ। ਉਂਜ ਸਮਾਜ ਸੇਵੀ ਜਥੇਬੰਦੀਆਂ ਤੇ ਪੰਚਾਇਤਾਂ ਦਾ ਗਿਲਾ ਹੈ ਕਿ ਪੰਜਾਬ ਸਰਕਾਰ ਸ਼ਰਾਬ ਦੇ ਠੇਕਿਆਂ ਦੀ ਬੰਦੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਿਤਰੀ ਰਾਜ ਗੁਜਰਾਤ ਵਿਚ ਸ਼ਰਾਬ ਦੇ ਠੇਕਿਆਂ ਦੀ ਰਵਾਇਤ ਨਹੀਂ ਹੈ। ਇਸ ਤੋਂ ਇਲਾਵਾ ਕੇਰਲ ਜਿਥੇ ਕਦੇ ਸ਼ਰਾਬ ਦੀ ਖਪਤ ਕਾਫੀ ਸੀ, ਵੱਲੋਂ ਹੁਣ 10 ਫੀਸਦੀ ਸਾਲਾਨਾ ਕਟੌਤੀ ਦੇ ਹਿਸਾਬ ਨਾਲ ਅਗਲੇ 10 ਸਾਲਾਂ ਵਿਚ ਸ਼ਰਾਬ ਤੋਂ ਮੁਕਤ ਹੋਣ ਦਾ ਆਹਿਦ ਲੈ ਲਿਆ ਗਿਆ ਹੈ, ਜਦੋਂਕਿ ਪੰਜਾਬ ਵਿਚ ਸ਼ਰਾਬ ਦੀ ਵਿਕਰੀ ਲਗਾਤਾਰ ਵਧ ਰਹੀ ਹੈ।

ਪਿਛਲੇ ਸਾਲ ਰਾਜ ਦੀਆਂ 128 ਪੰਚਾਇਤਾਂ ਨੇ ਠੇਕਿਆਂ ਦੀ ਬੰਦੀ ਸਬੰਧੀ ਆਬਕਾਰੀ ਤੇ ਕਰ ਵਿਭਾਗ ਕੋਲ ਪੰਚਾਇਤੀ ਮਤੇ ਭੇਜੇ ਸਨ ਪਰ ਆਬਕਾਰੀ ਤੇ ਕਰ ਵਿਭਾਗ ਨੇ ਆਪਣੀ ਨਿਯਮਾਵਲੀ ਤਹਿਤ ਸਿਰਫ 22 ਪਿੰਡਾਂ ਦੇ ਠੇਕੇ ਹੀ ਬੰਦ ਕੀਤੇ। ਇਸ ਤੋਂ ਇਲਾਵਾ 81 ਠੇਕਿਆਂ ਨੂੰ ਸ਼ਿਫਟ ਕੀਤਾ ਗਿਆ ਸੀ।

## 'ਸਰਹੱਦਾਂ 'ਤੇ ਨਸ਼ਿਆਂ ਵਿਰੁਧ ਧਰਨੇ ਦੇਣੇ ਤਰਕਹੀਣ'

**ਰਾਮਨਗਰ:** ਸਾਬਕਾ ਵਿਦੇਸ਼ ਰਾਜ ਮੰਤਰੀ ਤੇ ਹਲਕਾ ਪਟਿਆਲਾ ਤੋਂ ਵਿਧਾਇਕ ਪ੍ਰਨੀਤ ਕੌਰ ਨੇ ਕਿਹਾ ਹੈ ਕਿ ਬਾਦਲ ਪਰਿਵਾਰ ਵੱਲੋਂ ਸਰਹੱਦਾਂ 'ਤੇ ਨਸ਼ਿਆਂ ਵਿਰੁੱਧ ਧਰਨੇ ਦੇਣ ਦੀ ਡਰਾਮੇਬਾਜ਼ੀ ਇਕ ਤਰਕਹੀਣ ਮੁੱਦਾ ਹੈ ਜਿਸ ਤੋਂ ਜਨਤਾ ਭਲੀਭਾਂਤ ਜਾਣੂ ਹੈ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਪੰਜਾਬ ਵਿਚ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਆ ਰਹੇ ਹਨ ਜਦੋਂਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੈ ਪਰ ਉਹ ਰਾਜਸਥਾਨ ਤੇ ਮੱਧ ਪ੍ਰਦੇਸ਼ ਤੋਂ ਨਸ਼ੇ ਦੀਆਂ ਪੰਜਾਬ ਵਿਚ ਆ ਰਹੀਆਂ ਖੇਪਾਂ ਰੋਕਣ ਲਈ ਕੋਈ ਪ੍ਰਬੰਧ ਨਹੀਂ ਕਰ ਰਹੇ। ਸਾਬਕਾ ਖਜ਼ਾਨਾ ਮੰਤਰੀ ਲਾਲ ਸਿੰਘ ਨੇ ਜਗਮੀਤ ਬਰਾੜ ਦੇ ਭਾਜਪਾ ਵਿਚ ਜਾਣ ਦੇ ਸੰਕੇਤ ਦੇ ਸਵਾਲ 'ਤੇ ਕਿਹਾ ਕਿ ਉਨ੍ਹਾਂ ਦਾ ਲੋਕਾਂ ਵਿਚ ਆਧਾਰ ਖ਼ਤਮ ਹੋ ਗਿਆ ਹੈ ਜਿਸ ਕਰਕੇ ਸੁਖਬੀਰ ਬਾਦਲ ਵੀ ਮੀਡੀਆ ਰਾਹੀਂ ਉਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ ਵਿਚ ਕੋਈ ਜਗ੍ਹਾ ਨਾ ਹੋਣ ਦੀ ਗੱਲ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਕਾਂਗਰਸ ਹਮੇਸ਼ਾ ਹੀ ਵਿਧਾਨ-ਸਭਾ ਤੇ ਲੋਕਾਂ ਵਿਚ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਦੀ ਰਹੀ ਹੈ, ਪਰ ਅਕਾਲੀ ਉਨ੍ਹਾਂ ਦੇ ਲੀਡਰਾਂ ਦਾ ਨਾਂ ਆਉਣ ਤੋਂ ਬਾਅਦ ਹੀ ਨਸ਼ਿਆਂ ਵਿਰੁੱਧ ਆਵਾਜ਼ ਚੁੱਕ ਰਹੇ ਹਨ।




ਹੈਲਥ ਕੇਅਰ ਰਿਫੋਰਮ ਫਰੀ ਐਨਰੋਲਮੈਂਟ ਅਸਿਸਟੈਂਟ



Kulbir Heer, EA
510-304-7733

Manjit Heer, EA
510-378-1040

Enroll Now
Enrollment Period
Nov. 15, 2014 to Feb. 15, 2015

Free Enrollment Assistance.
Learn how Health Insurance will Effect your Taxes Going Forward.

We are IRS "Enrolled Agents" for income tax prep. assistance.

Please Call 510-885-1040

We are COVERED CA "Certified Enrolled Counselors" for Health Insurance Assistance

COVERED CALIFORNIA
Certified Enrollment Counselor
WE WAVE, YOU SAVE!
www.libertyTax.com
LIBERTY TAX SERVICE
1-866-871-1040



# ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਫੰਡਾਂ ਨੂੰ ਸਿਆਸਤ ਦਾ ਘੁਣ

### ਕੁੱਲ ਰਕਮ ਵਿਚੋਂ ਇਕ ਤਿਹਾਈ ਇਕੱਲੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਜ਼ਿਲ੍ਹੇ ਲਈ ਹੋਈ ਜਾਰੀ




**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਲਈ ਜਾਰੀ ਕੀਤੇ ਜਾਂਦੇ ਪ੍ਰਚਾਰ-ਫੰਡਾਂ ਵਿਚ ਕਾਣੀਵੰਡ ਦਾ ਮਾਮਲਾ ਸਾਹਮਣੇ ਆਇਆ ਹੈ। ਕਮੇਟੀ ਵੱਲੋਂ ਫੰਡਾਂ ਦੀ ਕੁੱਲ 62 ਲੱਖ ਰੁਪਏ ਰਕਮ ਵਿਚੋਂ ਇਕ ਤਿਹਾਈ ਭਾਵ 22 ਲੱਖ 57 ਹਜ਼ਾਰ ਰੁਪਏ ਇਕੱਲੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਜ਼ਿਲ੍ਹੇ ਲੁਧਿਆਣਾ ਨੂੰ ਹੀ ਜਾਰੀ ਕਰ ਦਿੱਤੇ ਗਏ।

ਦਿਲਚਸਪ ਗੱਲ ਇਹ ਹੈ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਲੁਧਿਆਣਾ ਨੂੰ ਜਾਰੀ ਕੀਤੀ ਰਕਮ ਵਿਚੋਂ ਪੰਜ ਲੱਖ ਰੁਪਏ ਉਥੋਂ ਦੀ ਸਪੋਰਟਸ ਕਾਸਲ ਨੂੰ ਜਾਰੀ ਕਰ ਦਿੱਤੇ ਗਏ ਜਿਸ ਦਾ ਸਿੱਖੀ ਦੇ ਪ੍ਰਚਾਰ ਨਾਲ ਕੋਈ ਸਿੱਧਾ ਵਾਸਤਾ ਨਜ਼ਰ ਨਹੀਂ ਆਉਂਦਾ। ਜਦਕਿ ਡੇਰਾ ਸਿਰਸਾ ਦੇ ਪ੍ਰੇਮੀਆਂ ਦੀ ਬਹੁਤਾਤ ਵਾਲੇ ਜ਼ਿਲ੍ਹੇ ਬਠਿੰਡੇ ਨੂੰ ਧਰਮ ਪ੍ਰਚਾਰ ਕਮੇਟੀ ਨੇ ਸਿੱਖੀ ਦੇ ਪ੍ਰਚਾਰ ਲਈ ਇਕ ਸਾਲ ਵਿਚ ਸਿਰਫ 18,700 ਰੁਪਏ ਹੀ ਜਾਰੀ ਕੀਤੇ, ਜਦਕਿ ਮੋਗਾ ਜ਼ਿਲ੍ਹੇ ਨੂੰ 5900 ਰੁਪਏ, ਫਿਰੋਜ਼ਪੁਰ ਜ਼ਿਲ੍ਹੇ ਨੂੰ 10 ਹਜ਼ਾਰ ਰੁਪਏ ਤੇ ਜ਼ਿਲ੍ਹਾ ਫਾਜ਼ਿਲਕਾ ਨੂੰ 18,700 ਰੁਪਏ ਜਾਰੀ ਕੀਤੇ ਗਏ। ਚੇਤੇ ਰਹੇ ਕਿ ਜਥੇਦਾਰ ਅਵਤਾਰ ਸਿੰਘ ਲੁਧਿਆਣੇ ਦੇ ਰਹਿਣ ਵਾਲੇ ਹਨ ਤੇ ਇਕੱਲੇ ਪੰਜਾਬ ਵਿਚ ਹੀ ਨਹੀਂ, ਬਲਕਿ ਸ਼੍ਰੋਮਣੀ ਕਮੇਟੀ ਵੱਲੋਂ ਹੋਰ ਹੋਰ ਸੂਬਿਆਂ ਨੂੰ ਜਾਰੀ ਕੀਤੀ ਗਈ ਰਾਸ਼ੀ ਵਿਚੋਂ ਵੀ ਸਭ ਤੋਂ ਵੱਧ ਲੁਧਿਆਣੇ ਜ਼ਿਲ੍ਹੇ ਦੀ ਹੀ ਬਣਦੀ ਹੈ।

ਦਰਅਸਲ, ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਇਕ ਅਪ੍ਰੈਲ 2013 ਤੋਂ 30 ਮਈ 2014 ਤੱਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਨੂੰ ਧਰਮ ਪ੍ਰਚਾਰ ਲਈ ਕੁੱਲ 62 ਲੱਖ 4 ਹਜ਼ਾਰ 588 ਰੁਪਏ ਰਕਮ ਜਾਰੀ ਕੀਤੀ, ਜਿਸ ਵਿਚੋਂ ਮੁਹਾਲੀ ਜ਼ਿਲ੍ਹੇ ਨੂੰ ਸਿਰਫ 56,900 ਰੁਪਏ, ਹੁਸ਼ਿਆਰਪੁਰ ਜ਼ਿਲ੍ਹੇ ਨੂੰ ਇਕ ਲੱਖ ਰੁਪਏ, ਰੋਪੜ ਜ਼ਿਲ੍ਹੇ ਨੂੰ ਇਕ ਲੱਖ 10 ਹਜ਼ਾਰ ਰੁਪਏ, ਤਰਨਤਾਰਨ ਜ਼ਿਲ੍ਹੇ ਨੂੰ ਇਕ ਲੱਖ 45 ਹਜ਼ਾਰ 820 ਰੁਪਏ, ਗੁਰਦਾਸਪੁਰ ਜ਼ਿਲ੍ਹੇ ਨੂੰ ਛੇ ਲੱਖ ਪੰਜ ਹਜ਼ਾਰ 900 ਰੁਪਏ, ਫਤਿਹਗੜ੍ਹ ਸਾਹਿਬ ਜ਼ਿਲ੍ਹੇ ਨੂੰ ਇਕ ਲੱਖ 82 ਹਜ਼ਾਰ ਰੁਪਏ, ਪਟਿਆਲੇ ਨੂੰ ਚਾਰ ਲੱਖ ਅੱਠ ਹਜ਼ਾਰ 50 ਰੁਪਏ, ਫਰੀਦਕੋਟ ਜ਼ਿਲ੍ਹੇ ਨੂੰ ਤਿੰਨ ਲੱਖ 65 ਹਜ਼ਾਰ 496 ਰੁਪਏ, ਬਰਨਾਲਾ ਜ਼ਿਲ੍ਹੇ ਨੂੰ ਇਕ ਲੱਖ 20 ਹਜ਼ਾਰ ਰੁਪਏ, ਜਗਰਾਉਂ ਨੂੰ 50 ਹਜ਼ਾਰ ਰੁਪਏ, ਜਲੰਧਰ ਨੂੰ ਚਾਰ ਲੱਖ ਰੁਪਏ, ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਨੂੰ ਦੋ ਲੱਖ 25 ਹਜ਼ਾਰ ਰੁਪਏ ਜਾਰੀ ਕੀਤੇ ਗਏ। ਇਹ ਅੰਕੜੇ ਸ਼੍ਰੋਮਣੀ ਕਮੇਟੀ ਨੂੰ ਪੰਜਾਬ ਸੂਚਨਾ ਕਮਿਸ਼ਨ ਦੀ ਅਦਾਲਤ ਦੇ ਹੁਕਮਾਂ 'ਤੇ ਅੰਮ੍ਰਿਤਸਰ ਵਾਸੀ ਆਰ.ਟੀ.ਆਈ. ਕਾਰਕੁਨ ਬਲਦੇਵ ਸਿੰਘ ਸਿਰਸਾ ਕੋਲ ਨਸ਼ਰ ਕਰਨੇ ਪਏ।

ਅੰਕੜੇ ਸਾਂਝੇ ਕਰਦਿਆਂ ਸ. ਸਿਰਸਾ ਨੇ ਦੱਸਿਆ ਕਿ ਕਮੇਟੀ ਨੇ ਰਾਜਾਂ ਨੂੰ ਵੀ ਜਿਸ ਤਰੀਕੇ ਨਾਲ ਰਕਮ ਵੰਡੀ ਹੈ, ਉਹ ਸਮਝ ਤੋਂ ਪਰ੍ਹੇ ਹੈ। ਉੱਤਰ ਪ੍ਰਦੇਸ਼ ਰਾਜ, ਜਿਥੇ ਕਿ ਸਿੱਖਾਂ ਤੇ ਗੁਰਦੁਆਰਿਆਂ ਦੀ ਗਿਣਤੀ ਕਾਫੀ ਹੈ, ਨੂੰ ਧਰਮ ਪ੍ਰਚਾਰ ਲਈ 79 ਹਜ਼ਾਰ ਰੁਪਏ ਦਿੱਤੇ ਗਏ, ਬਿਹਾਰ ਨੂੰ ਇਕ ਲੱਖ ਰੁਪਏ, ਪੁਡੂਚੇਰੀ ਨੂੰ 10 ਲੱਖ ਰੁਪਏ, ਉਡੀਸਾ ਨੂੰ 50 ਹਜ਼ਾਰ ਰੁਪਏ, ਸਿੱਕਮ ਨੂੰ ਦੋ ਲੱਖ ਰੁਪਏ, ਹਰਿਆਣਾ ਨੂੰ 10 ਲੱਖ 57 ਹਜ਼ਾਰ 650 ਰੁਪਏ, ਆਂਧਰਾ ਪ੍ਰਦੇਸ਼ ਨੂੰ ਪੰਜ ਲੱਖ 95 ਹਜ਼ਾਰ ਰੁਪਏ, ਜੰਮੂ ਕਸ਼ਮੀਰ ਨੂੰ ਛੇ ਲੱਖ 28 ਹਜ਼ਾਰ 700 ਰੁਪਏ, ਛੱਤੀਸਗੜ੍ਹ ਨੂੰ ਛੇ ਲੱਖ 43 ਹਜ਼ਾਰ ਰੁਪਏ, ਰਾਜਸਥਾਨ ਨੂੰ ਤਿੰਨ ਲੱਖ 84 ਹਜ਼ਾਰ 950 ਰੁਪਏ ਤੇ ਯੂ.ਕੇ. ਦੀ ਇਕ ਬੀਬੀ ਪ੍ਰਦੀਪ ਕੌਰ ਨੂੰ ਇਕ ਲੱਖ ਰੁਪਏ ਜਾਰੀ ਕੀਤੇ ਗਏ। ਇਸ ਬਾਰੇ ਸ਼੍ਰੋਮਣੀ ਕਮੇਟੀ ਸਕੱਤਰ ਦਲਮੇਘ ਸਿੰਘ ਦਾ ਕਹਿਣਾ ਹੈ ਕਿ ਇਸਦਾ ਜਵਾਬ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸਤਿਬੀਰ ਸਿੰਘ ਹੀ ਦੇਣਗੇ, ਜੋਕਿ ਵਿਦੇਸ਼ ਗਏ ਹੋਏ ਹਨ। ਇਸ ਬਾਰੇ ਉਪਰੋਕਤ ਆਰ.ਟੀ.ਆਈ. ਕਾਰਕੁਨ ਤੇ ਪੰਥਕ ਆਗੂ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਇਸ ਵੇਲੇ ਪੰਜਾਬ ਸਮੇਤ ਦੇਸ਼ ਭਰ ਵਿਚ ਧਰਮ ਪਰਿਵਰਤਨ ਦਾ ਮਸਲਾ ਗਰਮਾਇਆ ਹੋਇਆ ਹੈ ਤੇ ਪਿਛਲੇ ਦਿਨੀਂ ਪੰਜਾਬ ਵਿਚ ਸਿੱਖਾਂ ਦੇ ਇਸਾਈ ਬਣਨ ਦਾ ਮਸਲਾ ਵੀ ਸਾਹਮਣੇ ਆਇਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਰਾਸ਼ੀ ਜਾਰੀ ਕਰਨ ਦਾ ਤੌਰ ਤਰੀਕਾ ਸਪੱਸ਼ਟ ਕਰਦਾ ਹੈ ਕਿ ਕਮੇਟੀ ਧਰਮ ਪ੍ਰਚਾਰ ਪ੍ਰਤੀ ਗੰਭੀਰ ਨਹੀਂ ਹੈ।

# ਸਿਹਤ ਅਫਸਰਾਂ ਨੂੰ ਮਿਲਣਗੀਆਂ ਭਾੜੇ ਦੀਆਂ ਗੱਡੀਆਂ

### ਪੇਂਡੂ ਸਿਹਤ ਮਿਸ਼ਨ ਦੇ ਖਾਤੇ ਵਿਚੋਂ ਜਾਵੇਗਾ ਕਿਰਾਇਆ

**ਚੰਡੀਗੜ੍ਹ:** ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸਰਕਾਰੀ ਇਨੋਵਾ ਗੱਡੀਆਂ ਦੀ ਥਾਂ ਭਾੜੇ 'ਤੇ ਇੰਡੀਗੋ ਕਾਰਾਂ ਦਿੱਤੀਆਂ ਜਾਣਗੀਆਂ। ਵਿੱਤ ਵਿਭਾਗ ਵੱਲੋਂ ਸਿਵਲ ਸਰਜਨਾਂ ਵਾਸਤੇ ਨਵੀਆਂ ਮਹਿੰਗੀਆਂ ਗੱਡੀਆਂ ਖਰੀਦਣ ਦਾ ਪ੍ਰਸਤਾਵ ਰੱਦ ਕਰਨ ਤੋਂ ਬਾਅਦ ਉਨ੍ਹਾਂ ਲਈ ਇੰਡੀਗੋ ਕਾਰਾਂ ਕਿਰਾਏ 'ਤੇ ਲਈਆਂ ਜਾ ਰਹੀਆਂ ਹਨ। ਇਨ੍ਹਾਂ ਕਾਰਾਂ ਦਾ ਕਿਰਾਇਆ ਨੈਸ਼ਨਲ ਰੂਰਲ ਹੈਲਥ ਮਿਸ਼ਨ ਦੇ ਖਾਤੇ ਵਿਚੋਂ ਜਾਵੇਗਾ। ਮਿਲੀ ਜਾਣਕਾਰੀ ਅਨੁਸਾਰ ਵਿੱਤ ਵਿਭਾਗ ਨੇ ਸਿਵਲ ਸਰਜਨਾਂ ਵਾਸਤੇ ਇਨੋਵਾ ਗੱਡੀਆਂ ਦੀ ਖਰੀਦ 'ਤੇ ਰੋਕ ਹੀ ਨਹੀਂ ਲਾਈ ਸਗੋਂ ਇਨ੍ਹਾਂ ਪ੍ਰਤੀ ਮਹੀਨਾ ਖਰਚੇ ਦੀ ਹੱਦ ਵੀ ਨਿਸ਼ਚਿਤ ਕਰ ਦਿੱਤੀ ਹੈ। ਇਹ ਟੈਕਸੀਆਂ ਹਰ ਰੋਜ਼ 30 ਤੋਂ 35 ਕਿਲੋਮੀਟਰ ਤੋਂ ਜ਼ਿਆਦਾ ਨਹੀਂ ਚਲਾਈਆਂ ਜਾ ਸਕਣਗੀਆਂ।

ਇਸ ਤੋਂ ਵੱਧ ਗੱਡੀ ਭਜਾਉਣ ਵਾਸਤੇ ਵਿਸ਼ੇਸ਼ ਪ੍ਰਵਾਨਗੀ ਲੈਣੀ ਪਵੇਗੀ। ਕਿਰਾਏ 'ਤੇ ਲਈਆਂ ਜਾਣ ਵਾਲੀਆਂ 25 ਇੰਡੀਗੋ ਕਾਰਾਂ ਵਿਚੋਂ 22 ਸਿਵਲ ਸਰਜਨਾਂ ਤੇ ਤਿੰਨ ਸਿਹਤ ਵਿਭਾਗ ਦੇ ਮੁੱਖ ਦਫਤਰ ਵਿਚ ਤਾਇਨਾਤ ਅਧਿਕਾਰੀਆਂ ਲਈ ਹੋਣਗੀਆਂ। ਸਿਵਲ ਸਰਜਨਾਂ ਨੂੰ ਪਹਿਲਾਂ ਸੂਮੋ ਗੱਡੀਆਂ ਦਿੱਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਜ਼ਿਆਦਾ ਦੀ ਮਿਆਦ ਪੁੱਗ ਚੁੱਕੀ ਹੈ ਜਾਂ ਖਟਾਰਾ ਹਾਲਤ ਵਿਚ ਹਨ।

ਨੈਸ਼ਨਲ ਰੂਰਲ ਹੈਲਥ ਮਿਸ਼ਨ ਨੇ 25 ਇੰਡੀਗੋ ਕਾਰਾਂ ਕਿਰਾਏ 'ਤੇ ਲੈਣ ਵਾਸਤੇ ਅਮਲ ਸ਼ੁਰੂ ਕਰ ਦਿੱਤਾ ਹੈ। ਮਿਸ਼ਨ ਵੱਲੋਂ ਕਿਰਾਏ 'ਤੇ ਗੱਡੀਆਂ ਲੈਣ ਲਈ ਮੰਗੇ ਟੈਂਡਰ ਵਿਚ ਕਿਹਾ ਗਿਆ ਹੈ ਕਿ ਡਰਾਈਵਰ, ਭੱਤੇ ਤੇ ਬੀਮੇ ਦਾ ਭਾਰ ਕੰਪਨੀ ਸਬੰਧਤ ਕੰਪਨੀ ਦੇ ਸਿਰ ਹੋਵੇਗਾ ਤੇ ਇਹ ਇਕ ਮਹੀਨੇ ਵਿਚ ਦੋ ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰਨਗੀਆਂ। ਇਸ ਬਾਰੇ ਕੰਪਨੀਆਂ ਨੂੰ ਆਪਣੀ ਪੇਸ਼ਕਸ਼ ਦੇਣ ਲਈ ਕਿਹਾ ਗਿਆ ਹੈ। ਟੈਂਡਰ 19 ਜਨਵਰੀ ਤੱਕ ਮੰਗੇ ਗਏ ਹਨ ਤੇ ਇਹ ਇਸੇ ਦਿਨ ਖੁੱਲ੍ਹ ਜਾਣਗੇ। ਸਰਕਾਰ ਵੱਲੋਂ ਨਿਰਧਾਰਤ ਸਫ਼ਰ ਤੋਂ ਜ਼ਿਆਦਾ ਚੱਲਣ ਦੀ ਸੂਰਤ ਵਿਚ ਹੋਰ ਖਰਚਾ ਲੈਣ ਵਾਸਤੇ ਵੱਖਰਾ ਫਾਰਮ ਭਰਨਾ ਪਵੇਗਾ, ਜਿਸ ਲਈ ਮਨਜ਼ੂਰੀ ਲੈਣੀ ਜ਼ਰੂਰੀ ਹੋਵੇਗੀ। ਵਿੱਤ ਵਿਭਾਗ ਨੇ ਪਿਛਲੇ ਦਿਨੀਂ ਇਕ ਫ਼ੈਸਲੇ ਰਾਹੀਂ ਸਰਕਾਰੀ ਅਫ਼ਸਰਾਂ ਵਾਸਤੇ ਗੱਡੀਆਂ 'ਤੇ ਰੋਕ ਲਾ ਕੇ ਭਾੜੇ ਦੀਆਂ ਟੈਕਸੀਆਂ ਨਾਲ ਸਰਕਾਰੀ ਕੰਮ ਚਲਾਉਣ ਲਈ ਕਿਹਾ ਸੀ। ਸਿਹਤ ਵਿਭਾਗ ਪਹਿਲਾ ਸਰਕਾਰੀ ਅਦਾਰਾ ਹੈ, ਜਿਸ ਨੂੰ ਸਭ ਤੋਂ ਪਹਿਲਾਂ ਇਸ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਿਹਤ ਵਿਭਾਗ ਵਿਚ ਅਧਿਕਾਰੀ ਪਹਿਲਾਂ ਹੀ ਸਰਕਾਰੀ ਗੱਡੀਆਂ ਦੀ ਘਾਟ ਨੂੰ ਲੈ ਕੇ ਔਖ ਵਿਚ ਹਨ। ਵੀਆਈਪੀ ਡਿਊਟੀ ਦੇਣ ਵਾਲੇ ਡਾਕਟਰਾਂ ਕੋਲ ਵੀ ਨਵੀਆਂ ਗੱਡੀਆਂ ਨਹੀਂ ਹਨ ਤੇ ਉਨ੍ਹਾਂ ਨੂੰ ਪੁਰਾਣੀਆਂ ਗੱਡੀਆਂ ਵਿਚ ਹੀ ਸਫ਼ਰ ਕਰਨਾ ਪੈ ਰਿਹਾ ਹੈ। ਸੂਤਰਾਂ ਅਨੁਸਾਰ ਸਿਹਤ ਵਿਭਾਗ ਦੇ ਪ੍ਰੋਗਰਾਮ ਅਫ਼ਸਰਾਂ ਕੋਲ ਵੀ ਲੋੜ ਮੁਤਾਬਕ ਗੱਡੀਆਂ ਨਹੀਂ ਹਨ ਜਿਸ ਕਰਕੇ ਉਹ ਕਈ ਵਾਰ ਆਪਣੀ ਡਿਊਟੀ ਪੂਰੀ ਕਰਨ ਤੋਂ ਵੀ ਖੁੰਝ ਜਾਂਦੇ ਹਨ।

ਸਿਹਤ ਵਿਭਾਗ ਦੇ ਨਿਯਮਾਂ ਅਨੁਸਾਰ ਸਰਕਾਰੀ ਡਿਊਟੀ ਦੇਣ ਲਈ ਡਾਕਟਰਾਂ ਨੂੰ ਆਪਣੀ ਗੱਡੀ ਵਰਤਣ ਦੀ ਲੋੜ ਨਹੀਂ ਹੁੰਦੀ ਪਰ ਇਥੇ ਗੱਡੀਆਂ ਦੀ ਘਾਟ ਹੋਣ ਕਾਰਨ ਜ਼ਿਲ੍ਹਾ ਪੱਧਰ 'ਤੇ ਜ਼ਿਆਦਾ ਅਧਿਕਾਰੀ ਨਿੱਜੀ ਗੱਡੀ ਵਿਚ ਸਫ਼ਰ ਕਰਨ ਲਈ ਮਜਬੂਰ ਹਨ। ਸਰਕਾਰ ਵੱਲੋਂ ਨਿੱਜੀ ਗੱਡੀਆਂ ਵਿਚ ਸਫ਼ਰ ਕਰਨ ਵਾਲੇ ਅਧਿਕਾਰੀਆਂ ਦੇ ਬਿੱਲ ਵੀ ਸਾਲਾਂ ਲਈ ਪਾਸ ਹੋਣ ਵਾਸਤੇ ਲਟਕੇ ਰਹਿੰਦੇ ਹਨ। ਸਿਹਤ ਵਿਭਾਗ ਦੇ ਡਾਇਰੈਕਟਰ ਡਾ. ਕਰਨਜੀਤ ਸਿੰਘ ਨੇ ਦੱਸਿਆ ਕਿ ਨੈਸ਼ਨਲ ਰੂਰਲ ਹੈਲਥ ਮਿਸ਼ਨ ਸਿਹਤ ਵਿਭਾਗ ਨੂੰ ਦੋ ਦਰਜਨ ਇੰਡੀਗੋ ਕਾਰਾਂ ਭਾੜੇ 'ਤੇ ਲੈ ਕੇ ਦੇ ਰਿਹਾ ਹੈ। ਮਿਸ਼ਨ ਕੋਲ ਗੱਡੀਆਂ ਲਈ ਵੱਖਰਾ ਫ਼ੰਡ ਹੁੰਦਾ ਹੈ।

# ਧਾਰਾ 25-ਬੀ ਵਿਰੁਧ ਆਨਲਾਈਨ ਪਟੀਸ਼ਨ ਤਿਆਰ

### ਅਮਰੀਕੀ ਰਾਸ਼ਟਰਪਤੀ ਨੂੰ ਸੌਂਪੀ ਜਾਵੇਗੀ ਪਟੀਸ਼ਨ

**ਚੰਡੀਗੜ੍ਹ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਚੰਡੀਗੜ੍ਹ ਦੇ ਕਈ ਗੁਰਦੁਆਰਿਆਂ ਦੇ ਪ੍ਰਬੰਧਕਾਂ ਵੱਲੋਂ ਸੰਵਿਧਾਨ ਦੀ ਧਾਰਾ 25-ਬੀ ਦੀ ਵਿਆਖਿਆ 2 ਵਿਚੋਂ ਸਿੱਖਾਂ ਨੂੰ ਹਿੰਦੂ ਦਰਸਾਉਣ ਦੀ ਮੱਦ ਖਤਮ ਕਰਵਾਉਣ ਲਈ 1.21 ਲੱਖ ਦਸਤਖ਼ਤਾਂ ਵਾਲੀ ਆਨਲਾਈਨ ਪਟੀਸ਼ਨ ਤਿਆਰ ਕੀਤੀ ਗਈ ਹੈ। ਇਹ ਪਟੀਸ਼ਨ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਸੌਂਪ ਕੇ ਮੰਗ ਕੀਤੀ ਜਾਵੇਗੀ ਕਿ ਉਹ 26 ਜਨਵਰੀ 2015 ਨੂੰ ਭਾਰਤ ਦੀ ਫੇਰੀ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਵਾਲ ਕਰਨ ਕਿ ਭਾਰਤੀ ਸੰਵਿਧਾਨ ਵਿਚ ਸਿੱਖਾਂ ਨੂੰ ਹਿੰਦੂ ਕਿਉਂ ਦਰਸਾਇਆ ਗਿਆ ਹੈ? ਇਹ ਪਟੀਸ਼ਨ ਅਮਰੀਕਾ ਦੇ ਅਧਾਰਤ ਸਿੱਖ ਫਾਰ ਜਸਟਿਸ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਕਈ ਹੋਰ ਸਿੱਖ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਹੈ।

ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਇਸ ਪਟੀਸ਼ਨ ਉਪਰ ਹੁਣ ਤੱਕ ਢਾਈ ਲੱਖ ਦਸਤਖ਼ਤ ਹੋ ਚੁੱਕੇ ਹਨ। ਇਨ੍ਹਾਂ ਵਿਚੋਂ 1.21 ਲੱਖ ਆਨਲਾਈਨ ਪਟੀਸ਼ਨ ਉਪਰ ਦਸਤਖ਼ਤ ਹੋਏ ਹਨ।

ਬੁਲਾਰਿਆਂ ਨੇ ਕਿਹਾ ਕਿ ਭਾਰਤੀ ਸੰਵਿਧਾਨ ਵਿਚ ਵਿਲੱਖਣ ਸਿੱਖ ਕੌਮ ਨੂੰ ਹਿੰਦੂ ਦਰਸਾਉਣਾ ਵੱਡੀ ਧੱਕੇਸ਼ਾਹੀ ਹੈ। ਇਸ ਪਟੀਸ਼ਨ ਵਿਚ ਸਵਾਲ ਕੀਤਾ ਗਿਆ ਹੈ ਕਿ ਸੰਵਿਧਾਨ ਸਿੱਖਾਂ ਨੂੰ ਹਿੰਦੂ ਕਿਉਂ ਦੱਸਦਾ ਹੈ, ਜੋ 30 ਮਿਲੀਅਨ ਪੈਰੋਕਾਰਾਂ ਤੋਂ ਵੱਧ ਵਾਲਾ ਸਿੱਖ ਧਰਮ ਵਿਸ਼ਵ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ। ਉਨ੍ਹਾਂ ਦੋਸ਼ ਲਾਇਆ ਕਿ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਨੂੰ ਸਿੱਖਾਂ ਦੀ ਮਰਜ਼ੀ ਤੋਂ ਬਗ਼ੈਰ ਹੀ ਲਾਗੂ ਕਰ ਦਿੱਤਾ ਸੀ। ਉਨ੍ਹਾਂ ਰਾਸ਼ਟਰਪਤੀ ਓਬਾਮਾ ਨੂੰ ਇਹ ਪਟੀਸ਼ਨ ਮੁਹੱਈਆ ਕਰਕੇ ਸੰਘਰਸ਼ ਅੱਗੇ ਵਧਾਉਣ ਦਾ ਐਲਾਨ ਕੀਤਾ।

# ਪੰਜਾਬ 'ਚ ਰੋਜ਼ ਵਾਪਰਦੀਆਂ ਨੇ ਲੁੱਟ ਦੀਆਂ 20 ਵਾਰਦਾਤਾਂ



**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਭਾਵੇਂ ਸਾਲ 2014 ਵਿਚ ਕਤਲਾਂ, ਚੋਰੀਆਂ ਤੇ ਅਗਵਾ ਦੀਆਂ ਘਟਨਾਵਾਂ ਵਿਚ ਗਿਰਾਵਟ ਆਉਣ ਦੇ ਦਾਅਵੇ ਕਰ ਰਹੇ ਹਨ ਪਰ ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਰੋਜ਼ਾਨਾ ਚੋਰੀ ਤੇ ਲੁੱਟਾਂ- ਖੋਹਾਂ ਦੀਆਂ ਤਕਰੀਬਨ 20 ਘਟਨਾਵਾਂ ਵਾਪਰਦੀਆਂ ਹਨ। ਹਰੇਕ ਤਿੰਨ ਦਿਨਾਂ ਦੌਰਾਨ ਅੱਠ ਲੜਕੀਆਂ ਤੇ ਮਹਿਲਾਵਾਂ ਨੂੰ ਅਗਵਾ ਕਰਨ ਦੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਰੋਜ਼ਾਨਾ 10 ਠੱਗੀਆਂ ਵੱਜਦੀਆਂ ਹਨ।

ਪੰਜਾਬ ਪੁਲਿਸ ਹੈੱਡਕੁਆਰਟਰ ਤੋਂ ਹਾਸਲ ਅੰਕੜਿਆਂ ਅਨੁਸਾਰ ਰੋਜ਼ਾਨਾ ਚੋਰੀਆਂ, ਸੰਨ੍ਹਾਂ, ਖੋਹਾਂ, ਲੁੱਟਾਂ ਤੇ ਡਕੈਤੀਆਂ ਦੀਆਂ ਔਸਤਨ 20 ਐਫ.ਆਈ.ਆਰਜ਼. ਦਰਜ ਕੀਤੀਆਂ ਜਾਂਦੀਆਂ ਹਨ। ਜਿਹੜੇ ਮਾਮਲਿਆਂ ਨੂੰ ਪੁਲਿਸ ਨੇ ਰਫ਼ਾ-ਦਫ਼ਾ ਕਰ ਦਿੱਤਾ ਹੈ ਉਨ੍ਹਾਂ ਦਾ ਕੋਈ ਲੇਖਾ ਹੀ ਨਹੀਂ ਹੈ। ਪਿਛਲੇ ਵਰ੍ਹੇ ਪੰਜਾਬ ਵਿਚ ਚੋਰੀ ਦੇ ਤਕਰੀਬਨ 3400 ਕੇਸ ਦਰਜ ਕੀਤੇ ਗਏ ਸਨ। ਇਸੇ ਤਰ੍ਹਾਂ ਰੋਜ਼ਾਨਾ ਚੋਰੀਆਂ ਦੇ ਔਸਤਨ ਨੌਂ ਕੇਸ ਦਰਜ ਕੀਤੇ ਜਾਂਦੇ ਹਨ।

ਸਾਲ 2013 ਵਿਚ ਚੋਰੀ ਦੀਆਂ 3834 ਤੇ ਸੰਨ੍ਹਾਂ ਲੱਗਣ ਦੀਆਂ 2707 ਘਟਨਾਵਾਂ ਤੇ ਸਾਲ 2014 ਦੌਰਾਨ ਸੰਨ੍ਹਾਂ ਲੱਗਣ ਦੀਆਂ 2700 ਦੇ ਕਰੀਬ ਘਟਨਾਵਾਂ ਵਾਪਰੀਆਂ ਹਨ। ਪੁਲਿਸ ਦੇ ਦਸਤਾਵੇਜ਼ਾਂ ਅਨੁਸਾਰ ਸੂਬੇ ਵਿਚ ਰੋਜ਼ਾਨਾ ਔਸਤਨ ਸੱਤ ਸੰਨ੍ਹਾਂ ਲੱਗਦੀਆਂ ਹਨ। ਪਿਛਲੇ ਵਰ੍ਹੇ ਖੋਹਾਂ/ਝਪਟਾਂ ਮਾਰਨ ਦੀਆਂ ਘਟਨਾਵਾਂ ਦੇ 1260 ਕੇਸ ਦਰਜ ਕੀਤੇ ਗਏ ਹਨ। ਇਸ ਤਰ੍ਹਾਂ ਰਾਜ ਵਿਚ ਹਰੇਕ ਦੋ ਦਿਨਾਂ ਦੌਰਾਨ ਖੋਹਾਂ ਦੀਆਂ ਸੱਤ ਘਟਨਾਵਾਂ ਵਾਪਰ ਰਹੀਆਂ ਹਨ। ਸਾਲ 2013 ਦੌਰਾਨ ਖੋਹਾਂ ਦੀਆਂ 1051 ਘਟਨਾਵਾਂ ਤੇ ਸਾਲ 2014 ਵਿਚ ਲੁੱਟਾਂ ਦੀਆਂ 160 ਦੇ ਕਰੀਬ ਘਟਨਾਵਾਂ ਵਾਪਰੀਆਂ ਹਨ। ਸਾਲ 2013 ਵਿਚ ਅਜਿਹੀਆਂ 141 ਘਟਨਾਵਾਂ ਵਾਪਰੀਆਂ ਸਨ। ਪੰਜਾਬ ਵਿਚ ਠੱਗਾਂ ਦੀ ਕੋਈ ਘਾਟ ਨਹੀਂ ਹੈ। ਪੁਲਿਸ ਨੇ ਪਿਛਲੇ ਵਰ੍ਹੇ ਧੋਖਾਧੜੀ ਤੇ ਠੱਗੀਆਂ (420) ਦੇ 3400 ਦੇ ਕਰੀਬ ਕੇਸ ਦਰਜ ਕੀਤੇ ਹਨ।

ਸਾਲ 2013 ਵਿਚ ਠੱਗੀ ਦੀਆਂ 3805 ਤੇ ਡਾਕਿਆਂ ਦੀਆਂ 30 ਘਟਨਾਵਾਂ ਵਾਪਰੀਆਂ ਹਨ, ਜੋ ਸਾਲ 2013 ਨਾਲੋਂ 12 ਵੱਧ ਹਨ। ਅਜੋਕੇ ਯੁੱਗ ਵਿਚ ਵੀ ਪੰਜਾਬ ਵਿਚ ਪੁਰਾਣੀਆਂ ਦੁਸ਼ਮਣੀਆਂ ਕੱਢਣ ਲਈ ਕਤਲੋਗਾਰਤ ਦਾ ਦੌਰ ਜਾਰੀ ਹੈ।

ਪਿਛਲੇ ਵਰ੍ਹੇ ਪੰਜਾਬ ਵਿਚ 710 ਤੇ ਸਾਲ 2013 ਵਿਚ 711 ਕਤਲ ਹੋਏ ਸਨ। ਇਸ ਤੋਂ ਇਲਾਵਾ ਕਤਲ ਕਰਨ ਦਾ ਯਤਨ ਕਰਨ ਦੀਆਂ 818 ਐਫਆਈਆਰਜ਼ ਦਰਜ ਹੋਈਆਂ ਸਨ। ਸਾਲ 2013 ਵਿਚ ਕਤਲ ਕਰਨ ਦਾ ਯਤਨ ਕਰਨ ਦੇ 923 ਕੇਸ ਦਰਜ ਕੀਤੇ ਗਏ ਸਨ। ਇਸ ਤਰ੍ਹਾਂ ਪੰਜਾਬ ਵਿਚ ਰੋਜ਼ਾਨਾ ਕਤਲ/ਕਤਲ ਕਰਨ ਦਾ ਯਤਨ ਕਰਨ ਦੇ ਔਸਤਨ ਚਾਰ ਮਾਮਲੇ ਸਾਹਮਣੇ ਆ ਰਹੇ ਹਨ। ਆਮ ਜਨਤਾ ਵੱਲੋਂ ਪੁਲਿਸ ਉੱਪਰ ਹਮਲੇ ਦੀਆਂ ਘਟਨਾਵਾਂ ਵਿਚ ਵੀ ਵਾਧਾ ਹੋਇਆ ਹੈ। ਪਿਛਲੇ ਵਰ੍ਹੇ ਪੁਲਿਸ ਮੁਲਾਜ਼ਮਾਂ ਉਪਰ ਹਮਲੇ ਕਰਨ ਦੇ 470 ਦੇ ਕਰੀਬ ਕੇਸ ਦਰਜ ਹੋਏ ਹਨ। ਦੱਸਣਯੋਗ ਹੈ ਕਿ ਸਾਲ 2012 ਦੌਰਾਨ ਅਜਿਹੀਆਂ 427 ਤੇ ਸਾਲ 2013 ਵਿਚ 452 ਘਟਨਾਵਾਂ ਵਾਪਰੀਆਂ ਸਨ।

ਪਿਛਲੇ ਵਰ੍ਹੇ ਆਰਮਜ਼ ਐਕਟ ਤਹਿਤ 470 ਤੇ ਆਬਕਾਰੀ ਐਕਟ ਤਹਿਤ 7202 ਕੇਸ ਦਰਜ ਕੀਤੇ ਗਏ ਹਨ। ਪਿਛਲੇ ਵਰ੍ਹੇ ਪੰਜਾਬ ਵਿਚ ਅਗਵਾ ਤੇ ਉਧਾਲਣ ਦੀਆਂ 1300 ਦੇ ਕਰੀਬ ਘਟਨਾਵਾਂ ਵਾਪਰੀਆਂ ਹਨ। ਇਸ ਤਰ੍ਹਾਂ ਪੰਜਾਬ ਵਿਚ ਹਰੇਕ ਦੋ ਦਿਨਾਂ ਦੌਰਾਨ ਅਗਵਾ ਤੇ ਉਧਾਲਣ ਦੀਆਂ ਔਸਤਨ ਸੱਤ ਘਟਨਾਵਾਂ ਵਾਪਰ ਰਹੀਆਂ ਹਨ। ਅਗਵਾ ਤੇ ਉਧਾਲਣ ਦੀਆਂ ਘਟਨਾਵਾਂ ਵਿਚੋਂ 77 ਫ਼ੀਸਦੀ ਮਹਿਲਾਵਾਂ ਪੀੜਤ ਹਨ ਕਿਉਂਕਿ ਅਜਿਹੇ 1300 ਕੇਸਾਂ ਵਿਚੋਂ ਇਕ ਹਜ਼ਾਰ ਦੇ ਕਰੀਬ ਮਹਿਲਾਵਾਂ ਅਗਵਾ ਹੋਈਆਂ ਹਨ। ਹਰੇਕ ਤਿੰਨ ਦਿਨਾਂ ਦੌਰਾਨ ਔਸਤਨ ਅੱਠ ਮਹਿਲਾਵਾਂ/ਲੜਕੀਆਂ ਅਗਵਾ ਹੋ ਰਹੀਆਂ ਹਨ।

ਹਾਲਾਂਕਿ ਸਰਕਾਰ ਦਾ ਦਾਅਵਾ ਹੈ ਕਿ ਡੀ.ਜੀ.ਪੀ. ਸੁਮੇਧ ਸੈਣੀ ਦੀ ਅਗਵਾਈ ਹੇਠ 10 ਅਤਿਵਾਦੀ ਸੰਗਠਨਾਂ ਦਾ ਪਰਦਾਫਾਸ਼ ਕਰ ਕੇ 68 ਅਤਿਵਾਦੀ ਗ੍ਰਿਫ਼ਤਾਰ ਕੀਤੇ ਗਏ ਹਨ। ਪੁਲਿਸ ਨੇ 570 ਕਿਲੋ ਹੈਰੋਇਨ ਬਰਾਮਦ ਕਰ ਕੇ 10,213 ਕੇਸ ਦਰਜ ਕੀਤੇ ਤੇ 11,755 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਰਾਜ ਵਿਚ ਨਸ਼ੇ ਦੀ ਉਪਲਬਧਤਾ ਨੂੰ ਜ਼ੀਰੋ ਪੱਧਰ 'ਤੇ ਲਿਆਂਦਾ ਗਿਆ ਹੈ।

## ਬੁੱਤਸਾਜ਼ ਯੰਗੋ ਵਰਮਾ ਦਾ ਕੈਨੇਡਾ 'ਚ ਦੇਹਾਂਤ

**ਟੋਰਾਂਟੋ:** ਚਿੱਤਰਕਾਰ ਤੇ ਬੁੱਤਸਾਜ਼ ਯੰਗੋ ਵਰਮਾ ਦਾ ਟੋਰਾਂਟੋ ਵਿਚ ਦੇਹਾਂਤ ਹੋ ਗਿਆ। 1964 ਵਿਚ ਦਿੱਲੀ ਕਾਲਜ ਆਫ ਫਾਈਨ ਆਰਟਸ ਤੋਂ ਬੁੱਤਸਾਜ਼ੀ ਦੀ ਡਿਗਰੀ ਪ੍ਰਾਪਤ, ਖੇੜੀ ਕਲਾਂ (ਹਰਿਆਣਾ) ਦੇ ਜੰਮਪਲ ਯੰਗੋ ਵਰਮਾ ਨੇ ਕਈ ਵਰ੍ਹੇ ਜਾਮੀਆ ਮਿਲੀਆ ਕਾਲਜ ਵਿਚ ਪੜ੍ਹਾਇਆ ਤੇ ਸੱਤਰਵਿਆਂ ਦੌਰਾਨ ਜਰਮਨੀ ਚਲੇ ਗਏ ਜਿਥੇ ਉਨ੍ਹਾਂ ਨੇ ਕਲਾ ਖੇਤਰ ਵਿਚ ਹੋਰ ਵੀ ਨਿੱਠ ਕੇ ਕੰਮ ਕੀਤਾ।

ਫਰੈਂਕਫਰਟ ਸਟਾਡਿਲ ਕਾਲਜ ਵਿਚ ਉਨ੍ਹਾਂ ਨੇ ਧਾਤ ਢਲਾਈ ਵਿਚ ਵੀ ਮੁਹਾਰਤ ਹਾਸਲ ਕੀਤੀ। ਦੋ ਦਹਾਕੇ ਜਰਮਨੀ ਵਿਚ ਵਿਚਰਦਿਆਂ ਉਨ੍ਹਾਂ ਦੀਆਂ ਕਲਾ ਕ੍ਰਿਤਾਂ ਕਈ ਨੁਮਾਇਸ਼ਾਂ ਦਾ ਹਿੱਸਾ ਬਣੀਆਂ। ਬੁੱਤਸਾਜ਼ੀ ਤੋਂ ਇਲਾਵਾ ਉਹ ਪੈਨਸਿਲ ਸਕੈਚਿੰਗ ਤੇ ਪੇਂਟਿੰਗ ਵੀ ਕਰਦੇ ਸਨ।

# ਰਾਸ਼ਟਰਪਤੀ ਉਬਾਮਾ ਨੂੰ ਨਰਿੰਦਰ ਮੋਦੀ ਕੋਲ ਸਿੱਖ ਮਸਲੇ ਉਠਾਉਣ ਲਈ ਪਟੀਸ਼ਨ

**ਵਾਸ਼ਿੰਗਟਨ (ਬਿਊਰੋ):** ਸਿੱਖ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਨੇ ਲੰਘੀ 31 ਦਸੰਬਰ ਤੱਕ 124,000 ਤੋਂ ਵੱਧ ਦਸਤਖਤਾਂ ਨਾਲ ਰਾਸ਼ਟਰਪਤੀ ਉਬਾਮਾ ਨੂੰ ਪਟੀਸ਼ਨ ਕੀਤੀ ਹੈ ਜਿਸ ਵਿਚ ਬੇਨਤੀ ਕੀਤੀ ਗਈ ਹੈ ਕਿ ਉਹ ਪ੍ਰਧਾਨ ਮੰਤਰੀ ਮੋਦੀ ਨਾਲ ਧਾਰਾ 25 (ਬੀ) ਅਤੇ 1984 ਸਿੱਖ ਨਸਲਕੁਸ਼ੀ ਦਾ ਮੁੱਦਾ ਉਠਾਉਣ। ਵਾਈਟ ਹਾਊਸ ਦੇ ਪੋਰਟਲ ਅਨੁਸਾਰ ਉਬਾਮਾ ਪ੍ਰਸ਼ਾਸਨ ਉਨ੍ਹਾਂ ਪਟੀਸ਼ਨਾਂ ਦਾ ਜਵਾਬ ਦਿੰਦਾ ਹੈ ਜਿਸ 'ਤੇ 100,000 ਤੋਂ ਵੱਧ ਆਨ ਲਾਈਨ ਦਸਤਖਤ ਹੋਣ।

ਜ਼ਿਕਰਯੋਗ ਹੈ ਕਿ ਬਰਾਕ ਉਬਾਮਾ ਪਹਿਲੇ ਅਮਰੀਕੀ ਰਾਸ਼ਟਰਪਤੀ ਹਨ ਜੋ 26 ਜਨਵਰੀ 2015 ਨੂੰ ਭਾਰਤ ਦੇ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

ਸਿੱਖਸ ਫਾਰ ਜਸਟਿਸ ਨੇ ਪਹਿਲੀ ਦਸੰਬਰ ਨੂੰ 'ਵੀ ਦ ਪੀਪਲ ਵਾਈਟ ਹਾਊਸ ਪਟੀਸ਼ਨ' ਸ਼ੁਰੂ ਕੀਤੀ ਸੀ ਜਿਸ ਵਿਚ ਰਾਸ਼ਟਰਪਤੀ ਉਬਾਮਾ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਪ੍ਰਧਾਨ ਮੰਤਰੀ ਮੋਦੀ ਨੂੰ ਸਵਾਲ ਕਰਨ ਕਿ 'ਭਾਰਤੀ ਸੰਵਿਧਾਨ ਸਿੱਖਾਂ ਨੂੰ ਹਿੰਦੂ ਕਿਉਂ ਦਰਸਾਉਂਦਾ ਹੈ?'



*ਪਟੀਸ਼ਨ ਉਤੇ ਦਸਤਖਤ ਕਰ ਰਹੇ ਲੋਕ*

30 ਮਿਲੀਅਨ ਪੈਰੋਕਾਰਾਂ ਨਾਲ ਦੁਨੀਆਂ ਦਾ ਪੰਜਵਾਂ ਸਭ ਤੋਂ ਵੱਡਾ ਸਿੱਖ ਧਰਮ ਹੋਣ ਦਾ ਦਾਅਵਾ ਕਰਦਿਆਂ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਨੂੰ ਸਿੱਖਾਂ ਦੀ ਮਰਜ਼ੀ ਬਗੈਰ ਲਾਗੂ ਕੀਤਾ ਗਿਆ ਸੀ ਜਿਨ੍ਹਾਂ ਨੇ ਇਸ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਸੰਵਿਧਾਨ ਧਾਰਾ 25 (ਬੀ) ਦੀ ਵਿਆਖਿਆ 2 ਵਿਚ ਸਿੱਖਾਂ ਨੂੰ ਹਿੰਦੂ ਦਰਸਾਇਆ ਗਿਆ ਹੈ।

ਉਬਾਮਾ ਦੇ ਇਸ ਮਾਮਲੇ ਵਿਚ ਦਖਲ ਨੂੰ ਜਾਇਜ਼ ਠਹਿਰਾਉਂਦਿਆਂ ਐਸ ਐਫ ਜੇ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਵੇਗਾ ਕਿ ਅਮਰੀਕੀ ਰਾਸ਼ਟਰਪਤੀ 26 ਜਨਵਰੀ ਨੂੰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋ ਰਹੇ ਹਨ ਅਤੇ ਉਬਾਮਾ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਭਾਰਤੀ ਸੰਵਿਧਾਨ ਸਿੱਖ ਧਰਮ ਨੂੰ ਮਾਨਤਾ ਹੀ ਨਹੀਂ ਦਿੰਦਾ। ਅਸੀ ਚਾਹੁੰਦੇ ਹਾਂ ਕਿ ਰਾਸ਼ਟਰਪਤੀ ਉਬਾਮਾ ਸਿੱਖ ਭਾਈਚਾਰੇ ਲਈ ਸਟੈਂਡ ਲੈਣ।

ਪੰਜਾਬ 'ਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਇਸ ਸਬੰਧੀ ਇਕ ਮਹੀਨੇ ਚਲਾਈ ਦਸਤਖਤੀ ਮੁਹਿੰਮ ਦੌਰਾਨ ਪਟੀਸ਼ਨ 'ਤੇ 250,000 ਤੋਂ ਵੱਧ ਦਸਤਖਤ ਇਕੱਠੇ ਕੀਤੇ ਹਨ।

## ਅਮਰੀਕਾ ਨੇ ਉਤਰੀ ਕੋਰੀਆ 'ਤੇ ਵਿੱਤੀ ਪਾਬੰਦੀਆਂ ਲਾਈਆਂ

**ਵਾਸ਼ਿੰਗਟਨ:** ਸੋਨੀ ਪਿਕਚਰਜ਼ ਐਂਟਰਟੇਨਮੈਂਟ ਉੱਤੇ ਸਾਈਬਰ ਹਮਲੇ ਕਾਰਨ ਅਮਰੀਕਾ ਨੇ ਉੱਤਰੀ ਕੋਰੀਆ ਤੇ ਇਸ ਦੇ ਸੀਨੀਅਰ ਅਧਿਕਾਰੀਆਂ ਖ਼ਿਲਾਫ਼ ਵਿੱਤੀ ਪਾਬੰਦੀਆਂ ਲਾ ਦਿੱਤੀਆਂ ਹਨ। ਪਾਬੰਦੀ ਦੇ ਇਨ੍ਹਾਂ ਹੁਕਮਾਂ ਉੱਤੇ ਰਾਸ਼ਟਰਪਤੀ ਨੇ ਦਸਤਖ਼ਤ ਕੀਤੇ। ਇਨ੍ਹਾਂ ਵਿਚ ਉੱਤਰੀ ਕੋਰੀਆ ਦੀਆਂ ਤਿੰਨ ਸੰਸਥਾਵਾਂ ਤੇ 10 ਵਿਅਕਤੀ ਸ਼ਾਮਲ ਹਨ।

ਵ੍ਹਾਈਟ ਹਾਊਸ ਦੇ ਪ੍ਰੈਸ ਸਕੱਤਰ ਜੋਸ਼ ਅਰਨੈਸਟ ਨੇ ਬਿਆਨ 'ਚ ਕਿਹਾ ਕਿ ਇਹ ਉੱਤਰੀ ਕੋਰੀਆ ਦੀਆਂ ਭੜਕਾਊ ਤੇ ਦੂਜੇ ਮੁਲਕਾਂ ਨੂੰ ਅਸਥਿਰ ਕਰਨ ਵਾਲੀਆਂ ਨੀਤੀਆਂ ਦਾ ਜਵਾਬ ਹੈ। ਵਿੱਤ ਮੰਤਰਾਲੇ ਨੇ ਫੌਰੀ ਤੌਰ 'ਤੇ ਉੱਤਰੀ ਕੋਰੀਆ ਦੀਆਂ ਰੀਕਨਸਾਇੰਸ ਜਨਰਲ ਬਿਊਰੋ, ਕੋਰੀਆ ਮਾਈਨਿੰਗ ਡਿਵੈਲਪਮੈਂਟ ਟਰੇਡਿੰਗ ਕਾਰਪੋਰੇਸ਼ਨ ਤੇ ਕੋਰੀਆ ਟੈਨਗਨ ਟਰੇਡਿੰਗ ਕਾਰਪੋਰੇਸ਼ਨ 'ਤੇ ਪਾਬੰਦੀ ਲਾ ਦਿੱਤੀ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545 London $250

To Advertise with Punjab Times Call: 847-359-0746

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

"Ask us about the...
AARP® Auto Insurance Program from The Hartford."



SATWANT SINGH

Call today for your FREE, no-obligation quote:

+1-408-771-2438

SATWANT SINGH: 2774 ABORN ROAD,
SAN JOSE, CA 95121
satwant@satwantins.com
www.satwantins.com
CA License# 0H11256

NOW AVAILABLE IN YOUR AREA!

Find out more about the Special Benefits of The Hartford's Program for AARP members and our Competitive Rates! You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through. -Satwant Singh!

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

107792 2nd Rev

ਪੰਜਾਬ ਟਾਈਮਜ਼

ਸਨਿਚਰਵਾਰ, 10 ਜਨਵਰੀ 2015

## ਮਘਿਆ ਅਖਾੜਾ ਪੰਜਾਬ

ਕਾਂਗਰਸ ਦੇ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਵਲੋਂ ਪਾਰਟੀ ਨੂੰ ਅਲਵਿਦਾ ਆਖਣ ਨਾਲ ਪੰਜਾਬ ਦੀ ਸਿਆਸੀ ਚੁੰਝ-ਚਰਚਾ ਵਿਚ ਫਿਰ ਉਛਾਲ ਆਇਆ ਹੈ। ਪੰਜਾਬ ਦੀ ਸਿਆਸਤ ਵਿਚ ਪਿਛਲੇ ਕਈ ਸਾਲਾਂ ਤੋਂ ਇਹ ਆਗੂ ਕੋਈ ਖਾਸ ਮਾਅਰਕਾ ਨਹੀਂ ਮਾਰ ਸਕਿਆ ਹੈ ਅਤੇ ਕਾਂਗਰਸੀ ਆਗੂਆਂ ਨੇ ਵੀ ਕਿਹਾ ਹੈ ਕਿ ਉਸ ਦੇ ਪਾਰਟੀ ਛੱਡਣ ਦਾ ਪਾਰਟੀ ਉਤੇ ਕੋਈ ਅਸਰ ਨਹੀਂ ਪਵੇਗਾ। ਇਹ ਗੱਲ ਹੈ ਵੀ ਠੀਕ। ਜਗਮੀਤ ਬਰਾੜ ਪੰਜਾਬ ਕਾਂਗਰਸ ਦੇ ਜਿਸ ਧੜੇ ਨਾਲ ਸਬੰਧਤ ਰਹੇ ਹਨ, ਉਸ ਦਾ ਪੰਜਾਬ ਦੀ ਸਿਆਸਤ ਵਿਚ ਹੁਣ ਕੋਈ ਬਹੁਤ ਰੋਲ ਹੈ ਵੀ ਨਹੀਂ ਸੀ। ਲੈ-ਦੇ ਕੇ ਇਕ ਕੈਪਟਨ ਅਮਰਿੰਦਰ ਸਿੰਘ ਹੀ ਹੈ ਜਿਸ ਦੁਆਲੇ ਅੱਜ ਵੀ ਪੰਜਾਬ ਕਾਂਗਰਸ ਦੀ ਸਿਆਸਤ ਘੁੰਮਦੀ ਹੈ ਅਤੇ ਪਾਰਟੀ ਹਾਈ ਕਮਾਨ ਵਿਚ ਵੀ ਉਸ ਦੀ ਕੁਝ-ਕੁਝ ਸੱਦ-ਪੁੱਛ ਹੈ। ਉਂਜ, ਜਗਮੀਤ ਬਰਾੜ ਦੀ ਕਾਂਗਰਸ ਨੂੰ ਅਲਵਿਦਾ ਇਕ ਹੋਰ ਨੁਕਤੇ ਕਰ ਕੇ ਅਹਿਮੀਅਤ ਹਾਸਲ ਕਰ ਗਈ ਹੈ। ਮੀਡੀਆ ਵਿਚ ਚਿਰਾਂ ਤੋਂ ਚਰਚਾ ਚੱਲ ਰਹੀ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਬਣਾਉਣ ਲਈ ਅਹੁਲ ਰਹੇ ਹਨ। ਕਾਂਗਰਸ ਨੂੰ ਅਲਵਿਦਾ ਕਹਿਣ ਲਈ ਸੱਦੀ ਪ੍ਰੈਸ ਕਾਨਫਰੰਸ ਮੌਕੇ ਵੀ ਉਸ ਵਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਕੀਤੀ ਤਾਰੀਫ ਨੇ ਸਿਆਸੀ ਹਲਕਿਆਂ ਵਿਚ ਚਰਚਾ ਛੇੜੀ ਹੈ। ਕਈ ਮਹੀਨਿਆਂ ਤੋਂ ਪੰਜਾਬ ਦੀ ਸਿਆਸਤ ਵਿਚ ਵਾਹਵਾ ਉਥਲ-ਪੁਥਲ ਹੋਈ ਹੈ ਅਤੇ ਇਸੇ ਕਰ ਕੇ ਸਰਗਰਮੀਆਂ ਵਿਚ ਵੀ ਚੋਖਾ ਵਾਧਾ ਹੋਇਆ। ਇਸ ਚਰਚਾ ਦੇ ਕੇਂਦਰ ਵਿਚ ਪੰਜਾਬ ਵਿਚ ਸੱਤਾਧਾਰੀ ਧਿਰਾਂ- ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਚੱਲ ਰਹੀ ਖਿੱਚੋਤਾਣ ਹੈ। ਆਏ ਦਿਨ ਇਨ੍ਹਾਂ ਦੋਹਾਂ ਪਾਰਟੀਆਂ ਵਿਚਕਾਰ ਦੂਰੀਆਂ ਵਧਦੀਆਂ ਜਾਪਦੀਆਂ ਹਨ। ਕੱਲ੍ਹ ਤੱਕ ਸਿਆਸੀ ਮਾਹਿਰਾਂ ਨੂੰ ਜਿਹੜੇ ਬਾਦਲ ਪਿਉ-ਪੁੱਤਰ ਅਜਿੱਤ ਜਿਹੇ ਜਾਪ ਰਹੇ ਸਨ, ਅੱਜ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕੀ ਜਾਪਦੀ ਹੈ। ਉਹ ਇਕ ਤੋਂ ਬਾਅਦ ਇਕ ਮਸਲੇ ਵਿਚ ਫਸਦੇ ਜਾ ਰਹੇ ਹਨ ਅਤੇ ਇਸ ਦੀ ਛੋਟੀ ਭਾਈਵਾਲ ਭਾਰਤੀ ਜਨਤਾ ਪਾਰਟੀ ਦਾ ਰੁਖ ਲਗਾਤਾਰ ਤਿੱਖਾ ਤੇ ਤੁਰਸ਼ ਹੋ ਰਿਹਾ ਹੈ। ਕੇਂਦਰ ਸਰਕਾਰ ਦੇ ਰੁੱਖੇ ਹੋਏ ਰੁਖ ਨੇ ਵੀ ਬਾਦਲਾਂ ਨੂੰ ਹਾਸ਼ੀਏ ਉਤੇ ਧੱਕਿਆ ਹੈ। ਕਿਸੇ ਨੇ ਚਿਤਵਿਆ ਨਹੀਂ ਸੀ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਸਿਆਸਤ ਵਿਚ ਇੰਨੀ ਵੱਡੀ ਛਾਲ ਲਾਉਣ ਦੇ ਸਮਰੱਥ ਹੋ ਸਕੇਗੀ। ਬਾਦਲ ਵੀ ਇਸ ਪਾਰਟੀ ਨੂੰ ਆਪਣੀ ਛੋਟੀ ਅਤੇ ਸਹਾਇਕ ਭਾਈਵਾਲ ਵਜੋਂ ਹੀ ਲੈ ਰਹੇ ਸਨ, ਪਰ ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਨੇ ਜਦੋਂ ਸਮੁੱਚੇ ਦੇਸ਼ ਵਿਚ ਪਾਸੇ ਪਲਟੇ, ਤਾਂ ਪੰਜਾਬ ਵੀ ਇਸ ਤੋਂ ਬਾਹਰ ਨਹੀਂ ਰਿਹਾ। ਲੋਕ ਸਭਾ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਮਾਂ-ਪਾਰਟੀ ਆਰ.ਐਸ.ਐਸ. ਦੇ ਰਵੱਈਏ ਨੇ ਸਾਫ ਕਰ ਦਿੱਤਾ ਕਿ ਭਾਰਤੀ ਜਨਤਾ ਪਾਰਟੀ ਹੁਣ ਪੰਜਾਬ ਵਿਚ ਵੱਡੀ ਭੂਮਿਕਾ ਨਿਭਾਉਣ ਲਈ ਖੰਭ ਤੋਲ ਰਹੀ ਹੈ।

ਲੋਕ ਸਭਾ ਚੋਣਾਂ ਵਿਚ ਕਿਸੇ ਨੇ ਵੀ ਭਾਰਤੀ ਜਨਤਾ ਪਾਰਟੀ ਦੀ ਇੰਨੀ ਵੱਡੀ ਜਿੱਤ ਬਾਰੇ ਸੋਚਿਆ ਤੱਕ ਨਹੀਂ ਸੀ, ਪਰ ਕਾਂਗਰਸ ਦੀ ਜੋ ਕਾਰਗੁਜ਼ਾਰੀ ਸੀ ਅਤੇ ਕਿਸੇ ਹੋਰ ਦਮਦਾਰ ਧਿਰ ਦੀ ਗੈਰ-ਹਾਜ਼ਰੀ ਦਾ ਸਿੱਧਾ ਫਾਇਦਾ ਭਾਰਤੀ ਜਨਤਾ ਪਾਰਟੀ ਨੂੰ ਹੋਇਆ। ਉਡਦੀ ਨਜ਼ਰੇ, ਪੰਜਾਬ ਦੇ ਹਾਲਾਤ ਵੀ ਇਸ ਤੋਂ ਕੋਈ ਵੱਖਰੇ ਨਹੀਂ। ਸੱਤਾਧਾਰੀ ਅਕਾਲੀ ਦਲ ਪਹਿਲਾਂ ਹੀ ਸੁਰੱਖਿਆਤਮਕ ਸਿਆਸਤ ਦੀ ਭੀੜੀ ਗਲੀ ਵਿਚ ਵੜ ਚੁੱਕਾ ਹੈ ਅਤੇ ਪੰਜਾਬ ਕਾਂਗਰਸ ਦੀ ਪਾਟੋਧਾੜ ਪਾਰਟੀ ਦੇ ਪੈਰ ਨਹੀਂ ਲੱਗਣ ਦੇ ਰਹੀ। ਆਮ ਆਦਮੀ ਪਾਰਟੀ (ਆਪ) ਪੰਜਾਬ ਵਿਚ ਜਿਸ ਢੰਗ ਨਾਲ ਉਭਰੀ ਸੀ, ਉਸ ਵੇਗ ਨਾਲ ਇਹ ਅਗਲਾ ਕਦਮ ਨਹੀਂ ਪੁੱਟ ਸਕੀ। ਪਾਰਟੀ ਨੂੰ ਪੰਜਾਬ ਵਿਚ ਵੱਡੇ ਪੱਧਰ ਉਤੇ ਹੁਲਾਰਾ ਤਾਂ ਮਿਲਿਆ, ਪਰ ਕੇਂਦਰੀ ਲੀਡਰਸ਼ਿਪ ਬਾਝੋਂ ਦਿਨਾਂ-ਮਹੀਨਿਆਂ ਵਿਚ ਹੀ ਸਿਆਸੀ ਦ੍ਰਿਸ਼ ਬਦਲ ਗਿਆ। ਉਂਜ, ਇਸ ਸਮੇਂ ਦੌਰਾਨ ਜੋ ਸਰਗਰਮੀ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਨੇ ਕੀਤੀ, ਉਸ ਨੇ ਪੰਜਾਬ ਦੀ ਸਿਆਸਤ ਵਿਚ ਮੁੱਢੋਂ-ਸੁੱਢੋਂ ਤਬਦੀਲੀ ਹੋਣ ਦੇ ਸੰਕੇਤ ਦੇਣੇ ਸ਼ੁਰੂ ਕੀਤੇ। ਧਰਮ ਤਬਦੀਲੀ ਦੇ ਮੁੱਦੇ ਨਾਲ ਇਹ ਸੰਕੇਤ ਸਿਖਰਾਂ ਵੱਲ ਵਧੇ। ਇਸ ਮੁੱਦੇ 'ਤੇ ਪੰਜਾਬ ਵਿਚ ਆਰ.ਐਸ.ਐਸ ਦਾ ਰਾਹ ਅਜੇ ਭਾਵੇਂ ਡੱਕਿਆ ਗਿਆ ਹੈ, ਪਰ ਜਿਸ ਤਰ੍ਹਾਂ ਦੀ ਤਿਆਰੀ ਇਨ੍ਹਾਂ ਜਥੇਬੰਦੀਆਂ ਨੇ ਪਿਛਲੇ ਸਮੇਂ ਦੌਰਾਨ ਕੀਤੀ ਹੈ ਅਤੇ ਹੁਣ ਜਿਸ ਤਰ੍ਹਾਂ ਦੀ ਰਣਨੀਤੀ ਘੜੀ ਹੈ, ਉਸ ਤੋਂ ਭੋਰਾ ਭਰ ਵੀ ਸ਼ੱਕ ਨਹੀਂ ਕਿ ਇਨ੍ਹਾਂ ਜਥੇਬੰਦੀਆਂ ਦੇ ਇਰਾਦੇ ਕੀ ਹਨ। ਇਹ ਜਥੇਬੰਦੀਆਂ ਪੰਜਾਬ ਦੇ ਸਿਆਸੀ ਖਲਾਅ ਭਰਨ ਅਤੇ ਖੜੋਤ ਤੋੜਨ ਦੇ ਹਿਸਾਬ ਨਾਲ ਆਪਣੀ ਸਰਗਰਮੀ ਚਲਾ ਰਹੀਆਂ ਹਨ। ਵਚਨਬੱਧ ਕਾਡਰ ਅਤੇ ਕੰਮ-ਕਾਰ ਦੀ ਇਨ੍ਹਾਂ ਕੋਲ ਕੋਈ ਤੋਟ ਨਹੀਂ। ਕੇਂਦਰੀ ਸੱਤਾ ਕਾਰਨ ਵੀ ਇਹ ਧਿਰਾਂ ਇਕ ਮਜ਼ਬੂਤ ਧਿਰ ਵਜੋਂ ਆਪਣੇ ਪੈਰ ਪਸਾਰ ਰਹੀਆਂ ਹਨ ਅਤੇ ਆਪਣੇ ਪ੍ਰਸਾਰ ਲਈ ਇਹ ਦੋ-ਧਾਰੀ ਹਥਿਆਰ ਵੀ ਵਰਤ ਰਹੀਆਂ ਹਨ। ਹਿੰਦੂਤਵੀ ਏਜੰਡੇ ਬਾਰੇ ਤਾਂ ਕਿਸੇ ਨੂੰ ਕੋਈ ਭੁਲੇਖਾ ਹੀ ਨਹੀਂ ਹੈ, ਨਾਲ ਹੀ ਵਿਕਾਸ ਤੇ ਸਾਫ ਸਿਆਸਤ ਦਾ ਪ੍ਰਚਾਰ ਵੱਡੇ ਪੱਧਰ ਉਤੇ ਕੀਤਾ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਹੋਰ ਪਾਰਟੀਆਂ ਦੇ ਨਾਰਾਜ਼ ਆਗੂਆਂ ਨੂੰ ਨਾਲ ਰਲਾਉਣਾ ਵੀ ਪਾਰਟੀ ਦੇ ਏਜੰਡੇ ਉਤੇ ਹੈ। ਹੋਰ ਸੂਬਿਆਂ ਵਿਚ ਇਹ ਤਜਰਬਾ ਇਸ ਪਾਰਟੀ ਨੇ ਬੜੀ ਕਾਮਯਾਬੀ ਨਾਲ ਕੀਤਾ ਹੈ। ਹੁਣ ਪੰਜਾਬ ਵਿਚ ਜਗਮੀਤ ਬਰਾੜ ਹੀ ਨਹੀਂ, ਕਈ ਹੋਰ ਕਹਿੰਦੇ-ਕਹਾਉਂਦੇ ਆਗੂਆਂ ਬਾਰੇ ਵੀ ਚਰਚਾ ਛਿੜੀ ਹੋਈ ਹੈ। ਪਾਰਟੀ ਪੰਜਾਬ ਵਿਚ ਅਜਿਹੇ ਸਿੱਖ ਆਗੂਆਂ ਦੀ ਭਾਲ ਵਿਚ ਨਿਕਲੀ ਹੋਈ ਹੈ ਤਾਂ ਕਿ ਪੇਂਡੂ ਖੇਤਰਾਂ ਵਿਚ ਵੀ ਆਧਾਰ ਵਧਾਇਆ ਜਾ ਸਕੇ। ਜ਼ਾਹਿਰ ਹੈ ਕਿ ਆਰ.ਐਸ.ਐਸ. ਨੇ ਹਮਲਾਵਰ ਰੁਖ ਦੇ ਨਾਲ-ਨਾਲ ਸਿਆਸੀ ਜੋੜ-ਤੋੜ ਵਾਲਾ ਫਰੰਟ ਵੀ ਬਾਕਾਇਦਾ ਖੋਲ੍ਹਿਆ ਹੋਇਆ ਹੈ। ਇਨ੍ਹਾਂ ਦੀ ਸਮਝ ਹੈ ਕਿ ਭਾਰਤ ਨੂੰ ਆਪਣੇ ਰੰਗ ਵਿਚ ਰੰਗਣ ਦਾ ਮੌਕਾ ਪਹਿਲੀ ਵਾਰ ਵੱਡੀ ਪੱਧਰ 'ਤੇ ਮਿਲਿਆ ਹੈ, ਇਸ ਨਿਸ਼ਾਨੇ ਦੀ ਪੂਰਤੀ ਲਈ ਹਰ ਢੰਗ-ਤਰੀਕਾ ਵਰਤਣਾ ਚਾਹੀਦਾ ਹੈ। ਇਸ ਹਾਲਤ ਵਿਚ ਹੁਣ ਉਨ੍ਹਾਂ ਧਿਰਾਂ ਲਈ ਪਰਖ ਦੀਆਂ ਘੜੀਆਂ ਹਨ ਜਿਹੜੀਆਂ ਇਨ੍ਹਾਂ ਜਥੇਬੰਦੀਆਂ ਦੀ ਸੌੜੀ ਅਤੇ ਸ਼ੈਤਾਨ ਸਿਆਸਤ ਨੂੰ ਰੱਦ ਕਰਦੀਆਂ ਰਹੀਆਂ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਹਾਲਾਤ-ਏ-ਹਾਜ਼ਰਾ ਚੋਣ ਨਿਸ਼ਾਨ!*

ਗਲੇ ਲਾਇਆ ਸੀ 'ਝਾੜੂ' ਪੰਜਾਬੀਆਂ ਨੇ, ਉਹ ਵੀ ਸਮੇਂ ਦੇ ਵੇਗ ਵਿਚ ਵਹਿ ਰਿਹਾ ਏ।
ਹੁਣ ਤੂੰ ਛੱਡ ਦੇ 'ਪੀ ਪੀ ਪੀ' ਡੋਰ ਮੇਰੀ, ਉਡਿਆ ਜਾਂਦਾ 'ਪਤੰਗ' ਇਉਂ ਕਹਿ ਰਿਹਾ ਏ।
'ਪੰਜਾ' ਆਪਣਿਆਂ ਹੱਥੋਂ ਹੀ ਤੰਗ ਹੋ ਕੇ, ਸੁਪਨੇ ਜਿੱਤਣ ਦੇ ਲੈਂਦਾ ਈ ਢਹਿ ਰਿਹਾ ਏ।
ਢੋਏ ਪਿੱਠ 'ਤੇ ਬੜੇ 'ਅਸਵਾਰ' ਉਸ ਨੇ, 'ਹਾਥੀ' ਥੱਕਿਆ ਆਖਰ ਨੂੰ ਬਹਿ ਰਿਹਾ ਏ।
ਦਾਤੀ ਅਤੇ ਹਥੌੜਿਆਂ 'ਸਿੱਟਿਆਂ' ਦਾ, ਜਾਦੂ ਕਿਰਤੀਆਂ ਦੇ ਦਿਲਾਂ 'ਚੋਂ ਲਹਿ ਰਿਹਾ ਏ।
ਭੁੱਲ ਚਾਲੀਆਂ ਸਾਲਾਂ ਦੀ ਦੋਸਤੀ ਨੂੰ, 'ਫੁੱਲ' 'ਤੱਕੜੀ' ਨਾਲ ਹੁਣ ਖਹਿ ਰਿਹਾ ਏ!

# ਸਾਂਗ ਦੀ ਸਿਆਸੀ ਨੁਮਾਇਸ਼ ਅਤੇ ਨਸ਼ਿਆਂ ਦੀ ਮਾਰ

ਪੰਜਾਬ ਵਿਚ ਨਸ਼ਿਆਂ ਦੀ ਮਾਰ ਦਾ ਪੁਖਤਾ ਅੰਦਾਜ਼ਾ ਲਗਾਉਣਾ ਔਖਾ ਹੈ। ਇਸ ਮਾਰ ਦੀਆਂ ਕਹਾਣੀਆਂ ਸਾਡੇ ਪਿੰਡਾਂ-ਸ਼ਹਿਰਾਂ, ਗੁਆਂਢ ਅਤੇ ਘਰਾਂ ਵਿਚ ਆਣ ਪੁੱਜੀਆਂ ਹਨ। ਕਿਸੇ ਠੋਸ ਅੰਕੜੇ ਤੋਂ ਬਿਨਾਂ ਹੀ ਇਸ ਮਾਰ ਦਾ ਅਹਿਸਾਸ ਹੋ ਜਾਂਦਾ ਹੈ। ਇਸ ਵੇਲੇ ਨਸ਼ਾ-ਮੁਕਤੀ ਮੁਹਿੰਮਾਂ ਅਤੇ ਨਸ਼ਾ-ਮੁਕਤੀ ਅਦਾਰਿਆਂ ਦੀ ਭਰੋਸੇਯੋਗਤਾ ਸ਼ੱਕ ਦੇ ਘੇਰੇ ਵਿਚ ਹੈ। ਮਰਜ਼ ਦੀ ਮਾਰ ਅਤੇ ਤਬੀਬ ਦੀ ਬਦਨੀਅਤ ਦਾ ਜਮ੍ਹਾਂਜੋੜ ਮੌਜੂਦਾ ਪੰਜਾਬ ਦਾ ਪੇਚੀਦਾ ਸੁਆਲ ਹੈ ਜਿਸ ਤੋਂ ਜ਼ਿਆਦਾਤਰ ਜ਼ਿੰਮੇਵਾਰ ਧਿਰਾਂ ਕੰਨੀ ਕਤਰਾ ਰਹੀਆਂ ਹਨ। ਪੰਜਾਬ ਦੀਆਂ ਸਿਆਸੀ ਪਾਰਟੀਆਂ ਨਸ਼ਿਆਂ ਦੇ ਧੰਦੇ ਨੂੰ ਬੰਦ ਕਰਵਾਉਣ ਨੂੰ ਅਹਿਮ ਸੁਆਲ ਬਣਾ ਰਹੀਆਂ ਹਨ। ਇਸ ਸੁਆਲ ਦੇ ਹਵਾਲੇ ਨਾਲ ਇੱਕ-ਦੂਜੇ ਉਤੇ ਟਿੱਪਣੀਆਂ ਕਰਦੀਆਂ ਸਿਆਸੀ ਪਾਰਟੀਆਂ ਦੇ ਕਾਰਗੁਜ਼ਾਰੀ ਪੱਖੋਂ ਕੁਝ ਵੀ ਪੱਲੇ ਨਹੀਂ ਹੈ।



ਸੁਆਲ-ਸੰਵਾਦ
ਦਲਜੀਤ ਅਮੀ
ਫੋਨ: 91-97811-21873

ਸਿਆਸੀ ਪਾਰਟੀਆਂ ਦੀ ਸਰਪ੍ਰਸਤੀ ਅਤੇ ਪੁਲਿਸ-ਪ੍ਰਸ਼ਾਸਨ ਦੀ ਮਿਲੀਭੁਗਤ ਤੋਂ ਬਿਨਾਂ ਨਸ਼ਿਆਂ ਦਾ ਕਾਰੋਬਾਰ ਨਹੀਂ ਹੋ ਸਕਦਾ। ਇਹ ਦਾਅਵੇਦਾਰੀ ਕਰਨ ਲਈ ਕੋਈ ਮਾਹਰ ਹੋਣ ਦੀ ਲੋੜ ਨਹੀਂ। ਸਿਆਸਤਦਾਨਾਂ ਖਿਲਾਫ ਕੋਈ ਵੀ ਗੈਰ-ਸਮਾਜਕ ਇਲਜ਼ਾਮ ਲੋਕਾਂ ਨੂੰ ਜਚ ਜਾਂਦਾ ਹੈ। ਲੋਕਾਈ ਪੁਲਿਸ-ਪ੍ਰਸ਼ਾਸਨ ਦੀ ਕਾਰਗੁਜ਼ਾਰੀ ਉਤੇ ਕੀਤੇ ਹਰ ਸੁਆਲ ਬਾਰੇ ਯਕੀਨ ਕਰਨ ਨੂੰ ਤਿਆਰ ਹੈ।

ਇਸ ਹਾਲਤ ਦਾ ਇੱਕ ਸਿਰਾ ਜੇ ਆਵਾਮ ਦੀ ਸਨਕ ਨਾਲ ਜੁੜਦਾ ਹੈ, ਤਾਂ ਦੁਸ਼ਵਾਰੀਆਂ ਨਾਲ ਵੀ ਜੁੜਦਾ ਹੈ। ਦੂਜਾ ਸਿਰਾ ਸਿਆਸਤਦਾਨਾਂ ਅਤੇ ਪੁਲਿਸ-ਪ੍ਰਸ਼ਾਸਨ ਦੀ ਕਾਰਗੁਜ਼ਾਰੀ ਦੀ ਮਿਆਰੀ ਤਸਦੀਕ ਨਾਲ ਜੁੜਦਾ ਹੈ। ਇਨ੍ਹਾਂ ਹਾਲਾਤ ਵਿਚ ਪੰਜਾਬ ਵਿਚ ਨਸ਼ਿਆਂ ਦੀ ਮਾਰ ਜਾਰੀ ਹੈ। ਠੀਕਰਾ ਸਿਆਸਤਦਾਨਾਂ ਅਤੇ ਪੁਲਿਸ-ਪ੍ਰਸ਼ਾਸਨ ਸਿਰ ਭੰਨਿਆ ਜਾ ਰਿਹਾ ਹੈ। ਜਦੋਂ ਇਹ ਨਿਚੋੜ ਕੱਢਿਆ ਜਾਂਦਾ ਹੈ, ਤਾਂ ਮੰਨ ਲਿਆ ਜਾਂਦਾ ਹੈ ਕਿ ਪੰਜਾਬੀ ਭੇਡਾਂ ਹਨ ਜਿਨ੍ਹਾਂ ਨੂੰ ਸਿਆਸੀ ਪਾਰਟੀਆਂ ਅਤੇ ਇੰਤਜ਼ਾਮੀਆ ਰਲ ਕੇ ਤਸਕਰਾਂ ਰਾਹੀਂ ਨਸ਼ਿਆਂ ਦਾ ਚਾਰਾ ਚਾਰ ਰਹੇ ਹਨ। ਜੇ ਇਹ ਸੱਚ ਹੈ ਤਾਂ ਫਿਰ ਨਸ਼ਿਆਂ ਦੀ ਮਾਰ ਦਾ ਸੁਆਲ ਕਿੱਥੋਂ ਆ ਰਿਹਾ ਹੈ ਤੇ ਇਸ ਨੂੰ ਮੁਖਾਤਬ ਹੋਣਾ ਮੁਨਾਫਾਖੋਰਾਂ ਲਈ ਮਜਬੂਰੀ ਕਿਉਂ ਬਣ ਰਿਹਾ ਹੈ?

ਸਿਆਸੀ ਪਾਰਟੀਆਂ ਲਈ ਨਸ਼ਿਆਂ ਦੇ ਖਿਲਾਫ ਬੋਲਣਾ ਮਜਬੂਰੀ ਕਿਉਂ ਬਣਦਾ ਹੈ? ਇੰਤਜ਼ਾਮੀਆ ਲਈ ਨਸ਼ਿਆਂ ਨੂੰ ਰੋਕਣ ਦੀ ਮਸ਼ਕ ਕਰਨਾ ਕਿਉਂ ਜ਼ਰੂਰੀ ਹੋ ਜਾਂਦਾ ਹੈ? ਜੇ ਇਹ ਸੁਆਲ ਘੁੰਮ ਕੇ ਭੋਲੇ-ਮਜੀਠੀਆ ਲਾਣੇ ਤੱਕ ਮਹਿਦੂਦ ਹੋ ਜਾਵੇਗਾ, ਤਾਂ ਅਸੀਂ ਪਹਿਲਾਂ ਕੱਢੇ ਨਿਚੋੜ ਉਤੇ ਹੀ ਪਹੁੰਚ ਜਾਵਾਂਗੇ। ਬੁਨਿਆਦੀ ਸੁਆਲ ਨਸ਼ਿਆਂ ਦੇ ਕਾਰੋਬਾਰ ਦਾ ਨਹੀਂ ਹੈ, ਸਗੋਂ ਪੰਜਾਬੀ ਬੰਦੇ ਅੰਦਰ ਪੈਦੀ ਖੋਅ ਦਾ ਹੈ, ਪੰਜਾਬੀ ਬੰਦੇ ਨੂੰ ਲੱਗੀ ਔਂਚਵੀ ਦਾ ਹੈ। ਕੀ ਪੰਜਾਬੀ ਬੰਦੇ ਉਤੇ ਦਾਅਵੇਦਾਰੀ ਸਿਰਫ ਸਿਆਸਤਦਾਨਾਂ ਅਤੇ ਇੰਤਜ਼ਾਮੀਆ ਦੀ ਹੈ? ਜੇ ਪੰਜਾਬੀ ਬੰਦੇ ਉਤੇ ਦਾਅਵੇਦਾਰੀ ਸਿਰਫ ਇਨ੍ਹਾਂ ਦੀ ਹੀ ਹੈ, ਤਾਂ ਨਸ਼ਿਆਂ ਦੀ ਮਾਰ ਨੂੰ ਨਿਆਮਤ ਕਿਹਾ ਜਾਣਾ ਚਾਹੀਦਾ ਹੈ। ਇਨ੍ਹਾਂ ਹਾਲਾਤ ਵਿਚ ਨਸ਼ੇ ਕਰਨ ਨੂੰ ਆਜ਼ਾਦੀ ਮੰਨਿਆ ਜਾਣਾ ਚਾਹੀਦਾ ਹੈ। ਨਸ਼ੇ ਕਰ ਕੇ ਘਰ-ਵਾਰ ਵੇਚਣ ਨੂੰ ਵੀ ਆਜ਼ਾਦੀ ਮੰਨਿਆ ਜਾਣਾ ਚਾਹੀਦਾ ਹੈ। ਨਸ਼ੇ ਕਰ ਕੇ ਜਾਂ ਕਰਨ ਲਈ ਕੁੱਟ-ਮਾਰ ਅਤੇ ਲੁੱਟ-ਖੋਹ ਕਰਨ ਨੂੰ ਵੀ ਆਜ਼ਾਦੀ ਮੰਨਿਆ ਜਾਣਾ ਚਾਹੀਦਾ ਹੈ। ਨਸ਼ਿਆਂ ਦੀ ਨਿਆਮਤ ਵਿਚ ਜੋਬਨ ਉਮਰੇ ਮਰਨ ਵਾਲਿਆਂ ਨੂੰ ਸ਼ਹੀਦ ਕਰਾਰ ਦਿੱਤਾ ਜਾਣਾ ਚਾਹੀਦਾ ਹੈ। ਇਨ੍ਹਾਂ ਆਜ਼ਾਦੀਆਂ ਦੀ ਫਹਿਰਿਸਤ ਹੋਰ ਵੀ ਲੰਮੀ ਹੋ ਸਕਦੀ ਹੈ।

ਪੰਜਾਬੀ ਬੰਦੇ ਉਤੇ ਨਿੱਘ, ਪਿਆਰ, ਇਲਮ, ਇਬਾਦਤ, ਅਦਬ, ਸਿਦਕ-ਸਦਾਕਤ, ਸਲੀਕੇ ਅਤੇ ਜਗਿਆਸਾ ਦੇ ਹਵਾਲੇ ਨਾਲ ਦਾਅਵੇਦਾਰੀ ਕਿਸ ਦੀ ਹੈ? ਪੰਜਾਬੀ ਬੰਦੇ ਨੂੰ ਦਰਦਮੰਦ, ਸਿਦਕਦਿਲ, ਗਿਆਨਵਾਨ ਅਤੇ ਜਗਿਆਸੂ ਵਜੋਂ ਕੌਣ ਪਛਾਣਦਾ ਹੈ? ਕੌਣ ਪੰਜਾਬੀ ਬੰਦੇ ਲਈ ਮਨੁੱਖੀ ਬੁਲੰਦੀ ਅਤੇ ਖੁਦਮੁਖਤਿਆਰੀ ਦੇ ਸੁਫ਼ਨੇ ਵੇਖਦਾ ਹੈ? ਕੌਣ ਪੰਜਾਬੀ ਬੰਦੇ ਦਾ ਢਿੱਡ ਅਤੇ ਸਿਰ ਉਸੇ ਦੇ ਹਵਾਲੇ ਕਰਨ ਨੂੰ ਅਹਿਮ ਸੁਆਲ ਮੰਨਦਾ ਹੈ? ਕੌਣ ਪੰਜਾਬੀ ਬੰਦੇ ਨੂੰ ਸ਼ਰਧਾ ਅਤੇ ਬੇਬਿਸਾਹੀ ਦੇ ਘੇਰੇ ਵਿਚੋਂ ਕੱਢ ਕੇ ਦਲੀਲ ਦੇ ਰਾਹੇ ਤੋਰਨ ਦੀ ਹਾਮੀ ਭਰਦਾ ਹੈ? ਕੌਣ ਪੰਜਾਬੀ ਬੰਦੇ ਨੂੰ ਇੱਜ਼ਤਦਾਰ ਆਲਮੀ ਸ਼ਹਿਰੀ ਦਾ ਦਰਜਾ ਕਮਾਉਣ ਵਾਲੇ ਪਾਸੇ ਲਗਾਉਣਾ ਚਾਹੁੰਦਾ ਹੈ?

ਇਨ੍ਹਾਂ ਸੁਆਲਾਂ ਨੂੰ ਮੁਖਾਤਬ ਹੋਣ ਦੇ ਵਾਅਦੇ ਨਾਲ ਉਸਾਰੇ ਗਏ ਅਦਾਰੇ ਹਨ। ਇਨ੍ਹਾਂ ਸੁਆਲਾਂ ਨੂੰ ਮੁਖਾਤਬ ਹੋਣ ਦੀ ਲੋੜ ਨਾਲ ਜੁੜੀਆਂ ਜਥੇਬੰਦੀਆਂ ਹਨ। ਨਸ਼ਿਆਂ ਦੀ ਮਾਰ ਦੇ ਹਵਾਲੇ ਨਾਲ ਇਨ੍ਹਾਂ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਪੜਚੋਲ ਕਰਨੀ ਬਣਦੀ ਹੈ। ਇਨ੍ਹਾਂ ਅਦਾਰਿਆਂ ਨੇ ਆਪਣੇ ਵਾਅਦੇ ਨੂੰ ਵਸੀਹ ਕਰਨ ਦੀ ਥਾਂ ਨੌਕਰੀਆਂ, ਤਰੱਕੀਆਂ, ਵਜ਼ੀਫ਼ਿਆਂ, ਸਨਮਾਨਾਂ ਅਤੇ ਅਹੁਦਿਆਂ ਤੱਕ ਮਹਿਦੂਦ ਕਰ ਲਿਆ ਹੈ। ਪੰਜਾਬੀ ਬੰਦੇ ਦੀ ਬਦਹਾਲੀ ਦੇ ਸੁਆਲ ਦੇ ਜੁਆਬ ਵਿਚ ਇਨ੍ਹਾਂ ਨੇ ਅੰਕੜਿਆਂ ਦੇ ਕਾਰਖਾਨੇ ਲਗਾ ਦਿੱਤੇ ਹਨ। ਜ਼ਿਆਦਾ ਖੁਦਕੁਸ਼ੀਆਂ ਦਰਜ ਕਰਨ ਵਾਲਾ ਅਧਿਐਨ ਵੱਡਾ ਹੋ ਗਿਆ ਹੈ। ਪੰਜਾਬੀ ਬੰਦੇ ਉਤੇ ਪਈ ਗੁਰਬਤ ਅਤੇ ਨਸ਼ਿਆਂ ਦੀ ਮਾਰ ਨੂੰ ਵਡੇਰਾ ਦਰਸਾਉਣ ਵਾਲਾ ਅਧਿਐਨ ਜ਼ਿਆਦਾ ਅਹਿਮ ਹੋ ਗਿਆ ਹੈ। ਪੰਜਾਬੀ ਬੰਦੇ ਦਾ ਉਦਮੀ ਖਾਸਾ ਪੰਜਾਬ ਵਿਚ ਸਾਧਨਾਂ ਅਤੇ ਪਹਿਲਕਦਮੀਆਂ ਦੀ ਤੋਟ ਦਾ ਸ਼ਿਕਾਰ ਹੈ, ਪਰ ਪਰਵਾਸ ਲਈ ਸਾਧਨ ਅਤੇ ਪਹਿਲਕਦਮੀਆਂ ਅਤੁੱਟ ਕਿਵੇਂ ਹਨ? ਖੇਤੀ ਘਾਟੇ ਦਾ ਸੌਦਾ ਹੈ ਪਰ ਠੇਕਾ ਹਰ ਸਾਲ ਕਿਉਂ ਵਧੀ ਜਾਂਦਾ ਹੈ? ਸਿੱਖਿਆ ਦੇ ਅਦਾਰਿਆਂ ਨੂੰ 'ਮਿਆਰ' ਦੇ ਸਨਮਾਨ ਮਿਲ ਰਹੇ ਹਨ, ਪਰ ਵਿਦਿਆਰਥੀਆਂ ਅਤੇ ਖੋਜ ਦਾ ਮਿਆਰ ਨੀਵਾਂ ਕਿਵੇਂ ਹੋ ਰਿਹਾ ਹੈ? ਮਾਂ-ਬੋਲੀ ਦੇ ਸੇਵਕਾਂ ਦੀ ਗਿਣਤੀ ਅਤੇ ਬੋਲੀ ਵਿਚ ਕੋਕੜੂਆਂ ਦੀ ਗਿਣਤੀ ਇੱਕੋ ਵੇਲੇ ਕਿਵੇਂ ਵਧ ਰਹੀ ਹੈ? ਅਦਾਰਿਆਂ ਦੇ ਹਵਾਲੇ ਨਾਲ ਇਨ੍ਹਾਂ ਸੁਆਲਾਂ ਦੀ ਫਹਿਰਿਸਤ ਹੋਰ ਵੀ ਲੰਮੀ ਹੋ ਸਕਦੀ ਹੈ।

ਇਨ੍ਹਾਂ ਅਦਾਰਿਆਂ ਦੀ ਦਲੀਲ ਦਾ ਸਿਆਸਤਦਾਨਾਂ ਅਤੇ ਇੰਤਜ਼ਾਮੀਆ ਨਾਲ ਸਿੱਧਾ ਰਿਸ਼ਤਾ ਬਣਦਾ ਹੈ। ਇਹ ਰਲ ਕੇ ਪੰਜਾਬੀ ਬੰਦੇ ਨੂੰ ਹਿੰਦਸੇ ਤੱਕ ਮਹਿਦੂਦ ਕਰਦੇ ਹਨ। ਇਨ੍ਹਾਂ ਦੀ ਪੰਜਾਬੀ ਬੰਦੇ ਦੀ ਰੂਹ ਵਿਚ ਦਿਲਚਸਪੀ ਹੀ ਨਹੀਂ ਜੋ ਇਨ੍ਹਾਂ ਦੀ ਚੱਟੀ ਬਣੀ ਹੋਈ ਹੈ। ਇਨ੍ਹਾਂ ਨੇ ਦਲੀਲ ਨੂੰ 'ਜੀ-ਹਜ਼ੂਰੀ' ਦੇ ਰਾਹੇ ਤੋਰ ਕੇ ਪੰਜਾਬੀ ਬੰਦੇ ਨਾਲ ਧਰੋਹ ਕਮਾਇਆ ਹੈ। ਜਗਿਆਸਾ ਨੂੰ ਜ਼ਲੀਲ ਕੀਤਾ ਹੈ। ਆਪਣੀਆਂ ਕਮਾਈਆਂ ਅਤੇ ਧੀਆਂ-ਪੁੱਤਰਾਂ ਨੂੰ ਪਰਦੇਸੀਂ ਮਹਿਫ਼ੂਜ਼ ਕੀਤਾ ਹੈ ਅਤੇ ਮੁਲਕ ਚੌਧਰਾਂ ਲਈ ਰਾਖਵਾਂ ਕਰ ਲਿਆ ਹੈ। ਮੁਲਖ ਨੂੰ ਭੇਡਾਂ ਬਣਾਉਣ ਦੀ ਚਾਲ ਇਨ੍ਹਾਂ ਰਾਹੀਂ ਪ੍ਰਵਾਣ ਚੜ੍ਹੀ ਹੈ। ਖੁੱਲ੍ਹੀ ਮੰਡੀ ਦਾ ਆਪਹੁਦਰਾਪਣ ਇਸੇ ਤਬਕੇ ਰਾਹੀਂ ਕਾਰੀ ਕੋਹਜ ਤੋਂ ਵਰਦਾਨ ਦਾ ਰੁਤਬਾ ਹਾਸਲ ਕਰ ਸਕਿਆ ਹੈ ਜਿਸ ਦੇ ਕਸੀਦੇ 'ਪੰਜਾਬੀਆਂ ਦੀ ਸ਼ਾਨ ਵੱਖਰੀ' ਅਤੇ 'ਸਭਿਆਚਾਰ ਦੇ ਸੇਵਕ' ਗਾਉਂਦੇ ਹਨ। ਸਿਆਸਤਦਾਨਾਂ ਅਤੇ ਇੰਤਜ਼ਾਮੀਆ ਦੀ ਪੜਚੋਲ ਕਰਨ ਦੇ ਵਾਅਦੇ ਨਾਲ ਉਸਰਿਆ ਇਹ ਤਬਕਾ 'ਚੋਰਾਂ ਨਾਲ ਰਲ' ਗਿਆ ਹੈ, ਪਰ ਇਨ੍ਹਾਂ ਦੀ ਵਾਅਦਾ-ਫਰੋਸ਼ੀ ਸੰਵਾਦ ਦੇ ਘੇਰੇ ਵਿਚ ਨਹੀਂ ਆਈ। ਖ਼ਬਰਸਾਰ ਲੈਣ ਵਾਲੇ ਖ਼ਬਰਾਂ ਵਿਚੋਂ ਇਸ਼ਤਿਹਾਰ ਦੀ ਭਾਲ ਵਿਚ ਲੱਗੇ ਹੋਏ ਹਨ ਪਰ 'ਪੰਜਾਬ ਦੀ ਆਵਾਜ਼' ਹੋਣ ਦਾ ਫੱਟਾ ਉਨ੍ਹਾਂ ਦੀਆਂ ਦੁਕਾਨਾਂ ਉਤੇ ਸਜਿਆ ਹੋਇਆ ਹੈ।

ਇਬਾਦਤ ਦੇ ਹਵਾਲੇ ਨਾਲ ਬੰਦੇ ਨਾਲ ਸੰਵਾਦ ਦਾ ਵਾਅਦਾ ਕਰਨ ਵਾਲੇ ਅਦਾਰੇ ਪ੍ਰਬੰਧ ਦੇ ਨਾਮ ਉਤੇ ਸਿਆਸਤ ਹੇਠ ਲੱਗ ਗਏ ਹਨ। ਇਨ੍ਹਾਂ ਨੇ ਸ਼ਬਦ ਨੂੰ ਅਰਥ ਤੱਕ ਪਹੁੰਚਣ ਨਹੀਂ ਦਿੱਤਾ। ਸ਼ਬਦਾਂ ਦੇ ਸ਼ੋਰ ਵਿਚ ਬੰਦਾ ਆਪਣੀ ਜ਼ਿੰਦਗੀ ਦੀ ਅਰਥ ਕਿੱਥੋਂ ਭਾਲੇ? ਇਨ੍ਹਾਂ ਨੇ ਆਪਣਾ ਘੇਰਾ 'ਮੱਥਾ ਟਿਕਾਉਣ', 'ਨੱਕ ਰਗੜਾਉਣ' ਅਤੇ 'ਸੁੱਖਾਂ ਪੂਰੀਆਂ' ਕਰਨ ਤੱਕ ਮਹਿਦੂਦ ਕਰ ਲਿਆ ਹੈ। ਨਸ਼ੇ ਕਰਨ ਵਾਲਾ ਬੰਦਾ ਵੀ ਨੱਕ ਰਗੜਨ ਅਤੇ ਸੁੱਖ ਮਾਨਣ ਵਿਚ ਲੱਗਿਆ ਹੋਇਆ ਹੈ। ਉਸ ਕੋਲ ਘੱਟੋ-ਘੱਟ ਇਹੋ ਕੰਮ ਆਪਣੀ ਮਰਜ਼ੀ ਨਾਲ ਕਰਨ ਦੀ ਹਉਮੈ ਤਾਂ ਬਚੀ ਹੋਈ ਹੈ।

ਇਸ ਦੌਰ ਵਿਚ ਸਿਦਕਦਿਲੀ ਜਾਂ ਬੰਦਿਆਈ ਦੇ ਸੁਆਲ ਪੁੱਛਣ ਵਾਲੇ ਜੀਆਂ, ਅਦਾਰਿਆਂ ਜਾਂ ਜਥੇਬੰਦੀਆਂ ਨੂੰ ਅਖ਼ਤਿਆਰਾਂ (ਕਾਨੂੰਨਾਂ) ਦੇ ਹਵਾਲੇ ਨਾਲ ਘੇਰਿਆ ਜਾਂਦਾ ਹੈ। ਮਨੁੱਖੀ ਬੁਲੰਦੀ ਤੋਂ ਲੈ ਕੇ ਮਨੁੱਖੀ ਖੁਦਮੁਖਤਿਆਰੀ ਅਤੇ ਨੈਤਿਕਤਾ ਦੇ ਸੁਆਲ ਅਖ਼ਤਿਆਰਾਂ ਦੇ ਘੇਰੇ ਵਿਚ ਨਹੀਂ ਆਉਂਦੇ। ਕਾਨੂੰਨਾਂ ਦੀਆਂ ਨਵੀਆਂ ਸੋਧਾਂ ਇਸੇ ਰੁਝਾਨ ਨੂੰ ਮਜ਼ਬੂਤ ਕਰ ਰਹੀਆਂ ਹਨ। ਕਾਨੂੰਨ ਦੇ ਘੇਰੇ ਤੋਂ ਬਾਹਰਲੀ ਗੱਲ ਗੈਰ-ਕਾਨੂੰਨੀ ਹੈ ਅਤੇ ਕਾਨੂੰਨ ਦਾ ਘੇਰਾ ਲਗਾਤਾਰ ਤੰਗ ਹੋ ਰਿਹਾ ਹੈ। ਸਰਕਾਰ ਜਦੋਂ ਨਿੱਜੀ ਉਦਮੀਆਂ ਦੀ ਕਾਰਗੁਜ਼ਾਰੀ ਨੂੰ ਆਪਣੀਆਂ ਪ੍ਰਾਪਤੀਆਂ ਵਜੋਂ ਪੇਸ਼ ਕਰਦੀ ਹੈ ਤਾਂ ਸਮਾਜਕ ਪ੍ਰਾਪਤੀ ਦੀ ਧਾਰਨਾ ਹੀ ਬੇਮਾਅਨਾ ਹੋ ਜਾਂਦੀ ਹੈ। ਜਦੋਂ ਖੁਦਗਰਜ਼ੀ ਸਰਕਾਰੀ ਪ੍ਰਾਪਤੀ ਹੋ ਸਕਦੀ ਹੈ ਤਾਂ ਕੋਈ ਸਮਾਜ ਨੂੰ ਮੁਖਾਤਬ ਕਿਉਂ ਹੋਵੇ? ਜੇ ਕੋਈ ਜਥੇਬੰਦੀ ਇਨ੍ਹਾਂ ਸੁਆਲਾਂ ਨੂੰ ਮੁਖਾਤਬ ਹੁੰਦੀ ਹੈ ਤਾਂ ਉਸ ਦੇ ਆਗੂਆਂ ਦੀਆਂ ਜੇਲ੍ਹ ਯਾਤਰਾਵਾਂ, ਪੇਸ਼ੀਆਂ ਅਤੇ ਨਿਗਰਾਨੀਆਂ ਦੀ ਗਿਣਤੀ ਮੰਤਰੀਆਂ ਦੀਆਂ ਜਾਇਦਾਦਾਂ ਦੀ ਰਫ਼ਤਾਰ ਨਾਲ ਵਧ ਜਾਂਦੀ ਹੈ।

ਜੇ ਹਾਲਾਤ ਇਸ ਹੱਦ ਤੱਕ ਨਾ-ਸਾਜ਼ ਹਨ ਤਾਂ ਸਿਆਸਤਦਾਨਾਂ ਦੀ ਕੀ ਮਜਬੂਰੀ ਬਣਦੀ ਹੈ? ਇਸੇ ਦੌਰ ਵਿਚ ਕੁਝ ਆਵਾਜ਼ਾਂ ਹਨ ਜੋ ਮਨੁੱਖ ਨੂੰ ਮਨੁੱਖ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਦੇ ਸੁਫ਼ਨੇ ਦਿਖਾਉਂਦੀਆਂ ਹਨ; ਜੋ ਮਨੁੱਖੀ ਬੁਲੰਦੀ ਅਤੇ ਸ਼ਾਨ ਨੂੰ ਮਨੁੱਖ ਦਾ ਜਨਮ-ਸਿੱਧ ਅਧਿਕਾਰ ਮੰਨਦੀਆਂ ਹਨ। ਇਹੋ ਆਵਾਜ਼ਾਂ ਸਰਕਾਰਾਂ, ਸਿਆਸਤਦਾਨਾਂ ਅਤੇ ਇੰਤਜ਼ਾਮੀਆ ਦੀ ਮਜਬੂਰੀ ਬਣਦੀਆਂ ਹਨ। ਨਸ਼ਿਆਂ ਦੇ ਮਾਮਲੇ ਵਿਚ ਇਹ ਮਜਬੂਰੀ ਕਾਰੋਬਾਰ ਨੂੰ ਰੋਕਣ ਤੱਕ ਮਹਿਦੂਦ ਹੈ। ਕਾਰੋਬਾਰ ਨੂੰ ਰੋਕਣ ਬਾਬਤ ਇਨ੍ਹਾਂ ਦੀ ਸੰਜੀਦਗੀ ਸ਼ੱਕ ਦੇ ਘੇਰੇ ਵਿਚ ਹੈ ਪਰ ਸੁਆਲ ਇਸ ਤੋਂ ਬਿਨਾਂ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਜਿਨ੍ਹਾਂ ਨੂੰ ਨਸ਼ਿਆਂ ਦੀ ਤੋੜ ਲੱਗੀ ਹੈ ਅਤੇ ਜੋ ਤੋੜ ਵਿਚ ਨਿਘਾਰ ਦੀ ਹਰ ਹੱਦ ਲੰਘਣ ਨੂੰ ਤਿਆਰ ਹਨ, ਉਨ੍ਹਾਂ ਨੂੰ ਵਿਦੇਸ਼ੀ ਨਹੀਂ ਤਾਂ ਦੇਸੀ ਨਸ਼ਾ ਮਿਲ ਜਾਏਗਾ। ਅਨਾਥ ਹੋਏ ਪੰਜਾਬੀ ਬੰਦੇ ਨੂੰ ਕਾਨੂੰਨਾਂ ਜਾਂ ਪ੍ਰਬੰਧਾਂ ਦੇ ਸੰਗਲਾਂ ਨੇ ਰੋਕ ਨਹੀਂ ਸਕਣਾ। ਖਾਨਾਜੰਗੀ ਦਾ ਸ਼ਿਕਾਰ ਬੰਦਾ ਆਪਣੇ ਆਪ ਨੂੰ ਨਸ਼ਿਆਂ ਅਤੇ ਆਪਣੇ ਨਜ਼ਦੀਕੀਆਂ ਤੋਂ ਬੇਗਾਨਿਆਂ ਤੱਕ ਸਾਰੇ ਸਮਕਾਲੀਆਂ ਨੂੰ ਹਿੰਸਾ ਦੇ ਹਵਾਲੇ ਕਰਦਾ ਹੈ। ਬੇਰੂਹ ਬੰਦਾ ਜਿਸਮ ਦੀਆਂ ਤਕਲੀਫ਼ਾਂ ਤੋਂ ਕਦੋਂ ਡਰਿਆ ਹੈ?

ਜੇ ਇਹ ਬੰਦਾ ਦਰਦਮੰਦੀ, ਸਿਦਕਦਿਲੀ, ਜਗਿਆਸਾ, ਗਿਆਨ, ਵਿਗਿਆਨ ਅਤੇ ਕਲਾ ਦੇ ਸਮੁੰਦਰ ਵਿਚ ਗੋਤਾ ਲਗਾ ਲਵੇ ਤਾਂ ਇਸ ਨੂੰ ਆਪਣੀ ਸ਼ਾਨ ਦਾ ਅਹਿਸਾਸ ਹੋ ਸਕਦਾ ਹੈ। ਇਹ ਪਿਆਰ ਦੇ ਹਵਾਲੇ ਨਾਲ ਇਜ਼ਹਾਰ, ਇਕਰਾਰ ਅਤੇ ਇਨਕਾਰ ਦੀ ਬੋਲੀ ਸਿੱਖ ਸਕਦਾ ਹੈ। ਮਨੁੱਖੀ ਬੁਲੰਦੀ ਅਤੇ ਖੁਦਮੁਖਤਿਆਰ ਰੁਤਬਾ ਇਸ ਦੇ ਟੀਚੇ ਹੋ ਸਕਦੇ ਹਨ। ਜਦੋਂ ਇਹ ਬੰਦਾ ਆਪਣੇ ਟੀਚਿਆਂ ਅਤੇ ਹਾਲਾਤ ਵਿਚਲੇ ਪਾੜੇ ਬਾਰੇ ਸੁਆਲ ਪੁੱਛੇਗਾ ਤਾਂ ਇਹੋ ਸਿਆਸਤਦਾਨ ਅਤੇ ਇੰਤਜ਼ਾਮੀਆ 'ਅਮਨ-ਕਾਨੂੰਨ' ਦੀ ਰਾਖੀ ਲਈ ਉਹ ਖ਼ੂਨ ਵਹਾਉਣ ਤੱਕ ਜਾਏਗਾ ਜਿਸ ਨੂੰ ਸੁਕਾਉਣ ਤੋਂ ਇਹ ਕਦੇ ਨਹੀਂ ਝਿਜਕਦਾ।

ਨਸ਼ਿਆਂ ਖਿਲਾਫ ਰੈਲੀਆਂ ਨੂੰ ਜਾਂਦੀਆਂ ਗੱਡੀਆਂ, ਬੱਸਾਂ, ਕਾਰਾਂ ਵਿਚ ਜੋ ਹੋ ਰਿਹਾ ਹੈ; ਉਹ ਪੰਜਾਬ ਦਾ ਮਸਲਾ ਹੈ। ਜਿਸ ਮਾਰ ਤੋਂ ਪੰਜਾਬ ਨੂੰ ਬਚਾਉਣ ਲਈ ਸਿਆਸਤਦਾਨ ਦੁਹਾਈ ਦੇ ਰਹੇ ਹਨ; ਪੰਜਾਬੀ ਬੰਦਾ ਉਸੇ ਮਾਰ ਵਿਚ ਮੰਤਰ-ਮੁਗਧ ਹੋਇਆ ਉਸ ਦੇ ਸਾਹਮਣੇ ਬੈਠਾ ਹੈ। ਅਦਾਕਾਰੀ ਹੁਕਮਰਾਨ ਦਾ ਅਹਿਮ ਗੁਣ ਮੰਨਿਆ ਜਾਂਦਾ ਹੈ। ਨਸ਼ਿਆਂ ਖਿਲਾਫ ਮੁਜ਼ਾਹਰੇ ਅਤੇ ਇੰਤਜ਼ਾਮੀਆ ਦੀਆਂ ਮੁਹਿੰਮਾਂ ਇਸੇ ਗੁਣ ਦੀ ਨੁਮਾਇਸ਼ ਹਨ। ਪੰਜਾਬ ਵਿਚ ਰੈਲੀਆਂ ਉਤੇ 'ਚੁੱਪ ਦਾ ਦਾਨ ਬਖ਼ਸ਼ਣ' ਦੀਆਂ ਬੇਨਤੀਆਂ ਅਤੇ ਬਾਅਦ ਵਿਚ ਪੰਜ-ਇਸ਼ਨਾਨਾ ਨਾਲ ਗੁਜ਼ਾਰਾ ਕਰਨ ਵਾਲਿਆਂ ਨੂੰ 'ਨਹਾ ਦੇਣ' ਦੇ ਵਾਅਦੇ ਕਈ ਵਾਰ ਸੁਣੇ ਗਏ ਹਨ।

# ਜ਼ਮੀਨ ਪ੍ਰਾਪਤੀ ਆਰਡੀਨੈਂਸ ਤੇ ਕਾਰਪੋਰੇਟ ਲੁੱਟ

ਬੂਟਾ ਸਿੰਘ
ਫੋਨ: 91-94634-74342

ਮੋਦੀ ਵਜ਼ਾਰਤ ਕਾਰਪੋਰੇਟ ਸਰਮਾਏਦਾਰੀ ਦੀ ਖਿਦਮਤ ਲਈ ਇਤਨੀ ਤੱਤਪਰ ਹੈ ਕਿ ਜਿਹੜੇ ਫ਼ੈਸਲੇ ਸਥਾਪਤ ਪਾਰਲੀਮੈਂਟਰੀ ਢੰਗ ਨਾਲ ਲੈਣ 'ਚ ਇਸ ਨੂੰ ਕੋਈ ਅੜਿੱਕਾ ਨਜ਼ਰ ਆਉਂਦਾ ਹੈ, ਉਨ੍ਹਾਂ ਨੂੰ ਇਹ ਸੰਵਿਧਾਨਕ ਅਮਲ ਨੂੰ ਦਰਕਿਨਾਰ ਕਰ ਕੇ ਅਤੇ ਸਿੱਧਾ ਧੱਕੜ ਢੰਗ ਅਖ਼ਤਿਆਰ ਕਰ ਕੇ ਜਬਰੀ ਥੋਪ ਦੇਣ ਤੋਂ ਵੀ ਨਹੀਂ ਝਿਜਕਦੀ। 'ਦੁਨੀਆ ਦੀ ਸਭ ਤੋਂ ਵੱਡੀ' ਜਮਹੂਰੀਅਤ ਦੀ ਲੋਕ ਸਭਾ ਦਾ ਸਰਦ-ਰੁੱਤ ਘਸਮੌਸ ਅਜੇ ਮੁੱਕਿਆ ਹੀ ਸੀ ਕਿ ਮੋਦੀ ਹਕੂਮਤ ਨੇ ਫਟਾਫਟ ਵਿਸ਼ੇਸ਼ ਆਰਡੀਨੈਂਸ ਪਾਸ ਕਰ ਕੇ ਜ਼ਮੀਨ ਪ੍ਰਾਪਤੀ ਐਕਟ ਵਿਚ ਦਰਜ ਉਹ ਸਾਰੀਆਂ ਪੇਸ਼ਬੰਦੀਆਂ ਇਕੋ ਹੱਲੇ ਬੇਅਸਰ ਬਣਾ ਦਿੱਤੀਆਂ ਜੋ ਮੁਲਕ ਦੇ ਆਵਾਮ ਨੇ ਲੰਮੇ ਲਹੂ ਡੋਲਵੇਂ ਸੰਘਰਸ਼ ਲੜ ਕੇ 1894 ਦੇ ਜ਼ਮੀਨ ਪ੍ਰਾਪਤੀ ਕਾਨੂੰਨ ਵਿਚ ਤਰਮੀਮਾਂ ਵਜੋਂ ਸ਼ਾਮਲ ਕਰਵਾਈਆਂ ਸਨ। ਆਰਡੀਨੈਂਸ ਨਾਲ ਬਸਤੀਵਾਦੀ ਕਾਨੂੰਨ ਦੇ ਖ਼ੂਨੀ ਦੰਦੇ ਮੁੜ ਤਿੱਖੇ ਕਰ ਦਿੱਤੇ ਗਏ ਹਨ ਜਿਨ੍ਹਾਂ ਨੂੰ ਖੁੰਢੇ ਕਰ ਕੇ ਲੋਕ ਆਪਣੀਆਂ ਜ਼ਮੀਨਾਂ/ਗੁਜ਼ਾਰੇ ਦੇ ਸਾਧਨਾਂ ਬਾਰੇ ਕੁਝ ਪੁੱਗਤ ਅਤੇ ਆਪਣੇ ਹਿੱਤਾਂ ਦੀ ਕੁਝ ਸੁਰੱਖਿਆ ਯਕੀਨੀ ਬਣਾਉਣ 'ਚ ਕਾਮਯਾਬ ਹੋਏ ਸਨ। ਚੇਤੇ ਰਹੇ, ਆਰਡੀਨੈਂਸ ਦਾ ਹਥਿਆਰ ਅੰਗਰੇਜ਼ ਬਸਤੀਵਾਦੀਆਂ ਨੇ ਸ਼ੁਰੂ ਕੀਤਾ ਸੀ ਜਿਸ ਤਹਿਤ ਵਾਇਸਰਾਏ/ਗਵਰਨਰ ਜਨਰਲ ਨੂੰ ਐਮਰਜੈਂਸੀ ਹਾਲਤ ਦੇ ਮੱਦੇਨਜ਼ਰ ਆਰਡੀਨੈਂਸ ਜਾਰੀ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ।

ਕਾਰਪੋਰੇਟ ਸਰਮਾਏਦਾਰੀ ਦੇ ਹਿੱਤ 'ਚ ਇਨ੍ਹਾਂ ਅਹਿਮ ਤਰਮੀਮਾਂ ਦਾ ਭੋਗ ਪਾ ਦੇਣ ਜਾਂ ਇਨ੍ਹਾਂ ਨੂੰ ਵਿਹਾਰਕ ਤੌਰ 'ਤੇ ਬੇਅਸਰ ਬਣਾ ਦੇਣ ਦਾ ਖ਼ਦਸ਼ਾ ਇਸ ਸਾਲ ਦੇ ਸ਼ੁਰੂ 'ਚ ਹੀ ਬਣ ਗਿਆ ਸੀ ਜਦੋਂ ਮਨਮੋਹਨ-ਚਿਦੰਬਰਮ-ਮੌਂਟੇਕ ਹਕੂਮਤ ਨੇ ਤਰਮੀਮ ਕੀਤੇ ਐਕਟ ਦੀ ਸਿਆਹੀ ਸੁੱਕਣ ਤੋਂ ਪਹਿਲਾਂ ਹੀ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਸੀ ਕਿ ਇਹ ਤਰਮੀਮਾਂ ਵਿਕਾਸ ਦੇ ਰਾਹ ਵਿਚ ਅੜਿੱਕਾ ਹਨ। ਇਸ ਕਾਰਨ ਇਨ੍ਹਾਂ ਉਪਰ ਨਜ਼ਰਸਾਨੀ ਕਰਨੀ ਜ਼ਰੂਰੀ ਹੈ। ਮੋਦੀ ਵਜ਼ਾਰਤ ਨੇ ਯੂ.ਪੀ.ਏ. ਹਕੂਮਤ ਤੋਂ ਵੀ ਵੱਧ ਕਾਹਲ ਕਰਦਿਆਂ 'ਵਿਕਾਸ' ਦੇ ਰਾਹ ਦੇ ਰੋੜੇ ਚੁਗਣੇ ਸ਼ੁਰੂ ਕਰ ਦਿੱਤੇ। ਜੇ ਮੋਦੀ ਦੀ ਥਾਂ ਦੁਬਾਰਾ ਕਾਂਗਰਸ ਦੀ ਹਕੂਮਤ ਜਾਂ ਕੋਈ ਹੋਰ ਹਕੂਮਤ ਸੱਤਾ-ਨਸ਼ੀਨ ਹੁੰਦੀ, ਕਰਨਾ ਉਸ ਨੇ ਵੀ ਇਹੀ ਕੁਝ ਸੀ। ਕਾਹਲ, ਰਫ਼ਤਾਰ ਤੇ ਰੰਗ-ਢੰਗ ਸ਼ਾਇਦ ਕੁਝ ਵੱਖਰੇ ਹੁੰਦੇ। ਇਸ ਤੋਂ ਵੱਧ ਸਿਆਸੀ ਨਾਟਕ ਕੀ ਹੋ ਸਕਦਾ ਹੈ ਕਿ ਜਿਸ ਭਾਜਪਾ ਨੇ 2013 ਵਿਚ ਆਪਣੇ ਦੋ ਸੁਝਾਅ ਤਰਮੀਮਾਂ 'ਚ ਸ਼ਾਮਲ ਕਰ ਲਏ ਜਾਣ ਪਿੱਛੋਂ ਜ਼ਮੀਨ ਪ੍ਰਾਪਤੀ ਕਾਨੂੰਨ ਵਿਚ ਤਰਮੀਮਾਂ ਦੀ ਪੂਰੀ ਹਮਾਇਤ ਕੀਤੀ ਸੀ, ਉਹੀ ਭਾਜਪਾ ਹੁਣ ਉਨ੍ਹਾਂ ਤਰਮੀਮਾਂ ਨੂੰ ਖ਼ਤਮ ਕਰਨ ਲਈ ਆਰਡੀਨੈਂਸ ਪਾਸ ਕਰਦੀ ਹੈ। ਦੂਜੇ ਪਾਸੇ, ਜਿਸ ਕਾਂਗਰਸ ਦੇ ਮੁੱਖ ਮੰਤਰੀਆਂ (ਕਰਨਾਟਕ, ਕੇਰਲ, ਮਹਾਰਾਸ਼ਟਰ, ਹਰਿਆਣਾ, ਮਨੀਪੁਰ ਵਗੈਰਾ) ਨੇ ਪੇਂਡੂ ਵਿਕਾਸ ਮੰਤਰੀ ਨਿਤਿਨ ਗਡਕਰੀ ਨਾਲ 27 ਜੂਨ ਦੀ ਮੀਟਿੰਗ ਵਿਚ ਸਮਾਜ ਉਪਰ ਪ੍ਰਾਜੈਕਟ ਦੇ ਪ੍ਰਭਾਵਾਂ ਦਾ ਅੰਦਾਜ਼ਾ ਲਗਾਉਣ ਅਤੇ ਜ਼ਮੀਨ ਨਾਲ ਸਬੰਧਤ ਧਿਰ ਦੀ ਸਹਿਮਤੀ ਦੀਆਂ ਦੋ ਮੁੱਖ ਮੱਦਾਂ ਨੂੰ ਖ਼ਤਮ ਕਰਨ ਦੀ ਪੁਰਜ਼ੋਰ ਸਿਫ਼ਾਰਸ਼ ਕੀਤੀ ਸੀ, ਉਹੀ ਕਾਂਗਰਸ ਹੁਣ ਮੋਦੀ ਵਜ਼ਾਰਤ ਦੇ ਆਰਡੀਨੈਂਸ ਦਾ ਵਿਰੋਧ ਕਰ ਰਹੀ ਹੈ। ਜ਼ਾਹਿਰ ਹੈ ਕਿ ਕਾਂਗਰਸ ਦੀ ਚਾਲ ਆਰਡੀਨੈਂਸ ਨੂੰ ਸਿਆਸੀ ਮੁੱਦਾ ਬਣਾਉਣ ਦੀ ਹੈ, ਇਸ ਦਾ ਆਰਡੀਨੈਂਸ ਦੇ ਮੂਲ ਮਨੋਰਥ ਜਾਂ ਤੱਤ ਨਾਲ ਕੋਈ ਵਿਰੋਧ ਨਹੀਂ ਹੈ।

ਸੱਤਾਧਾਰੀਆਂ ਦਾ ਇਹ ਦਾਅਵਾ ਪੂਰੀ ਤਰ੍ਹਾਂ ਗੁੰਮਰਾਹਕੁਨ ਹੈ ਕਿ ਉਸ ਵਲੋਂ ਪਾਸ ਕੀਤਾ ਆਰਡੀਨੈਂਸ ਮਹਿਜ਼ ਜ਼ਮੀਨ ਹਾਸਲ ਕਰਨ ਦੇ ਅਮਲ ਨੂੰ ਸੁਖਾਲਾ ਬਣਾਉਣ ਲਈ ਹੈ; ਕਿ ਮਹਿਜ਼ ਉਹ ਖ਼ਾਸ ਮੱਦਾਂ ਹੀ ਬਦਲੀਆਂ ਗਈਆਂ ਹਨ ਜਿਨ੍ਹਾਂ ਕਾਰਨ ਜ਼ਮੀਨ ਹਾਸਲ ਕਰਨ ਦਾ ਅਮਲ ਲਟਕਦਾ ਸੀ। ਇਸ ਕਾਰਨ 'ਨਾ ਕਿਸਾਨ ਨੂੰ ਲਾਭ ਮਿਲਦੇ ਸਨ ਨਾ ਪ੍ਰਾਜੈਕਟ ਵਕਤ ਸਿਰ ਪੂਰਾ ਹੋਣ ਦੀ ਅਣਹੋਂਦ ਵਿਚ ਆਮ ਸਮਾਜ ਨੂੰ ਲਾਭ ਪੁੱਜਦਾ ਸੀ।' ਉਹ ਇਹ ਵੀ ਕਹਿ ਰਹੇ ਹਨ ਕਿ ਜ਼ਮੀਨ ਦੇ ਮੁਆਵਜ਼ੇ ਦੀ ਮੱਦ ਵਿਚ ਕੋਈ ਰੱਦੋ-ਬਦਲ ਨਾ ਕੀਤੀ ਹੋਣ ਕਾਰਨ ਇਹ ਆਰਡੀਨੈਂਸ ਕਿਸਾਨਾਂ ਦੇ ਹਿੱਤਾਂ ਦੇ ਖ਼ਿਲਾਫ ਨਹੀਂ ਹੈ।

ਦਰਅਸਲ ਸਵਾਲ ਨਿਰਾ ਮੁਆਵਜ਼ੇ ਦਾ ਨਹੀਂ ਹੈ। ਜ਼ਮੀਨ ਮਾਲਕਾਂ ਦੀ ਸਹਿਮਤੀ ਅਤੇ ਪ੍ਰਾਜੈਕਟ ਨਾਲ ਸਮਾਜ ਉਪਰ ਪੈਣ ਵਾਲੇ ਅਸਰਾਂ ਦਾ ਅੰਦਾਜ਼ਾ ਲਗਾਉਣਾ ਜਬਰੀ ਜ਼ਮੀਨ ਹਾਸਲ ਕਰਨ ਨੂੰ ਰੋਕਣ ਦੀਆਂ ਦੋ ਮੁੱਖ ਮੱਦਾਂ ਸਨ ਜਿਨ੍ਹਾਂ ਨੂੰ ਐਕਟ ਦੇ ਸੈਕਸ਼ਨ 10(ਏ) ਵਿਚ ਤਰਮੀਮ ਕਰ ਕੇ ਬਦਲਿਆ ਗਿਆ ਹੈ। ਇਨ੍ਹਾਂ ਮੱਦਾਂ ਦੇ ਪਿਛੋਕੜ ਵਿਚ ਸਟੇਟ ਵਲੋਂ ਕਿਸਾਨਾਂ ਤੇ ਆਦਿਵਾਸੀਆਂ ਤੋਂ ਜ਼ਮੀਨ ਖੋਹਣ ਲਈ ਵਹਿਸ਼ੀ ਤਾਕਤ ਦੇ ਇਸਤੇਮਾਲ ਦੇ ਵਿਰੋਧ ਵਿਚ ਜਾਨ-ਹੂਲਵੇਂ ਸੰਘਰਸ਼ ਰਹੇ ਹਨ। ਹੁਣ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ ਇਨ੍ਹਾਂ ਦੇ ਨਾਂਹ-ਪੱਖੀ ਸਮਾਜੀ ਅਸਰਾਂ ਦਾ ਅੰਦਾਜ਼ਾ ਲਗਾਉਣ ਦੀਆਂ ਅਹਿਮ ਸ਼ਰਤਾਂ ਲਾਗੂ ਨਹੀਂ ਹੋਣਗੀਆਂ। ਇਸ ਦਾ ਮਤਲਬ ਹੈ ਕਿ ਸਨਅਤੀ ਲਾਂਘੇ, ਕੌਮੀ ਸੁਰੱਖਿਆ ਅਤੇ ਫ਼ੌਜੀ ਮਨੋਰਥਾਂ, ਬਿਜਲੀਕਰਨ ਸਮੇਤ ਪੇਂਡੂ ਬੁਨਿਆਦੀ-ਢਾਂਚਾ, ਸਸਤੇ ਘਰਾਂ ਸਮੇਤ ਗ਼ਰੀਬਾਂ ਲਈ ਘਰਾਂ ਦੇ ਪ੍ਰਾਜੈਕਟ ਅਤੇ ਪਬਲਿਕ-ਪ੍ਰਾਈਵੇਟ ਹਿੱਸੇਦਾਰੀ ਤਹਿਤ ਉਲੀਕੇ ਜਾਣ ਵਾਲੇ ਪ੍ਰਾਜੈਕਟਾਂ ਸਮੇਤ ਬੁਨਿਆਦੀ-ਢਾਂਚਾ ਪ੍ਰਾਜੈਕਟ ਜਿਹੇ ਅਖੌਤੀ 'ਫਾਸਟ ਟਰੈਕਡ' ਪ੍ਰਾਜੈਕਟਾਂ ਨੂੰ ਉਪਰਲੀਆਂ ਦੋ ਅਹਿਮ ਸ਼ਰਤਾਂ ਤੋਂ ਪੂਰੀ ਤਰ੍ਹਾਂ ਛੋਟ ਹੋਵੇਗੀ। ਹਾਲੀਆ ਆਰਡੀਨੈਂਸ ਨੇ ਇਨ੍ਹਾਂ ਪ੍ਰਾਜੈਕਟਾਂ ਦੀ ਸੂਚੀ ਵਿਚ ਹੋਰ ਪ੍ਰਾਜੈਕਟ ਜੋੜ ਦਿੱਤੇ ਹਨ ਜਿਨ੍ਹਾਂ ਉਪਰ ਜ਼ਮੀਨ ਮਾਲਕਾਂ ਦੀ ਸਹਿਮਤੀ ਦੀ ਲੋੜ ਨਹੀਂ। ਹੁਣ ਪ੍ਰਾਈਵੇਟ ਹਸਪਤਾਲ, ਪ੍ਰਾਈਵੇਟ ਵਿਦਿਅਕ ਸੰਸਥਾਵਾਂ ਅਤੇ ਪ੍ਰਾਈਵੇਟ ਹੋਟਲਾਂ ਲਈ ਜ਼ਮੀਨ ਲੈਣਾ ਵੀ ਜਨਤਕ ਮਨੋਰਥ ਮੰਨਿਆ ਜਾਵੇਗਾ। ਦੂਜਾ, ਸਮਾਜ ਉਪਰ ਅਸਰਾਂ ਦੇ ਅੰਦਾਜ਼ੇ ਦੀ ਵਿਵਸਥਾ ਖ਼ਤਮ ਹੋ ਜਾਣ ਨਾਲ ਉਜਾੜੇ ਦਾ ਸ਼ਿਕਾਰ ਹੋਏ ਲੋਕਾਂ ਦੇ ਮੁੜ-ਵਸੇਬੇ ਦਾ ਸਵਾਲ ਹੀ ਨਹੀਂ ਰਹੇਗਾ। ਕਿਸੇ ਪ੍ਰਾਜੈਕਟ ਲਈ ਹਾਸਲ ਕੀਤੀ ਜ਼ਮੀਨ ਅਣਵਰਤੀ ਰਹਿਣ ਦੀ ਸੂਰਤ 'ਚ ਉਸ ਦੇ ਮਾਲਕ ਕਿਸਾਨਾਂ ਨੂੰ ਵਾਪਸ ਦਿੱਤੇ ਜਾਣ ਦੀ ਪਾਬੰਦੀ ਵੀ ਨਹੀਂ ਹੋਵੇਗੀ। ਜ਼ਮੀਨ ਹਾਸਲ ਕਰਨ ਦੇ ਅਮਲ 'ਚ ਸਥਾਪਤ ਕਾਇਦਾ-ਏ-ਕਾਨੂੰਨ ਦੀ ਪਾਲਣਾ ਨਾ ਕਰਨ ਵਾਲੇ ਸਿਵਲ ਅਧਿਕਾਰੀਆਂ ਦੇ ਖ਼ਿਲਾਫ ਹਕੂਮਤ ਦੀ ਮਨਜ਼ੂਰੀ ਤੋਂ ਬਗ਼ੈਰ ਕੋਈ ਮੁਕੱਦਮਾ ਵੀ ਦਾਇਰ ਨਹੀਂ ਹੋਵੇਗਾ। ਖੇਤੀਬਾੜੀ ਵਾਲੀ ਜ਼ਰਖੇਜ਼ ਜਾਂ ਬਹੁਫ਼ਸਲੀ ਜ਼ਮੀਨ ਹਾਸਲ ਕਰਨ ਦੀ ਕੋਈ ਸੀਮਾ ਨਾ ਰਹਿਣ ਕਾਰਨ ਖੇਤੀਬਾੜੀ ਵਾਲੀ ਜ਼ਮੀਨ ਦੇ ਅਖੌਤੀ ਵਿਕਾਸ ਪ੍ਰਾਜੈਕਟਾਂ ਹੇਠ ਆਉਣ ਨਾਲ ਅੰਨ ਸੁਰੱਖਿਆ ਦਾ ਮਸਲਾ ਹੋਰ ਗੰਭੀਰ ਹੋ ਜਾਵੇਗਾ। ਪੰਜ ਸਾਲ ਜਾਂ ਵੱਧ ਸਮਾਂ ਪਹਿਲਾਂ ਹਾਸਲ ਕੀਤੀ ਜ਼ਮੀਨ ਦਾ ਜੇ ਮੁਆਵਜ਼ਾ ਨਹੀਂ ਦਿੱਤਾ ਗਿਆ, ਜਾਂ ਕਬਜ਼ਾ ਨਹੀਂ ਲਿਆ ਗਿਆ, ਤਾਂ ਉਸ ਬਾਰੇ ਮੁੜ-ਵਿਚਾਰ ਕਰਦੇ ਵਕਤ ਹੁਣ ਉਸ ਜ਼ਮੀਨ ਬਾਰੇ ਅਦਾਲਤੀ ਰੋਕ ਜਾਂ ਮੁਕੱਦਮੇਬਾਜ਼ੀ ਦੇ ਸਮੇਂ ਨੂੰ ਇਸ ਸਮੇਂ ਵਿਚ ਨਹੀਂ ਗਿਣਿਆ ਜਾਵੇਗਾ। ਆਰਡੀਨੈਂਸ ਨੇ ਇਸ ਸਬੰਧ ਵਿਚ 'ਅਦਾ ਕੀਤਾ ਮੁਆਵਜ਼ਾ' ਦੀ ਪਰਿਭਾਸ਼ਾ ਵੀ ਬਦਲ ਦਿੱਤੀ ਹੈ। ਪਹਿਲਾਂ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਅਦਾਲਤ ਵਿਚ ਜਮ੍ਹਾਂ ਕਰਵਾਈ ਰਕਮ ਨੂੰ ਮੁਆਵਜ਼ਾ ਮੰਨਿਆ ਗਿਆ ਸੀ, ਹੁਣ ਇਸ ਮਨੋਰਥ ਲਈ ਕਿਸੇ ਵੀ ਖ਼ਾਤੇ ਵਿਚ ਕਿਸੇ ਵੀ ਜਮ੍ਹਾਂ ਰਕਮ ਨੂੰ ਮੁਆਵਜ਼ਾ ਮੰਨਿਆ ਜਾਵੇਗਾ।




'ਕਾਰੋਬਾਰ', 'ਪੂੰਜੀ ਨਿਵੇਸ਼', 'ਆਰਥਿਕ ਵਿਕਾਸ', 'ਕੌਮੀ ਹਿੱਤ' ਦੀ ਲਫ਼ਾਜ਼ੀ ਦੇ ਨਾਂ ਹੇਠ ਮੋਦੀ ਹਕੂਮਤ ਨੇ ਇਤਨੇ ਅਹਿਮ ਫ਼ੈਸਲੇ ਲੈਂਦੇ ਵਕਤ ਪਾਰਲੀਮੈਂਟਰੀ ਅਦਾਰਿਆਂ ਦੀ ਰਸਮੀ ਪ੍ਰਵਾਨਗੀ ਲੈਣ ਦੀ ਵੀ ਲੋੜ ਨਹੀਂ ਸਮਝੀ ਜੋ ਇਸ 'ਜਮਹੂਰੀਅਤ' ਦੀ ਖ਼ਾਸ ਖ਼ੂਬੀ ਦੱਸੇ ਜਾਂਦੇ ਹਨ। ਲੰਮੇ ਬਹਿਸ-ਮੁਬਾਹਸੇ ਪਿੱਛੋਂ ਕਾਨੂੰਨ ਵਿਚ ਕੀਤੀਆਂ ਤਰਮੀਮਾਂ ਨੂੰ ਨਿਸ਼ਚਿਤ ਸਮਾਂ ਲਾਗੂ ਕਰ ਕੇ ਇਸ ਦੇ ਵਿਹਾਰਕ ਸਿੱਟਿਆਂ ਨੂੰ ਬਹਿਸ ਅਧੀਨ ਲਿਆਉਣ ਤੋਂ ਬਗ਼ੈਰ ਸਿੱਧਾ ਆਰਡੀਨੈਂਸ ਪਾਸ ਕਰਨ ਦੀ ਕਾਹਲ ਤੋਂ ਜ਼ਾਹਿਰ ਹੈ ਕਿ ਮੋਦੀ ਹਕੂਮਤ ਦੇ ਇਰਾਦੇ ਕੀ ਹਨ। ਮੋਦੀ ਦਾ ਇਹ ਕਹਿਣਾ ਕਿ 'ਤਜਵੀਜ਼ਸ਼ੁਦਾ ਤਰਮੀਮਾਂ ਮੁਲਕ ਦੀਆਂ ਯੁੱਧਨੀਤਕ ਤੇ ਵਿਕਾਸ ਲੋੜਾਂ ਦੇ ਨਾਲ-ਨਾਲ ਕਿਸਾਨਾਂ ਦੀ ਭਲਾਈ ਦੇ ਜੌੜੇ ਮਕਸਦ ਦੀ ਫ਼ੁਰਤੀ ਨਾਲ ਪੂਰਤੀ ਕਰਦੀਆਂ ਹਨ', ਆਪਣੇ ਅਸਲ ਮਨੋਰਥ ਨੂੰ ਲੁਕੋਣ ਦੇ ਯਤਨ ਤੋਂ ਬਿਨਾਂ ਕੁਝ ਨਹੀਂ। ਇਸ ਦੀ ਤਸਦੀਕ ਲਈ ਕਾਰਪੋਰੇਟ ਬੁਲਾਰਿਆਂ ਦੇ ਕੁਝ ਬਿਆਨ ਕਾਫ਼ੀ ਹਨ। ਕਾਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼ ਨੇ ਆਰਡੀਨੈਂਸ ਨੂੰ ਸਰਕਾਰ ਦੀ 'ਆਰਥਿਕ ਸੁਧਾਰਾਂ ਪ੍ਰਤੀ ਗੰਭੀਰ ਵਚਨਬੱਧਤਾ' ਕਿਹਾ ਹੈ। ਨੈਸ਼ਨਲ ਰੀਅਲ ਅਸਟੇਟ ਡਿਵੈਲਪਮੈਂਟ ਕੌਂਸਲ ਅਤੇ ਕਾਨਫੈਡਰੇਸ਼ਨ ਆਫ ਰੀਅਲ ਅਸਟੇਟ ਡਿਵੈਲਪਰਜ਼ ਐਸੋਸੀਏਸ਼ਨ ਆਫ ਇੰਡੀਆ ਨੇ ਆਰਡੀਨੈਂਸ ਦਾ ਸਵਾਗਤ ਕਰਦਿਆਂ ਕਿਹਾ ਕਿ ਜ਼ਮੀਨ ਹਾਸਲ ਕਰਨ ਦੀ ਵਿਧੀ ਸਰਲ ਬਣਾਏ ਜਾਣਾ ਰੀਅਲ ਅਸਟੇਟ ਖੇਤਰ ਲਈ ਲਾਹੇਵੰਦਾ ਹੋਵੇਗਾ।

ਖਾਣਾਂ, ਊਰਜਾ ਪਲਾਂਟਾਂ, ਡੈਮਾਂ, ਵਿਸ਼ਾਲ ਸਨਅਤੀ ਲਾਂਘਿਆਂ, ਵਿਸ਼ੇਸ਼ ਆਰਥਿਕ ਖੇਤਰਾਂ, ਇਨ੍ਹਾਂ ਨਾਲ ਸਬੰਧਤ ਬਹੁ-ਮਾਰਗੀ ਜਰਨੈਲੀ ਸੜਕਾਂ, ਬੰਦਰਗਾਹਾਂ, ਸੈਰ-ਸਪਾਟਾ ਪ੍ਰਾਜੈਕਟਾਂ, ਰਿਹਾਇਸ਼ੀ ਕਾਲੋਨੀਆਂ ਆਦਿ ਲਈ ਕਾਰਪੋਰੇਟ ਸਰਮਾਏਦਾਰੀ ਨੂੰ ਵੱਡੇ ਪੱਧਰ 'ਤੇ ਜ਼ਮੀਨ ਚਾਹੀਦੀ ਹੈ। ਹਾਕਮ ਜਮਾਤੀ ਪਾਰਟੀਆਂ ਦੇ ਸਿਰ 'ਤੇ ਜੋ 'ਆਰਥਿਕ ਵਾਧੇ ਦੀ ਦਰ' ਵਧਾਉਣ ਦਾ ਭੂਤ ਸਵਾਰ ਹੈ, ਉਸ ਨੂੰ ਮੁਲਕ ਦੇ ਆਵਾਮ ਨੂੰ ਵਸੀਹ ਪੈਮਾਨੇ 'ਤੇ ਜੰਗਲਾਂ ਤੇ ਹੋਰ ਜ਼ਮੀਨਾਂ ਤੋਂ ਉਜਾੜ ਕੇ ਹੀ ਸਾਕਾਰ ਕੀਤਾ ਜਾ ਸਕਦਾ ਹੈ।

ਇਕੱਲੇ ਦਿੱਲੀ-ਮੁੰਬਈ ਸਨਅਤੀ ਲਾਂਘੇ ਲਈ 9,75,000 ਏਕੜ ਜ਼ਮੀਨ ਚਾਹੀਦੀ ਹੈ ਜੋ ਹਰਿਆਣਾ, ਯੂ.ਪੀ., ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਦੀ ਜ਼ਮੀਨ ਉਪਰ ਬਣਾਇਆ ਜਾਣਾ ਹੈ। ਇਸ 1483 ਕਿਲੋਮੀਟਰ ਲੰਮੇ ਲਾਂਘੇ ਦੀ ਚੌੜਾਈ 450 ਕਿਲੋਮੀਟਰ ਹੋਵੇਗੀ ਅਤੇ ਇਸ ਵਿਚ 24 'ਗਰੀਨ ਸਿਟੀ' ਬਣਾਏ ਜਾਣਗੇ। 423000 ਕਰੋੜ ਦਾ ਇਹ ਪ੍ਰਾਜੈਕਟ 2007 'ਚ ਮਨਮੋਹਨ ਸਿੰਘ ਸਰਕਾਰ ਨੇ ਜਪਾਨ ਦੀ ਤਕਨੀਕੀ ਤੇ ਮਾਲੀ ਮਦਦ (ਚੋਖੀ ਹਿੱਸੇਦਾਰੀ) ਨਾਲ ਉਲੀਕਿਆ ਸੀ। ਇਸੇ ਤਰ੍ਹਾਂ ਇਕ ਲੱਖ ਕਰੋੜ ਪੂੰਜੀ-ਨਿਵੇਸ਼ ਨਾਲ ਵਿਸ਼ਾਖਾਪਟਨਮ-ਚੇਨਈ ਸਨਅਤੀ ਲਾਂਘਾ, ਅੰਮ੍ਰਿਤਸਰ-ਕੋਲਕਾਤਾ ਲਿੰਕ ਮਾਸਟਰ ਇੰਡਸਟਰੀਅਲ ਪਲਾਨਿੰਗ, ਚੇਨਈ-ਬੰਗਲੌਰ ਇਕਨਾਮਿਕ ਲਾਂਘਾ, ਬੰਗਲੌਰ-ਮੁੰਬਈ ਇਕਨਾਮਿਕ ਲਾਂਘਾ ਆਦਿ ਕਈ ਮੈਗਾ-ਪ੍ਰਾਜੈਕਟ ਉਲੀਕੇ ਜਾ ਚੁੱਕੇ ਹਨ। ਦਿੱਲੀ-ਮੁੰਬਈ ਸਨਅਤੀ ਲਾਂਘੇ ਉਪਰ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ।

ਇਸ ਆਰਡੀਨੈਂਸ ਜ਼ਰੀਏ ਰਾਜ-ਮਸ਼ੀਨਰੀ, ਖ਼ਾਸ ਕਰ ਕੇ ਜ਼ਮੀਨ ਹਾਸਲ ਕਰਨ ਦੇ ਕਾਨੂੰਨੀ ਅਮਲ ਨਾਲ ਜੁੜੇ ਅਧਿਕਾਰੀਆਂ ਲਈ ਮਨਮਾਨੀਆਂ ਦਾ ਰਾਹ ਮੁੜ ਖੋਲ੍ਹ ਦਿੱਤਾ ਗਿਆ ਹੈ। ਸੁਪਰ-ਮੁਨਾਫ਼ਿਆਂ ਦੀ ਗਾਰੰਟੀ ਵਾਲੇ ਪ੍ਰਾਜੈਕਟ ਥੋਪ ਕੇ ਕਾਰਪੋਰੇਟ ਸਰਮਾਏਦਾਰੀ ਨੂੰ ਖ਼ੁਸ਼ ਕਰਨ ਲਈ ਵਿਆਪਕ ਆਵਾਮ ਦੇ ਉਜਾੜੇ ਨੂੰ 'ਵਿਕਾਸ' ਦੀ ਲਾਜ਼ਮੀ ਕੀਮਤ ਆਖ ਕੇ ਵਾਜਬ ਠਹਿਰਾਇਆ ਜਾ ਰਿਹਾ ਹੈ। ਹਕੀਕਤ ਵਿਚ ਇਹ 'ਲਾਂਘਾ ਆਰਥਿਕਤਾ' ਕਿਹੋ ਜਿਹੀ ਹੋਵੇਗੀ, ਇਸ ਨੂੰ ਗੁੜਗਾਓਂ-ਮਾਨੇਸਰ ਸਨਅਤੀ ਹੱਬ ਜਿਸ ਨੂੰ ਦਿੱਲੀ-ਮੁੰਬਈ ਸਨਅਤੀ ਲਾਂਘੇ ਦਾ ਪਹਿਲਾ ਪੜਾਅ ਮੰਨਿਆ ਜਾਂਦਾ ਹੈ, ਵਿਚ ਕਾਰਪੋਰੇਟ ਸਰਮਾਏਦਾਰੀ ਦੀਆਂ ਮਨਮਾਨੀਆਂ ਤੋਂ ਸਮਝਿਆ ਜਾ ਸਕਦਾ ਹੈ।

ਲਿਹਾਜ਼ਾ, ਸਨਅਤੀ ਲਾਂਘਾ ਮਾਡਲ ਸਰਕਾਰ ਵਲੋਂ ਸਰਕਾਰੀ-ਪ੍ਰਾਈਵੇਟ ਭਾਈਵਾਲੀ ਜ਼ਰੀਏ ਇਕੋ ਸਮੇਂ ਜ਼ਮੀਨ ਖੋਹਣ, ਮਨਮੋਹਣੇ ਸੁਪਨੇ ਪੇਸ਼ ਕਰਨ, ਕਿਰਤੀਆਂ ਦੇ ਵਹਿਸ਼ੀ ਦਮਨ, ਵਿਦੇਸ਼ੀ ਹਿੱਤਾਂ ਦੀ ਬੇਲਗਾਮ ਆਮਦ ਨੂੰ ਸੁਖਾਲਾ ਬਣਾਉਣ ਦੇ ਜਮ੍ਹਾਂਜੋੜ ਦਾ ਨਾਂ ਹੈ, ਤੇ ਮੋਦੀ ਦਾ ਹਾਲੀਆ ਆਰਡੀਨੈਂਸ ਇਸੇ ਦਾ ਸੰਦ ਹੈ।

# ਭਾਰਤ, ਸਾਲ 2015 ਅਤੇ ਮੋਦੀ

ਪੂਨਮ ਆਈ. ਕੌਸ਼ਿਸ਼

ਬੀਤਿਆ ਵਰ੍ਹਾ ਇਹ ਕਹਿ ਕੇ ਗਿਆ ਕਿ ਆਉਣ ਵਾਲਾ ਵਰ੍ਹਾ ਖੁਸ਼ੀਆਂ ਭਰਿਆ ਹੋਵੇਗਾ, ਪਰ ਕੀ ਅਜਿਹਾ ਹੋਵੇਗਾ? ਸਵਾਲ ਕਈ ਹਨ। ਇਹ ਸੱਚ ਹੈ ਕਿ 'ਗੁਜਰਾਤ ਦਾ ਬਾਹਰਲਾ ਬੰਦਾ' 'ਚੰਗੇ ਦਿਨਾਂ' ਅਤੇ 'ਘੱਟ ਤੋਂ ਘੱਟ ਸਰਕਾਰ, ਵੱਧ ਤੋਂ ਵੱਧ ਸ਼ਾਸਨ' ਦਾ ਵਾਅਦਾ ਕਰ ਕੇ ਚੋਣਾਂ ਜਿੱਤ ਕੇ ਕੇਂਦਰ ਸਰਕਾਰ ਦੀ ਗੱਦੀ 'ਤੇ ਬਿਰਾਜਮਾਨ ਹੋਇਆ ਅਤੇ ਪਿਛਲੇ ਸੱਤ ਮਹੀਨਿਆਂ ਵਿਚ ਉਹ 'ਇੰਡੀਆ ਰਾਜ' ਵਿਚ 'ਅੰਦਰੂਨੀ ਬੰਦਾ' ਬਣ ਗਿਆ ਹੈ।

ਵਿਕਾਸ ਨਾਲ ਜੁੜੇ ਮੁੱਖ ਮੁੱਦਿਆਂ 'ਤੇ ਨਰੇਂਦਰ ਮੋਦੀ ਚੌਕਸੀ ਨਾਲ ਅੱਗੇ ਵਧ ਰਹੇ ਹਨ। ਉਨ੍ਹਾਂ ਦੇ ਮੂਲ ਸੰਗਠਨ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਸੈਨਾਨੀਆਂ ਉਤੇ ਤਾਨਾਸ਼ਾਹੀ ਦਾ ਦੋਸ਼ ਲੱਗ ਰਿਹਾ ਹੈ ਜਿਸ ਕਾਰਨ ਲੋਕਤੰਤਰ ਦਾ ਕਾਰੋਬਾਰ ਬਾਦਸਤੂਰ ਜਾਰੀ ਹੈ। ਇਸ ਨਾਲ ਸਵਾਲ ਉਠਦਾ ਹੈ ਕਿ 2015 ਪ੍ਰਧਾਨ ਮੰਤਰੀ ਮੋਦੀ ਲਈ 'ਕਰੋ ਜਾਂ ਮਰੋ' ਵਾਲਾ ਵਰ੍ਹਾ ਸਿੱਧ ਹੋਵੇਗਾ?

ਭਾਰਤ ਵਿਚ ਹਰ ਚੀਜ਼ ਦੀ ਸ਼ੁਰੂਆਤ ਤੇ ਸਮਾਪਤੀ ਸਿਆਸਤ ਨਾਲ ਹੁੰਦੀ ਹੈ; ਇਸ ਲਈ ਇਸ ਦੀ ਆਤਮਾ ਅੱਜ ਵੀ ਮਹਿੰਗਾਈ, ਅਸਹਿਣਸ਼ੀਲਤਾ, ਅਤਿਵਾਦ, ਸਭਿਆਚਾਰਕ ਅਤਿਵਾਦ, ਬਹੁ-ਗਿਣਤੀਆ ਦਾ ਤੁਸ਼ਟੀਕਰਨ, ਭਾਵ ਸੰਘ ਪਰਿਵਾਰ ਦੀ 'ਘਰ ਵਾਪਸੀ' ਮੁਹਿੰਮ ਅਤੇ ਜਾਤਵਾਦ ਦੇ ਹਮਲੇ ਸਹਿ ਰਹੀ ਹੈ। ਇਸ ਤੋਂ ਇਲਾਵਾ ਜ਼ਮੀਨੀ ਪੱਧਰ 'ਤੇ ਕੰਮ ਬਹੁਤ ਘੱਟ ਹੋ ਰਿਹਾ ਹੈ, ਗੱਲਾਂ ਜ਼ਿਆਦਾ ਹੋ ਰਹੀਆਂ ਹਨ। ਫਿਰ ਵੀ ਕਈ ਲੋਕ ਮੋਦੀ ਦੀ ਹਮਾਇਤ ਕਰ ਰਹੇ ਹਨ। ਦੂਜੇ ਪਾਸੇ ਵਿਰੋਧੀ ਪਾਰਟੀਆਂ ਮੋਦੀ ਨੂੰ 'ਮਿਸਟਰ ਯੂ-ਟਰਨ' ਕਹਿ ਰਹੀਆਂ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਜਿਹੜੇ ਵਾਅਦੇ ਉਨ੍ਹਾਂ ਨੇ ਕੀਤੇ, ਜਿਵੇਂ ਸ਼ਾਸਨ ਪ੍ਰਣਾਲੀ ਵਿਚ ਤਬਦੀਲੀ, ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨਾ, ਵਿਦੇਸ਼ਾਂ ਵਿਚ ਜਮ੍ਹਾਂ ਕਾਲਾ ਧਨ ਵਾਪਸ ਲਿਆਉਣਾ ਆਦਿ ਤੋਂ ਉਹ ਪਲਟ ਗਏ ਹਨ।

ਇਹੋ ਨਹੀਂ, ਆਰਡੀਨੈਂਸ ਦਾ ਰਾਹ ਅਪਨਾ ਕੇ ਮੋਦੀ ਨੇ ਨਾ ਸਿਰਫ ਸੰਸਦ ਦੀ ਸਰਵਉਚਤਾ ਅਤੇ ਪੈਮਾਨਿਆਂ ਦੀ ਅਣਦੇਖੀ ਕੀਤੀ, ਸਗੋਂ ਉਨ੍ਹਾਂ ਨੇ ਅਸਿੱਧੇ ਤੌਰ 'ਤੇ ਇਹ ਸੰਕੇਤ ਵੀ ਦਿੱਤਾ ਕਿ ਉਹ ਆਪਣੀ ਮਰਜ਼ੀ ਅਨੁਸਾਰ ਕੰਮ ਕਰਦੇ ਰਹਿਣਗੇ, ਚਾਹੇ ਉਨ੍ਹਾਂ ਨੂੰ ਤਾਨਾਸ਼ਾਹ ਹੀ ਕਿਉਂ ਨਾ ਕਿਹਾ ਜਾਵੇ। ਸਰਕਾਰ ਦੀ ਕਮਜ਼ੋਰ ਦਲੀਲ ਹੈ ਕਿ ਇਸ ਦਾ ਕਾਰਨ ਵਿਰੋਧੀ ਧਿਰ ਦੀ ਅੜਿੱਕਾ ਡਾਹੁਣ ਵਾਲੀ ਸਿਆਸਤ ਹੈ।

ਕੀ ਸੱਚਮੁਚ ਅਜਿਹਾ ਹੈ? ਜੇ ਅਜਿਹਾ ਹੈ ਤਾਂ ਉਨ੍ਹਾਂ ਨੇ ਰਾਜ ਸਭਾ ਵਿਚ ਆ ਕੇ ਧਰਮ ਪਰਿਵਰਤਨ ਵਿਵਾਦ 'ਤੇ ਸਪਸ਼ਟੀਕਰਨ ਕਿਉਂ ਨਹੀਂ ਦਿੱਤਾ? ਉਂਜ, ਵਿਰੋਧੀ ਧਿਰ ਵੀ ਇਸ ਲਈ ਦੋਸ਼ੀ ਹੈ। ਕਾਂਗਰਸ ਬੀਮਾ ਬਿੱਲ ਦਾ ਸਮਰਥਨ ਕਰਨ ਲਈ ਤਿਆਰ ਸੀ ਜਿਸ ਮੁਤਾਬਿਕ ਬੀਮਾ ਖੇਤਰ 'ਚ ਵਿਦੇਸ਼ੀ ਨਿਵੇਸ਼ ਦੀ ਹੱਦ 26 ਫੀਸਦੀ ਤੋਂ ਵਧਾ ਕੇ 49 ਫੀਸਦੀ ਕੀਤੀ ਜਾਣੀ ਸੀ, ਪਰ ਇਸ ਨੇ ਸਿਆਸੀ ਲਾਭ ਲਈ ਸਦਨ ਨਹੀਂ ਚੱਲਣ ਦਿੱਤਾ। ਭੌਂ ਪ੍ਰਾਪਤੀ, ਮੁੜ-ਵਸੇਬਾ ਅਤੇ ਮੁੜ ਸਥਾਪਨਾ ਆਰਡੀਨੈਂਸ ਜਾਰੀ ਕਰਨਾ ਰਿਆਇਤ ਵਾਲੇ ਲੋਕਤੰਤਰ ਅਤੇ ਸਿੱਧੀ ਵਿਕਰੀ ਵਾਲੀ ਸਿਆਸਤ ਦਾ ਸਬੂਤ ਹੈ। ਸਿੱਧੀ ਵਿਕਰੀ ਵਾਲੀ ਸਿਆਸਤ ਦੇ ਜ਼ਰੀਏ ਸਿਆਸੀ ਸੱਤਾ ਕੁਝ ਉਦਯੋਗਪਤੀਆਂ ਦੇ ਹੱਥਾਂ ਵਿਚ ਚਲੀ ਜਾਵੇਗੀ। ਸਮਾਜਕ ਪ੍ਰਭਾਵ ਮੁਲੰਕਣ ਵਿਵਸਥਾ ਨੂੰ ਕਮਜ਼ੋਰ ਕਰਨ ਨਾਲ ਕਿਸਾਨ ਪ੍ਰਭਾਵਿਤ ਹੋਣਗੇ। ਇਸ ਆਰਡੀਨੈਂਸ 'ਚ ਕਿਸਾਨਾਂ ਦੀ ਖ਼ੁਦਕੁਸ਼ੀ ਅਤੇ ਉਨ੍ਹਾਂ ਨਾਲ ਜੁੜੇ ਮੁੱਦਿਆਂ ਦਾ ਨਬੇੜਾ ਨਹੀਂ ਕੀਤਾ ਗਿਆ।

ਹੈਰਾਨੀ ਦੀ ਗੱਲ ਇਹ ਹੈ ਕਿ ਮੋਦੀ ਨੇ ਅਜੇ ਵਿਕਾਸ ਨਾਲ ਜੁੜੇ ਮੁੱਖ ਮੁੱਦਿਆਂ ਜਿਵੇਂ ਸਿੱਖਿਆ, ਸਿਹਤ, ਰਿਹਾਇਸ਼, ਬਿਜਲੀ, ਪਾਣੀ ਤੇ ਰੋਜ਼ਗਾਰ ਆਦਿ ਵੱਲ ਧਿਆਨ ਨਹੀਂ ਦਿੱਤਾ ਹੈ। ਇਹੋ ਨਹੀਂ, ਪ੍ਰਸ਼ਾਸਨ ਚਲਾਉਣ ਲਈ ਸਿਸਟਮ 'ਚ ਸੁਧਾਰ ਲਿਆਉਣ ਅਤੇ ਲੋਕਤੰਤਰੀ ਅਦਾਰਿਆਂ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਨੇ ਅਜੇ ਕੋਈ ਨਵੀਂ ਸੋਚ ਨਹੀਂ ਅਪਨਾਈ ਹੈ। ਜਿਉਂ ਦੀ ਤਿਉਂ ਸਥਿਤੀ ਨੌਕਰਸ਼ਾਹੀ ਵਿਚ ਤਬਦੀਲੀ ਦਾ ਸਾਧਨ ਕਿਵੇਂ ਬਣ ਸਕਦੀ ਹੈ? ਯੋਜਨਾ ਕਮਿਸ਼ਨ ਦਾ ਨਾਂ ਬਦਲ ਕੇ ਨੀਤੀ ਕਮਿਸ਼ਨ, ਭਾਵ ਨੈਸ਼ਨਲ ਇੰਸਟੀਚਿਊਸ਼ਨ ਫਾਰ ਟਰਾਂਸਫਾਰਮਿੰਗ ਇੰਡੀਆ ਕਰ ਦਿੱਤਾ ਗਿਆ ਹੈ ਅਤੇ ਇਸ ਨੂੰ ਸਰਕਾਰ ਲਈ ਨੀਤੀਆਂ, ਦਿਸ਼ਾ-ਨਿਰਦੇਸ਼ ਤੈਅ ਕਰਨ ਦਾ ਕੰਮ ਸੌਂਪਿਆ ਗਿਆ ਹੈ ਤਾਂ ਕਿ ਵਿਕਾਸ 'ਚ ਭਾਰਤੀਅਤਾ ਦਾ ਨਜ਼ਰੀਆ ਅਪਨਾਇਆ ਜਾ ਸਕੇ। ਇਹ ਕਮਿਸ਼ਨ ਸਰਕਾਰ ਨੂੰ ਨੀਤੀ ਤੇ ਆਰਥਿਕ ਮਾਮਲਿਆਂ ਵਿਚ ਰਣਨੀਤਕ, ਤਕਨੀਕੀ ਸਲਾਹ ਵੀ ਦੇਵੇਗਾ। ਇਹ ਪਿੰਡ ਪੱਧਰ ਦੀਆਂ ਯੋਜਨਾਵਾਂ ਬਣਾਉਣ ਲਈ ਤੰਤਰ ਵਿਕਸਿਤ ਕਰੇਗਾ ਅਤੇ ਉਸ ਦੇ ਆਧਾਰ 'ਤੇ ਪੂਰੇ ਦੇਸ਼ ਲਈ ਯੋਜਨਾਵਾਂ ਬਣਾਈਆਂ ਜਾਣਗੀਆਂ। ਕੀ ਇਹ ਨਵੀਂ ਬੋਤਲ 'ਚ ਪੁਰਾਣੀ ਸ਼ਰਾਬ ਵਾਲੀ ਗੱਲ ਨਹੀਂ?

ਮੋਦੀ ਹਿੰਦੂਵਾਦ ਬ੍ਰਿਗੇਡ 'ਤੇ ਰੋਕ ਲਗਾਉਣ 'ਚ ਨਾਕਾਮ ਰਹੇ ਹਨ। ਪਿਛਲੇ ਮਹੀਨੇ ਸਰਕਾਰ ਆਪਣੇ ਇਕ ਕੇਂਦਰੀ ਮੰਤਰੀ ਵਲੋਂ 'ਰਾਮਜ਼ਾਦਾ ਬਨਾਮ ਹਰਾਮਜ਼ਾਦਾ' ਵਾਲਾ ਬਿਆਨ ਦੇਣ ਨਾਲ ਉਠੇ ਵਿਵਾਦ ਨੂੰ ਠੰਢਾ ਕਰਨ 'ਚ ਰੁੱਝੀ ਰਹੀ। ਉਸ ਤੋਂ ਇਲਾਵਾ ਭਗਵਾਧਾਰੀਆਂ ਨੇ ਕਈ ਵਿਵਾਦਪੂਰਨ ਬਿਆਨ ਦਿੱਤੇ। ਮੁੜ ਧਰਮ ਪਰਿਵਰਤਨ ਦਾ ਮੁੱਦਾ ਗਰਮਾਇਆ, ਮਹਾਤਮਾ ਗਾਂਧੀ ਦੇ ਕਾਤਿਲ ਨੱਥੂ ਰਾਮ ਗੋਡਸੇ ਦੇ ਮੰਦਿਰ ਦੀ ਗੱਲ ਚੱਲੀ, ਸਾਧੂਆਂ-ਸੰਤਾਂ 'ਤੇ ਤਿੱਖੀ ਟਿੱਪਣੀ ਕਰਨ ਵਾਲੀ ਫਿਲਮ 'ਪੀ ਕੇ' ਦੇ ਵਿਰੋਧ ਵਿਚ ਸਿਨੇਮਾਘਰਾਂ ਦੀ ਭੰਨ-ਤੋੜ ਕੀਤੀ ਗਈ। ਇਹ ਸਾਰੇ ਮੁੱਦੇ ਬਹਿਸ ਦਾ ਵਿਸ਼ਾ ਬਣੇ ਰਹੇ।

ਹੁਣ ਸਭ ਦੀਆਂ ਨਜ਼ਰਾਂ ਇਸ ਪਾਸੇ ਹਨ ਕਿ ਮੋਦੀ ਆਪਣੀ ਵਿਦੇਸ਼ ਨੀਤੀ ਦਾ ਸੰਚਾਲਨ ਕਿਵੇਂ ਕਰਦੇ ਹਨ? ਕੀ ਉਨ੍ਹਾਂ ਵਲੋਂ 130 ਕਰੋੜ ਭਾਰਤੀ ਖਪਤਕਾਰਾਂ ਨੂੰ ਦੁਨੀਆਂ ਦੀਆਂ ਆਰਥਿਕ ਤਾਕਤਾਂ ਸਾਹਮਣੇ ਪੇਸ਼ ਕਰ ਕੇ ਭਾਰਤ ਦੇ ਆਰਥਿਕ ਟੀਚੇ ਪ੍ਰਾਪਤ ਕੀਤੇ ਜਾ ਸਕਦੇ ਹਨ? ਪ੍ਰਧਾਨ ਮੰਤਰੀ ਦੀ ਸਵੱਛ ਭਾਰਤ ਮੁਹਿੰਮ, ਮੇਕ ਇਨ ਇੰਡੀਆ ਪ੍ਰੋਗਰਾਮ ਤੇ ਪ੍ਰਧਾਨ ਮੰਤਰੀ ਜਨ-ਧਨ ਯੋਜਨਾ ਅਜੇ ਤਕ ਪੂਰੀ ਤਰ੍ਹਾਂ ਸਫਲ ਨਹੀਂ ਹੋਈ। ਕੌਮੀ ਗੰਗਾ ਨਦੀ ਬੇਸਿਨ ਅਥਾਰਿਟੀ ਦੀ ਯੋਜਨਾ ਵੀ ਲਟਕੀ ਹੋਈ ਹੈ।

ਮੋਦੀ ਦੀ ਯੋਜਨਾ ਹੈ ਕਿ ਉਹ ਹਿੰਦੂਵਾਦ, ਆਰਥਿਕ ਮੁੱਦਿਆਂ ਤੇ ਆਰਥਿਕ ਵਿਕਾਸ ਨੂੰ ਇਕ ਸੂਤਰ ਵਿਚ ਪਰੋਣਗੇ। ਗੁਜਰਾਤ 'ਤੇ ਕਈ ਸਾਲ ਰਾਜ ਕਰਨ ਤੋਂ ਬਾਅਦ ਉਹ ਜਾਣਦੇ ਹਨ ਕਿ ਆਮ ਆਦਮੀ ਕੀ ਚਾਹੁੰਦਾ ਹੈ। ਉਹ ਮੱਧਵਰਗੀ ਖਪਤਕਾਰ ਦੀਆਂ ਇੱਛਾਵਾਂ ਨੂੰ ਵੀ ਸਮਝਦੇ ਹਨ ਕਿਉਂਕਿ ਉਹ ਵਾਰ-ਵਾਰ ਆਪਣੇ 'ਗਰੀਬ ਚਾਹਵਾਲਾ' ਹੋਣ ਤੋਂ ਲੈ ਕੇ ਉਚ ਅਹੁਦੇ ਤਕ ਪਹੁੰਚਣ ਦੇ ਪਿਛੋਕੜ ਦਾ ਜ਼ਿਕਰ ਕਰਦੇ ਰਹਿੰਦੇ ਹਨ। ਇਹ ਸਭ ਠੀਕ ਹੈ ਪਰ ਦੇਖਣਾ ਇਹ ਹੈ ਕਿ 2015 ਮੋਦੀ ਦੀਆਂ ਪ੍ਰਾਪਤੀਆਂ ਦਾ ਵਰ੍ਹਾ ਹੋਵੇਗਾ?

**ਕਹਾਣੀ ਇਉਂ ਤੁਰੀ-3**



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

# ਕਹਾਣੀ ਦਾ ਦਿੱਲੀ ਜਾ ਪਹੁੰਚਣਾ

*ਪੰਜਾਬੀ ਕਹਾਣੀ ਜਗਤ ਵਿਚ ਗੁਰਬਚਨ ਸਿੰਘ ਭੁੱਲਰ ਦਾ ਨਿਵੇਕਲਾ ਅਤੇ ਨਿਆਰਾ ਸਥਾਨ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਪੰਜਾਬ, ਖਾਸ ਕਰ ਕੇ ਮਾਲਵਾ ਖਿੱਤੇ ਦਾ ਰੰਗ ਪੂਰੇ ਜਲੌਅ ਅਤੇ ਸਿਦਕ ਨਾਲ ਪੇਸ਼ ਹੋਇਆ ਹੈ। ਆਪਣੀ ਪਹਿਲੀ ਹੀ ਕਹਾਣੀ 'ਰਾਤਾਂ ਕਾਲੀਆਂ' ਅਤੇ ਫਿਰ ਪਹਿਲੀ ਹੀ ਕਿਤਾਬ 'ਓਪਰਾ ਮਰਦ' ਨਾਲ ਉਨ੍ਹਾਂ ਪੰਜਾਬੀ ਸਾਹਿਤ ਜਗਤ ਦਾ ਧਿਆਨ ਵਾਹਵਾ ਖਿੱਚ ਲਿਆ ਸੀ, ਤੇ ਚੋਟੀ ਦੇ ਲੇਖਕਾਂ ਵਿਚ ਸ਼ੁਮਾਰ ਹੋ ਗਏ ਸਨ। ਹਾਲ ਹੀ ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਪ੍ਰਕਾਸ਼ਤ ਹੋਇਆ ਹੈ। 495 ਸਫਿਆਂ ਉਤੇ ਫੈਲੇ ਇਸ ਨਾਵਲ ਵਿਚ ਉਨ੍ਹਾਂ ਪੰਜਾਬ ਦੀ ਨਿਵੇਕਲੀ ਬਾਤ ਪਾਈ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੀ ਲੰਮੀ ਲੇਖ ਲੜੀ 'ਕਹਾਣੀ ਇਉਂ ਤੁਰੀ' ਭੇਜੀ ਹੈ ਜਿਸ ਵਿਚ ਉਨ੍ਹਾਂ ਆਪਣੀ ਕਹਾਣੀ ਯਾਤਰਾ ਬਾਰੇ ਨਿੱਠ ਕੇ ਗੱਲਾਂ ਕੀਤੀਆਂ ਹਨ। ਉਂਜ, ਇਸ ਕਹਾਣੀ ਯਾਤਰਾ ਵਿਚ ਉਨ੍ਹਾਂ ਅਜਿਹਾ ਸਭਿਆਚਾਰਕ-ਸਮਾਜਕ ਰੰਗ ਭਰਿਆ ਹੈ ਕਿ ਇਸ ਕਹਾਣੀ ਯਾਤਰਾ ਦੇ ਪਿਛੇ ਪੰਜਾਬ ਦੀਆਂ ਹੇਕਾਂ ਸੁਣਾਈ ਦਿੰਦੀਆਂ ਹਨ। ਇਹ ਦਿਲਚਸਪ ਲੇਖ ਲੜੀ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਦਾਦੀਆਂ-ਨਾਨੀਆਂ, ਮਾਂਵਾਂ-ਮਾਸੀਆਂ ਨੂੰ ਬਚਪਨ ਵਿਚ ਜਦੋਂ ਬਾਤ ਸੁਣਾਉਣ ਲਈ ਆਖਦੇ ਉਹ ਅੱਗਿਉਂ ਸਵਾਲ ਕਰਦੀਆਂ, ਹੱਡਬੀਤੀ ਸੁਣਾਵਾਂ ਕਿ ਜੱਗਬੀਤੀ। ਅੱਜ ਦੀ ਸਾਹਿਤਕ ਕਹਾਣੀ ਵੀ ਹੱਡਬੀਤੀ ਜਾਂ ਜੱਗਬੀਤੀ ਹੀ ਹੁੰਦੀ ਹੈ। ਇਨ੍ਹਾਂ ਦੋ ਅਨੁਭਵਾਂ ਤੋਂ ਬਿਨਾਂ ਲੇਖਕ ਭਲਾਂ ਹੋਰ ਲਿਖ ਵੀ ਕੀ ਸਕਦਾ ਹੈ? ਜੱਗਬੀਤੀ ਨੂੰ ਹੋਰ ਪਾਤਰਾਂ ਰਾਹੀਂ ਪੇਸ਼ ਕਰਨ ਦੇ ਨਾਲ ਨਾਲ ਕਦੀ ਉਹ ਆਪ ਪਾਤਰ ਬਣ ਕੇ ਹੱਡਬੀਤੀ ਦੇ ਰੂਪ ਵਿਚ ਪੇਸ਼ ਕਰ ਦਿੰਦਾ ਹੈ। ਇਸੇ ਤਰ੍ਹਾਂ ਹੱਡਬੀਤੀ ਨੂੰ ਆਪ ਪਾਤਰ ਬਣ ਕੇ ਪੇਸ਼ ਕਰਨ ਦੇ ਨਾਲ ਨਾਲ ਕਦੀ ਕਦੀ ਆਪਣੇ ਨਾਲ ਜੋੜਨ ਤੋਂ ਝਿਜਕਦਿਆਂ ਜੱਗਬੀਤੀ ਬਣਾ ਕੇ ਪੇਸ਼ ਕਰ ਦਿੰਦਾ ਹੈ।

ਮੈਂ ਆਪਣੇ ਨੇੜਲੇ ਮਾਹੌਲ ਨੂੰ ਲੈ ਕੇ ਆਪਣੀ ਪਹਿਲੀ ਕਹਾਣੀ 'ਰਾਤਾਂ ਕਾਲੀਆਂ' ਲਿਖੀ। ਮੇਰੀ ਪਹਿਲੀ ਕਵਿਤਾ ਵਾਂਗ ਉਹ ਵੀ ਫ਼ੌਜਾਂ ਦੀ ਨਿਹਫਲਤਾ ਤੇ ਜੰਗਾਂ ਦੀ ਬਰਬਰਤਾ ਦੀ ਸੋਚ ਵਿਚੋਂ ਹੀ ਪੈਦਾ ਹੋਈ ਸੀ। ਕੇਂਦਰੀ ਮੁੱਦਾ ਇਹ ਸੀ ਕਿ ਫ਼ੌਜਾਂ ਕਿੰਨੀਆਂ ਜ਼ਿੰਦਗੀਆਂ ਨੂੰ ਨੀਰਸ ਬਣਾ ਦਿੰਦੀਆਂ ਹਨ ਅਤੇ ਜੰਗਾਂ ਕਿੰਨੇ ਘਰ ਬਰਬਾਦ ਕਰ ਦਿੰਦੀਆਂ ਹਨ। ਮੇਰੇ ਬਾਪੂ ਜੀ ਲੰਮਾ ਸਮਾਂ ਫ਼ੌਜ ਵਿਚ ਰਹੇ ਸਨ। ਉਨ੍ਹਾਂ ਦੇ ਪੈਨਸ਼ਨ ਆਉਣ ਦੇ ਸਮੇਂ ਤੱਕ ਮੇਰਾ ਵੱਡਾ ਭਾਈ ਭਰਤੀ ਹੋ ਚੁੱਕਿਆ ਸੀ। ਇਹ ਕਹਾਣੀ ਇਸੇ ਹਕੀਕਤ ਦੀ ਪੈਦਾਵਾਰ ਸੀ। ਇਹ ਉਸ ਸਮੇਂ ਦੇ ਇਕ ਮੋਹਰੀ ਰਸਾਲੇ 'ਕਵਿਤਾ' ਵਿਚ ਛਪੀ ਅਤੇ ਮਗਰੋਂ ਪਹਿਲੇ ਕਹਾਣੀ ਸੰਗ੍ਰਹਿ 'ਓਪਰਾ ਮਰਦ' ਵਿਚ ਸ਼ਾਮਲ ਹੋਈ। ਹੁਣ ਜਦੋਂ ਇਹ ਕਹਾਣੀ ਪੜ੍ਹਦਾ ਹਾਂ, ਹੈਰਾਨੀ ਹੁੰਦੀ ਹੈ ਕਿ ਰਾਜਨੀਤਕ-ਵਿਚਾਰਧਾਰਕ ਆਧਾਰ ਨੂੰ ਬਿਲਕੁਲ ਪਿਛੋਕੜ ਵਿਚ ਰੱਖ ਕੇ ਮੈਂ ਇਸ ਵਿਸ਼ੇ ਨੂੰ ਨਿਰੋਲ ਸਾਹਿਤਕ ਰੂਪ ਕਿਵੇਂ ਦੇ ਸਕਿਆ!

ਕਵਿਤਾਵਾਂ ਵਾਂਗ ਮੇਰੀਆਂ ਕਹਾਣੀਆਂ ਵੀ ਪ੍ਰਸਿੱਧ ਤਿੰਨਾਂ ਰਸਾਲਿਆਂ, ਗੁਰਬਖ਼ਸ਼ ਸਿੰਘ ਦੇ 'ਪ੍ਰੀਤਲੜੀ', ਮੋਹਨ ਸਿੰਘ ਦੇ 'ਪੰਜ ਦਰਿਆ' ਤੇ ਭਾਪਾ ਪ੍ਰੀਤਮ ਸਿੰਘ ਦੇ 'ਆਰਸੀ' ਦੇ ਨਾਲ ਨਾਲ ਨਵੇਂ ਨਿਕਲੇ ਅੰਮ੍ਰਿਤਾ ਪ੍ਰੀਤਮ ਦੇ 'ਨਾਗਮਣੀ' ਵਿਚ ਛਪਣ ਲੱਗੀਆਂ। ਪ੍ਰੋ. ਮੋਹਨ ਸਿੰਘ ਜੋ 'ਪੰਜ ਦਰਿਆ' ਲਈ ਰਚਨਾਵਾਂ ਚੁਣਨ ਸਮੇਂ ਬੜੇ ਸਖ਼ਤ ਅਤੇ ਨਿਘੋਚੀ ਸਨ, ਨੇ ਮੇਰੀ ਕਹਾਣੀ 'ਚਗ਼ਲ' ਛਾਪਦਿਆਂ ਸਿਰਲੇਖ ਕੋਲ ਲਿਖਿਆ, "ਇਹ ਕਹਾਣੀ ਬਿਲਕੁਲ ਪੜ੍ਹਨ ਵਾਲੀ ਨਹੀਂ, ਭਾਵੇਂ ਇਸ ਨੂੰ ਮੈਂ ਆਪ ਪੰਜ ਵਾਰੀ ਪੜ੍ਹਿਆ ਹੈ।" ਮੋਹਨ ਸਿੰਘ ਜੋ ਪ੍ਰਮੁੱਖ ਕਵੀ ਬਣਨ ਤੋਂ ਪਹਿਲਾਂ ਆਪ ਕਈ ਵਧੀਆ ਕਹਾਣੀਆਂ ਲਿਖ ਚੁੱਕੇ ਸਨ, ਮੇਰੀ ਕਹਾਣੀ ਨੂੰ ਪੰਜ ਵਾਰ ਪੜ੍ਹਨ, ਇਸ ਤੋਂ ਵੱਧ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਮੇਰੇ ਲਈ ਕੀ ਹੋ ਸਕਦੀ ਸੀ। ਇਹ ਮੇਰੇ ਨਵੇਂ ਨਵੇਂ ਸਾਹਿਤਕ ਸਫ਼ਰ ਵਿਚ ਮਿਲਿਆ ਪਹਿਲਾ ਵੱਡਾ ਇਨਾਮ ਸੀ।

1967 ਦਾ ਮਈ ਮਹੀਨਾ ਸੀ ਜਦੋਂ ਮੈਂ ਦਿੱਲੀ ਆਇਆ। ਦਿੱਲੀ ਮੇਰੇ ਲਈ ਵਰ ਸਿੱਧ ਹੋਈ। ਮੈਨੂੰ ਇਹ ਮੰਨਣ ਵਿਚ ਕੋਈ ਸੰਕੋਚ ਨਹੀਂ ਕਿ ਜੇ ਮੈਂ ਦਿੱਲੀ ਨਾ ਪੁੱਜਿਆ ਹੁੰਦਾ, ਮੈਂ ਅੱਜ ਵਾਲਾ ਭੁੱਲਰ ਨਹੀਂ ਸੀ ਹੋਣਾ। ਭਾਵੇਂ ਇਸ ਤੋਂ ਪਹਿਲਾਂ ਮੇਰੀਆਂ ਰਚਨਾਵਾਂ ਪ੍ਰਸਿੱਧ ਰਸਾਲਿਆਂ ਵਿਚ ਛਪ ਚੁੱਕੀਆਂ ਸਨ, ਪਰ ਮੇਰੀ ਸਾਹਿਤਕ ਸੋਝੀ ਦੇ ਦਿਸਹੱਦੇ ਨੂੰ ਵਿਸ਼ਾਲਤਾ ਦਿੱਲੀ ਸਦਕਾ ਹੀ ਮਿਲੀ। ਉਸ ਸਮੇਂ ਦਿੱਲੀ ਨੂੰ ਪੰਜਾਬੀ ਦੇ ਅਨੇਕ ਪ੍ਰਮੁੱਖ ਸਾਹਿਤਕਾਰਾਂ ਦਾ ਘਰ ਹੋਣ ਦਾ ਮਾਣ ਪ੍ਰਾਪਤ ਸੀ। ਉਸ ਦੌਰ ਨੂੰ ਦਿੱਲੀ ਵਿਚ ਪੰਜਾਬੀ ਸਾਹਿਤ ਦਾ ਸੁਨਹਿਰੀ ਦੌਰ ਕਹਿਣਾ ਵੀ ਕੋਈ ਅਤਿਕਥਨੀ ਨਹੀਂ।

ਮੈਂ ਪਿੰਡਾਂ ਅਤੇ ਛੋਟੇ ਸ਼ਹਿਰਾਂ-ਕਸਬਿਆਂ ਦੇ ਮਾਹੌਲ ਵਿਚੋਂ ਪਹਿਲੀ ਵਾਰ ਦਿੱਲੀ ਆ ਰਿਹਾ ਸੀ। ਸੋਵੀਅਤ ਸੂਚਨਾ ਵਿਭਾਗ ਵਾਲੇ ਪੰਜਾਬੀ ਮਿੱਤਰਾਂ ਨੂੰ ਦਫ਼ਤਰ ਦਾ ਰਾਹ ਪੁੱਛਿਆ ਤਾਂ ਉੱਤਰ ਮਿਲਿਆ, ਸਟੇਸ਼ਨ ਤੋਂ ਨੇੜੇ ਹੀ ਨਵਯੁਗ ਪਹੁੰਚ ਜਾਈਂ, ਅੱਗੇ ਭਾਪਾ ਜੀ ਆਪੇ ਪਹੁੰਚਦਾ ਕਰ ਦੇਣਗੇ। ਇਉਂ ਦਿੱਲੀ ਵਿਚ ਪੈਰ ਰੱਖਦਿਆਂ ਹੀ ਪਹਿਲੀ ਮੁਲਾਕਾਤ ਭਾਪਾ ਜੀ ਨਾਲ ਹੋਣ ਦਾ ਮੌਕਾ ਬਣ ਗਿਆ। ਉਨ੍ਹਾਂ ਨੇ ਚਾਹ-ਪਾਣੀ ਪਿਆਇਆ, 'ਆਰਸੀ' ਵਿਚ ਛਪੀਆਂ ਮੇਰੀਆਂ ਰਚਨਾਵਾਂ ਚੇਤੇ ਕੀਤੀਆਂ ਅਤੇ ਕਿਸੇ ਨੂੰ ਨਾਲ ਭੇਜ ਕੇ ਉਸ ਸਮੇਂ ਨਵਯੁਗ ਦੇ ਸਾਹਮਣਿਉਂ ਚਲਦੇ ਫਿਟਫਿਟੀਏ ਉਤੇ ਬਿਠਾ ਦਫ਼ਤਰ ਪੁਜਦਾ ਕਰ ਦਿੱਤਾ।

ਭਾਪਾ ਜੀ ਨੇ ਮੈਨੂੰ ਮੇਰੇ ਦਫ਼ਤਰ ਤੱਕ ਹੀ ਪੁਜਦਾ ਨਾ ਕੀਤਾ ਸਗੋਂ ਸਾਹਿਤਕ ਸੰਸਾਰ ਵਿਚ ਮੇਰਾ ਜੋ ਛੋਟਾ-ਮੋਟਾ ਸਥਾਨ ਬਣਿਆ ਹੈ, ਉਸ ਤੱਕ ਮੇਰੇ ਪਹੁੰਚਣ ਵਿਚ ਵੀ ਉਨ੍ਹਾਂ ਦਾ ਵੱਡਾ ਹੱਥ ਰਿਹਾ। ਇਸ ਪਹਿਲੀ ਮੁਲਾਕਾਤ ਤੋਂ ਬਣੀ ਅਤੇ ਪਹਿਲਾਂ ਉਨ੍ਹਾਂ ਦੀ ਹਯਾਤੀ ਨਾਲ ਤੇ ਹੁਣ ਉਨ੍ਹਾਂ ਦੀ ਯਾਦ ਨਾਲ ਜੁੜੀ ਸਾਂਝ ਦਾ ਚੇਤਾ ਕਰਦਿਆਂ ਮੈਨੂੰ ਇਹ ਇਕਬਾਲ ਕਰਨ ਵਿਚ ਕੋਈ ਸੰਕੋਚ ਨਹੀਂ ਕਿ ਜੇ ਭਾਪਾ ਜੀ ਨਾਲ, ਨਵਯੁਗ ਪਬਲਿਸ਼ਰਜ਼ ਨਾਲ, 'ਆਰਸੀ' ਮਾਸਕ ਪੱਤਰ ਨਾਲ ਅਤੇ ਸਾਹਿਤਕਾਰਾਂ ਦੇ ਮੇਲ-ਮਿਲਾਪ ਦੇ ਵੱਡੇ ਟਿਕਾਣੇ



*ਕਹਾਣੀ ਸੰਗ੍ਰਹਿ 'ਓਪਰਾ ਮਰਦ' ਦਾ ਟਾਈਟਲ।*


ਭਾਪਾ ਜੀ ਦੇ ਦਫ਼ਤਰ ਨਾਲ ਨਾਤਾ ਨਾ ਜੁੜਿਆ ਹੁੰਦਾ, ਮੈਂ ਉਹ ਨਾ ਹੁੰਦਾ ਜੋ ਅੱਜ ਹਾਂ। ਭਾਪਾ ਜੀ ਨਾਲ ਬਣੇ ਰਿਸ਼ਤੇ ਤੋਂ ਹੋਏ ਅਨੁਭਵ ਦੇ ਆਧਾਰ ਉਤੇ ਮੇਰਾ ਕਹਿਣਾ ਹੈ, ਲੇਖਕ ਨੂੰ ਜੇ ਚੰਗਾ ਪ੍ਰਕਾਸ਼ਕ ਨਸੀਬ ਹੋ ਜਾਵੇ, ਉਹਦੀ ਕਲਮ ਵਿਚ ਯਕੀਨਨ ਨਵਾਂ ਨਿਖਾਰ ਆ ਜਾਂਦਾ ਹੈ ਅਤੇ ਉਹਦੀ ਸੰਭਾਵਨਾ ਤੇ ਸਮਰੱਥਾ ਦਾ ਘੇਰਾ ਮੋਕਲਾ ਹੋ ਜਾਂਦਾ ਹੈ।

ਭਾਪਾ ਜੀ ਵਿਚ ਲੇਖਕਾਂ ਨੂੰ ਰਚਨਾ ਕਰਨ ਵਾਸਤੇ ਪ੍ਰੇਰਨ ਦਾ ਕਮਾਲ ਦਾ ਗੁਣ ਸੀ। ਜੇ ਮੈਂ ਕਹਾਂ, ਮੇਰੀਆਂ ਕਈ ਕਹਾਣੀਆਂ ਉਨ੍ਹਾਂ ਦੀਆਂ ਹੀ ਲਿਖਵਾਈਆਂ ਹੋਈਆਂ ਹਨ, ਇਹ ਕੋਈ ਝੂਠ ਨਹੀਂ। ਜੇ ਉਹ ਮੇਰੇ ਮਨ ਵਿਚ ਪਲ਼ ਰਹੀਆਂ ਇਨ੍ਹਾਂ ਕਹਾਣੀਆਂ ਨੂੰ ਬਾਹਰ ਲਿਆਉਣ ਲਈ ਵਾਰ ਵਾਰ ਨਾ ਆਖਦੇ, ਹੋ ਸਕਦਾ ਸੀ, ਸਾਡੇ ਰੂਸੀ ਦਫ਼ਤਰ ਦੇ ਰੁਝੇਵੇਂ ਅਤੇ ਅਸਾਹਿਤਕ ਮਾਹੌਲ ਕਾਰਨ ਉਹ ਕਿਤੇ ਚੇਤੇ ਦੀਆਂ ਤਹਿਆਂ ਵਿਚ ਹੀ ਗੁੰਮ-ਗੁਆਚ ਜਾਂਦੀਆਂ। ਉਨ੍ਹਾਂ ਵਿਚ ਰਚਨਾ ਪਰਖਣ ਤੇ ਕਈ ਵਾਰ ਉਹਦੀ ਬਿਹਤਰੀ ਲਈ ਸੁਝਾਅ ਦੇਣ ਦੀ ਵੀ ਵੱਡੀ ਸਮਰੱਥਾ ਸੀ। ਨਵਯੁਗ ਨੇ, ਜਿਸ ਦੀ ਮੋਹਰ-ਛਾਪ ਹੀ ਪੁਸਤਕ ਦੀ ਕਦਰ ਵਿਚ ਵਾਧਾ ਕਰ ਦਿੰਦੀ ਸੀ, ਮੇਰੀਆਂ ਪੁਸਤਕਾਂ ਬੜੀ ਖ਼ੂਬਸੂਰਤੀ ਨਾਲ ਛਾਪੀਆਂ। ਜਦੋਂ ਤੱਕ ਉਹ ਛਪਦਾ ਰਿਹਾ, ਅੰਮ੍ਰਿਤਾ ਦੇ 'ਨਾਗਮਣੀ' ਵਿਚ ਛਪੀਆਂ ਕੁਝ ਇਕ ਰਚਨਾਵਾਂ ਨੂੰ ਛੱਡ ਕੇ, ਮੇਰਾ ਲਿਖਿਆ ਸਭ ਕੁਝ 'ਆਰਸੀ' ਵਿਚ ਹੀ ਛਪਿਆ ਜੋ ਸਾਧਾਰਨ ਪਾਠਕਾਂ ਤੋਂ ਇਲਾਵਾ ਲਗਭਗ ਸਭ ਲੇਖਕਾਂ ਦੀਆਂ ਨਜ਼ਰਾਂ ਵਿਚੋਂ ਲੰਘਦਾ ਸੀ।

ਇਥੇ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਓਪਰਾ ਮਰਦ' ਦੀ ਗੱਲ ਵੀ ਕਰ ਲਵਾਂ। ਪੰਜਾਬ ਵਿਚ ਜ਼ਿਲਾ ਬਠਿੰਡਾ ਦੇ ਪਿੰਡ ਪਿੱਥੋ ਬੈਠਾ ਨਵਯੁਗ ਦੀਆਂ ਛਪੀਆਂ ਪੁਸਤਕਾਂ ਦੇਖਦਾ ਤਾਂ ਦਿਲ ਕਰਦਾ, ਮੇਰਾ ਕਹਾਣੀ ਸੰਗ੍ਰਹਿ ਵੀ ਅਜਿਹਾ ਹੀ ਛਪੇ ਪਰ ਇਹ ਅੱਥਰੇ ਬਾਲਕ ਦੇ ਚੰਦ-ਖਿਡੌਣਾ ਮੰਗਣ ਵਾਂਗ ਸੀ। ਦਿੱਲੀ ਆ ਟਿਕਿਆ ਤਾਂ ਖਰੜਾ ਤਿਆਰ ਕੀਤਾ ਅਤੇ ਭਾਪਾ ਜੀ ਅੱਗੇ ਜਾ ਰੱਖਿਆ, "ਬਠਿੰਡਾ ਜ਼ਿਲ੍ਹੇ ਦੇ ਇਕ ਅਣਜਾਣੇ ਪਿੰਡ ਵਿਚ ਬੈਠਾ ਮੈਂ ਨਵਯੁਗ ਤੋਂ ਛਪਣ ਦਾ ਸੁਫ਼ਨਾ ਦੇਖਿਆ ਕਰਦਾ ਸੀ, ਅੱਜ ਖਰੜਾ ਤੁਹਾਨੂੰ ਸੌਂਪ ਰਿਹਾ ਹਾਂ।" ਸੁਣਿਆ ਸੀ ਕਿ ਪ੍ਰਕਾਸ਼ਕ ਨਵਿਆਂ ਨੂੰ ਪੈਸੇ ਲੈ ਕੇ ਛਾਪਦੇ ਹਨ, ਪਰ ਝਿਜਕਦਾ ਹੋਇਆ ਗੱਲ ਖੋਲ੍ਹ ਨਾ ਸਕਿਆ। ਭਾਪਾ ਜੀ ਨੇ ਖਰੜਾ ਲੈ ਲਿਆ ਅਤੇ ਕਈ ਹਫ਼ਤੇ ਦੋਵੇਂ ਪਾਸਿਉਂ ਚੁੱਪ ਰਹੀ। ਉਨ੍ਹਾਂ ਨੇ ਆਪਣੇ ਕਿਸੇ ਫ਼ੈਸਲੇ ਦੀ ਜਾਣਕਾਰੀ ਨਾ ਦਿੱਤੀ ਅਤੇ ਮੈਂ ਇਸ ਕਾਰਨ ਚੁਪ ਰਿਹਾ ਕਿ ਜੇ ਪੁਸਤਕ ਛਪਣੀ ਹੋਈ ਤਾਂ ਛਪ ਜਾਵੇਗੀ, ਜੇ ਨਾ ਛਪਣੀ ਹੋਈ ਤਾਂ ਆਪ ਹੀ ਗੱਲ ਛੇੜ ਕੇ ਇਨਕਾਰ ਕਾਹਦੇ ਲਈ ਸੁਣਨਾ ਹੈ।

ਤੇ ਇਕ ਦਿਨ ਉਹ ਮੇਰੇ ਦਫਤਰ ਆਏ ਅਤੇ ਆਪਣੇ ਬੈਗ ਵਿਚੋਂ 'ਓਪਰਾ ਮਰਦ' ਦਾ ਖ਼ੂਬਸੂਰਤ ਕਵਰ ਮੇਜ਼ ਉਤੇ ਫੈਲਾ ਦਿਤਾ। ਮੇਰੀ ਖ਼ੁਸ਼ੀ ਦੀ ਕੋਈ ਸੀਮਾ ਨਾ ਰਹੀ। ਸਭ ਸਵਾਲਾਂ ਦਾ ਜਵਾਬ ਹਾਜ਼ਰ ਸੀ। ਕੁਝ ਦਿਨ ਪਰੂਫ਼ਾਂ ਦਾ ਸਿਲਸਿਲਾ ਚੱਲਿਆ। ਫੇਰ ਉਨ੍ਹਾਂ ਨੇ ਫੋਨ ਕਰ ਕੇ ਮੈਨੂੰ ਨਵਯੁਗ ਬੁਲਾਇਆ ਅਤੇ ਪੁਸਤਕ 'ਓਪਰਾ ਮਰਦ' ਮੇਰੇ ਸਾਹਮਣੇ ਰੱਖ ਦਿੱਤੀ। ਮੇਰਾ ਸਾਕਾਰ ਹੋਇਆ ਸੁਫ਼ਨਾ! ਸੰਭਲ ਕੇ ਪੁੱਛਿਆ, "ਹੁਣ ਭਾਪਾ ਜੀ ਮੈਨੂੰ ਸੇਵਾ ਦੱਸੋ।" ਉਹ ਮੁਸਕਰਾਏ ਅਤੇ ਬੋਲੇ, "ਤੁਸੀਂ ਇਹੋ ਜਿਹੀ ਹੀ ਪੁਸਤਕ ਚਾਹੁੰਦੇ ਸੀ ਨਾ?...ਬਸ ਠੀਕ ਹੈ।" ਮੇਰੇ ਇਸ ਪਹਿਲੇ ਕਹਾਣੀ ਸੰਗ੍ਰਹਿ ਦੀ ਰੱਜਵੀਂ ਆਉ-ਭਗਤ ਹੋਈ। ਮੇਰੇ ਹਾਣੀ ਲੇਖਕਾਂ ਅਤੇ ਯਾਰਾਂ-ਦੋਸਤਾਂ ਦੀ ਤਾਂ ਗੱਲ ਛੱਡੋ, ਮੈਥੋਂ ਵਡੇਰਿਆਂ ਨੇ ਵੀ ਇਹਦੀ ਬਹੁਤ ਵਡਿਆਈ ਕੀਤੀ।

ਵੱਡੇ ਲੇਖਕਾਂ ਵਿਚੋਂ ਪਹਿਲਾ ਨਾਤਾ ਹਰ ਮਹੀਨੇ ਜੁੜਦੀ 'ਨਾਗਮਣੀ ਸ਼ਾਮ' ਦੇ ਵਸੀਲੇ



*ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ।*

ਸਦਕਾ ਅੰਮ੍ਰਿਤਾ ਪ੍ਰੀਤਮ ਨਾਲ ਜੁੜਿਆ। ਉਸ ਨੂੰ ਨਵੇਂ ਲੇਖਕਾਂ ਨੂੰ ਉਤਸਾਹਿਤ ਕਰਨ ਦੀ ਜਾਚ ਅਤੇ ਜੁਗਤ ਆਉਂਦੀ ਸੀ। ਸਾਹਿਤਕ ਉਤਸਾਹ ਲੋੜਦੇ ਉਸ ਪੜਾਅ ਸਮੇਂ ਉਹ ਬੜੀ ਸਹਾਈ ਰਹੀ। 'ਓਪਰਾ ਮਰਦ' ਕਹਾਣੀ ਉਹਨੇ 'ਨਾਗਮਣੀ ਸ਼ਾਮ' ਵਿਚ ਸੁਣ ਕੇ 'ਨਾਗਮਣੀ' ਵਿਚ ਹੀ ਪਹਿਲੀ ਵਾਰ ਪ੍ਰਕਾਸ਼ਿਤ ਕੀਤੀ ਸੀ। ਅੰਮ੍ਰਿਤਾ ਵਿਚ ਇਕ ਵੱਡਾ ਗੁਣ ਇਹ ਸੀ ਕਿ ਜੋ ਲਿਖਤ ਉਸ ਦੇ ਮਨ ਨੂੰ ਭਾਅ ਜਾਂਦੀ, ਉਹ ਉਸ ਦੀ ਦੀਵਾਨੀ ਹੋ ਜਾਂਦੀ। ਉਹ ਲੇਖਕ ਤੋਂ ਪਾਰ ਜਾ ਕੇ ਉਹਦੀ ਕਦਰ ਕਰਦੀ। ਬਹੁਤ ਮਗਰੋਂ ਜਦੋਂ ਉਹ ਮੇਰੀ ਲਿਖੀ ਇਕ ਕਹਾਣੀ ਕਾਰਨ ਗੁੱਸੇ ਹੋ ਗਈ, ਤਦ ਵੀ ਇਸ ਕਹਾਣੀ ਦੀ ਕਦਰ ਉਹਦੇ ਦਿਲ ਵਿਚ ਓਵੇਂ ਬਣੀ ਰਹੀ। 'ਸੋਨੇ ਦੀਆਂ ਮੋਹਰਾਂ' ਨਾਂ ਦਾ ਕਹਾਣੀ ਸੰਗ੍ਰਹਿ ਸੰਪਾਦਿਤ ਕਰਦਿਆਂ ਉਹਨੇ ਗੁੱਸੇ ਨੂੰ ਲਾਂਭੇ ਕਰਦਿਆਂ ਚਿੱਠੀ ਲਿਖ ਕੇ ਇਹ ਕਹਾਣੀ ਸ਼ਾਮਲ ਕਰਨ ਦੀ ਆਗਿਆ ਮੰਗੀ। ਪਹਿਲਾਂ ਇਸੇ ਨਾਂ ਵਾਲੀ ਪੁਸਤਕ ਛਪੀ ਤਾਂ ਸੁਭਾਵਿਕ ਸੀ ਕਿ ਮੈਂ ਪਹਿਲੀ ਕਾਪੀ ਉਹਨੂੰ ਹੀ ਭੇਟ ਕਰਦਾ। ਦੇਖ ਕੇ ਉਹ ਬਹੁਤ ਖ਼ੁਸ਼ ਹੋਈ ਅਤੇ ਕਮਰੇ ਵਿਚ ਜਾ ਕੇ ਇਕ ਰੁਪਏ ਦਾ ਨਵਾਂ-ਨਕੋਰ ਨੋਟ ਲੈ ਕੇ ਪਰਤੀ। ਮੇਰੇ ਕੋਲ ਬੈਠ ਕੇ ਉਹਨੇ ਨੋਟ ਦੀ ਸਫ਼ੈਦ ਥਾਂ ਉਤੇ ਆਪਣੇ ਦਸਤਖ਼ਤ ਕੀਤੇ ਅਤੇ ਬੋਲੀ, "ਅਹਿ ਲੈ, ਤੇਰੇ ਓਪਰੇ ਮਰਦ ਨੂੰ ਸ਼ਗਨ।" ਇਹ ਨੋਟ ਮੈਂ ਆਪਣੇ ਵੱਡੇ ਸਾਹਿਤਕ ਸਨਮਾਨਾਂ ਵਿਚ ਰਖਿਆ ਹੋਇਆ ਹੈ।

**(ਚਲਦਾ)**

**ਨਿੱਕ ਸੁੱਕ**

**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

# ਬਲਦੇਵ ਸਿੰਘ, ਕਮਲਾ ਅਕਾਲੀ ਤੇ ਹਮਦਰਦ ਦੀ ਯਾਦ ਵਿਚ

ਸ. ਬਰਜਿੰਦਰ ਸਿੰਘ ਹਮਦਰਦ ਨੇ ਅਜੀਤ ਤੇ ਅਜੀਤ ਸਮਾਚਾਰ ਦਾ ਚੰਡੀਗੜ੍ਹ ਐਡੀਸ਼ਨ ਕੇ ਆਪਣੇ ਸਮਾਚਾਰ ਸਮੂਹ ਦੀ ਸਾਖ ਹੀ ਵੱਡੀ ਤੇ ਵਡੇਰੀ ਨਹੀਂ ਕੀਤੀ ਪਿਛਲੀ ਸਦੀ ਦੇ ਤਿੰਨ ਮਹਾਂਰਥੀਆਂ ਦੀ ਯਾਦ ਵੀ ਦੁਹਰਾਈ ਹੈ। ਉਹ ਧਨ ਸੁਤੰਤਰ ਭਾਰਤ ਦੇ ਪਹਿਲੇ ਵਿਦੇਸ਼ ਮੰਤਰੀ ਸ. ਬਲਦੇਵ ਸਿੰਘ, ਹਰਮਨ ਪਿਆਰੇ ਅਕਾਲੀ ਆਗੂ ਲਾਲ ਸਿੰਘ ਕਮਲਾ ਅਕਾਲੀ ਤੇ ਅਜੀਤ ਪੰਜਾਬੀ ਦੇ ਸੰਸਥਾਪਕ ਡਾ. ਸਾਧੂ ਸਿੰਘ ਹਮਦਰਦ ਅਜੀਤ ਨੂੰ ਅਰੰਭ ਕਰਨ ਵਾਲੀ ਕੰਪਨੀ ਦਾ ਨਾਂ 'ਦੀ ਪੰਜਾਬ ਨਿਊਜ਼ ਪੇਪਰ ਲਿਮਟਿਡ' ਸੀ ਜਿਸ ਦੇ ਚੇਅਰਮੈਨ ਬਲਦੇਵ ਸਿੰਘ ਸਨ। ਇਸ ਦੇ ਪਹਿਲੇ ਸੰਪਾਦਕ ਲਾਲ ਸਿੰਘ ਕਮਲਾ ਅਕਾਲੀ ਸਨ ਤੇ ਸਹਾਇਕ ਸੰਪਾਦਕ ਸਾਧੂ ਸਿੰਘ ਹਮਦਰਦ ਜੋ ਛੇਤੀ ਹੀ ਇਸ ਦੇ ਸੰਪਾਦਕ ਥਾਪੇ ਗਏ। ਇਸ ਦੀ ਭਾਸ਼ਾ ਉਰਦੂ ਸੀ। ਮੇਰੇ ਬਚਪਨ ਵਿਚ ਰੇਲਵੇ ਸਟੇਸ਼ਨ ਤੇ ਅਖਬਾਰਾਂ ਵੇਚਣ ਵਾਲੇ 'ਮਿਲਾਪ, ਪ੍ਰਤਾਪ, ਪ੍ਰਭਾਤ, ਅਜੀਤ ਅਖਬਾਰ' ਦਾ ਹੋਕਾ ਲਾਇਆ ਕਰਦੇ ਸਨ।

1942 ਵਿਚ ਉਰਦੂ ਅਜੀਤ ਲਾਹੌਰ ਤੋਂ ਕੱਢੀ ਗਈ ਸੀ ਜਿਹੜੀ ਸੰਤਾਲੀ ਦੀ ਵੰਡ ਪਿੱਛੋਂ ਅੰਮ੍ਰਿਤਸਰ ਰਾਹੀਂ ਪੰਜਾਬ ਦਾ ਸਮਾਚਾਰ ਪੱਤਰਾਂ ਦੀ ਰਾਜਧਾਨੀ ਜਲੰਧਰ ਆ ਗਈ। ਤਿੰਨਾਂ ਸਟੇਸ਼ਨਾਂ ਤੋਂ ਇਸ ਦੀ ਦੇਖ-ਰੇਖ ਦੇ ਰੂਹ-ਏ-ਰਵਾਂ ਸ. ਹਮਦਰਦ ਹੀ ਸਨ ਜਿਨ੍ਹਾਂ ਨੇ 1955 ਵਿਚ ਇਸ ਦਾ ਪੰਜਾਬੀ ਐਡੀਸ਼ਨ ਕੱਢਣਾ ਅਰੰਭ ਕੀਤਾ। ਮੈਨੂੰ ਚੇਤੇ ਹੈ, ਜਦੋਂ ਡਾ. ਮਹਿੰਦਰ ਸਿੰਘ ਰੰਧਾਵਾ ਨੇ ਪੰਜਾਬ ਖੇਤੀਬਾੜੀ ਕੌਂਸਲ ਦਿੱਲੀ ਦਾ ਮੀਤ ਪ੍ਰਧਾਨ ਬਣਨ ਪਿੱਛੋਂ 1957 ਵਿਚ ਕੌਂਸਲ ਵਲੋਂ ਤਾਮਿਲ, ਤੈਲਗੂ, ਬੰਗਾਲੀ, ਮਰਾਠੀ, ਉਰਦੂ ਤੇ ਪੰਜਾਬੀ ਵਿਚ ਖੇਤੀ ਸਾਹਿਤ ਛਾਪ ਕੇ ਦੇਸ਼ ਦੇ ਕਿਸਾਨ ਤੱਕ ਪਹੁੰਚਾਣ ਦਾ ਬੀੜਾ ਚੁੱਕਿਆ ਤਾਂ ਅਜੀਤ ਪੰਜਾਬੀ ਭਾਸ਼ਾ ਵਿਚ ਛਪਦੇ ਦੂਜੇ ਸਮਾਚਾਰ ਪੱਤਰਾਂ ਲਾਲੋਂ ਵੱਧ ਛਪਦਾ ਸੀ। ਮੈਂ ਡਾ. ਰੰਧਾਵਾ ਦੇ ਦਫਤਰ ਵਿਚ ਪੰਜਾਬੀ ਦਾ ਕੰਮ ਦੇਖਦਾ ਸਾਂ। ਜਿੱਥੇ ਸਾਧੂ ਸਿੰਘ ਹਮਦਰਦ ਨੇ ਇਸ ਬੂਟੇ ਨੂੰ 44 ਸਾਲ ਸਿੰਜਿਆ ਤੇ ਇਹਦੇ ਰਾਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਸਥਾਪਨਾ ਤੇ ਜਲੰਧਰ ਵਿਖੇ ਦੂਰ ਦਰਸ਼ਨ ਕੇਂਦਰ ਦੀ ਸਥਾਪਤ ਕਰਵਾਈ, ਉਥੇ ਇਸ ਦਾ ਹਿੰਦੀ ਐਡੀਸ਼ਨ ਕੱਢਣ ਦਾ ਸਿਹਰਾ ਬਰਜਿੰਦਰ ਸਿੰਘ ਦੇ ਸਿਰ ਬੱਝਦਾ ਹੈ। ਹੁਣ ਇਸ ਦਾ ਚੰਡੀਗੜ੍ਹ ਐਡੀਸ਼ਨ ਕੱਢ ਕੇ ਮਾਲਵੇ ਦੀ ਧੁੰਨੀ ਤੋਂ ਬਿਨਾ ਹਰਿਆਣਾ, ਹਿਮਾਚਲ ਤੇ ਉਤਰਾਖੰਡ ਵਿਚ ਛਾ ਜਾਣ ਦੀ ਕਾਮਨਾ ਰਖਣਾ ਵੀ ਉਸੇ ਦਾ ਕਰਤਵ ਹੈ। ਬਲਵੰਤ ਸਿੰਘ ਰਾਮੂਵਾਲੀਆ ਇਸ ਦੀ ਚੰਡੀਗੜ੍ਹ ਆਮਦ ਨੂੰ ਖੂਹੀ ਦਾ ਪਿਆਸਿਆਂ ਦੇ ਵਿਹੜੇ ਵੜਨਾ ਕਹਿੰਦਾ ਹੈ। ਤਰਲੋਚਨ ਸਿੰਘ ਦੀ ਖੋਜ ਇਸ ਨੂੰ ਖੇਤਰੀ ਭਾਸ਼ਾਵਾਂ ਦੇ ਪਹਿਲੇ ਛੇ ਸਮਾਚਾਰ ਪੱਤਰਾਂ ਵਿਚ ਗਿਣਦੀ ਹੈ। ਜੇ ਕਾਂਗਰਸ ਆਗੂ ਰਾਜਿੰਦਰ ਕੌਰ ਭੱਠਲ ਅਜੀਤ ਨੂੰ ਮਿਸ਼ਨਰੀ ਸੰਸਥਾ ਗਿਣਦੀ ਹੈ ਤਾਂ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਹਦੇ ਕੋਲੋਂ ਪੰਜਾਬ ਦੀ ਕਿਸਾਨੀ ਦੀ ਰਾਹਨੁਮਾਈ ਤੇ ਇਥੋਂ ਦੀ ਜਵਾਨੀ ਨੂੰ ਨਸ਼ਾ ਮੁਕਤ ਕਰਾਉਣ ਦੀ ਕਾਮਨਾ ਰਖਦੇ ਹਨ। ਜਿਥੋਂ ਤੱਕ ਮੇਰਾ ਸਬੰਧ ਹੈ, ਮੈਨੂੰ ਅਜੀਤ ਵਿਚ ਛਪਦੇ ਕਾਲਮ ਨੇ ਮੇਰੀ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਦੀ ਸੰਪਾਦਕੀ ਨਾਲੋਂ ਕਿਤੇ ਵਧ ਪਾਠਕ ਦਿੱਤੇ ਹਨ। 1942 ਵਿਚ ਇਸ ਨੂੰ ਲਾਹੌਰ ਤੋਂ ਕਢਵਾਉਣ ਵਾਲੇ ਸ. ਬਲਦੇਵ ਸਿੰਘ ਦਾ ਜੱਦੀ ਪਿੰਡ ਦੱਮਣਾ (ਮੋਰਿੰਡਾ ਦੇ ਨੇੜੇ) ਅਜੀਤ ਦੇ ਹੁਣ ਵਾਲੇ ਦਫਤਰ ਤੋਂ ਕੇਵਲ 15-18 ਕਿਲੋਮੀਟਰ ਹੈ। ਨਿਸ਼ਚੇ ਹੀ ਅਜੀਤ ਦਾ ਚੰਡੀਗੜ੍ਹ ਤੋਂ ਛਪਣਾ ਉਨ੍ਹਾਂ ਦੀ ਆਤਮਾ ਨੂੰ ਵੀ ਪ੍ਰਸੰਨ ਕਰੇਗਾ।

ਮੇਰੇ ਵਿਦਿਆਰਥੀ ਜੀਵਨ ਵਿਚ ਇਤਿਹਾਸਕ, ਮਿਥਿਹਾਸਕ ਤੇ ਧਾਰਮਿਕ ਸਿੱਖਿਆ ਕਿੱਸਿਆਂ ਰਾਹੀਂ ਮਿਲਦੀ ਸੀ- 'ਰੂਪ ਬਸੰਤ', 'ਜ਼ਿੰਦਗੀ ਵਿਲਾਸ' 'ਬੰਦਾ ਬਹਾਦਰ' ਤੇ 'ਚਾਰ ਸਾਹਿਬਜ਼ਾਦੇ' ਰਾਹੀਂ! ਹੁਣ ਇਹ ਕੰਮ ਫਿਲਮਾਂ ਕਰਦੀਆਂ ਹਨ। 'ਚਾਰ ਸਾਹਿਬਜ਼ਾਦੇ' ਉਨ੍ਹਾਂ ਵਿਚੋਂ ਇੱਕ ਹੈ- ਸਾਦ ਮੁਰਾਦੀ ਤੇ ਘੜੀ ਘੜਾਈ। ਨੱਕ ਦੀ ਸੇਧ ਵਿਚ ਤੁਰਦੇ ਵਾਰਤਾਲਾਪ। ਦਸਵੇਂ ਪਾਤਸ਼ਾਹ ਦੀ ਜੀਵਨ ਮਰਿਆਦਾ ਵੀ ਸਾਹਿਬਜ਼ਾਦਿਆਂ ਦੇ ਬੋਲਾਂ ਰਾਹੀਂ ਪੇਸ਼ ਕੀਤੀ ਹੈ। ਸੱਤ ਤੋਂ ਪੰਦਰਾਂ ਸਾਲ ਦੇ ਸਾਹਿਬਜ਼ਾਦੇ ਤੇਜ਼ ਤਰਾਰ ਕਿਰਪਾਨਾਂ ਨਾਲ ਮੁਗਲਾਂ ਨਾਲ ਮੁਕਾਬਲਾ ਕਰਨ ਤੋਂ ਬਿਨਾ ਦਰਸ਼ਕਾਂ ਨੂੰ ਸਮਝਾਉਂਦੇ ਵੀ ਹਨ ਕਿ ਉਨ੍ਹਾਂ ਦੇ ਗੁਰੂ ਪਿਤਾ ਦਾ ਮੂਲ ਮੰਤਵ ਜ਼ੋਰ ਜ਼ੁਲਮ ਦਾ ਟਾਕਰਾ ਕਰਨਾ ਸੀ।

ਇਸ ਦੇ ਉਲਟ ਮੁਗਲਾਂ ਦਾ ਪ੍ਰਤੀਨਿਧ ਸੂਬਾ ਸਰਹਿੰਦ ਏਨਾ ਜ਼ਾਲਮ ਸੀ ਕਿ ਉਸ ਨੇ ਗੰਗੂ ਬ੍ਰਾਹਮਣ ਦੇ ਘਰ ਪਨਾਹ ਲੈ ਰਹੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਲਈ ਦੁੱਧ ਦੀ ਸੇਵਾ ਕਰ ਰਹੇ ਮੋਤੀ ਰਾਮ ਮਹਿਰਾ ਨੂੰ ਵੀ ਨਹੀਂ ਸੀ ਬਖਸ਼ਿਆ। ਇਥੋਂ ਤੱਕ ਕੇ ਉਸ ਨੇ ਆਪਣੀ ਬੇਗਮ ਤੇ ਮਲੇਰਕੋਟਲਾ ਦੇ ਨਵਾਬ ਦਾ ਬੋਲਿਆ ਵੀ ਅਣਸੁਣਿਆ ਕਰ ਛੱਡਿਆ ਸੀ। ਉਂਜ ਅੰਤਾਂ ਦੀ ਦਰਦਨਾਕ ਇਸ ਗਾਥਾ ਵਿਚ ਦਸਮ ਪਾਤਸ਼ਾਹ ਨੂੰ ਚਮਕੌਰ ਦੀ ਗੜ੍ਹੀ ਤੋਂ ਸੁਰੱਖਿਅਤ ਲਿਜਾਣ ਵਾਲੇ ਗਨੀ ਖਾਂ ਤੇ ਨਬੀ ਖਾਂ ਦੀ ਕੁਰਬਾਨੀ ਨੂੰ ਵੀ ਬਣਦਾ ਸਥਾਨ ਨਹੀਂ ਦਿੱਤਾ ਗਿਆ।

# ਕਿੱਸਾ 'ਗਰੀਬ ਦੀ ਵਹੁਟੀ' ਤੇ ਧਰਮ ਪਰਿਵਰਤਨ ਦੀ ਧੰਦੇਬਾਜ਼ੀ ਦਾ

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਗਰੀਬ ਦੀ ਵਹੁਟੀ ਸਾਰੇ ਪਿੰਡ ਦੀ ਭਾਬੀ ਹੁੰਦੀ ਹੈ। ਇਹ ਗੱਲ ਭਾਵੇਂ ਇੱਕ ਮੁਹਾਵਰੇ ਵਜੋਂ ਪੰਜਾਬੀ ਬੋਲੀ ਦਾ ਅੰਗ ਹੈ ਪਰ ਇਸ ਵਾਰ ਅਸੀਂ ਇਸ ਦੀ ਵਰਤੋਂ ਨਹੀਂ ਕੀਤੀ। ਇੱਕ ਸਮਾਗਮ ਦੌਰਾਨ ਆਰ ਐਸ ਐਸ ਦੇ ਸਰਸੰਘ ਚਾਲਕ ਮੋਹਣ ਭਾਗਵਤ ਨੇ ਪਿਛਲੇਰੇ ਹਫਤੇ ਇਸ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ "ਹਿੰਦੂ ਦਾ ਕੀ ਹੈ, ਉਹ ਸਦੀਆਂ ਤੋਂ ਗਰੀਬ ਦੀ ਜ਼ੋਰੂ ਬਣਿਆ ਰਿਹਾ ਹੈ, 'ਗਰੀਬ ਦੀ ਜ਼ੋਰੂ ਪਿੰਡ ਦੀ ਭਰਜਾਈ' ਹੁੰਦੀ ਹੈ।" ਭਾਗਵਤ ਨੇ ਇਸ ਤੋਂ ਅੱਗੇ ਇਹ ਵੀ ਕਹਿ ਦਿੱਤਾ ਕਿ ਪਿਛਲੀਆਂ ਸਦੀਆਂ ਵਿਚ ਬਹੁਤ ਸਾਰੇ ਹਿੰਦੂਆਂ ਨੂੰ ਹੋਰ ਧਰਮ ਵਾਲੇ ਖਿੱਚ ਕੇ ਲੈ ਗਏ ਸਨ, "ਆਪਣਾ ਉਦੋਂ ਦਾ ਲੁੱਟਿਆ ਹੋਇਆ 'ਮਾਲ' ਅਸੀਂ ਵਾਪਸ ਲੈਣ ਲੱਗੇ ਹਾਂ ਤਾਂ ਕਿਸੇ ਨੂੰ ਇਸ ਗੱਲ ਦੀ ਤਕਲੀਫ ਨਹੀਂ ਹੋਣੀ ਚਾਹੀਦੀ।" ਕਮਾਲ ਦੀ ਗੱਲ ਹੈ ਕਿ ਭਾਰਤ ਦੀ ਸੱਭਿਆਚਾਰਕ ਵਿਰਾਸਤ ਦੀ ਠੇਕੇਦਾਰੀ ਦਾ ਦਾਅਵਾ ਕਰਦੇ ਸੰਗਠਨ ਦਾ ਮੁਖੀ ਆਪਣੀ ਗੱਲ ਨੂੰ ਸਹੀ ਸਿੱਧ ਕਰਨ ਲਈ ਇਨਸਾਨਾਂ ਨੂੰ 'ਮਾਲ' ਆਖਦਾ ਹੈ। ਉਸ ਨੇ ਜਿਵੇਂ ਆਪਣੇ 'ਮਾਲ' ਦੀ ਵਾਪਸੀ ਦੀ ਮੁਹਿੰਮ ਦੀ ਸਰਪ੍ਰਸਤੀ ਕੀਤੀ ਸੀ, ਉਸ ਨਾਲ ਸਰਕਾਰ ਅਤੇ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਵਿਚ ਕਿੰਨੇ ਪੁਆੜੇ ਪਏ ਤੇ ਕਿਵੇਂ ਧਰਮ ਪਰਿਵਰਤਨ ਕਰਾਉਣ ਵਾਲੇ 'ਧਰਮ ਜਾਗਰਣ ਮੰਚ' ਦੇ ਮੁਖੀ ਰਾਜੇਸ਼ਵਰ ਸਿੰਘ ਨੂੰ ਘਰ ਭੇਜਣਾ ਪਿਆ, ਇਹ ਕਹਾਣੀ ਇਸ ਵੇਲੇ ਅਸੀਂ ਇਥੇ ਨਹੀਂ ਪਾ ਰਹੇ। ਉਸ ਦੀ ਥਾਂ ਅਸੀਂ ਇਸ ਮੁੱਦੇ ਵੱਲ ਆਉਣਾ ਚਾਹੁੰਦੇ ਹਾਂ ਕਿ ਧਰਮ ਪਰਿਵਰਤਨ ਕਰਦਾ ਕੌਣ ਹੈ ਤੇ ਧਰਮ ਦਾ ਅਰਥ ਕੀ ਹੈ?

ਅਸੀਂ ਇਹ ਗਾਣਾ ਨਹੀਂ ਗਾਉਣਾ ਚਾਹੁੰਦੇ ਕਿ "ਇਕ ਬਾਬਾ ਨਾਨਕ ਸੀ, ਜਿਹਨੇ ਤੁਰ ਕੇ ਦੁਨੀਆ ਗਾਹ'ਤੀ, ਇੱਕ ਅੱਜ ਦੇ ਬਾਬੇ ਨੇ ਬੱਤੀ ਲਾਲ ਗੱਡੀ 'ਤੇ ਲਾ'ਤੀ", ਪਰ ਸੱਚਾਈ ਇਹੋ ਹੈ ਕਿ ਇਹੋ ਜਿਹੇ ਲਾਲ ਬੱਤੀ ਵਾਲੇ ਸੰਤ ਬਣੇ ਸਿੱਖੀ ਅਤੇ ਹਿੰਦੂ ਧਰਮ ਦੇ ਅਜੋਕੇ ਮਹੰਤਾਂ ਦੇ ਕਾਰਨ ਲੋਕ ਹੁਣ ਇਨ੍ਹਾਂ ਦੋਵਾਂ ਤੋਂ ਅਵਾਜ਼ਾਰ ਹੋ ਰਹੇ ਹਨ। ਧਰਮ ਦੇ ਅਰਥ ਉਹ ਨਹੀਂ, ਜਿਹੜੇ ਹਿੰਦੂ ਤੇ ਸਿੱਖ ਧਰਮ ਦੇ ਅਜੋਕੇ ਸੰਤ ਦੱਸਦੇ ਹਨ। ਲੋਕਾਂ ਨੂੰ ਦੱਸਣ ਤੋਂ ਪਹਿਲਾਂ ਇਨ੍ਹਾਂ ਨੂੰ ਖੁਦ ਸਮਝਣਾ ਚਾਹੀਦਾ ਹੈ। ਗੁਰਬਾਣੀ ਦਾ ਸ਼ਬਦ ਹੈ- "ਆਪਿ ਨ ਬੂਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥" ਭਾਵ ਜਿਨ੍ਹਾਂ ਨੇ ਆਪ ਨਹੀਂ ਸਮਝਿਆ, ਉਹ ਲੋਕਾਂ ਦੀ ਅਗਵਾਈ ਕਰਨ ਨਿਕਲ ਤੁਰੇ ਹਨ।

ਪਹਿਲਾਂ ਅਸੀਂ ਹਿੰਦੂ ਧਰਮ ਦੇ ਉਹ ਅਰਥ ਚੇਤੇ ਕਰਵਾਉਣ ਦੀ ਲੋੜ ਸਮਝਦੇ ਹਾਂ, ਜਿਹੜੇ ਗੁਰੂ ਬਾਬੇ ਨਾਨਕ ਨੇ ਦੱਸੇ ਸਨ। ਉਨ੍ਹਾਂ ਕਿਹਾ ਸੀ- 'ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥' ਇਸ ਦਾ ਅਰਥ ਇਹ ਸੀ- ਹੇ ਪੰਡਤ, ਜੇ ਤੇਰੇ ਕੋਲ ਇਹੋ ਜਿਹਾ ਜਨੇਊ ਹੈ, ਜਿਹੜਾ ਦਇਆ ਦੀ ਕਪਾਹ ਦਾ ਬਣਿਆ ਹੋਵੇ, ਸਬਰ-ਸੰਤੋਖ ਵਾਲੇ ਸੂਤ ਨੂੰ ਜਤ ਦੀਆਂ ਗੰਢਾਂ ਤੇ ਸਤ ਦਾ ਵੱਟ ਚਾੜ੍ਹਿਆ ਹੋਵੇ, ਉਹ ਲਿਆ ਕੇ ਦੇਹ, ਨਾ ਉਹ ਟੁੱਟੇਗਾ, ਨਾ ਉਸ ਨੂੰ ਮੈਲ ਲੱਗੇਗੀ, ਨਾ ਸੜੇਗਾ ਤੇ ਨਾ ਖਤਮ ਹੋਵੇਗਾ। ਸਾਫ ਹੈ, ਗੁਰੂ ਸਾਹਿਬ ਨੇ ਨੇਕ ਕਿਰਦਾਰ ਦੇ ਜਨੇਊ ਦੀ ਸੁੱਚੀ ਸੋਚ ਦਾ ਜ਼ੋਰ ਦਿੱਤਾ ਸੀ। ਗੁਰੂ ਬਾਬੇ ਦੀ ਸਿੱਖਿਆ ਉਦੋਂ ਦੇ ਆਮ ਲੋਕਾਂ ਨੇ ਮੰਨ ਲਈ ਸੀ, ਹੁਣ ਆਗੂ ਤੇ ਸੰਤ ਵੀ ਪਾਸਾ ਵੱਟੀ ਜਾਂਦੇ ਹਨ। ਇਸ ਦੀ ਥਾਂ ਕਰਮ-ਕਾਂਡ ਪ੍ਰਧਾਨ ਹੋ ਗਿਆ ਹੈ ਤੇ ਬਾਬੇ ਦੀ ਸਿੱਖਿਆ ਪਿੱਛੇ ਪਾ ਦਿੱਤੀ ਗਈ ਹੈ।

ਦੂਸਰੀ ਗੱਲ ਉਨ੍ਹਾਂ ਨੇ ਮੁਸਲਮਾਨਾਂ ਵਾਸਤੇ ਏਦਾਂ ਕਹੀ ਸੀ ਕਿ 'ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥' ਫਿਰ ਉਨ੍ਹਾਂ ਨੇ ਹਿੰਦੂ ਦੇ ਜਨੇਊ ਵਾਂਗ ਮੁਸਲਮਾਨ ਨੂੰ ਕਿਹਾ ਸੀ ਕਿ 'ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥' ਹਿੰਦੂ ਲਈ ਦਇਆ ਤੋਂ ਸ਼ੁਰੂ ਕਰਨ ਵਾਂਗ ਮੁਸਲਮਾਨ ਨੂੰ ਇਹ ਹਦਾਇਤ ਦੇ ਕੇ ਸ਼ੁਰੂ ਕੀਤਾ ਕਿ ਮਨ ਵਿਚ ਮਿਹਰ-ਤਰਸ ਦੀ ਮਸੀਤ ਬਣਾ, ਸਿਦਕ ਦਾ ਮੁਸੱਲਾ ਬਣਾ ਕੇ ਹੱਕ ਦੀ ਕਮਾਈ ਨਾਲ ਜੀਵਨ ਗੁਜ਼ਾਰ, ਫਿਰ ਤੂੰ ਅਸਲੀ ਮੁਸਲਮਾਨ ਹੋਵੇਂਗਾ। ਇਹ ਵੀ ਹਿੰਦੂ ਨੂੰ ਕਿਰਦਾਰ ਦਾ ਜਨੇਊ ਪਹਿਨਾਉਣ ਵਾਂਗ ਮੁਸਲਮਾਨ ਭਾਈਚਾਰੇ ਲਈ ਕਿਰਦਾਰ ਉਤੇ ਪਹਿਰਾ ਦੇਣ ਦੀ ਸਿੱਖਿਆ ਸੀ, ਜੋ ਹੁਣ ਕਿਸੇ ਦੇ ਯਾਦ ਹੀ ਨਹੀਂ।



ਮੋਹਣ ਭਾਗਵਤ

**ਇੱਕ ਸਮਾਗਮ ਦੌਰਾਨ ਆਰ ਐਸ ਐਸ ਦੇ ਸਰਸੰਘ ਚਾਲਕ ਮੋਹਣ ਭਾਗਵਤ ਨੇ ਪਿਛਲੇਰੇ ਹਫਤੇ ਇਸ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ "ਹਿੰਦੂ ਦਾ ਕੀ ਹੈ, ਉਹ ਸਦੀਆਂ ਤੋਂ ਗਰੀਬ ਦੀ ਜ਼ੋਰੂ ਬਣਿਆ ਰਿਹਾ ਹੈ, 'ਗਰੀਬ ਦੀ ਜ਼ੋਰੂ ਪਿੰਡ ਦੀ ਭਰਜਾਈ' ਹੁੰਦੀ ਹੈ।" ਭਾਗਵਤ ਨੇ ਇਸ ਤੋਂ ਅੱਗੇ ਇਹ ਵੀ ਕਹਿ ਦਿੱਤਾ ਕਿ ਪਿਛਲੀਆਂ ਸਦੀਆਂ ਵਿਚ ਬਹੁਤ ਸਾਰੇ ਹਿੰਦੂਆਂ ਨੂੰ ਹੋਰ ਧਰਮ ਵਾਲੇ ਖਿੱਚ ਕੇ ਲੈ ਗਏ ਸਨ, "ਆਪਣਾ ਉਦੋਂ ਦਾ ਲੁੱਟਿਆ ਹੋਇਆ 'ਮਾਲ' ਅਸੀਂ ਵਾਪਸ ਲੈਣ ਲੱਗੇ ਹਾਂ ਤਾਂ ਕਿਸੇ ਨੂੰ ਇਸ ਗੱਲ ਦੀ ਤਕਲੀਫ ਨਹੀਂ ਹੋਣੀ ਚਾਹੀਦੀ।"**

ਤੀਸਰੀ ਗੱਲ ਇਹ ਕਿ ਉਹੋ ਗੁਰੂ ਬਾਬਾ ਜਦੋਂ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਤਾਂ ਮੱਕੇ ਵੀ ਗਿਆ ਸੀ ਤੇ ਉਥੇ ਜਦੋਂ ਹਾਜੀਆਂ ਨਾਲ ਸਵਾਲ-ਜਵਾਬ ਹੋਏ, ਉਨ੍ਹਾਂ ਇਹ ਪੁੱਛਿਆ ਸੀ ਕਿ ਲੰਮੇ ਲੇਖੇ ਦੀ ਥਾਂ ਸਾਨੂੰ ਇਹ ਦੱਸਣ ਦੀ ਖੇਚਲ ਕਰੋ ਕਿ ਹਿੰਦੂ ਵੱਡਾ ਜਾਂ ਮੁਸਲਮਾਨ ਵੱਡਾ ਹੈ। ਗੁਰੂ ਬਾਬੇ ਨੇ ਜਿਹੜਾ ਜਵਾਬ ਦਿੱਤਾ ਤੇ ਭਾਈ ਗੁਰਦਾਸ ਨੇ ਦਰਜ ਕੀਤਾ, ਉਹ ਇਨ੍ਹਾਂ ਸ਼ਬਦਾਂ ਵਿਚ ਹੈ- 'ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ? ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।' ਇਸ ਖਿਆਲ ਨੂੰ ਅਸੀਂ 'ਸੌ ਹੱਥ ਰੱਸਾ, ਸਿਰੇ ਉਤੇ ਗੰਢ' ਕਹਿ ਸਕਦੇ ਹਾਂ। ਗੁਰੂ ਬਾਬੇ ਨੇ ਕਿਹਾ ਸੀ ਕਿ ਜੇ ਅਮਲ ਚੰਗੇ ਨਹੀਂ ਤਾਂ ਹਿੰਦੂ ਅਤੇ ਮੁਸਲਮਾਨ- ਦੋਵੇਂ ਰੋਣਗੇ। ਜੇ ਅੱਜ ਵਾਲੇ ਯੁੱਗ ਵਿਚ ਗੁਰੂ ਬਾਬੇ ਦੀ ਦਿੱਤੀ ਅਕਲ ਸਮਝਣੀ ਹੋਵੇ ਤਾਂ ਇਸ ਦਾ ਅਰਥ ਇਹ ਹੈ ਕਿ ਸਿਰਫ ਹਿੰਦੂ ਤੇ ਮੁਸਲਮਾਨ ਹੀ ਨਹੀਂ, ਜਿਹੜੇ ਸਿੱਖ ਦੇ ਅਮਲ ਚੰਗੇ ਨਹੀਂ ਹੋਣਗੇ, ਰੋਣਾ ਉਸ ਨੂੰ ਵੀ ਪਵੇਗਾ। ਕੀ ਇਹ ਕਿਸੇ ਨੂੰ ਯਾਦ ਹੈ?

ਯਾਦ ਕੀ ਰਹਿ ਗਿਆ ਹੈ? ਸਰਦਾਰੀਆਂ ਅਤੇ ਚੌਧਰਾਂ ਕਰਨੀਆਂ ਯਾਦ ਰਹਿ ਗਈਆਂ ਹਨ। ਦਗਾ-ਫਰੇਬ ਕਰ ਕੇ ਰਾਜ ਗੱਦੀਆਂ ਉਤੇ ਬਹਿਣ ਨੂੰ ਤੇ ਬੈਠ ਗਏ ਤਾਂ ਟਿਕੇ ਰਹਿਣ ਨੂੰ ਜ਼ੋਰ ਲਾਉਣਾ ਯਾਦ ਹੈ। ਇਸ ਗੱਦੀ-ਯੁੱਧ ਵਿਚ ਕੁਝ ਲੜਨ ਵਾਲੇ ਪਿਆਦੇ ਚਾਹੀਦੇ ਹਨ। ਪੁਰਾਤਨ ਜੰਗਾਂ ਵਿਚ ਵੀ ਰਾਜੇ ਪਿੱਛੇ ਰਹਿੰਦੇ ਸਨ ਤੇ ਅੱਗੇ ਹੋ ਕੇ ਝੁੱਗੀਆਂ ਤੇ ਕੁੱਲੀਆਂ ਵਿਚ ਰਹਿਣ ਵਾਲੇ ਲੋਕ ਲੜਦੇ ਹੁੰਦੇ ਸਨ। ਹੁਣ ਵੀ ਇਹੋ ਹੁੰਦਾ ਹੈ। ਧਰਮ ਪਰਿਵਰਤਨ ਇਸ ਲੜਾਈ ਦੇ ਮੋਹਰੇ ਆਪੋ ਆਪਣੇ ਨਾਲ ਜੋੜਨ ਦਾ ਚਲਿੱਤਰ ਬਣ ਗਿਆ ਹੈ, ਜਿਸ ਵਿਚ ਜਿਹੜਾ ਕੋਈ ਚਾਰਾ ਕਰਦਾ ਦਿੱਸਦਾ ਹੈ, ਉਸ ਦੀ ਸਾਰੀ ਪਹੁੰਚ ਉਨ੍ਹਾਂ ਗਰੀਬਾਂ ਤੱਕ ਹੁੰਦੀ ਹੈ, ਜਿਨ੍ਹਾਂ ਨੂੰ ਸੰਘ ਪਰਿਵਾਰ ਦਾ ਮੁਖੀ ਮੋਹਣ ਭਾਗਵਤ ਕਦੀ 'ਮਾਲ' ਕਹਿੰਦਾ ਹੈ ਤੇ ਕਦੀ 'ਗਰੀਬ ਦੀ ਜ਼ੋਰੂ, ਸਾਰੇ ਪਿੰਡ ਦੀ ਭਰਜਾਈ' ਆਖਣ ਤੱਕ ਚਲਾ ਜਾਂਦਾ ਹੈ, ਪਰ ਇਹ ਕਦੇ ਨਹੀਂ ਦੱਸਦਾ ਕਿ ਇਨ੍ਹਾਂ ਲੋਕਾਂ ਨੂੰ ਦੂਸਰੇ ਧਰਮਾਂ ਵਿਚ ਜਾਣ ਦਾ ਅੱਕ ਚੱਬਣਾ ਕਿਉਂ ਪਿਆ ਸੀ?

ਆਗਰੇ ਵਿਚ ਧਰਮ ਪਰਿਵਰਤਨ ਕਰਵਾਇਆ ਗਿਆ ਤਾਂ ਇਸ ਦਾ ਮੋਹਰਾ ਉਹ ਲੋਕ ਬਣਾਏ ਗਏ, ਜਿਨ੍ਹਾਂ ਦੀ ਕੋਈ ਹੈਸੀਅਤ ਹੀ ਨਹੀਂ। ਝੁੱਗੀਆਂ ਵਿਚ ਰਹਿੰਦੇ ਹਨ, ਉਨ੍ਹਾਂ ਦੀ ਪਛਾਣ ਦਾ ਕਾਰਡ ਤੱਕ ਨਹੀਂ ਹੈ। ਧਮੱਚੜ ਪੈਣ ਦੇ ਬਾਅਦ ਉਨ੍ਹਾਂ ਬਾਰੇ ਕਿਹਾ ਗਿਆ ਕਿ ਉਨ੍ਹਾਂ ਦੇ ਵੱਡੇ ਬਿਹਾਰ ਦੇ ਹਿੰਦੂ ਸਨ, ਧੱਕੇ ਨਾਲ ਮੁਸਲਮਾਨ ਬਣਾਏ ਗਏ ਸਨ ਤੇ ਹੁਣ ਉਨ੍ਹਾਂ ਦੀ ਘਰ-ਵਾਪਸੀ ਹੋਈ ਹੈ। ਉਨ੍ਹਾਂ ਗਰੀਬਾਂ ਨੇ ਕਿਹਾ ਕਿ ਸਾਨੂੰ ਇਹ ਦੱਸਿਆ ਗਿਆ ਸੀ ਕਿ ਜੇ ਅਸੀਂ ਹਿੰਦੂ ਬਣ ਗਏ ਤਾਂ ਸਾਨੂੰ ਨਾਗਰਿਕਤਾ ਮਿਲ ਜਾਵੇਗੀ। ਜਦੋਂ ਉਹ ਬਿਹਾਰ ਦੇ ਸਨ ਤਾਂ ਨਾਗਰਿਕਤਾ ਦਾ ਲਾਰਾ ਕਿਉਂ ਲਾਇਆ ਸੀ? ਬਿਹਾਰ ਤਾਂ ਭਾਰਤ ਵਿਚ ਹੈ। ਪਤਾ ਲੱਗਾ ਕਿ ਉਨ੍ਹਾਂ ਦੇ ਵੱਡੇ ਉਥੋਂ ਆਏ ਸਨ, ਜਿੱਥੇ ਹੁਣ ਬੰਗਲਾ ਦੇਸ਼ ਹੈ ਤੇ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਪਿੰਡ ਜਾਂ ਜ਼ਿਲ੍ਹਾ ਕਿਹੜਾ ਸੀ? ਜਿਨ੍ਹਾਂ ਨੂੰ ਆਪਣਾ ਪਿੰਡ-ਥਾਂ ਵੀ ਪਤਾ ਨਹੀਂ, ਉਨ੍ਹਾਂ ਦੀ 'ਘਰ-ਵਾਪਸੀ' ਕਰਵਾ ਦਿੱਤੀ ਗਈ। 'ਸਾਰੇ ਪਿੰਡ ਦੀ ਭਰਜਾਈ' ਏਦਾਂ ਦੇ ਗਰੀਬ ਹੀ ਬਣਦੇ ਹਨ। ਜਿਹੜੇ ਲੋਕਾਂ ਨੇ ਤਮਾਸ਼ਾ ਕੀਤਾ, ਉਹ ਆਰ.ਐਸ.ਐਸ. ਦੀ ਨਜ਼ਰ ਵਿਚ ਸਤਿਕਾਰੇ ਹੋਏ ਤੇ ਧਰਮ ਜਾਗਰਣ ਲਈ ਸਮਰਪਿਤ ਸੋਇਮ ਸੇਵਕ ਹਨ। ਹਿੰਦੁਸਤਾਨ ਦੇ ਪੁਰਾਤਨ ਸੱਭਿਆਚਾਰ ਦੇ ਨਵੇਂ ਝੰਡਾਬਰਦਾਰ ਕੀ ਹੁਣ ਇਹ ਹੋਣਗੇ?

ਫਿਰ ਇਹ ਧਰਮ ਜਾਗਰਣ ਮੰਚ ਅੰਮ੍ਰਿਤਸਰ ਵਿਚ ਆਣ ਵੜਿਆ। ਇੱਕ ਦਿਨ ਅਚਾਨਕ ਗੁਰੂ ਕੀ ਵਡਾਲੀ ਦੇ ਇਤਿਹਾਸਕ ਪਿੰਡ ਦੇ ਗੁਰਦੁਆਰੇ ਵਿਚ ਕੁਝ ਈਸਾਈ ਲੋਕਾਂ ਦਾ ਧਰਮ ਪਰਿਵਰਤਨ ਕਰਵਾ ਕੇ ਉਨ੍ਹਾਂ ਨੂੰ ਸਿੱਖ ਧਰਮ ਵਿਚ ਵਾਪਸ ਕਰਵਾ ਦਿੱਤਾ ਗਿਆ। ਉਸ ਪਿੰਡ ਦੇ ਇੱਕ ਗ੍ਰੰਥੀ ਨੇ ਅਰਦਾਸ ਕਰ ਦਿੱਤੀ। ਰੌਲਾ ਪਿਆ ਤਾਂ ਗ੍ਰੰਥੀ ਸਿੰਘ ਇਹ ਕਹਿ ਰਿਹਾ ਹੈ ਕਿ ਮੈਨੂੰ ਸਿਰਫ ਲੰਗਰ ਦਾ ਪ੍ਰਬੰਧ ਕਰਨ ਨੂੰ ਕਿਹਾ ਗਿਆ ਸੀ, ਧਰਮ ਪਰਿਵਰਤਨ ਦੀ ਖੇਡ ਨਾਲ ਮੇਰਾ ਕੋਈ ਵਾਸਤਾ ਨਹੀਂ। ਧਰਮ ਜਾਗਰਣ ਮੰਚ ਦਾ ਇੱਕ ਆਗੂ ਕਹਿੰਦਾ ਹੈ ਕਿ ਜਿਹੜਾ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਰਨਾ ਚਾਹੀਦਾ ਸੀ, ਉਹ ਅਸੀਂ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਦਾ ਬੜਾ ਤੋਲਵਾਂ ਪ੍ਰਤੀਕਰਮ ਹੈ ਕਿ ਇਹੋ ਜਿਹੇ ਧਰਮ ਪਰਿਵਰਤਨ ਵਾਲਿਆਂ ਨੂੰ ਆਪਣੇ ਧਰਮ ਅੰਦਰ ਸੀਮਤ ਰਹਿਣਾ ਚਾਹੀਦਾ ਹੈ, ਸਿੱਖੀ ਨਾਲ ਜੁੜਦੇ ਵਿਵਾਦ ਖੜੇ ਕਰਨ ਦੀ ਲੋੜ ਨਹੀਂ ਸੀ।

ਜਿਹੜੇ ਲੋਕਾਂ ਦਾ ਉਥੇ ਧਰਮ ਪਰਿਵਰਤਨ ਕਰਵਾਇਆ ਗਿਆ, ਉਨ੍ਹਾਂ ਦੀ ਕਹਾਣੀ ਆਗਰੇ ਦੇ ਗਰੀਬਾਂ ਨਾਲ ਮਿਲਦੀ-ਜੁਲਦੀ ਹੈ। ਇਹ ਪਹਿਲਾਂ ਮਜ਼ਹਬੀ ਸਿੱਖ ਹੁੰਦੇ ਸਨ। ਗੁਰੂ ਸਾਹਿਬ ਨੇ ਸਿੱਖੀ ਵਿਚ ਜਾਤ-ਪਾਤ ਖਤਮ ਕਰਨ ਦਾ ਤਾਣ ਲਾਇਆ ਸੀ ਪਰ ਇਹ ਤ੍ਰਾਸਦੀ ਹੈ ਕਿ ਅੱਜ ਵੀ ਸਿੱਖ ਧਰਮ ਵਿਚ ਨਾ ਸਿਰਫ ਜਾਤਾਂ ਕਾਇਮ ਹਨ, ਸਗੋਂ ਪਹਿਲਾਂ ਤੋਂ ਪੱਕੀਆਂ ਹੋ ਗਈਆਂ ਹਨ। ਪੰਜਾਬ ਭਰ ਵਿਚ ਮਜ਼ਹਬੀ ਸਿੱਖਾਂ ਦੇ ਗੁਰਦੁਆਰੇ ਵੱਖਰੇ ਬਣਾਏ ਜਾਂਦੇ ਹਨ ਤੇ ਇਸ ਲਈ ਬਣਾਏ ਜਾਂਦੇ ਹਨ ਕਿ ਉਚੀ ਜਾਤ ਦਾ ਵਹਿਮ ਪਾਲਣ ਵਾਲੇ ਸਿੱਖ ਆਗੂ ਉਨ੍ਹਾਂ ਨੂੰ ਆਪਣੇ ਤੋਂ ਥੋੜ੍ਹਾ ਦੂਰ ਰੱਖਣਾ ਚਾਹੁੰਦੇ ਹਨ। ਪਿੰਡਾਂ ਵਿਚ ਅਜੇ ਤੱਕ ਉਨ੍ਹਾਂ ਦੇ ਸ਼ਮਸ਼ਾਨਘਾਟ ਵੀ ਵੱਖਰੇ ਹਨ। ਜਿਸ ਪੰਜਾਬ ਵਿਚ ਮੁਰਦਿਆਂ ਨੂੰ ਵੀ ਸਿਰਫ ਮੁਰਦੇ ਨਾ ਮੰਨ ਕੇ ਉਚੀ ਅਤੇ ਨੀਵੀਂ ਜਾਤ ਵਾਲੇ ਮੰਨਿਆ ਜਾਂਦਾ ਤੇ ਵੱਖੋ-ਵੱਖ ਥਾਂ ਸਾੜਨ ਦਾ ਰਿਵਾਜ ਹੈ, ਉਥੇ ਗਰੀਬਾਂ ਨੂੰ ਕਦੀ ਇੱਕ ਧਰਮ ਤੇ ਕਦੀ ਦੂਸਰੇ ਵੱਲ ਕਦੀ ਖਿੱਚਿਆ ਜਾਂਦਾ ਤੇ ਕਦੇ ਧੱਕਿਆ ਜਾਂਦਾ ਹੈ। ਉਨ੍ਹਾਂ ਨੂੰ ਮਨੁੱਖਾਂ ਵਿਚ ਮਨੁੱਖ ਮੰਨ ਕੇ ਬਰਾਬਰੀ ਦਾ ਦਰਜਾ ਨਹੀਂ ਦਿੱਤਾ ਜਾਂਦਾ ਪਰ ਇਹ ਤਾਣ ਲਾਇਆ ਜਾ ਰਿਹਾ ਹੈ ਕਿ ਇਹ ਦੂਸਰੇ ਧਰਮ ਦੀ ਥਾਂ ਸਾਡੇ ਕੋਲ ਨਿਮਾਣੀ ਗਊ ਬਣ ਕੇ ਦਿਨ-ਕਟੀ ਕਰੀ ਜਾਣ। ਜਦੋਂ ਜੀਵਨ ਹਾਲਤਾਂ ਬਦਲਣ ਨਹੀਂ ਦੇਣੀਆਂ ਤਾਂ ਫਿਰ ਇਨ੍ਹਾਂ ਦੀ ਸਿਰਫ ਏਨੀ ਲੋੜ ਬਾਕੀ ਰਹਿ ਜਾਂਦੀ ਹੈ ਕਿ ਕੱਲ੍ਹ ਨੂੰ ਲੋਕਤੰਤਰ ਵਿਚ ਭੀੜਤੰਤਰ ਦੀ ਪ੍ਰਕਿਰਿਆ ਦੌਰਾਨ ਵਰਤੇ ਜਾ ਸਕਦੇ ਹਨ। ਰਾਜਨੀਤੀ ਵਿਚ ਇਹ ਵੀ ਸ਼ਾਇਦ ਛੋਟੀ ਲੋੜ ਨਹੀਂ।

ਧਰਮ ਪਰਿਵਰਤਨ ਬਹਾਨੇ ਉਠਾਏ ਜਾਂਦੇ ਵਿਵਾਦਾਂ ਦਾ ਵਿਰੋਧ ਕਰਦੇ ਹੋਏ ਅਸੀਂ ਦੋ ਗੱਲਾਂ ਕਹਿਣਾ ਚਾਹੁੰਦੇ ਹਾਂ। ਪਹਿਲੀ, ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਅੰਗ ਬਾਬਾ ਬੁੱਲ੍ਹੇ ਸ਼ਾਹ ਨੇ ਕਿਹਾ ਸੀ,

'ਨਾ ਮੈਂ ਭੇਤ ਮਜ਼ਹਬ ਦਾ ਪਾਇਆ,
ਨਾ ਮੈਂ ਆਦਮ ਹਵਾ ਜਾਇਆ,
ਨਾ ਮੈਂ ਆਪਣਾ ਨਾਮ ਧਰਾਇਆ,
ਨਾ ਵਿਚ ਬੈਠਣ, ਨਾ ਵਿਚ ਭੌਣ,
ਬੁੱਲ੍ਹਾ ਕੀ ਜਾਣਾ ਮੈਂ ਕੌਣ?'

ਇਥੇ ਸਿਰਫ ਹਿੰਦੂ, ਸਿੱਖ, ਈਸਾਈ ਤੇ ਮੁਸਲਮਾਨ ਹੀ ਨਹੀਂ, ਬਹੁਤ ਸਾਰੇ ਇਹੋ ਜਿਹੇ ਲੋਕ ਵੀ ਹਨ, ਜਿਹੜੇ ਬੁੱਲ੍ਹੇ ਸ਼ਾਹ ਵਾਂਗ ਕਿਸੇ ਧਰਮ ਦੀ ਵਲਗਣ ਵਿਚ ਨਾ ਬੱਝ ਕੇ ਸਿਰਫ ਇਨਸਾਨ ਰਹਿਣਾ ਚਾਹੁੰਦੇ ਹਨ। ਉਨ੍ਹਾਂ ਨੂੰ ਕਿਸੇ ਧਰਮ ਦੀ ਪ੍ਰਵਾਹ ਨਹੀਂ ਅਤੇ ਜੀਵਨ ਜਿਉਣ ਦਾ ਉਨ੍ਹਾਂ ਦਾ ਵੀ ਆਪਣਾ ਢੰਗ ਤੇ ਆਪਣਾ ਹੱਕ ਹੈ। ਦੂਸਰਾ, ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸੰਦੇਸ਼ ਚੇਤੇ ਕਰਵਾਉਣ ਦੀ ਲੋੜ ਸਮਝਦੇ ਹਾਂ,

'ਕੋਊ ਭਇਓ ਮੁੰਡੀਆ, ਸੰਨਿਆਸੀ,
ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ, ਕੋਊ ਜਤੀ ਅਨਮਾਨਬੋ॥
ਹਿੰਦੂ, ਤੁਰਕ, ਕੋਊ ਰਾਫਜ਼ੀ, ਇਮਾਮ, ਸਾਫ਼ੀ,
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥'
(ਦਸਮ ਗ੍ਰੰਥ, ਪੰਨਾ 19)

'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਸੁਨਹਿਰੀ ਅਸੂਲ ਦਾ ਸਤਿਕਾਰ ਕਰਦੇ ਹੋਏ ਅਸੀਂ ਕਹਿਣ ਦੀ ਲੋੜ ਸਮਝਦੇ ਹਾਂ ਕਿ ਕੋਈ ਹਿੰਦੂ ਹੈ ਤਾਂ ਗੁਰੂ ਬਾਬਾ ਨਾਨਕ ਦੇ ਦੱਸੇ ਮੁਤਾਬਕ ਸੁੱਚੇ ਕਿਰਦਾਰ ਵਾਲਾ ਹਿੰਦੂ ਬਣਨ ਦਾ ਯਤਨ ਕਰੇ ਤੇ ਮੁਸਲਮਾਨ ਜਾਂ ਈਸਾਈ ਆਪਣੇ ਧਰਮ ਅੰਦਰ ਅਮਲਾਂ ਦੀ ਸੁੱਚਤਾ ਨਿਭਾਵੇ, ਪਰ ਭੇੜ ਕਰਾਉਣ ਵਾਲੇ ਲੋਕਾਂ ਤੋਂ ਬਚਿਆ ਰਹੇ। ਇਸੇ ਸੋਚ ਨੂੰ ਮੁੱਖ ਰੱਖ ਕੇ ਪੰਜਾਬੀ ਦੇ ਕਵੀ ਲੱਖਾ ਸਿੰਘ ਜੌਹਰ ਨੇ ਲਿਖਿਆ ਸੀ,

ਇਨ੍ਹਾਂ ਫਿਰਕੂ ਹੱਕ-ਹਕੂਕਾਂ ਤੋਂ
ਸਾਨੂੰ ਅਣਜਾਣ ਹੀ ਰਹਿਣ ਦਿਓ,
ਹਿੰਦੂ ਸਿੱਖ ਬਣਿਆ ਜਾਂਦਾ ਨਹੀਂ,
ਸਾਨੂੰ ਇਨਸਾਨ ਹੀ ਰਹਿਣ ਦਿਓ।

ਹੋਰ ਨਹੀਂ ਤਾਂ ਗਰੀਬਾਂ ਨੂੰ 'ਸਾਰੇ ਪਿੰਡ ਦੀ ਭਰਜਾਈ' ਅਤੇ 'ਮਾਲ' ਸਮਝਣਾ ਹੀ ਬੰਦ ਕਰ ਦਿੱਤਾ ਜਾਵੇ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available
Same rate for lanline and mobile.


ਟੋਲ ਫਰੀ ਨੰਬਰ 1-888-652-6268
732-983-4332/4333

# ਮਾਂ ਬੋਲੀ ਪੰਜਾਬੀ ਨੂੰ ਬਣਦਾ ਮਾਣ ਦਿਵਾਉਣ ਲਈ ਮੁਹਿੰਮ

**ਚੰਡੀਗੜ੍ਹ:** ਪੰਜਾਬੀ ਲੇਖਕਾਂ, ਸਾਹਿਤਕਾਰਾਂ ਤੇ ਹਿਤੈਸ਼ੀਆਂ ਵੱਲੋਂ ਨਵੇਂ ਵਰ੍ਹੇ ਵਿਚ ਲੱਖਾਂ ਪੰਜਾਬੀਆਂ ਤੱਕ ਪਹੁੰਚ ਕਰਕੇ ਮਾਂ ਬੋਲੀ ਪੰਜਾਬੀ ਨੂੰ ਬਣਦਾ ਸਥਾਨ ਦਿਵਾਉਣ ਦਾ ਸਾਂਝਾ ਫੈਸਲਾ ਕੀਤਾ ਗਿਆ ਹੈ। ਇਸ ਤਹਿਤ ਪੰਜਾਬੀ ਹਿਤੈਸ਼ੀਆਂ ਦੀਆਂ ਜਥੇਬੰਦੀਆਂ ਦੇ ਕਾਰਕੁਨ 11 ਜਨਵਰੀ ਨੂੰ ਕਾਫਲਿਆਂ ਦੇ ਰੂਪ ਵਿਚ ਸੂਬੇ ਭਰ ਵਿਚ ਸੜਕ 'ਤੇ ਨਿਕਲ ਕੇ ਇਕ ਮੁਹਿੰਮ ਚਲਾਉਣਗੇ। ਇਸ ਦੌਰਾਨ ਪੰਜਾਬੀ ਭਾਸ਼ਾ ਦੀਆਂ ਅਮੀਰੀਆਂ ਨੂੰ ਦਰਸਾਉਂਦਾ ਇਕ ਲੱਖ ਅਪੀਲਨਾਮਾ ਪੰਜਾਬੀਆਂ ਨੂੰ ਵੰਡ ਕੇ ਹੋਕਾ ਦਿੱਤਾ ਜਾਵੇਗਾ ਕਿ ਨਵੀਂ ਪੌਦ ਅੰਗਰੇਜ਼ੀ ਨਹੀਂ ਪੰਜਾਬੀ ਮਾਧਿਅਮ ਰਾਹੀਂ ਪੜ੍ਹ ਕੇ ਹੀ ਬੁਲੰਦੀਆਂ ਛੂਹ ਸਕਦੀ ਹੈ।

ਪੰਜਾਬ ਦੀਆਂ ਪੰਜ ਪ੍ਰਮੁੱਖ ਲੇਖਕ ਤੇ ਸਾਹਿਤ ਸਭਾਵਾਂ ਵੱਲੋਂ ਇਸੇ ਮਹੀਨੇ ਸੂਬਾਈ ਭਾਸ਼ਾ ਕਨਵੈਨਸ਼ਨ ਕਰਵਾਉਣ ਦਾ ਫੈਸਲਾ ਵੀ ਲਿਆ ਗਿਆ ਹੈ, ਜਿਸ ਵਿਚ ਸੂਬੇ ਦੀਆਂ ਸਮੂਹ ਸਿਆਸੀ ਪਾਰਟੀਆਂ ਦੇ ਪ੍ਰਮੁੱਖ ਆਗੂਆਂ ਨੂੰ ਸ਼ਾਮਲ ਕਰਕੇ ਉਨ੍ਹਾਂ ਨੂੰ ਮਾਂ ਬੋਲੀ ਪ੍ਰਤੀ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਜਾਵੇਗਾ। ਇਸ ਤੋਂ ਇਲਾਵਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੂੰ ਵੀ ਪੰਜਾਬੀ ਭਾਸ਼ਾ ਦੇ ਮੁੱਦੇ ਉੱਤੇ ਮੀਟਿੰਗਾਂ ਕਰਨ ਲਈ ਪਹੁੰਚ ਕੀਤੀ ਜਾਵੇਗੀ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਡਾ. ਸੁਖਦੇਵ ਸਿੰਘ ਤੇ ਡਾ. ਅਨੂਪ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਡਾ. ਲਾਭ ਸਿੰਘ ਖੀਵਾ ਤੇ ਡਾ. ਕਰਮਜੀਤ ਸਿੰਘ, ਭਾਸ਼ਾ ਅਕਾਦਮੀ ਜਲੰਧਰ ਦੇ ਡਾ. ਜੋਗਿੰਦਰ ਸਿੰਘ ਪੁਆਰ ਤੇ ਸੁਖਵਿੰਦਰ ਸਿੰਘ ਸੰਘਾ, ਪੰਜਾਬ ਜਾਗ੍ਰਿਤੀ ਮੰਚ ਦੇ ਸਤਨਾਮ ਮਾਣਕ ਤੇ ਪਿਆਰਾ ਸਿੰਘ ਭੋਗਲ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਡਾ. ਤੇਜਵੰਤ ਮਾਨ ਤੇ ਪਵਨ ਹਰਚੰਦਪੁਰੀ ਨੇ ਪੰਜਾਬ ਭਰ ਵਿਚ ਮਾਂ ਬੋਲੀ ਪੰਜਾਬੀ ਪ੍ਰਤੀ ਇਕ ਲੱਖ ਐਲਾਨਨਾਮਾ ਵੰਡਣ ਦਾ ਸਾਂਝਾ ਫੈਸਲਾ ਲਿਆ ਹੈ।

## ਲੇਖਕ ਤੇ ਸਾਹਿਤਕਾਰਾਂ ਵੱਲੋਂ ਇਕ ਲੱਖ ਅਪੀਲਨਾਮਾ ਵੰਡਣ ਦਾ ਫੈਸਲਾ



ਐਲਾਨਨਾਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਮੈਟ੍ਰਿਕ ਦੀ ਪ੍ਰੀਖਿਆ ਵਿਚ ਪੰਜਾਬੀ ਨੂੰ ਪਹਿਲੀ ਭਾਸ਼ਾ ਵਜੋਂ ਲਾਜ਼ਮੀ ਪਾਸ ਕਰਨ ਦੀ ਵਿਵਸਥਾ ਸਿਰਫ ਸਰਕਾਰੀ ਤੇ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਤੱਕ ਹੀ ਸੀਮਤ ਹੈ। ਇਥੋਂ ਤੱਕ ਕਿ ਕਈ ਗੈਰ-ਸਰਕਾਰੀ ਸਕੂਲਾਂ ਵਿਚ ਪੰਜਾਬੀ ਬੋਲਣ ਉੱਤੇ ਵੀ ਪਾਬੰਦੀ ਹੈ ਤੇ ਸਰਕਾਰ ਵੱਲੋਂ ਇਸ ਬਾਰੇ ਫਰਵਰੀ 2014 ਵਿਚ ਜਾਰੀ ਕੀਤੇ ਤਾੜਨਾ ਪੱਤਰ ਤੋਂ ਵੀ ਅਜਿਹੇ ਸਕੂਲ ਬੇਪ੍ਰਵਾਹ ਹਨ। ਇਨ੍ਹਾਂ ਸੰਸਥਾਵਾਂ ਦੀ ਮੁੱਖ ਮੰਗ ਭਾਸ਼ਾ ਟ੍ਰਿਬਿਊਨਲ ਬਣਾ ਕੇ ਪੰਜਾਬੀ ਤੋਂ ਬੇਮੁੱਖ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸਜ਼ਾ ਦੇਣ ਦਾ ਰਾਹ ਖੋਲ੍ਹਣਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਪੰਜਾਬ ਦੇ ਸਾਰੇ ਸਰਕਾਰੀ, ਅਰਧ ਸਰਕਾਰੀ ਤੇ ਨਿਜੀ ਵਿੱਦਿਅਕ ਅਦਾਰਿਆਂ ਵਿਚ ਘੱਟੋ-ਘੱਟ 10+2 ਜਮਾਤਾਂ ਤੱਕ ਸਿੱਖਿਆ ਤੇ ਪ੍ਰੀਖਿਆ ਦਾ ਮਾਧਿਅਮ ਪੰਜਾਬੀ ਕਰਨ ਨਾਲ ਹੀ ਨਵੀਂ ਪੌਦ ਨੂੰ ਅਜੋਕੇ ਸਮੇਂ ਦੇ ਹਾਣ ਦਾ ਬਣਾਉਣਾ ਸੰਭਵ ਹੈ। ਇਨ੍ਹਾਂ ਸੰਸਥਾਵਾਂ ਵੱਲੋਂ ਗ੍ਰੈਜੂਏਸ਼ਨ ਤੱਕ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਤੇ ਤਕਨੀਕੀ, ਇੰਜਨੀਅਰਿੰਗ ਤੇ ਮੈਡੀਕਲ ਸਿੱਖਿਆ ਮਾਤ-ਭਾਸ਼ਾ ਪੰਜਾਬੀ ਵਿਚ ਮੁਹੱਈਆ ਕਰਨ ਦੀਆਂ ਮੰਗਾਂ ਵੀ ਉਠਾਈਆਂ ਗਈਆਂ ਹਨ।

## ਅੱਧੀ ਸਦੀ ਬਾਅਦ ਵੀ ਨਾ ਮਿਲਿਆ ਮਾਣ-ਤਾਣ

ਪੰਜਾਬੀ ਰਾਜ ਭਾਸ਼ਾ ਐਕਟ ਤਹਿਤ ਪੰਜਾਬੀ ਦੀ ਵਰਤੋਂ ਸਰਕਾਰੀ ਹੀ ਨਹੀਂ ਬਲਕਿ ਅਦਾਲਤੀ ਕੰਮਕਾਜ ਵਿਚ ਵੀ ਲਾਜ਼ਮੀ ਕੀਤੀ ਗਈ ਹੈ। ਐਕਟ (ਤਰਮੀਮ) ਦੀ ਧਾਰਾ 3-ਏ ਉਪ ਧਾਰਾ (1) ਵਿਚ ਮੁੱਢਲੇ ਪੱਧਰ 'ਤੇ ਹੀ ਸਪਸ਼ਟ ਕੀਤਾ ਹੋਇਆ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਤਹਿਤ ਦੀਵਾਨੀ ਤੇ ਫ਼ੌਜਦਾਰੀ ਅਦਾਲਤਾਂ (ਕੋਡ ਆਫ਼ ਸਿਵਲ ਪਰੋਸੀਜਰ, 1908 ਤੇ ਕੋਡ ਆਫ਼ ਕ੍ਰਿਮਿਨਲ ਪ੍ਰੋਸੀਜਰ, 1973 ਰਾਹੀਂ ਪ੍ਰਭਾਸ਼ਿਤ) ਤੇ ਕਿਰਾਇਆ ਟ੍ਰਿਬਿਊਨਲਾਂ ਜਾਂ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਜਾਂ ਟ੍ਰਿਬਿਊਨਲਾਂ ਵਿਚ ਕੰਮਕਾਜ ਪੰਜਾਬੀ ਵਿਚ ਕੀਤਾ ਜਾਵੇਗਾ।

ਅਸਲ ਵਿਚ ਪੰਜਾਬ ਸਰਕਾਰ ਦੀ ਮੁੱਖ ਭਾਸ਼ਾ ਪੰਜਾਬੀ ਐਲਾਨਣ ਦੇ 48 ਸਾਲਾਂ ਬਾਅਦ ਵੀ ਸਰਕਾਰੀ ਫ਼ੁਰਮਾਨ, ਨੋਟੀਫ਼ਿਕੇਸ਼ਨ, ਵੱਡੀਆਂ ਤੇ ਅਹਿਮ ਨੀਤੀਆਂ ਅਜੇ ਵੀ ਅੰਗਰੇਜ਼ੀ ਵਿਚ ਤਿਆਰ ਕੀਤੀਆਂ ਜਾਂਦੀਆਂ ਹਨ। ਜੇਕਰ ਇਨ੍ਹਾਂ ਦਸਤਾਵੇਜ਼ਾਂ ਦਾ ਪੰਜਾਬੀ ਤਰਜਮਾ ਮੰਗ ਲਿਆ ਜਾਵੇ ਤਾਂ ਬਿਨੈਕਾਰ ਨੂੰ ਦਫ਼ਤਰਾਂ ਦੇ ਕਈ-ਕਈ ਮਹੀਨੇ ਚੱਕਰ ਕੱਟਣੇ ਪੈਂਦੇ ਹਨ। ਪੰਜਾਬੀ ਰਾਜ ਭਾਸ਼ਾ ਐਕਟ ਤਹਿਤ ਪੰਜਾਬੀ ਦੀ ਵਰਤੋਂ ਸਰਕਾਰੀ ਹੀ ਨਹੀਂ ਬਲਕਿ ਅਦਾਲਤੀ ਕੰਮਕਾਜ ਵਿਚ ਵੀ ਲਾਜ਼ਮੀ ਕੀਤੀ ਗਈ ਹੈ।

ਐਕਟ (ਤਰਮੀਮ) ਦੀ ਧਾਰਾ 3-ਏ ਉਪ ਧਾਰਾ (1) ਵਿਚ ਮੁੱਢਲੇ ਪੱਧਰ 'ਤੇ ਹੀ ਸਪਸ਼ਟ ਕੀਤਾ ਹੋਇਆ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਤਹਿਤ ਦੀਵਾਨੀ ਤੇ ਫ਼ੌਜਦਾਰੀ ਅਦਾਲਤਾਂ (ਕੋਡ ਆਫ਼ ਸਿਵਲ ਪਰੋਸੀਜਰ, 1908 ਤੇ ਕੋਡ ਆਫ਼ ਕ੍ਰਿਮਿਨਲ ਪ੍ਰੋਸੀਜਰ, 1973 ਰਾਹੀਂ ਪ੍ਰਭਾਸ਼ਿਤ) ਤੇ ਕਿਰਾਇਆ ਟ੍ਰਿਬਿਊਨਲਾਂ ਜਾਂ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਜਾਂ ਟ੍ਰਿਬਿਊਨਲਾਂ ਵਿਚ ਕੰਮਕਾਜ ਪੰਜਾਬੀ ਵਿਚ ਕੀਤਾ ਜਾਵੇਗਾ। ਪੰਜਾਬ ਵਿਧਾਨ ਸਭਾ ਵਿਚ 15 ਮਾਰਚ 2010 ਨੂੰ ਸਮੂਹ ਪਾਰਟੀਆਂ ਦੇ ਵਿਧਾਇਕਾਂ ਵੱਲੋਂ ਸਿਆਸੀ ਵਲਗਣਾਂ ਤੋਂ ਉੱਪਰ ਉੱਠਦਿਆਂ ਪੰਜਾਬੀ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਵਜੋਂ ਸਥਾਪਤ ਕਰਨ ਬਾਰੇ ਮਤਾ ਪਾਸ ਕੀਤਾ ਗਿਆ ਸੀ। ਇਹ ਮਤਾ ਲਾਗੂ ਕਰਨ ਦੀ ਜ਼ਿੰਮੇਵਾਰੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪੀ ਗਈ ਸੀ ਪਰ ਪੌਣੇ ਪੰਜ ਸਾਲਾਂ ਬਾਅਦ ਵੀ ਸਰਕਾਰ ਇਸ ਮਤੇ ਨੂੰ ਲਾਗੂ ਨਹੀਂ ਕਰਵਾ ਸਕੀ ਹੈ।

# ਹੁਸ਼ਿਆਰਪੁਰ ਦੇ ਨੇੜੇ ਅਣਖ ਦੀ ਖਾਤਰ ਪ੍ਰੇਮੀ ਜੋੜੇ ਦੀ ਹੱਤਿਆ

**ਹੁਸ਼ਿਆਰਪੁਰ:** ਜ਼ਿਲ੍ਹੇ ਦੇ ਪਿੰਡ ਮੁੱਗੋਵਾਲ ਵਿਚ ਪ੍ਰੇਮ ਵਿਆਹ ਕਰਵਾਉਣ ਵਾਲੇ ਜੋੜੇ ਦਾ ਕਤਲ ਕਰ ਦਿੱਤਾ ਗਿਆ। ਇਸ ਜੋੜੇ ਨੇ ਹਾਈਕੋਰਟ ਵਿਚ ਵਿਆਹ ਕਰਵਾਇਆ ਸੀ। ਊਧਮ ਕੌਰ ਉਰਫ਼ ਊਧੋ ਪਤਨੀ ਪ੍ਰਕਾਸ਼ ਰਾਮ ਵਾਸੀ ਮੁੱਗੋਵਾਲ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਪੁੱਤਰ ਸੰਦੀਪ ਕੁਮਾਰ ਉਰਫ਼ ਸੋਨੂੰ (22) ਨੇ ਆਪਣੇ ਗੁਆਂਢ ਵਿਚ ਰਹਿੰਦੀ ਲੜਕੀ ਖੁਸ਼ਬੂ ਨਾਲ ਵਿਆਹ ਕਰਵਾ ਲਿਆ ਸੀ। ਉਸ ਦਿਨ ਤੋਂ ਬਾਅਦ ਹੀ ਲੜਕੀ ਦੇ ਪਿਤਾ ਤੇ ਉਸ ਦੇ ਪਰਿਵਾਰਕ ਮੈਂਬਰ ਲਗਾਤਾਰ ਉਸ ਨੂੰ ਧਮਕੀਆਂ ਦੇ ਰਹੇ ਸਨ।

ਉਸ ਦੇ ਪੁੱਤਰ ਤੇ ਨੂੰਹ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਵੀ ਲਿਖਤੀ ਸ਼ਿਕਾਇਤ ਕਰਕੇ ਆਪਣੇ ਲਈ ਸੁਰੱਖਿਆ ਦੀ ਮੰਗ ਕੀਤੀ ਸੀ। ਇਕ ਜਨਵਰੀ ਨੂੰ ਉਸ ਦਾ ਪੁੱਤਰ ਤੇ ਨੂੰਹ ਵਾਪਸ ਪਿੰਡ ਆਏ ਸਨ ਤੇ ਪੁਲਿਸ ਨੇ ਹੀ ਉਨ੍ਹਾਂ ਨੂੰ ਘਰ ਜਾਣ ਲਈ ਕਿਹਾ ਸੀ। ਉਸ ਨੇ ਦੱਸਿਆ ਕਿ ਵਾਰਦਾਤ ਵਾਲੇ ਦਿਨ ਅੱਠ ਦਸ ਨਕਾਬਪੋਸ਼ ਵਿਅਕਤੀ ਜਿਨ੍ਹਾਂ ਦੇ ਹੱਥਾਂ ਵਿਚ ਤੇਜ਼ਧਾਰ ਹਥਿਆਰ ਸਨ, ਨੇ ਆਉਂਦੇ ਹੀ ਉਸ ਦੀ ਨੂੰਹ ਖੁਸ਼ਬੂ 'ਤੇ ਕਾਤਲਾਨਾ ਹਮਲਾ ਕਰ ਦਿੱਤਾ ਤੇ ਬੁਰੀ ਤਰ੍ਹਾਂ ਨਾਲ ਵੱਢ ਟੁੱਕ ਕਰ ਦਿੱਤੀ।

ਰੌਲਾ ਸੁਣ ਕੇ ਉਸ ਦਾ ਪਤੀ ਪ੍ਰਕਾਸ਼ ਰਾਮ ਜਦੋਂ ਬਾਹਰ ਆਇਆ ਤਾਂ ਹਮਲਾਵਰਾਂ ਨੇ ਉਸ ਦੇ ਢਿੱਡ ਵਿਚ ਕਿਰਪਾਨ ਮਾਰ ਦਿੱਤੀ। ਅੰਦਰ ਪਿਆ ਉਸ ਦਾ ਬਿਮਾਰ ਪੁੱਤਰ ਜਦੋਂ ਰੌਲਾ ਸੁਣ ਕੇ ਬਾਹਰ ਆਇਆ ਤਾਂ ਉਨ੍ਹਾਂ ਉਸ ਦੀ ਗਰਦਨ ਉਤੇ ਤੇਜਧਾਰਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਸੰਦੀਪ ਦੀ ਸਿਵਲ ਹਸਪਤਾਲ ਮਾਹਿਲਪੁਰ ਤੇ ਖੁਸ਼ਬੋ ਦੀ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਮੌਤ ਹੋ ਗਈ।

# ਸਿਆਸੀ ਪਾਰਟੀਆਂ ਆਰ.ਟੀ.ਆਈ. ਦਾ ਗਲੋਂ ਗਲਾਵਾਂ ਲਾਹੁਣ ਲਈ ਘਿਓ-ਖਿਚੜੀ

**ਜਲੰਧਰ:** ਸਿਧਾਂਤਕ ਤੇ ਰਾਜਨੀਤਕ ਤੌਰ 'ਤੇ ਇਕ ਦੂਜੇ ਨਾਲ ਤਿੱਖਾ ਵਿਰੋਧ ਰੱਖਦੀਆਂ ਸਿਆਸੀ ਪਾਰਟੀਆਂ ਇਸ ਗੱਲ 'ਤੇ ਇਕਜੁਟ ਹਨ ਕਿ ਉਨ੍ਹਾਂ ਨੂੰ ਕਿਸੇ ਵੀ ਰੂਪ ਵਿਚ ਆਰ.ਟੀ.ਆਈ. ਤਹਿਤ ਨਾ ਲਿਆਂਦਾ ਜਾਵੇ ਤੇ ਇਹ ਆਰ. ਟੀ.ਆਈ. ਐਕਟ ਨੂੰ 'ਸੋਧਣ' ਲਈ ਬਿਨਾਂ ਕਿਸੇ ਭੇਦਭਾਵ ਤੋਂ ਇਕਜੁਟ ਹਨ। ਸੋਸ਼ਲਿਸਟ ਪਾਰਟੀ (ਇੰਡੀਆ) ਪੰਜਾਬ ਵੱਲੋਂ ਕਰਵਾਏ ਗਏ ਇਕ ਸੈਮੀਨਾਰ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਪਾਰਲੀਮੈਂਟ ਵਿਚ ਇਕ-ਦੂਜੇ ਨਾਲ ਖਹਿਬੜਨ ਵਾਲੀਆਂ ਸਿਆਸੀ ਪਾਰਟੀਆਂ ਆਰ.ਟੀ.ਆਈ. ਦੇ ਗਲਾਵੇਂ ਨੂੰ ਦੂਰ ਰੱਖਣ ਲਈ ਘਿਓ-ਖਿਚੜੀ ਹਨ।

ਪਿਛਲੇ ਡੇਢ ਸਾਲ ਤੋਂ ਕੇਂਦਰੀ ਸੂਚਨਾ ਕਮਿਸ਼ਨ ਨੇ ਕਾਂਗਰਸ, ਭਾਜਪਾ, ਸੀ.ਪੀ.ਐਮ, ਸੀ.ਪੀ.ਆਈ, ਨੈਸ਼ਨਲਿਸਟ ਕਾਂਗਰਸ ਪਾਰਟੀ ਤੇ ਬਸਪਾ ਨੂੰ ਸੂਚਨਾ ਅਧਿਕਾਰ ਐਕਟ ਤਹਿਤ ਸੂਚਨਾ ਅਫ਼ਸਰ ਰੱਖਣ ਦੇ ਹੁਕਮ ਦਿੱਤੇ ਸਨ ਪਰ ਇਨ੍ਹਾਂ ਪਾਰਟੀਆਂ ਨੇ ਕੇਂਦਰੀ ਸੂਚਨਾ ਕਮਿਸ਼ਨ ਦੇ ਇਨ੍ਹਾਂ ਹੁਕਮਾਂ ਨੂੰ ਟਿੱਚ ਜਾਣਦਿਆਂ ਇਨ੍ਹਾਂ ਹੁਕਮਾਂ ਬਾਰੇ ਕੋਈ ਜਵਾਬ ਦੇਣਾ ਮੁਨਾਸਿਬ ਨਹੀਂ ਸਮਝਿਆ।

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਾਈਟਸ ਦੇ ਬਾਨੀ ਕਾਰਕੁਨ ਪ੍ਰੋ. ਜਗਦੀਪ ਛੋਕਰ ਨੇ ਦੱਸਿਆ ਕਿ ਇਨ੍ਹਾਂ ਛੇ ਰਾਜਨੀਤਕ ਪਾਰਟੀਆਂ ਵੱਲੋਂ ਕੇਂਦਰੀ ਸੂਚਨਾ ਕਮਿਸ਼ਨ ਦੇ ਇਸ ਹੁਕਮ ਦੀ ਪਾਲਣਾ ਨਾ ਕੀਤੇ ਜਾਣ ਵਿਰੁੱਧ ਕਮਿਸ਼ਨ ਵਿਚ ਅਪੀਲ ਕੀਤੀ ਹੋਈ ਹੈ ਕਿ ਉਹ ਇਨ੍ਹਾਂ ਪਾਰਟੀਆਂ ਨੂੰ ਜਰਮਾਨਾ ਕਰੇ ਤੇ ਘੱਟੋ-ਘੱਟ ਪੰਜ ਕਰੋੜ ਦਾ ਮੁਆਵਜ਼ਾ ਦਿਵਾਏ। ਉਨ੍ਹਾਂ ਦੱਸਿਆ ਕਿ ਰਾਜਨੀਤਕ ਪਾਰਟੀਆਂ ਨੇ ਸਰਕਾਰੀ ਥਾਵਾਂ 'ਤੇ ਬੇਮਲੂਮ ਕਿਰਾਏ 'ਤੇ ਵੱਡੇ-ਵੱਡੇ ਦਫ਼ਤਰ ਬਣਾਏ ਹੋਏ ਹਨ ਜਦੋਂਕਿ ਮਾਰਕੀਟ ਰੇਟ ਅਨੁਸਾਰ ਉਥੇ ਕਿਰਾਇਆ ਬਹੁਤ ਜ਼ਿਆਦਾ ਬਣਦਾ ਹੈ।

ਉਨ੍ਹਾਂ ਇਸ ਗੱਲ 'ਤੇ ਹੈਰਾਨੀ ਪ੍ਰਗਟਾਈ ਕਿ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਆਪ ਨੂੰ ਦੇਸ਼ ਦੀ ਸੇਵਾ ਕਰਨ ਦੇ ਨਾਅਰੇ ਹੇਠ ਚੋਣਾਂ ਲੜਦੀਆਂ ਹਨ ਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਦਾ ਵਾਸਤਾ ਪਾਉਂਦੀਆਂ ਹਨ ਪਰ ਪਾਰਟੀਆਂ ਅੰਦਰ ਉਹ ਲੋਕਤੰਤਰ ਤੇ ਪਾਰਦਰਸ਼ਤਾ ਨੂੰ ਕੋਹਾਂ ਦੂਰ ਰੱਖਦੀਆਂ ਹਨ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਇਹ ਪਾਰਟੀਆਂ ਸਰਕਾਰ ਵਿਚ ਪਾਰਦਰਸ਼ਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਕੰਮ ਕਰਨਾ ਚਾਹੁੰਦੀਆਂ ਹਨ ਤਾਂ ਉਹ ਪਾਰਟੀ ਦੇ ਜਥੇਬੰਦਕ ਢਾਂਚੇ 'ਤੇ ਇਨ੍ਹਾਂ ਨੂੰ ਲਾਗੂ ਕਿਉਂ ਨਹੀਂ ਕਰਦੀਆਂ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਪਾਰਟੀਆਂ ਕਾਰਪੋਰੇਟ ਸੈਕਟਰ ਕੋਲੋਂ ਅਰਬਾਂ ਰੁਪਏ ਚੋਣ ਫੰਡ ਦੇ ਨਾਂ 'ਤੇ ਲੈਂਦੀਆਂ ਹਨ ਤੇ ਜਦੋਂ ਇਹ ਪਾਰਟੀਆਂ ਆਰ.ਟੀ.ਆਈ. ਐਕਟ ਅਧੀਨ ਆ ਜਾਣਗੀਆਂ ਤਾਂ ਉਨ੍ਹਾਂ ਨੂੰ ਇਸ ਕਾਲੇ ਧਨ ਦਾ ਹਿਸਾਬ ਦੇਣਾ ਪਵੇਗਾ। ਇਸੇ ਕਾਰਨ ਤਿੱਖੇ ਮੱਤਭੇਦਾਂ ਦੇ ਬਾਵਜੂਦ ਇਹ ਪਾਰਟੀਆਂ ਇਸ ਮੁੱਦੇ 'ਤੇ ਇਕਜੁਟ ਹਨ।




# ਵਿਦੇਸ਼ਾਂ ਤੋਂ ਦੇਹਾਂ ਮੰਗਵਾਉਣ ਖਾਤਰ ਮੱਦਦ ਲਈ ਸਾਫਟਵੇਅਰ ਤਿਆਰ

**ਪਟਿਆਲਾ:** ਭਾਰਤ ਸਰਕਾਰ ਦੇ ਪਰਵਾਸੀ ਭਾਰਤੀ ਮਾਮਲੇ ਮੰਤਰਾਲੇ ਵੱਲੋਂ ਮ੍ਰਿਤਕਾਂ ਦੀਆਂ ਅਸਥੀਆਂ ਤੇ ਦੇਹਾਂ ਵਾਪਸ ਵਤਨ ਮੰਗਵਾਉਣ ਲਈ ਇਕ ਸਾਫਟਵੇਅਰ ਮਡਿਊਲ ਤਿਆਰ ਕੀਤਾ ਹੈ। ਇਸ ਸਾਫਟਵੇਅਰ ਨੂੰ ਮੰਤਰਾਲੇ ਦੀ ਵੈਬਸਾਈਟ 'ਤੇ ਉਪਲੱਬਧ ਕਰਵਾ ਦਿੱਤਾ ਗਿਆ ਹੈ।

ਇਸ ਸਾਫਟਵੇਅਰ ਮਡਿਊਲ ਰਾਹੀਂ ਮ੍ਰਿਤਕ ਦੇ ਵਾਰਸ ਇੰਮੀਗ੍ਰੇਸ਼ਨ ਚੈੱਕ ਰਿਕੁਆਇਰਡ ਦੇਸ਼ਾਂ ਮਲੇਸ਼ੀਆ, ਜੋਰਡਨ, ਯੂਏਈ, ਯਮਨ, ਲਿਬਨਾਨ, ਕਤਰ, ਓਮਾਨ, ਕੁਵੈਤ, ਇਰਾਕ, ਬਹਿਰੀਨ, ਸਾਊਦੀ ਅਰਬ, ਅਫਗਾਨਸਤਾਨ, ਇੰਡੋਨੇਸ਼ੀਆ, ਲੀਬੀਆ, ਸੁਡਾਨ, ਸੀਰੀਆ, ਥਾਈਲੈਂਡ ਆਦਿ ਤੋਂ ਮ੍ਰਿਤਕ ਦੇਹ ਜਾਂ ਅਸਥੀਆਂ ਮੰਗਵਾਉਣ ਲਈ ਆਨਲਾਈਨ ਅਰਜ਼ੀ ਦੇ ਸਕਦੇ ਹਨ ਤੇ ਵਾਪਸੀ ਤੱਕ ਇਸ ਦੇ ਸਟੇਟਸ ਦੀ ਜਾਂਚ ਕਰ ਸਕਣਗੇ। ਇਸ ਬਾਰੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰੁਣ ਰੂਜ਼ਮ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਫੌਤ ਹੋਏ ਵਿਅਕਤੀਆਂ ਦੇ ਪਰਿਵਾਰ ਲਾਸ਼ ਜਾਂ ਅਸਥੀਆਂ ਮੰਗਵਾਉਣ ਲਈ ਪ੍ਰੇਸ਼ਾਨ ਹੁੰਦੇ ਹਨ ਜਿਸ ਕਾਰਨ ਸਾਫ਼ਟਵੇਅਰ ਤਿਆਰ ਕੀਤਾ ਗਿਆ ਹੈ।

ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਵੱਲੋਂ ਇਸ ਬਾਰੇ ਡਿਪਟੀ ਕਮਿਸ਼ਨਰ ਦਫ਼ਤਰ ਨੂੰ ਭੇਜੇ ਗਏ ਇਕ ਪੱਤਰ ਵਿਚ ਇਸ ਸਾਫ਼ਟਵੇਅਰ ਦਾ ਹਵਾਲਾ ਦਿੰਦਿਆਂ ਲੋੜਵੰਦ ਲੋਕਾਂ ਨੂੰ ਵਿਦੇਸ਼ ਤੋਂ ਮ੍ਰਿਤਕ ਦੇਹ ਜਾਂ ਅਸਥੀਆਂ ਵਾਪਸ ਮੰਗਵਾਉਣ ਲਈ ਇਸ ਸਾਫਟਵੇਅਰ ਦੀ ਵਰਤੋਂ ਕਰਨ ਬਾਰੇ ਜਾਗਰੂਕ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਸਾਫਟਵੇਅਰ 'ਤੇ ਇੰਦਰਾਜ ਕਰਨ ਤੋਂ ਬਾਅਦ ਸਬੰਧਤ ਦੇਸ਼ ਵਿਚ ਭਾਰਤੀ ਮਿਸ਼ਨ ਵੱਲੋਂ ਕੇਸ ਦੀ ਪੈਰਵੀ ਕੀਤੀ ਜਾਵੇਗੀ।

# ਪੰਜਾਬ ਸਰਕਾਰ ਦੀ ਹਿੱਸੇਦਾਰੀ ਕਾਰਨ ਰੁਕੀਆਂ ਕੇਂਦਰੀ ਗ੍ਰਾਂਟਾਂ

**ਪਟਿਆਲਾ:** ਕੇਂਦਰ ਸਰਕਾਰ ਵੱਲੋਂ ਯੂਨੀਵਰਸਿਟੀਆਂ ਤੇ ਸਰਕਾਰੀ ਕਾਲਜਾਂ ਵਿਚ ਉਚੇਰੀ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਦਿੱਤੀ ਮੈਚਿੰਗ ਗਰਾਂਟ ਅਜੇ ਤੱਕ ਯੂਨੀਵਰਸਿਟੀਆਂ ਤੱਕ ਨਹੀਂ ਪੁੱਜੀ। ਪੰਜਾਬ ਸਰਕਾਰ ਵੱਲੋਂ ਆਪਣਾ ਹਿੱਸਾ ਨਾ ਪਾਉਣ ਕਰਕੇ ਪਿਛਲੇ ਤਿੰਨ ਮਹੀਨਿਆਂ ਤੋਂ ਇਹ ਗਰਾਂਟ ਸਰਕਾਰ ਦੇ ਖਾਤੇ ਵਿਚ ਹੀ ਪਈ ਹੈ। ਮਿਲੇ ਕੀਤੇ ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਵੱਲੋਂ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਚਲਾਈਆਂ ਕਈ ਸਕੀਮਾਂ ਦੀ ਤਰ੍ਹਾਂ ਇਕ ਸਕੀਮ ਰਾਸ਼ਟਰੀ ਉੱਚ ਸਿੱਖਿਆ ਅਭਿਆਨ (ਰੁਸਾ) ਵੀ ਚਲਾਈ ਸੀ। ਇਸ ਤਹਿਤ ਸਾਰੀਆਂ ਯੂਨੀਵਰਸਿਟੀਆਂ ਤੋਂ ਉਨ੍ਹਾਂ ਦੀਆਂ ਲੋੜਾਂ ਮੁਤਾਬਕ ਰਿਪੋਰਟ ਮੰਗੀ ਗਈ ਸੀ।

ਪੰਜਾਬੀ ਯੂਨੀਵਰਸਿਟੀ ਨੇ 579 ਕਰੋੜ ਰੁਪਏ ਦੀ ਤਜਵੀਜ਼ ਬਣਾ ਕੇ ਭੇਜੀ ਸੀ। ਇਸੇ ਤਰ੍ਹਾਂ ਪੰਜਾਬੀ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੇ ਸਿੱਖਿਆ ਦਾ ਪੱਧਰ ਹੋਰ ਉੱਚਾ ਚੁੱਕਣ ਲਈ ਲੋੜਾਂ ਕੇਂਦਰ ਸਰਕਾਰ ਕੋਲ ਭੇਜੀਆਂ ਸਨ। ਇਸ ਦੀ ਪਹਿਲੀ ਕੜੀ ਵਿਚ ਕੇਂਦਰ ਸਰਕਾਰ ਨੇ 20 ਕਰੋੜ ਰੁਪਏ ਇਕ ਯੂਨੀਵਰਸਿਟੀ ਨੂੰ ਤੇ 2-2 ਕਰੋੜ ਰੁਪਏ ਹਰ ਸਰਕਾਰੀ ਕਾਲਜ ਨੂੰ ਦੇਣ ਦਾ ਫ਼ੈਸਲਾ ਕੀਤਾ। 20 ਕਰੋੜ ਵਿਚ ਪੰਜਾਬ ਸਰਕਾਰ ਨੇ ਸੱਤ ਕਰੋੜ ਰੁਪਏ (65/35) ਮੈਚਿੰਗ ਤੌਰ 'ਤੇ ਪਾਉਣੇ ਸਨ। ਇਹ ਹਿੱਸਿਆਂ ਵਿਚ ਦੇਣ ਵਾਲੀ ਗਰਾਂਟ ਹੈ। ਪੰਜਾਬ ਸਰਕਾਰ ਵੱਲੋਂ ਆਪਣਾ ਹਿੱਸਾ ਨਾ ਪਾਉਣ ਕਰਕੇ ਹੀ ਇਹ ਗਰਾਂਟ ਰੁਕ ਗਈ ਹੈ, ਜਿਸ ਕਰਕੇ ਪੰਜਾਬੀ ਯੂਨੀਵਰਸਿਟੀ ਅਧੀਨ ਆਉਂਦੇ 23 ਕਾਲਜ ਵੀ ਇਸ ਗਰਾਂਟ ਤੋਂ ਵਾਂਝੇ ਹੀ ਹਨ। ਇਸ ਬਾਰੇ 'ਰੁਸਾ' ਨਾਲ ਸਬੰਧਤ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਗਰਾਂਟ ਮਈ-ਜੂਨ ਵਿਚ ਸੈਕਸ਼ਨ ਹੋਈ ਸੀ। ਅਕਤੂਬਰ ਵਿਚ ਇਹ ਗਰਾਂਟ ਪੰਜਾਬ ਸਰਕਾਰ ਕੋਲ ਆ ਗਈ ਸੀ, ਪਰ ਸਰਕਾਰ ਵੱਲੋਂ ਆਪਣਾ 35 ਫ਼ੀਸਦੀ ਹਿੱਸਾ ਨਾ ਪਾਉਣ ਕਰਕੇ ਇਹ ਗਰਾਂਟ ਅਜੇ ਯੂਨੀਵਰਸਿਟੀਆਂ ਕੋਲ ਨਹੀਂ ਪੁੱਜੀ। ਜੇਕਰ ਪੰਜਾਬ ਸਰਕਾਰ ਆਪਣਾ 35 ਫ਼ੀਸਦੀ ਹਿੱਸਾ ਇਸ ਵਿਚ 31 ਮਾਰਚ ਤੱਕ ਜੇਕਰ ਨਹੀਂ ਪਾਉਂਦੀ ਤਾਂ ਇਹ ਗਰਾਂਟ ਲੈਪਸ ਹੋ ਜਾਵੇਗੀ।

ਇਸ ਬਾਰੇ ਪੰਜਾਬੀ ਯੂਨੀਵਰਸਿਟੀ ਦੇ ਵਿੱਤ ਅਫ਼ਸਰ ਡਾ. ਬਲਜੀਤ ਸਿੰਘ ਸਿੱਧੂ ਨੇ ਕਿਹਾ ਕਿ ਜੇਕਰ ਇਹ ਗਰਾਂਟ ਮਿਲ ਜਾਂਦੀ ਹੈ ਤਾਂ ਯੂਨੀਵਰਸਿਟੀ ਕਈ ਸਾਰੇ ਕੰਮ ਤੁਰ ਪੈਣਗੇ। ਇਸੇ ਤਰ੍ਹਾਂ ਡੀਨ ਕਾਲਜ ਡਾ. ਜਮਸ਼ੀਦ ਅਲੀ ਖਾਨ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਆਪਣਾ ਹਿੱਸਾ ਪਾ ਕੇ ਇਹ ਗਰਾਂਟ ਕੁਝ ਦਿਨਾਂ ਵਿਚ ਹੀ ਭੇਜ ਦੇਵੇਗੀ। ਉਚੇਰੀ ਸਿੱਖਿਆ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ 20 ਕਰੋੜ ਰੁਪਏ ਦੀ ਗਰਾਂਟ ਭੇਜੀ ਜਾ ਚੁੱਕਹ ਹੈ ਤੇ ਬਾਕੀ ਯੂਨੀਵਰਸਿਟੀਆਂ ਨੂੰ ਵੀ ਗਰਾਂਟ ਜਲਦੀ ਹੀ ਭੇਜ ਦਿੱਤੀ ਜਾਵੇਗੀ।

## ਸਿੱਖਿਆ ਸਕੀਮ ਵਿਚ ਸਰਕਾਰ ਨੇ ਹਿੱਸਾ ਨਾ ਪਾਇਆ



# ਨੀਟਾ ਮਾਛੀਕੇ ਦੀ ਪੁਸਤਕ 'ਜਾਗਦੇ ਰਹੋ ਦਾ ਹੋਕਾ' ਲੋਕ ਅਰਪਿਤ



**ਫਰਿਜ਼ਨੋ (ਬਿਊਰੋ):** ਪੰਜਾਬੀ ਪੱਤਰਕਾਰ ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ" ਦੀ ਲਿਖੀ ਪੁਸਤਕ "ਜਾਗਦੇ ਰਹੋ ਦਾ ਹੋਕਾ" ਲੰਘੇ ਐਤਵਾਰ ਇਥੇ ਤਾਜ ਆਫ ਇੰਡੀਆ ਰੈਸਟੋਰੈਂਟ ਵਿਚ ਲੇਖਕਾਂ, ਪੱਤਰਕਾਰਾਂ, ਇਲਾਕੇ ਦੀਆਂ ਮੁੱਖ ਸ਼ਖਸੀਅਤਾਂ ਦੀ ਹਾਜ਼ਰੀ ਦੌਰਾਨ ਲੋਕ ਅਰਪਿਤ ਕੀਤੀ ਗਈ। ਇਸ ਪੁਸਤਕ ਰਾਹੀਂ ਲੇਖਕ ਨੇ ਪੰਜਾਬ ਦੇ ਸਿਹਤ ਵਿਭਾਗ, ਪੰਜਾਬ ਦੀ ਸਿਆਸਤ, ਧਾਰਮਿਕ ਤੇ ਸੱਭਿਆਚਾਰਕ ਪੱਖਾਂ, ਪਰਦੇਸਾਂ ਵਿਚ ਵਸਦੇ ਪੰਜਾਬੀਆਂ ਦੇ ਵਰਤ-ਵਰਤਾਰੇ ਅਤੇ ਪੱਤਰਕਾਰੀ ਨਾਲ ਜੁੜੇ ਆਪਣੇ ਮਿੱਠੇ-ਕੌੜੇ ਤਜਰਬੇ ਨਾਲ ਸਬੰਧਤ ਲੇਖ ਪਾਠਕਾਂ ਨਾਲ ਸਾਂਝੇ ਕੀਤੇ ਹਨ। ਲੇਖਕ ਨੇ ਇਸ ਪੁਸਤਕ ਵਿਚ ਕੁਝ ਹੱਡ ਬੀਤੀਆਂ ਤੇ ਕੁਝ ਜੱਗ ਬੀਤੀਆਂ ਕਲਮਬੱਧ ਕੀਤੀਆਂ ਹਨ।

ਸਮਾਗਮ ਦੀ ਸ਼ੁਰੂਆਤ ਮੰਚ ਸੰਚਾਲਕ ਜਸਵੰਤ ਸ਼ਾਦ ਨੇ ਸਭਨਾਂ ਨੂੰ ਜੀ ਆਇਆਂ ਆਖ ਕੇ ਕੀਤੀ। ਉਥੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਨੇ ਨੀਟਾ ਮਾਛੀਕੇ ਦੀਆਂ ਲਿਖਤਾਂ ਦੀ ਸਿਫਤ ਕਰਦਿਆਂ ਉਨ੍ਹਾਂ ਨੂੰ ਇੱਕ ਨਿਧੱੜਕ ਪੱਤਰਕਾਰ ਗਰਦਾਨਦਿਆਂ ਕਿਹਾ ਕਿ ਇਹ ਪੁਸਤਕ ਲੇਖਕ ਦੇ ਵਲਵਲਿਆਂ 'ਚੋਂ ਨਿਕਲੇ ਸ਼ਬਦਾਂ ਦੀ ਸੱਚੀ ਸੁਚੀ ਲਿਖਤ ਹੈ। ਜਿਸ ਵਿਚ ਸੱਚ 'ਤੇ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਲੇਖਕ ਮੇਜਰ ਕੁਲਾਰ ਨੇ ਕਿਹਾ ਕਿ ਸੱਚ ਲਿਖਣਾ ਕੋਈ ਖੇਡ ਨਹੀਂ ਅਤੇ ਸੱਚ 'ਤੇ ਪਹਿਰਾ ਦੇਣਾ ਨੀਟਾ ਮਾਛੀਕੇ ਦੇ ਹਿੱਸੇ ਆਇਆ ਹੈ। ਚਿੰਤਕ ਗੁਰਬਖਸ਼ੀਸ਼ ਸਿੰਘ ਗਰੇਵਾਲ ਨੇ ਨੀਟਾ ਮਾਛੀਕੇ ਦੇ ਪੱਤਰਕਾਰੀ ਜੀਵਨ 'ਤੇ ਪੰਛੀ ਝਾਤ ਪਾਉਂਦਿਆਂ ਬਹੁਤ ਸਾਰੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ।





ਰੇਡੀਓ ਹੋਸਟ ਜਗਤਾਰ ਗਿੱਲ ਨੇ ਕਿਹਾ ਕਿ ਪੱਤਰਕਾਰੀ ਦੇ ਖੇਤਰ ਵਿਚ ਨੀਟੇ ਨੇ ਜੋ ਨਾਮਣਾ ਖੱਟਿਆ ਹੈ ਉਹ ਹਰ ਇੱਕ ਦੇ ਹਿੱਸੇ ਨਹੀਂ ਆਉਂਦਾ। ਪੱਤਰਕਾਰ ਕੁਲਵੰਤ ਉਭੀ ਨੇ ਆਪਣੇ ਸਾਥੀ ਨੀਟਾ ਮਾਛੀਕੇ ਨੂੰ ਇੱਕ ਉਚੇ ਖਿਆਲਾਂ ਵਾਲਾ ਵਿਅਕਤੀ ਦੱਸਿਆ। ਨੀਟਾ ਮਾਛੀਕੇ ਦੇ ਪਿਤਾ ਮਾਸਟਰ ਦਲਬਾਰਾ ਸਿੰਘ ਧਾਲੀਵਾਲ ਨੇ ਆਪਣੇ ਬੇਟੇ ਦੀ ਕਾਮਯਾਬੀ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਨੀਟਾ ਮਾਛੀਕੇ ਦੇ ਵੱਡੇ ਭਰਾ ਡਾ. ਸਿਮਰਜੀਤ ਨੇ ਵੀ ਆਪਣੇ ਭਰਾ ਦੀ ਕਾਮਯਾਬੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਭਨਾਂ ਦਾ ਧੰਨਵਾਦ ਕੀਤਾ। ਪੰਜਾਬੀ ਸਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਦਿਲਵੀਰ ਦਿਲ ਨਿੱਝਰ ਨੇ ਕਿਤਾਬ ਉਪਰ ਪਰਚਾ ਪੜ੍ਹਦਿਆਂ ਕਿਤਾਬ ਵਿਚਲੇ ਲੇਖਾਂ ਦਾ ਲੇਖਾ-ਜੋਖਾ ਕੀਤਾ। ਬਹੁਤ ਸਾਰੇ ਲੋਕਲ ਬੁਲਾਰਿਆਂ ਨੇ ਨੀਟਾ ਮਾਛੀਕੇ ਦੀ ਹੌਸਲਾ ਅਫਜ਼ਾਈ ਕਰਦਿਆਂ ਉਸ ਨੂੰ ਪੁਸਤਕ "ਜਾਗਦੇ ਰਹੋ ਦਾ ਹੋਕਾ" ਰਾਹੀਂ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰਨ 'ਤੇ ਮੁਬਾਰਕਬਾਦ ਦਿੱਤੀ ਅਤੇ ਆਸ ਪ੍ਰਗਟਾਈ ਕਿ ਇਹ ਪੁਸਤਕ ਵਾਕਿਆ ਹੀ ਸੁਤੇ ਪੰਜਾਬੀਆਂ ਨੂੰ ਜਗਾਉਣ ਲਈ ਕਾਰਗਰ ਸਾਬਤ ਹੋਵੇਗੀ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਪੁਸਤਕਾਂ ਤਾਂ ਬਹੁਤ ਲਿਖੀਆਂ ਜਾ ਰਹੀਆਂ ਹਨ ਲੇਕਿਨ ਪਾਠਕਾਂ ਦੀ ਗਿਣਤੀ ਦਿਨੋ-ਦਿਨ ਘਟਦੀ ਜਾ ਰਹੀ ਹੈ। ਬੁਲਾਰਿਆਂ ਨੇ ਨੀਟਾ ਮਾਛੀਕੇ ਦੀ ਪੱਤਰਕਾਰੀ ਦੇ ਖੇਤਰ ਦੇ ਨਾਲ ਨਾਲ ਦੁਨੀਆਂਦਾਰੀ ਵਿਚ ਵਿਚਰਨ ਦੇ ਤੌਰ ਤਰੀਕੇ ਦੀ ਵੀ ਸਿਫ਼ਤ ਕੀਤੀ ਤੇ ਨੀਟੇ ਨੂੰ ਸਾਊ ਸੁਭਾਅ ਦਾ ਮਾਲਕ ਦੱਸਿਆ।

ਮੁੱਖ ਬੁਲਾਰਿਆਂ ਵਿਚ ਗੁਰਦੀਪ ਸਿੰਘ ਅਣਖੀ, ਡਾ. ਅਰਜਨ ਸਿੰਘ ਜੋਸਨ, ਰਾਜਵਿੰਦਰ ਸਿੰਘ ਧਾਲੀਵਾਲ, ਬਲਵੀਰ ਢਿੱਲੋਂ, ਮਹਿੰਦਰ ਸਿੰਘ ਸੰਧਾਵਾਲੀਆ, ਬਾਬਾ ਹਰਭਜਨ ਸਿੰਘ, ਭਾਈ ਦਾਰਾ ਸਿੰਘ, ਪਿਸ਼ੌਰਾ ਸਿੰਘ ਢਿੱਲੋਂ, ਗੁਰਦੀਪ ਸ਼ੇਰ ਗਿੱਲ, ਹਰਜਿੰਦਰ ਢੇਸੀ, ਸੁਰਿੰਦਰ ਮੰਢਾਲੀ, ਗੈਰੀ ਢੇਸੀ, ਗੁਰਪ੍ਰੀਤ ਧਾਲੀਵਾਲ, ਸਾਧੂ ਸਿੰਘ ਸੰਘਾ, ਸੰਤੋਖ ਮਿਨਹਾਸ, ਵਿੱਕੀ ਹੀਰ, ਅਵਤਾਰ ਗੋਂਦਾਰਾ, ਕਨਵਰ ਗਿੱਲ, ਗਾਇਕ ਬੱਬੂ ਗੁਰਪਾਲ, ਪੀਸੀਏ ਮੈਂਬਰ ਮਿੱਕੀ ਸਰਾਂ ਅਦਿ ਸ਼ਾਮਲ ਸਨ। ਅਖੀਰ ਵਿਚ ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ" ਨੇ ਸਭਨਾਂ ਦਾ ਧੰਨਵਾਦ ਕੀਤਾ ਤੇ ਅਗਾਂਹ ਤੋਂ ਵੀ ਆਪਣੀ ਕਲਮ ਜ਼ਰੀਏ ਸੱਚ 'ਤੇ ਪਹਿਰਾ ਦੇਣ ਦੀ ਦ੍ਰਿੜਤਾ ਪ੍ਰਗਟਾਈ। ਗਲੋਬਲ ਪੰਜਾਬ ਟੀ ਵੀ ਦੇ ਜਗਦੇਵ ਸਿੰਘ ਭੰਡਾਲ ਉਚੇਚੇ ਤੌਰ 'ਤੇ ਪ੍ਰੋਗਰਾਮ ਰਿਕਾਰਡ ਕਰਨ ਲਈ ਪਹੁੰਚੇ ਹੋਏ ਸਨ। ਪ੍ਰੋਗਰਾਮ ਦੌਰਾਨ ਸਿੱਖ ਰਾਈਡਰਜ ਆਫ ਅਮਰੀਕਾ ਦੇ ਮੈਂਬਰਾਂ ਨੇ ਨੀਟਾ ਮਾਛੀਕੇ ਨੂੰ ਸਨਮਾਨ ਚਿੰਨ ਦੇ ਕੇ ਨਿਵਾਜਿਆ।


ਅਖੀਰ ਵਿਚ ਸੰਗੀਤਕਾਰ ਪੱਪੀ ਭਦੌੜ ਦੀਆਂ ਸੰਗੀਤਕ ਧੁਨਾਂ ਵਿਚ ਗਜ਼ਲਗੋ ਜਗਦੇਵ ਸਿੰਘ ਨੇ ਆਪਣੇ ਨਵੇਂ-ਪੁਰਾਣੇ ਗੀਤਾਂ ਅਤੇ ਗਜ਼ਲਾਂ ਦੀ ਮਹਿਫਿਲ ਸਜਾਈ।

**ਤਸਵੀਰਾਂ: ਸ਼ਿਆਰਾ ਸਿੰਘ ਢੀਂਡਸਾ (ਓਮਨੀ ਵੀਡੀਓ, ਬੇਕਰਜ਼ਫੀਲਡ)**
























# ਸੀਨੀਅਰ ਸੈਂਟਰ ਸੈਨ ਹੋਜ਼ੇ

**ਸੈਨ ਹੋਜ਼ੇ (ਬਿਊਰੋ):** ਪਿਛਲੇ ਕੁਝ ਸਾਲਾਂ ਗੁਰਦੁਆਰਾ ਸੈਨ ਹੋਜ਼ੇ ਵਿਖੇ ਇੱਕ ਸੀਨੀਅਰ ਸੈਂਟਰ ਕਾਰਜਸ਼ੀਲ ਹੈ ਜਿਸ ਵਿਚ ਹਰ ਐਤਵਾਰ ਕਮਿਊਨਿਟੀ ਦੇ ਸੀਨੀਅਰ ਮੈਂਬਰ ਬੈਠ ਕੇ ਆਪਣੇ



ਦਾ ਪੰਜਾਬ-ਅਮੈਰਿਕਾ ਸੀਨੀਅਰ ਐਸੋਸੀਏਸ਼ਨ ਦੇ ਮੈਂਬਰ

ਬਾਰੇ, ਆਪਣੇ ਭਾਈਚਾਰੇ ਤੇ ਹੋਰ ਬਰਾਦਰੀਆਂ ਸੰਪਰਦਾਵਾਂ ਬਾਰੇ ਵਿਚਾਰ-ਚਰਚਾ ਕਰਦੇ ਹਨ। ਇਹ ਸੰਸਥਾ 'ਦਾ ਪੰਜਾਬ-ਅਮੈਰਿਕਾ ਸੀਨੀਅਰ ਐਸੋਸੀਏਸ਼ਨ' ਦੇ ਨਾਂ ਥੱਲੇ ਰਜਿਸਟਰਡ ਹੈ।

ਗੁਰਦੁਆਰੇ ਦੇ ਪੁਰਾਣੇ ਲੰਗਰ ਹਾਲ ਵਿਚ ਇਨ੍ਹਾਂ ਦੀ ਇਕੱਤਰਤਾ ਹੁੰਦੀ ਹੈ ਜਿੱਥੇ ਧਾਰਮਿਕ, ਰਾਜਨੀਤਕ ਤੇ ਸਮਾਜਕ ਵਿਸ਼ੇ ਚਰਚਾ ਅਧੀਨ ਆਉਂਦੇ ਹਨ। ਇਨ੍ਹਾਂ ਮੈਂਬਰਾਂ ਵਿਚ ਵਕੀਲ, ਡਾਕਟਰ, ਪ੍ਰੋਫੈਸਰ, ਪੁਲਿਸ ਅਫਸਰ, ਜ਼ਿੰਮੀਦਾਰ ਆਦਿ ਸ਼ਾਮਲ ਹਨ ਜੋ ਆਪਣੇ ਤਜਰਬੇ ਸਾਂਝੇ ਕਰਦੇ ਹਨ ਅਤੇ ਹੋਰਾਂ ਨੂੰ ਸੇਧ ਦਿੰਦੇ ਹਨ। ਇਨ੍ਹਾਂ ਦੀਆਂ ਮੁਫਤ ਸੇਵਾਵਾਂ ਤੋਂ ਹੋਰ ਲੋੜਵੰਦ ਵੀ ਫਾਇਦਾ ਉਠਾਉਂਦੇ ਹਨ ਤੇ ਉਠਾ ਸਕਦੇ ਹਨ। ਅਜੀਤ ਸਿੰਘ ਬਣਵੈਤ, ਕਰਨਲ ਬਲਬੀਰ ਸਿੰਘ, ਪੂਰਨ ਸਿੰਘ ਗਰੇਵਾਲ, ਸੂਬੇਦਾਰ ਸੁਰਜੀਤ ਸਿੰਘ, ਸੁਰਜੀਤ ਸਿੰਘ ਬਾਜਵਾ, ਸੂਰਤ ਸਿੰਘ, ਬਲਬੀਰ ਸਿੰਘ ਲੱਧੜ, ਦੇਸ ਰਾਜ ਹਾਂਡਾ, ਹਰਦੇਵ ਸਿੰਘ ਅਟਵਾਲ, ਹਰਬੰਸ ਸਿੰਘ ਲੌਂਗੀਆ, ਚਰਨਜੀਤ ਸਿੰਘ ਪੰਨੂ, ਅਜੀਤ ਸਿੰਘ ਥਾਂਦੀ, ਡਾ. ਹਰਭਜਨ ਸਿੰਘ ਸੈਣੀ, ਹਾਕਮ ਸਿੰਘ ਪਟਵਾਰੀ, ਅਵਤਾਰ ਸਿੰਘ ਧਾਲੀਵਾਲ, ਮਹਿੰਦਰ ਕੌਰ, ਹਰਨੇਕ ਸਿੰਘ, ਹਰਪਾਲ ਸਿੰਘ, ਸ਼ਾਮ ਸਿੰਘ ਆਦਿ ਹਾਜ਼ਰੀ ਭਰਦੇ ਹਨ।

ਸੰਸਥਾ ਵਲੋਂ ਇਹ ਸਮਾਂ ਹਰ ਰੋਜ਼ ਗਿਆਰਾਂ ਵਜੇ ਤੋਂ ਇੱਕ ਵਜੇ ਦੁਪਹਿਰ ਤੱਕ ਕਰਨ ਅਤੇ ਹੋਰਾਂ ਬਜ਼ੁਰਗਾਂ ਨੂੰ ਵੀ ਨਾਲ ਜੋੜਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

## ਭਾਰਤੀ ਮੂਲ ਦੇ ਪਿੱਲੈ ਮੁੜ ਬਣੇ ਸਿੰਗਾਪੁਰ ਰਾਸ਼ਟਰਪਤੀ ਦੇ ਮੁੱਖ ਸਲਾਹਕਾਰ

**ਸਿੰਗਾਪੁਰ:** ਸਿੰਗਾਪੁਰ ਵਿਚ ਭਾਰਤੀ ਮੂਲ ਦੇ ਸਾਬਕਾ ਸੀਨੀਅਰ ਅਧਿਕਾਰੀ ਜੇ ਵਾਈ ਪਿੱਲੈ ਨੂੰ ਦੇਸ਼ ਦੇ ਰਾਸ਼ਟਰਪਤੀ ਦਾ ਮੁੜ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। 80 ਸਾਲਾ ਸੀ ਪਿੱਲੇ ਨੇ ਰਾਸ਼ਟਰਪਤੀ ਦੀ ਸਲਾਹਕਾਰ ਕੌਂਸਲ ਦੇ ਚੇਅਰਮੈਨ ਵਜੋਂ ਮੁੜ ਸਹੁੰ ਚੁੱਕੀ। ਰਾਸ਼ਟਰਪਤੀ ਟੋਨੀ ਤਾਨ ਕੇਂਗ ਯਮ ਨੇ ਇਹ ਨਿਯੁਕਤੀ ਚਾਰ ਸਾਲਾਂ ਲਈ ਕੀਤੀ ਹੈ। ਸ੍ਰੀ ਪਿੱਲੇ ਦੀ ਕੌਂਸਲ ਦੇ ਮੈਂਬਰ ਵਜੋਂ ਵੀ ਮੁੜ ਨਿਯੁਕਤੀ ਹੋਈ ਹੈ। ਇਸ ਅਹੁਦੇ ਦੀ ਮਿਆਦ ਵੀ ਚਾਰ ਸਾਲਾਂ ਲਈ ਹੈ। ਨਿਯੁਕਤੀ ਦੋ ਜਨਵਰੀ ਤੋਂ ਮੰਨੀ ਜਾਵੇਗੀ। ਉਨ੍ਹਾਂ ਦੀ ਕੌਂਸਲ ਵਿਚ ਸਭ ਤੋਂ ਪਹਿਲਾਂ ਨਿਯੁਕਤੀ ਦੋ ਜਨਵਰੀ 2001 ਵਿੱਚ ਹੋਈ ਸੀ।




# ਭਾਈ ਗੁਰਬਖਸ਼ ਸਿੰਘ ਖਾਲਸਾ ਦੇ ਹੱਕ 'ਚ ਮੁਜ਼ਾਹਰਾ

**ਸੈਨ ਫਰਾਂਸਿਸਕੋ (ਬਿਊਰੋ):** ਬੇਅ ਏਰੀਆ ਤੇ ਸੈਂਟਰਲ ਵੈਲੀ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸੰਗਤ ਦੇ ਸਹਿਯੋਗ ਨਾਲ ਸੈਨ ਫਰਾਂਸਿਸਕੋ ਵਿਚਲੇ ਭਾਰਤੀ ਦੂਤਾਵਾਸ ਅੱਗੇ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ। ਇਹ ਰੋਸ ਮੁਜ਼ਾਹਰਾ ਹਰਿਆਣਾ ਰਾਜ ਵਿਚ ਗੁਰਦੁਆਰਾ ਲਖਨੌਰ ਸਾਹਿਬ ਵਿਚ ਭਾਈ ਗੁਰਬਖਸ਼ ਸਿੰਘ ਖਾਲਸਾ ਦੁਆਰਾ ਸਜ਼ਾ ਪੂਰੀ ਕਰ ਚੁਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਸ਼ੁਰੂ ਕੀਤੀ ਭੁੱਖ ਹੜਤਾਲ ਦੇ ਹੱਕ ਵਿਚ ਕੀਤਾ ਗਿਆ। ਮੁਜ਼ਾਹਰੇ ਵਿਚ ਸੈਕਰਾਮੈਂਟੋ, ਫਰਿਜ਼ਨੋ, ਬੇਕਰਜ਼ਫੀਲਡ, ਮਾਡੈਸਟੋ-ਸੀਰੀਜ਼, ਟਰਲਕ, ਸਟਾਕਟਨ, ਲੈਥਰੋਪ, ਮਨਟੀਕਾ, ਟਰੇਸੀ, ਲੋਡਾਈ ਤੇ ਬੇਅ ਏਰੀਏ ਦੇ ਸ਼ਹਿਰਾਂ ਵਿਚੋਂ ਸੰਗਤਾਂ ਪਹੁੰਚੀਆਂ।

ਮੁਜ਼ਾਹਰੇ ਦੌਰਾਨ ਬੁਲਾਰਿਆਂ ਨੇ ਭਾਰਤ ਸਰਕਾਰ ਤੇ ਅਕਾਲੀ ਸਰਕਾਰ ਦੁਆਰਾ ਕੀਤੇ ਜਾ ਰਹੇ ਘੋਰ ਵਿਤਕਰੇ ਦੀ ਨਿੰਦਿਆ ਕੀਤੀ। ਕੁਝ ਬੁਲਾਰਿਆਂ ਨੇ ਭਾਰਤ ਦੇ ਫੇਲ੍ਹ ਨਿਆਂ ਤੇ ਅਦਾਲਤੀ ਢਾਂਚੇ ਦੀ ਵੀ ਰੱਜ ਕੇ ਆਲੋਚਨਾ ਕੀਤੀ ਤੇ ਭਾਰਤੀ ਜੱਜਾਂ ਨੂੰ ਪੱਖਪਾਤੀ ਕਿਹਾ। ਕੁਝ ਬੁਲਾਰਿਆਂ ਨੇ ਭਾਰਤ ਦੇ ਲੋਕਤੰਤਰ ਨੂੰ ਨਿਰਾ ਪਖੰਡ ਕਹਿੰਦਿਆਂ ਇਸ ਨੂੰ ਹਿੰਦੂ ਤਾਨਾਸ਼ਾਹੀ ਢਾਂਚਾ ਕਰਾਰ ਦਿੱਤਾ ਅਤੇ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਨਾਲ ਜ਼ੁਲਮ ਭਰੇ ਵਤੀਰੇ ਦੀ ਨਿੰਦਿਆ ਕੀਤੀ। ਕੁਝ ਬੁਲਾਰਿਆਂ ਨੇ ਸਪਸ਼ਟ ਇਹ ਕਿਹਾ ਕਿ ਸਿੱਖ ਕੌਮ ਕੋਲ ਹੁਣ ਖਾਲਿਸਤਾਨ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਬਚਿਆ।

ਰੋਸ ਮੁਜ਼ਾਹਰੇ ਨੂੰ ਨਵਜੋਤ ਕੌਰ, ਪੁਨੀਤ ਕੌਰ, ਦਮਨਜੀਤ ਸਿੰਘ, ਮਨਜੀਤ ਸਿੰਘ ਪੱਤੜ, ਸੁਬੇਗ ਸਿੰਘ, ਸੁਰਿੰਦਰਜੀਤ ਕੌਰ, ਪ੍ਰਭਜੋਤ ਸਿੰਘ, ਡਾ. ਪ੍ਰਿਤਪਾਲ ਸਿੰਘ (ਕੋਆਰਡੀਨੇਟਰ ਏਜੀਪੀਸੀ), ਭਾਈ ਰਾਮ ਸਿੰਘ, ਕੁਲਵੰਤ ਸਿੰਘ ਖਹਿਰਾ, ਦਰਸ਼ਨ ਸਿੰਘ, ਜਸਵਿੰਦਰ ਸਿੰਘ ਜੰਡੀ, ਅਜੈ ਸਿੰਘ, ਕੁਲਵਿੰਦਰ ਸਿੰਘ ਮੱਲੀ (ਸਕੱਤਰ ਗੁਰਦੁਆਰਾ ਐਲ ਸਬਰਾਂਟੇ), ਰਨਜੀਤ ਸਿੰਘ (ਕੈਲੀਫੋਰਨੀਆ ਗਤਕਾ ਦਲ), ਮਨਪ੍ਰੀਤ ਸਿੰਘ ਤੇ ਬਲਵਿੰਦਰਪਾਲ ਸਿੰਘ ਨੇ ਸੰਬੋਧਨ ਕੀਤਾ। ਸਕੱਤਰ ਦੀ ਸੇਵਾ ਗੁਰਦੁਆਰਾ ਟਰਲਕ ਦੇ ਸਕੱਤਰ ਭਾਈ ਗੁਰਜੀਤ ਸਿੰਘ ਚਾਹਲ ਨੇ ਕੀਤੀ।

ਗੁਰਦੁਆਰਾ ਟਰਲਕ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੀ ਇਕ ਬੱਸ ਭਰ ਕੇ ਮੁਜ਼ਾਹਰੇ ਲਈ ਲਿਆਂਦੀ ਗਈ। ਲੰਗਰ ਤੇ ਚਾਹ-ਪਾਣੀ ਦੀ ਸੇਵਾ ਗੁਰਦੁਆਰਾ ਫਰੀਮਾਂਟ ਤੋਂ ਪਹੁੰਚੀ।

Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ
24 ਘੰਟੇ ਖੁੱਲ੍ਹਾ



ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

## ਯੂਨਾਈਟਿਡ ਅਕਾਲੀ ਦਲ ਨੇ ਮੁਕੰਦਪੁਰੀ ਨੂੰ ਨਾਰਥ ਅਮਰੀਕਾ ਦਾ ਚੇਅਰਮੈਨ ਬਣਾਇਆ

**ਫਰੀਮਾਂਟ (ਬਿਊਰੋ):** ਉਘੇ ਸਿੱਖ ਸਕਾਲਰ ਜਗਜੀਤ ਸਿੰਘ ਮੁਕੰਦਪੁਰੀ ਨੂੰ ਯੂਨਾਈਟਿਡ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਅਤੇ ਨਾਰਥ ਅਮਰੀਕਾ ਦਾ ਚੇਅਰਮੈਨ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਦਲ ਦਾ ਅੰਤਰਰਾਸ਼ਟਰੀ ਬੁਲਾਰਾ ਅਤੇ ਵਰਕਿੰਗ ਕਮੇਟੀ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ ਹੈ।



ਪ੍ਰੈਸ ਨੂੰ ਭੇਜੇ ਬਿਆਨ ਵਿਚ ਸ. ਮੁਕੰਦਪੁਰੀ ਨੇ ਆਖਿਆ ਕਿ ਉਹ ਦਲ ਵਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਸ. ਪ੍ਰਕਾਸ਼ ਸਿੰਘ ਬਾਦਲ 'ਤੇ ਵਿਅੰਗ ਕੱਸਦਿਆਂ ਕਿਹਾ ਕਿ ਜਦੋਂ ਸ. ਬਾਦਲ ਨੂੰ ਆਪਣੀ ਸੱਤਾ ਦੀ ਕੁਰਸੀ ਹਿੱਲਦੀ ਦਿਸਦੀ ਹੈ ਤਾਂ ਉਹ ਸਿੱਖ ਕੌਮ ਦੇ ਮਸਲਿਆਂ 'ਤੇ ਸਿਆਸਤ ਖੇਡਦੇ ਹਨ। ਉਨ੍ਹਾਂ ਕਿਹਾ ਸ਼੍ਰੋਮਣੀ ਅਕਾਲੀ ਦਲ (ਬਾਦਲ), ਆਰ ਐਸ ਐਸ ਤੇ ਭਾਰਤੀ ਜਨਤਾ ਪਾਰਟੀ ਸਿੱਖੀ ਸਿਧਾਂਤਾਂ ਨੂੰ ਖੋਰਾ ਲਾ ਰਹੇ ਹਨ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਦੀ ਹੱਤਿਆ


**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਡੈਲਟਾ ਵਿਚ ਇਕ ਘਰ ਦੇ ਬਾਹਰ 24 ਸਾਲਾ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਡੈਲਟਾ ਪੁਲਿਸ ਦੀ ਬੁਲਾਰੀ ਸਾਰਜੈਂਟ ਸਾਰਾਹ ਸਵੈਲੋ ਨੇ ਦੱਸਿਆ ਕਿ ਇਹ ਕਹਿਣਾ ਮੁਸ਼ਕਿਲ ਹੈ ਕਿ ਵਾਰਦਾਤ ਗੈਂਗ ਹਿੰਸਾ ਨਾਲ ਸਬੰਧਤ ਹੈ ਜਾਂ ਨਹੀਂ ਪਰ ਇਹ ਘਾਤ ਲਾ ਕੇ ਕੀਤਾ ਗਿਆ ਹਮਲਾ ਸੀ।

ਪੁਲਿਸ ਅਨੁਸਾਰ ਮਾਰਿਆ ਗਿਆ ਨੌਜਵਾਨ ਵਾਰਦਾਤ ਵਾਲੇ ਘਰ ਵਿਚ ਨਹੀਂ ਸੀ ਰਹਿੰਦਾ ਪਰ ਸਬੰਧਤ ਘਰ ਦੀਆਂ ਸਰਗਰਮੀਆਂ ਤੋਂ ਪੁਲਿਸ ਪਹਿਲਾਂ ਤੋਂ ਜਾਣੂ ਸੀ। ਡੈਲਟਾ ਵਿਚ ਇਸ ਵਰ੍ਹੇ ਦੀ ਪਹਿਲੀ ਹੱਤਿਆ ਦੀ ਵਾਰਦਾਤ ਦਾ ਸ਼ਿਕਾਰ ਨੌਜਵਾਨ ਪੰਜਾਬੀ ਮੂਲ ਦਾ ਸੀ ਤੇ ਅਹਿਮ ਸੂਤਰਾਂ ਅਨੁਸਾਰ ਉਸ ਦਾ ਨਾਂ ਅਰੁਣਦੀਪ ਉਰਫ਼ ਰਿੱਕੀ ਚੀਮਾ ਸੀ, ਜਿਸਦਾ ਪਰਿਵਾਰ ਪੰਜਾਬ ਤੋਂ ਜਲੰਧਰ ਨੇੜਲੇ ਨੂਰਮਹਿਲ ਕਸਬੇ ਦੇ ਪਿੰਡ ਚੀਮਾ ਕਲਾਂ ਨਾਲ ਸਬੰਧਤ ਹੈ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545

M.K. Nijjar DDS

Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*

ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

*ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114*





*ਨਵੇਂ ਪੁਰਾਣੇ ਟਾਇਰ *ਬਰੇਕ *ਆਇਲ ਚੇਂਜ *ਰੀਅਰਐਂਡ *ਸਸਪੈਂਸ਼ਨ *ਇੰਸ਼ਪੈਕਸ਼ਨ *ਕਲੱਚ *ਵੈਲਡਿੰਗ

Oil Change Special $179.99
Labour $55 per hour

All major and minor repairs.

ਤਸੱਲੀਬਖ਼ਸ਼ ਕੰਮ ਵਾਜਬ ਰੇਟ

*Free Parking*







ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ

ਫੋਨ: 559-897-2323, ਸੈਲ: 209-923-1110

# ਲਾਲੀ ਬਾਬੇ ਦੀ ਲਾਲੀ




*ਪ੍ਰੋਫੈਸਰ ਹਰਦਿਲਜੀਤ ਸਿੰਘ ਸਿੱਧੂ ਉਰਫ ਬਾਬਾ ਲਾਲੀ ਪੰਜਾਬੀ ਦੇ ਵਿਦਵਾਨ ਹਲਕਿਆਂ ਵਿਚ ਮਿਥ ਬਣ ਚੁੱਕਾ ਹੈ। ਬਹੁਤ ਸਾਰੇ ਕਿੱਸੇ ਤੇ ਕਹਾਣੀਆਂ ਉਸ ਨਾਲ ਜੁੜੇ ਹੋਏ ਹਨ। ਵਲਾਇਤ ਵੱਸਦੇ ਚਿੱਤਰਕਾਰ ਕੰਵਲ ਧਾਲੀਵਾਲ ਨੇ ਇਸ ਵਿਲੱਖਣ ਸ਼ਖਸ ਬਾਰੇ ਕੁਝ ਸਤਰਾਂ ਲਿਖ ਭੇਜੀਆਂ ਹਨ। ਇਨ੍ਹਾਂ ਸਤਰਾਂ ਵਿਚ ਉਹ ਲਾਲੀ ਹਾਜ਼ਰ-ਨਾਜ਼ਰ ਹੈ ਜਿਹੜਾ ਸੰਪਰਕ ਵਿਚ ਆਏ ਆਏ ਹਰ ਸ਼ਖਸ ਉਤੇ ਪਾਰਸ ਵਾਂਗ ਅਸਰ ਕਰਦਾ ਹੈ। ਉਹਦੀ ਇਹ ਅਮੀਰੀ ਅਤੇ ਨਾਲ ਹੀ ਨਾਲ ਹੀ ਫਕੀਰੀ ਵੀ ਇਸ ਨਿੱਕੇ ਜਿਹੇ ਲੇਖ ਵਿਚ ਬਾਖੂਬੀ ਝਲਕਦੀ ਦਿਸਦੀ ਹੈ। -ਸੰਪਾਦਕ*

ਕਲਾ ਪਰਿਕਰਮਾ


ਲਾਲੀ ਜੀ ਨਾਲ ਸਬੰਧਤ ਕੁਝ ਯਾਦਾਂ ਹਨ ਜੋ ਹੁਣ ਉਨ੍ਹਾਂ ਦੇ ਚਲਾਣੇ 'ਤੇ ਉਛਾਲਾ ਮਾਰ ਆਈਆਂ ਹਨ। ਇਨ੍ਹਾਂ ਯਾਦਾਂ ਦੇ ਕਾਫਲੇ ਵਿਚ ਕੁਝ ਤਸਵੀਰਾਂ ਵੀ ਹਨ ਅਤੇ ਇਕ ਉਹ ਚਿੱਤਰ ਵੀ ਜੋ ਮੈਂ ਹੁਣੇ ਜਿਹੇ ਸਾਲ 2014 ਵਿਚ ਹੀ ਪੂਰਾ ਕੀਤਾ ਸੀ।

ਲੰਮੇ ਅਰਸੇ ਬਾਅਦ, 13 ਅਪਰੈਲ 2014 ਨੂੰ ਜਦੋਂ ਲਾਲੀ ਜੀ ਨੂੰ ਮਿਲਣ ਦਾ ਮੌਕਾ ਮਿਲਿਆ, ਤਾਂ ਉਸ ਸਮੇਂ ਖਿੱਚੀਆਂ ਕੁਝ ਤਸਵੀਰਾਂ ਵਿਚੋਂ ਇਕ ਤਸਵੀਰ ਅਜਿਹੀ ਖਿੱਚੀ ਗਈ ਜੋ ਫਿਰ ਉਨ੍ਹਾਂ ਦਾ ਚਿੱਤਰ 'ਦਿ ਮਾਸਟਰ' ਬਣਾਉਣ ਲਈ ਕੰਮ ਆਈ। ਇਕ ਚਿੱਤਰ ਮੈਂ ਕੋਈ 30 ਵਰ੍ਹੇ ਪਹਿਲਾਂ ਵੀ ਬਣਾਇਆ ਸੀ ਜੋ ਕਿਸੇ ਨੂੰ ਵਿਖਾਉਣ ਦਾ ਸਬੱਬ ਨਾ ਬਣਿਆ।



**ਕੰਵਲ ਧਾਲੀਵਾਲ**
**ਫੋਨ: 0044-7932984019**

ਆਮ ਤੌਰ 'ਤੇ ਇਹ ਤਜਰਬਾ ਸਭ ਨੂੰ ਕਦੇ ਨਾ ਕਦੇ ਹੁੰਦਾ ਹੈ ਕਿ ਜੇ ਕਿਸੇ ਚੀਜ਼ ਵੱਲ ਦੇਰ ਤਕ ਵੇਖਦੇ ਰਹੀਏ ਤਾਂ ਉਸ ਵਸਤੂ ਦਾ ਬਿੰਬ ਵੇਖਣ ਵਾਲੇ ਦੀਆਂ ਅੱਖਾਂ ਵਿਚ ਵੱਸ ਜਾਂਦਾ ਹੈ। ਇਹ ਗੱਲ ਮਹਿਜ਼ ਮਨੋ-ਵਿਗਿਆਨਕ ਨਹੀਂ ਹੈ, ਬਲਕਿ ਇਹ ਵਿਗਿਆਨਕ ਪ੍ਰਕਿਰਿਆ ਹੈ ਜਿਸ ਨੂੰ ਰੌਸ਼ਨੀ ਦੇ ਸਿਧਾਂਤਾਂ ਅਨੁਸਾਰ ਸਿੱਧ ਕੀਤਾ ਜਾ ਸਕਦਾ ਹੈ। ਇਹ ਗੱਲ 1986 ਦੀ ਹੈ ਜਦੋਂ ਮੈਂ ਚੰਡੀਗੜ੍ਹ ਇਕ ਕਲਾ-ਸੰਸਥਾ ਵਿਚ ਕਲਾ-ਅਧਿਆਪਕ ਸਾਂ। ਲਾਲੀ ਜੀ ਅਤੇ ਮੈਂ ਸਾਰੇ ਦੋਸਤਾਂ ਸਮੇਤ ਬਹੁਤ ਲੰਮੀਆਂ ਬੈਠਕਾਂ ਕਰ ਰਹੇ ਸਾਂ। ਮੈਂ ਹਮੇਸ਼ਾਂ ਵਾਂਗ ਲਾਲੀ ਜੀ ਦੀ ਗੱਲ ਬਹੁਤ ਧਿਆਨ ਨਾਲ ਸੁਣਨ ਦੀ ਕੋਸ਼ਿਸ਼ ਤਾਂ ਕਰਦਾ ਹੀ ਸਾਂ, ਤੇ ਅਜਿਹਾ ਕਰਦਿਆਂ ਅਕਸਰ ਉਨ੍ਹਾਂ ਵੱਲ ਲਗਾਤਾਰ ਦੇਖਦਾ ਰਹਿੰਦਾ ਸਾਂ। ਇਕ ਦਿਨ ਅਜਿਹੀ ਇਕ ਬੈਠਕ, ਜਦੋਂ ਸਾਰੇ ਦੋਸਤ ਮੇਰੇ ਕਮਰੇ ਵਿਚੋਂ ਜਾ ਚੁੱਕੇ ਸਨ, ਤੋਂ ਬਾਅਦ ਮੈਂ ਮਹਿਸੂਸ ਕੀਤਾ ਕਿ ਲਾਲੀ ਜੀ ਦਾ ਚਿਹਰਾ ਮੇਰੀਆਂ ਅੱਖਾਂ ਮੋਹਰੇ ਉਵੇਂ ਦਾ ਉਵੇਂ ਹੈ- ਤੇ ਮੈਂ ਇਸ ਨੂੰ ਲਕੀਰਨ ਦਾ ਮਨ ਬਣਾ ਲਿਆ, ਤੇ ਉਨ੍ਹਾਂ ਦਾ ਅਕਸ ਕਾਗਜ਼ ਉਪਰ ਉਤਰ ਆਇਆ। ਅਗਲੇ ਦਿਨ ਵੀ ਬੈਠਕ ਸੀ, ਪਰ ਮੈਂ ਜਾਣਦਾ ਸਾਂ ਕਿ ਲਾਲੀ ਜੀ ਕਿਸੇ ਨੂੰ ਆਪਣੀ ਤਸਵੀਰ ਕੈਮਰੇ ਨਾਲ ਵੀ ਨਹੀਂ ਖਿੱਚਣ ਦਿੰਦੇ, ਤੇ ਮੇਰੇ 'ਯੱਬਲਪੁਣੇ' ਦਾ ਤਾਂ ਖੂਬ ਮਜ਼ਾਕ ਉਡੇਗਾ! ਉਹ ਦਿਨ ਤੇ ਅੱਜ ਦਾ ਦਿਨ- ਇਹ ਤਸਵੀਰ ਮੈਂ ਕਦੇ ਕਿਸੇ ਨਾਲ ਸਾਂਝੀ ਨਾ ਕੀਤੀ, ਸਿਰਫ ਆਹ 'ਫੇਸਬੁੱਕ' ਵਾਲੇ ਦਿਨ ਆਉਣ ਨਾਲ ਮੈਂ ਇਸ ਨੂੰ ਆਪਣੀ ਇਕ ਐਲਬਮ ਵਿਚ ਜ਼ਰੂਰ ਪਾ ਦਿਤਾ ਜਿਥੇ ਇਸ ਨੂੰ ਦੇਖ ਕੇ ਨਵਤੇਜ ਭਾਰਤੀ ਨੇ ਕਿਹਾ ਸੀ ਕਿ ਲਾਲੀ ਜੀ ਅਸਲ ਵਿਚ ਇਤਨੇ ਲਾਲ ਨਹੀਂ ਸਨ, ਉਨ੍ਹਾਂ ਲਈ ਠੰਢੇ ਰੰਗ ਜ਼ਿਆਦਾ ਜਚਣੇ ਸਨ। ਮੇਰਾ ਕਹਿਣਾ ਸੀ ਕਿ ਉਨ੍ਹਾਂ ਦੇ ਬੋਲਣ ਵੇਲੇ ਉਨ੍ਹਾਂ ਦੇ ਚਿਹਰੇ ਦੇ ਤੇਜ ਨੇ ਮੈਨੂੰ ਗਰਮ ਰੰਗ ਵਰਤਣ ਲਈ ਪ੍ਰੇਰਿਆ।



*ਕੰਵਲ ਧਾਲੀਵਾਲ ਵਲੋਂ ਬਾਬੇ ਲਾਲੀ ਦਾ ਬਣਾਇਆ ਇਕ ਹੋਰ ਚਿੱਤਰ।*

ਇਸ ਤੋਂ ਇਲਾਵਾ ਕੁਝ ਤਸਵੀਰਾਂ ਉਹ ਹਨ ਜੋ 1987 ਦੀ ਸਾਡੀ ਫ਼ਤਿਹਗੜ੍ਹ ਫੇਰੀ ਦੀਆਂ ਹਨ। ਤਸਵੀਰਾਂ ਵਿਚ ਲਾਲੀ ਜੀ ਦੇ ਨਾਲ ਸਿਧਾਰਥ, ਰਾਜ ਕੁਮਾਰ (ਚਿਤਰਕਾਰ), ਸੰਜੀਵ ਸੋਨੀ (ਮੇਰਾ ਕਲਾ-ਵਿਦਿਆਲੇ ਦਾ ਜਮਾਤੀ), ਮੈਂ ਅਤੇ ਹਰਜੀਤ ਕੈਂਥ (ਪਟਿਆਲਾ ਨਿਵਾਸੀ ਰੰਗ-ਕਰਮੀ) ਹਾਂ। ਇਹ ਉਹੀ ਹਵੇਲੀ ਹੈ ਜਿਸ ਦਾ ਜ਼ਿਕਰ ਪ੍ਰੋ. ਹਰਪਾਲ ਸਿੰਘ ਪੰਨੂ ਨੇ ਆਪਣੇ ਲੇਖ ਵਿਚ ਕੀਤਾ ਹੈ। ਇਸ ਅਨੁਸਾਰ ਲਗਦਾ ਹੈ, ਉਥੇ ਹਰ ਰਾਤ ਦੀਵਾਲੀ ਹੁੰਦੀ ਹੋਵੇਗੀ। ਸਾਡੀ ਫੇਰੀ ਵੇਲੇ ਤੱਕ ਇਹ ਹਵੇਲੀ ਤਕਰੀਬਨ ਖੰਡਰ ਹੋ ਚੁੱਕੀ ਸੀ, ਬਸ ਇਕ ਹਿੱਸਾ ਬਚਿਆ ਸੀ ਜਿਥੇ ਉਨ੍ਹਾਂ ਦਾ ਕਾਰਿੰਦਾ ਰਹਿੰਦਾ ਸੀ ਤੇ ਸਾਡੇ ਵਰਗੇ ਆਏ-ਗਏ ਮਹਿਮਾਨਾਂ ਦੀ ਖਾਤਰਦਾਰੀ ਬੜੇ ਚਾਅ ਨਾਲ ਕਰਦਾ ਸੀ। ਸਾਡੇ ਸਾਰਿਆਂ ਵਿਚੋਂ ਕੈਮਰਾ ਸਿਰਫ ਹਰਜੀਤ ਕੋਲ ਹੀ ਸੀ, ਤੇ ਇਹ ਉਸ ਦੀ ਹੁਸ਼ਿਆਰੀ ਹੀ ਹੈ ਕਿ ਇਤਨੇ ਸਾਲਾਂ ਬਾਅਦ ਵੀ ਜਦੋਂ ਮੈਂ ਉਸ ਤੋਂ ਤਸਵੀਰਾਂ ਬਾਰੇ ਪੁੱਛਿਆ ਤਾਂ ਉਸ ਕੋਲੋਂ ਇਹ ਨਿਕਲ ਆਈਆਂ।



*ਬਾਬੇ ਲਾਲੀ ਦੀ ਫਤਿਹਗੜ੍ਹ ਵਾਲੀ ਹਵੇਲੀ ਵਿਚ ਲਾਲੀ, ਕੰਵਲ ਅਤੇ ਹੋਰ ਮਿੱਤਰ ਪਿਆਰੇ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਜਨਵਰੀ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-151



*ਯੁੱਗ ਬਦਲ ਗਏ, ਨਹੀਂ ਬਦਲਣੇ ਧੰਨੋ ਤੇਰੇ ਲੇਖ।*
*ਮਿੱਟੀ ਦੀਆਂ ਬਣਾ ਕੇ ਲੋਹਾਂ, ਦੇ ਲੈ ਢਿੱਡ ਨੂੰ ਸੇਕ।*
*ਧਰਤ ਪਰਾਈ ਝੁੱਗੀਆਂ ਮੂਹਰੇ, ਵਿਹੜਾ ਰੱਖਦੀ ਖੁੱਲਾ,*
*ਸਾਡੇ ਘਰ ਵਿਚ ਖੌਰੇ ਕਦੋਂ, ਆਊ ਗੈਸ ਤੇ ਚੁੱਲ੍ਹਾ?*

### ਕੈਪਸ਼ਨ ਮੁਕਾਬਲਾ-149



ਬਹਿ ਜੋ ਜਿੱਥੇ ਬੈਠ ਹੈ ਹੁੰਦਾ
ਬੰਬੂ ਕਾਟ ਦਾ ਜਹਾਜ਼ ਬਣਾਈਏ।
ਪਾ ਲੋ ਹੱਥ ਜਿੱਥੇ ਵੀ ਪੈਂਦਾ
ਪੁੱਠੀਆਂ ਸਿੱਧੀਆਂ ਤਾਰੀਆਂ ਲਾਈਏ।
ਇਹ ਦਿਨ ਫੇਰ ਨੀ ਆਉਣਾ ਮੁੜ ਕੇ
ਅੱਜ ਤਾਂ ਮਨ ਦੀ ਮੌਜ ਮਨਾਈਏ।
ਦੋ ਪਈਆਂ ਕਿੱਧਰ ਗਈਆਂ
ਬੱਸ ਢੂਹੀ ਦੇ ਸਦਕੇ ਜਾਈਏ ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਨਹਿਰ 'ਚ ਨਹਾਉਂਦੇ ਮੁੰਡਿਆਂ ਨੂੰ
ਇਕ ਨਵਾਂ ਹੀ ਫੁਰਨਾ ਫੁਰਿਆ।
ਪੰਜ ਜਣਿਆਂ ਨੂੰ ਪਿਛੇ ਬਿਠਾ ਕੇ
ਇਕ ਹੀਰੋ ਹਾਂਡੇ ਨੂੰ ਲੈ ਤੁਰਿਆ।
ਕੱਚੀ ਪਟੜੀ ਨਹਿਰ ਦੀ ਉਤੇ
ਮੋਟਰ ਸਾਈਕਲ ਦੇਵੇ ਦੁਹਾਈਆਂ।

ਕਿੱਥੇ ਲੰਡਰਾਂ ਦੇ ਵੱਸ ਪੈ ਗਿਆ
ਨਿੱਤ ਚਲਾਉਂਦੇ ਵਾਂਗ ਸੁਦਾਈਆਂ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਬਚਪਨ ਵੇਲੇ ਦੀਆਂ
ਸ਼ਰਾਰਤਾਂ ਨੇ ਪਿਆਰੀਆਂ,
ਭਾਵੇਂ ਬੇਬੇ-ਬਾਪੂ ਸਾਨੂੰ
ਝਿੜਕਾਂ ਬਥੇਰੀਆਂ ਮਾਰੀਆਂ।
ਉਲਟੇ-ਸਿੱਧੇ ਕੰਮ ਕੀਤੇ
ਬਚਪਨ ਵੇਲੇ ਬਥੇਰੇ,
ਪਰ ਇਹ ਫੋਟੋ ਵਿਚ ਤਾਂ
ਮੁੰਡਿਆਂ ਲੱਤ ਮਾਰੀ ਸਿਰੇ।
ਦੋ ਸਵਾਰੀ ਤੋਂ ਵੱਧ ਹੈ ਪਾਬੰਦੀ
ਪਰ ਇਨ੍ਹਾਂ 'ਤੇ ਲਾਗੂ ਨਾ ਹੁੰਦੀ।
ਇਹ ਲੱਗਦਾ ਨਹੀਂ ਡਰਦੇ
ਤਾਂਹੀਓਂ ਛੇ ਜਣੇ ਚੜ੍ਹੇ।
ਜੇ ਹੈ ਹਿੰਮਤ ਤਾਂ
ਪੁਲਿਸ ਇਨ੍ਹਾਂ ਨੂੰ ਫੜ੍ਹੇ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਬੰਬੂ ਕਾਟ ਇਹ ਮਿੱਤਰਾਂ ਦਾ
ਕੱਚੇ ਪਹੇ 'ਤੇ ਖੂਬ ਭਜਾਈਏ।
ਲੋੜੋਂ ਵੱਧ ਸਵਾਰੀ ਚਾੜ੍ਹ ਕੇ
ਸਾਰੇ ਰਲ ਕੇ ਮੌਜ ਮਨਾਈਏ।
*-ਹਰਮੀਕ ਸਿੰਘ ਵਿੱਕੀ*
*ਸਟਾਕਟਨ, ਕੈਲੀਫੋਰਨੀਆ।*

## ਕਾਵਿ-ਵਿਅੰਗ

-ਜਸਪਾਲ ਸਿੰਘ ਨਾਗਰਾ

### ਸ਼ਬਾਬ

ਗੋਰੇ ਰੰਗ ਦਾ ਪੈਂਦਾ ਨਾ ਮੁੱਲ ਕੌਡੀ, ਖਾਨਾ ਅਕਲ ਦਾ ਜੇ ਹੋਇਆ ਖਰਾਬ ਹੋਵੇ।
ਮਹੀਂਵਾਲ ਨੂੰ ਸੋਹਣੀ, ਸੋਹਣੀ ਹੋਰ ਲੱਗੇ, ਖਾਂਦੀ ਪੱਟ ਦਾ ਉਹ ਜਦੋਂ ਕਬਾਬ ਹੋਵੇ।
ਜਾਚ ਨਖਰਿਆਂ ਦੀ ਉਨ੍ਹਾਂ ਨੂੰ ਆਏ ਆਪੇ, ਦਿੱਤਾ ਰੱਬ ਨੇ ਜੇ ਕਿਤੇ ਸ਼ਬਾਬ ਹੋਵੇ।
ਚੇਤਾ ਉਦੋਂ ਮਸ਼ੂਕ ਦਾ ਵੱਧ ਆਉਂਦਾ, ਪੀਤੀ ਆਸ਼ਕ ਦੀ ਜਦੋਂ ਸ਼ਰਾਬ ਹੋਵੇ।

# ਉਡਣਾ ਸਿੰਘ ਵਲੋਂ ਭਾਈ ਗੁਰਬਖਸ਼ ਸਿੰਘ ਖਾਲਸਾ ਦੇ ਹੱਕ ਵਿਚ ਭੁੱਖ ਹੜਤਾਲ

ਬੇਕਰਜ਼ਫੀਲਡ (ਬਿਊਰੋ): ਕੈਲੀਫੋਰਨੀਆ ਗਤਕਾ ਦਲ ਦੇ ਚੜ੍ਹਦੀ ਕਲਾ ਵਾਲੇ ਭਾਈ ਸੁੱਖਾ ਸਿੰਘ ਉਰਫ ਉਡਣਾ ਸਿੰਘ ਨੇ ਵੀ ਅਰਦਾਸ ਕਰਕੇ ਭਾਈ ਗੁਰਬਖਸ਼ ਸਿੰਘ ਖਾਲਸਾ ਦੇ ਹੱਕ ਵਿਚ ਸੱਤ ਦਿਨਾਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿਤੀ ਹੈ। ਉਡਣਾ ਸਿੰਘ ਲੰਮਿਆਂ ਰੂਟਾਂ 'ਤੇ ਟਰੱਕ ਚਲਾਉਂਦਾ ਹੈ। ਟਰੱਕ ਚਲਾਉਂਦਿਆਂ ਹੀ ਉਸ ਦੇ ਮਨ ਵਿਚ ਕੌਮੀ ਦਰਦ ਜਾਗਿਆ ਤੇ ਤਟ



ਫਟ ਹੀ ਅਕਾਲ ਪੁਰਖ ਅਗੇ ਬੇਨਤੀ ਕਰਕੇ ਭੁੱਖ ਹੜਤਾਲ ਸ਼ੁਰੂ ਕਰ ਦਿਤੀ। ਉਸ ਨੇ ਇਕ ਹਫਤੇ ਲਈ ਇਹ ਇਰਾਦਾ ਬਣਾਇਆ ਹੈ।

ਚੇਤੇ ਰਹੇ, ਭਾਈ ਗੁਰਬਖਸ਼ ਸਿੰਘ ਖਾਲਸਾ ਨੇ 14 ਨਵੰਬਰ ਤੋਂ ਭਾਰਤੀ ਜੇਲ੍ਹਾਂ ਵਿਚ ਕੈਦ ਉਨ੍ਹਾਂ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ ਰੱਖੀ ਹੋਈ ਹੈ, ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ।

# ਪੰਜਾਬ ਵਿਧਾਨ ਸਭਾ ਦੀਆਂ ਕਾਰਵਾਈਆਂ ਦਾ ਰਿਕਾਰਡ ਹੋਵੇਗਾ ਆਨਲਾਈਨ

**ਚੰਡੀਗੜ੍ਹ:** ਪੰਜਾਬ ਅਸੈਂਬਲੀ ਵਿਚ 1947 ਤੋਂ ਲੈ ਕੇ ਹੁਣ ਤੱਕ ਦੀਆਂ ਸਾਰੀਆਂ ਹੀ ਬਹਿਸਾਂ ਦੇ ਸਰਕਾਰੀ ਤੌਰ 'ਤੇ ਦਰਜ ਰਿਕਾਰਡ ਨੂੰ ਆਨਲਾਈਨ ਕਰਨ ਦਾ ਪ੍ਰਾਜੈਕਟ ਆਰੰਭ ਦਿੱਤਾ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਇਸਦੀ ਜ਼ਿੰਮੇਵਾਰੀ ਚੰਡੀਗੜ੍ਹ ਦੀ ਪੰਜਾਬ ਡਿਜ਼ੀਟਲ ਲਾਇਬ੍ਰੇਰੀ ਨੂੰ ਸੌਂਪੀ ਗਈ ਹੈ, ਜਿਸ ਵੱਲੋਂ ਪੰਜਾਬ ਅਸੈਂਬਲੀ ਦੀਆਂ 'ਖੁੰਢ ਬਹਿਸਾਂ' ਤੇ ਕਾਰਵਾਈਆਂ, ਜੋ ਕਿ ਤਕਰੀਬਨ ਢਾਈ ਲੱਖ ਪੰਨਿਆਂ ਵਿਚ ਹਨ, ਦਾ ਹੂਬਹੂ ਉਤਾਰਾ (ਡਿਜ਼ੀਟਲਾਇਜ਼/ਕੰਪਿਊਟਰੀਕਰਨ) ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਆਮ ਲੋਕਾਂ ਵਿਸ਼ੇਸ਼ਕਰ ਖੋਜਕਾਰਾਂ ਲਈ ਇਹ ਰਿਕਾਰਡ ਇਸ ਲਈ ਵੀ ਰੌਚਕ ਹੋਵੇਗਾ ਕਿਉਂਕਿ 1966 ਤੋਂ ਪਹਿਲਾਂ ਪੰਜਾਬ-ਹਰਿਆਣਾ ਦੀ ਅਸੈਂਬਲੀ-ਕਾਰਵਾਈ ਇਕੱਠੀ ਹੀ ਹੁੰਦੀ ਸੀ। ਉਸ ਵੇਲੇ ਕਰਨਾਲ ਤੋਂ ਪਰੇ ਦੇ ਇਲਾਕੇ ਨੂੰ ਹਰਿਆਣਾ ਆਖ ਦਿੱਤਾ ਸੀ। ਜਾਣਕਾਰਾਂ ਅਨੁਸਾਰ 1966 ਤੋਂ ਪਹਿਲਾਂ ਪੰਜਾਬ ਤੇ ਹਰਿਆਣਾ ਦੇ ਵਖਰੇਵੇਂ ਨਾਲ ਸਬੰਧਤ ਬਹਿਸਾਂ ਦਾ ਰਿਕਾਰਡ ਕਾਫੀ ਅਹਿਮ ਹੈ, ਜੋਕਿ ਇਸ ਵੇਲੇ ਵਿਧਾਨ ਸਭਾ ਦੀ ਲਾਇਬ੍ਰੇਰੀ ਵਿਚ ਮੌਜੂਦ ਹੈ। ਇਸ ਤੋਂ ਇਲਾਵਾ 1966 ਮਗਰੋਂ ਖਾੜਕੂਵਾਦ ਦੇ ਦੌਰ ਦੌਰਾਨ ਹੋਣ ਵਾਲੀਆਂ ਬਹਿਸਾਂ, ਪਾਣੀਆਂ ਦਾ ਮਸਲਾ, ਰਾਜਧਾਨੀ ਚੰਡੀਗੜ੍ਹ ਦਾ ਮਸਲਾ, ਨਸ਼ਾਖੋਰੀ ਦਾ ਮਸਲਾ ਤੇ ਅਜਿਹੇ ਮਸਲਿਆਂ ਨੂੰ ਲੈਕੇ ਸਿਆਸੀ ਧਿਰਾਂ ਵਿਚ ਹੁੰਦੇ ਸ਼ਬਦੀ ਦੰਗਲਾਂ ਦੀ ਕਾਰਵਾਈ ਤੇ ਝਲਕ ਭਾਵੇਂ ਕਿ ਮੀਡੀਆ ਜ਼ਰੀਏ ਆਮ ਲੋਕਾਂ ਤੱਕ ਬਾਖ਼ੂਬੀ ਪਹੁੰਚਦੀ ਰਹੀ ਹੈ, ਪਰ ਹਰ ਸੈਸ਼ਨ ਦੌਰਾਨ ਹੋਣ ਵਾਲੀ ਬਹਿਸ ਦਾ ਹੂਬਹੂ ਉਤਾਰਾ ਵਿਧਾਨ ਸਭਾ ਦੇ ਰਿਕਾਰਡ ਵਿਚ ਹੀ ਮੌਜੂਦ ਹੈ।

ਪੰਜਾਬ ਦੇ ਟਕਸਾਲੀ ਲੀਡਰ ਦੇ ਲੱਛੇਦਾਰ ਭਾਸ਼ਣ ਵੀ ਇਸ ਪ੍ਰਾਜੈਕਟ ਦੇ ਪੂਰੇ ਹੋਣ ਮਗਰੋਂ ਆਮ ਲੋਕਾਂ ਲਈ ਉਪਲੱਬਧ ਹੋਣਗੇ। ਪੰਜਾਬ



ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਦਾ ਕਹਿਣਾ ਹੈ ਕਿ ਜਦੋਂ ਉਹ ਲੋਕ ਸਭਾ ਦੇ ਡਿਪਟੀ ਸਪੀਕਰ ਸਨ, ਉਸ ਵੇਲੇ ਉਨ੍ਹਾਂ ਨੇ ਲੋਕ ਸਭਾ ਦੀਆਂ ਬਹਿਸਾਂ ਵੀ ਡਿਜ਼ੀਟਲਾਇਜ਼ ਕਰਵਾਈਆਂ ਸਨ। ਕਈ ਸੂਬੇ ਪਹਿਲਾਂ ਹੀ ਅਜਿਹਾ ਕਰ ਚੁੱਕੇ ਹਨ, ਇਸ ਲਈ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦਾ ਰਿਕਾਰਡ ਵੀ ਕੰਪਿਊਟਰਾਇਜ਼ ਕਰਵਾਇਆ ਜਾ ਰਿਹਾ ਹੈ। ਸਪੀਕਰ ਅਨੁਸਾਰ ਰਿਕਾਰਡ ਨੂੰ ਆਨਲਾਈਨ ਕਰਨ ਬਾਰੇ ਆਉਂਦੇ ਦਿਨੀਂ ਬੈਠਕ ਸੱਦੀ ਗਈ ਹੈ। ਪੰਜਾਬ ਵਿਧਾਨ ਸਭਾ ਦੇ ਸਾਲ ਦਰ ਸਾਲ ਹੁੰਦੇ ਸੈਸ਼ਨਾਂ ਦੀ ਕਾਰਵਾਈ ਕਿਤਾਬਚੇ ਦੇ ਰੂਪ ਵਿਚ ਉਪਲੱਬਧ ਹੁੰਦੀ ਹੈ ਤੇ ਇੱਛੁਕ ਵਿਅਕਤੀ ਇਹ ਕਿਤਾਬਚੇ ਖਰੀਦ ਵੀ ਲੈਂਦੇ ਹਨ ਜਾਂ ਆਰ.ਟੀ.ਆਈ. ਤਹਿਤ ਫ਼ੀਸ ਦੇ ਕੇ ਹਾਸਲ ਕਰ ਲੈਂਦੇ ਹਨ।

ਪੰਜਾਬ ਡਿਜ਼ੀਟਲ ਲਾਇਬ੍ਰੇਰੀ ਦੇ ਸੰਚਾਲਕ ਦਵਿੰਦਰਪਾਲ ਸਿੰਘ ਨੇ ਕਿਹਾ ਕਿ ਲਾਇਬ੍ਰੇਰੀ ਵੱਲੋਂ ਵਿਧਾਨ ਸਭਾ ਸੈਸ਼ਨਾਂ ਦੇ ਤਕਰੀਬਨ ਢਾਈ ਲੱਖ ਪੰਨੇ ਕੰਪਿਊਟ੍ਰਾਈਜ਼ ਕੀਤੇ ਜਾਣੇ ਹਨ। ਇਹ ਬਹੁਤ ਜ਼ਿਆਦਾ ਸਮਾਂ ਬੀਤ ਜਾਣ ਕਾਰਨ 50ਵੇਂ ਤੇ 60ਵੇਂ ਦਹਾਕੇ ਦੇ ਰਿਕਾਰਡ ਨੂੰ ਡਿਜ਼ੀਟਲ ਕਰਨ ਦਾ ਇਹ ਬਿਲਕੁਲ ਸਹੀ ਸਮਾਂ ਹੈ, ਕਿਉਂਕਿ ਰਿਕਾਰਡ ਜਿੰਨਾ ਜ਼ਿਆਦਾ ਪੁਰਾਣਾ ਹੁੰਦਾ ਜਾਵੇਗਾ, ਉਸਦੇ ਖਰਾਬ ਹੋਣ ਦੀ ਸੰਭਾਵਨਾਵਾ ਵੀ ਵਧਣਗੀਆਂ। ਜੇਕਰ ਇਹ ਰਿਕਾਰਡ ਆਨਲਾਈਨ ਹੁੰਦਾ ਹੈ ਤਾਂ ਇਹ ਰਾਜਨੀਤੀ ਸ਼ਾਸਤਰ ਤੇ ਹੋਰ ਸਬੰਧਤ ਖੇਤਰਾਂ ਵਿਚ ਪੀ.ਐਚ.ਡੀ. ਕਰਨ ਵਾਲਿਆਂ ਲਈ ਲਾਹੇਵੰਦ ਹੋਵੇਗਾ ਤੇ ਲੋਕ ਆਸਾਨੀ ਨਾਲ ਇਸ ਨੂੰ ਪੜ੍ਹ ਸਕਣਗੇ।

# ਹਿਬਰੂ ਯੂਨੀਵਰਸਿਟੀ 'ਚ 80 ਮੁਲਕਾਂ ਦੀ ਨੁਮਾਇੰਦਗੀ ਕਰੇਗਾ ਭਾਰਤੀ ਵਿਦਿਆਰਥੀ

**ਯੋਰੋਸ਼ਲਮ (ਪੰਜਾਬ ਟਾਈਮਜ਼ ਬਿਊਰੋ):** ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦਾ ਇਕ ਵਿਦਿਆਰਥੀ ਇਸਰਾਈਲ ਦੀ ਪ੍ਰਸਿੱਧ ਹਿਬਰੂ ਯੂਨੀਵਰਸਿਟੀ ਵਿਚ 80 ਮੁਲਕਾਂ ਦੇ ਦੋ ਹਜ਼ਾਰ ਵਿਦਿਆਰਥੀਆਂ ਦੀ ਨਮਾਇੰਦਗੀ ਕਰਨ ਲਈ ਚੁਣਿਆ ਗਿਆ ਪਹਿਲਾ ਭਾਰਤੀ ਬਣ ਗਿਆ ਹੈ।

ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਡਾਕਟਰੇਟ ਕਰ ਰਿਹਾ ਤੇ ਇਸ ਸਮੇਂ ਹੀਬਰੋ ਯੂਨੀਵਰਸਿਟੀ ਦੇ ਰੋਥਬਰਗ ਇੰਟਰਨੈਸ਼ਨਲ ਸਕੂਲ ਵਿਚ ਵਿਜ਼ੀਟਿੰਗ ਰਿਸਰਚ ਫੈਲੋ ਜ਼ੁਲਫਿਕਾਰ ਸੇਠ (27) ਹਾਲ ਹੀ ਵਿਚ ਹੋਈਆਂ ਚੋਣਾਂ ਦੌਰਾਨ ਇਸ ਅਹੁਦੇ ਲਈ ਚੁਣਿਆ ਗਿਆ।

ਗੁਜਰਾਤ ਦੇ ਜ਼ਿਲ੍ਹਾ ਸਾਬਰਕੰਠਾ ਦੇ ਸ਼ਹਿਰ ਹਿੰਮਤਨਗਰ ਨਾਲ ਸਬੰਧ ਰੱਖਣ ਵਾਲੇ ਤੇ ਮਦਰੱਸੇ ਵਿਚ ਪੜ੍ਹੇ ਜ਼ੁਲਫਿਕਾਰ ਨੇ ਦੱਸਿਆ ਕਿ ਚੋਣਾਂ ਵਿਚ ਉਸ ਦਾ ਮੁਸਲਿਮ ਪਿਛੋਕੜ ਕੋਈ ਮੁੱਦਾ ਨਹੀਂ ਸੀ ਤੇ ਯੂਨੀਵਰਸਿਟੀ ਕੈਂਪਸ ਵਿਚ ਉਸ ਨਾਲ ਕਿਸੇ ਵੀ ਤਰੀਕੇ ਨਾਲ ਕੋਈ ਪੱਖਪਾਤ ਨਹੀਂ ਹੋਇਆ।

'ਮਹਾਂਪੁਰਸ਼ਾਂ ਦੇ ਲੜ ਜੋ ਲੱਗ ਜਾਂਦੇ, ਮੂੰਹੋਂ ਮੰਗੀਆਂ ਮੁਰਾਦਾਂ ਪਾ ਜਾਂਦੇ। ਖੇਡ-ਮੈਦਾਨਾਂ 'ਚ ਬਣ ਸ਼ੇਰ ਉਹ, ਨਾਂ ਸਦਾ ਸਦਾ ਲਈ ਚਮਕਾ ਜਾਂਦੇ।'

ਰਾਜਾ ਸਾਹਿਬ ਸਪੋਰਟਸ ਕਲੱਬ ਦੋਆਬਾ-ਨਿਊ ਯਾਰਕ

Happy New Year


ਨਵਾਂ ਸਾਲ ਬਹੁਤ ਬਹੁਤ ਮੁਬਾਰਕ!

Happy New Year

ਸਮੂਹ ਖਿਡਾਰੀਆਂ, ਖੇਡ ਪ੍ਰੇਮੀਆਂ, ਇਲਾਕਾ ਨਿਵਾਸੀਆਂ, ਸਨੇਹੀਆਂ ਲਈ ਨਵਾਂ ਸਾਲ ਖੁਸ਼ੀਆਂ ਖੇੜਿਆਂ ਭਰਪੂਰ ਹੋਵੇ। ਰੱਬ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੇ।







ਹੋਰ ਜਾਣਕਾਰੀ ਲਈ ਕਾਲ ਕਰੋ: 516-603-2523 ਅਤੇ 917-375-6395

# ਗੋਲੀਬੰਦੀ ਦੀ ਉਲੰਘਣਾ ਕਾਰਨ ਬੇਘਰ ਹੋਏ ਸਰਹੱਦੀ ਪਿੰਡਾਂ ਦੇ ਲੋਕ

**ਬੇਈਂਗਲਰ (ਸਾਂਬਾ):** ਪਾਕਿਸਤਾਨ ਰੇਂਜਰਾਂ ਵੱਲੋਂ ਜੰਮੂ-ਕਸ਼ਮੀਰ ਸਰਹੱਦ ਉੱਤੇ ਕੀਤੀ ਜਾ ਰਹੀ ਗੋਲੀਬਾਰੀ ਕਾਰਨ ਸਰਹੱਦੀ ਇਲਾਕੇ ਵਿਚ ਸਹਿਮ ਫੈਲਿਆ ਹੋਇਆ ਹੈ ਤੇ ਲੋਕ ਨਿਰੰਤਰ ਸੁਰੱਖਿਆ ਟਿਕਾਣਿਆਂ ਦੀ ਭਾਲ ਵਿਚ ਭਟਕ ਰਹੇ ਹਨ। ਠੰਢ ਦੇ ਮੌਸਮ ਵਿਚ ਉਧਰੋਂ ਹੋ ਰਹੀ ਗੋਲੀਬਾਰੀ ਕਾਰਨ ਸਰਹੱਦੀ ਲੋਕ ਸ਼ਰਨ ਲੈਣ ਲਈ ਕੈਂਪਾਂ ਜਾਂ ਫਿਰ ਦੂਰ-ਦੁਰਾਡੇ ਰਹਿੰਦੇ ਰਿਸ਼ਤੇਦਾਰਾਂ ਕੋਲ ਜਾ ਰਹੇ ਹਨ ਤੇ ਪਿੱਛੇ ਘਰਾਂ ਦੀ ਰਾਖੀ ਕਰਨ ਲਈ ਬਜ਼ੁਰਗਾਂ ਨੂੰ ਛੱਡਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਰੇਂਜਰਾਂ ਵੱਲੋਂ ਕਠੂਆ ਤੇ ਸਾਂਬਾ ਜ਼ਿਲ੍ਹੇ ਵਿਚ 13 ਅਗਲੀਆਂ ਸਰਹੱਦੀ ਚੌਕੀਆਂ ਤੇ ਮਾਰਟਰਾਂ ਨਾਲ ਭਾਰੀ ਗੋਲੀਬਾਰੀ ਕੀਤੀ ਗਈ, ਜਿਸ ਕਾਰਨ ਇਕ ਔਰਤ ਦੀ ਮੌਤ ਹੋ ਗਈ ਤੇ ਅੱਠ ਨਾਗਰਿਕ ਜ਼ਖ਼ਮੀ ਹੋ ਗਏ। ਅਧਿਕਾਰੀਆਂ ਅਨੁਸਾਰ ਗੋਲੀਬੰਦੀ ਦੀ ਤਾਜ਼ਾ ਉਲੰਘਣਾ ਕਾਰਨ ਸਰਹੱਦੀ ਪਿੰਡਾਂ ਵਿਚੋਂ ਲੋਕਾਂ ਦੀ ਹਿਜਰਤ ਵਿਚ ਤੇਜ਼ੀ ਆਈ ਹੈ ਤੇ ਕਠੂਆ ਤੇ ਸਾਂਬਾ ਜ਼ਿਲ੍ਹਿਆਂ ਵਿਚੋਂ ਸਰਹੱਦ ਨੇੜੇ ਵਸਦੇ ਇਕ ਹਜ਼ਾਰ ਲੋਕਾਂ ਤੋਂ ਇਲਾਕਾ ਖਾਲੀ ਕਰਵਾਇਆ ਗਿਆ ਹੈ। ਪਾਕਿਸਤਾਨ ਵੱਲੋਂ ਤਾਜ਼ਾ ਗੋਲੀਬੰਦੀ ਦੀ ਉਲੰਘਣਾ ਨਵੇਂ ਸਾਲ ਦੀ ਪੂਰਬ ਸੰਧਿਆਂ ਤੋਂ ਸ਼ੁਰੂ ਕੀਤੀ ਗਈ ਹੈ ਤੇ ਹੁਣ ਤੱਕ ਬੀ.ਐਸ.ਐਫ. ਦੇ ਇਕ ਜਵਾਨ ਸਣੇ ਦੋ ਵਿਅਕਤੀ ਮਾਰੇ ਗਏ ਹਨ ਤੇ ਨੌਂ ਵਿਅਕਤੀ ਜ਼ਖ਼ਮੀ ਹੋਏ ਹਨ ਤੇ ਭਾਰਤ

### ਕੜਾਕੇ ਦੀ ਠੰਢ ਵਿਚ ਸੁਰੱਖਿਅਤ ਟਿਕਾਣਿਆਂ ਦੀ ਭਾਲ



ਵੱਲੋਂ ਕੀਤੀ ਜਵਾਬੀ ਗੋਲੀਬਾਰੀ ਵਿਚ ਪੰਜ ਪਾਕਿਸਤਾਨੀ ਰੇਂਜਰ ਵੀ ਜ਼ਖ਼ਮੀ ਹੋਏ ਹਨ। ਇਸ ਤੋਂ ਦੋ ਮਹੀਨਾ ਪਹਿਲਾਂ ਵੀ ਸਰਹੱਦ ਉੱਤੇ ਵਿਆਪਕ ਪੱਧਰ 'ਤੇ ਗੋਲੀਬੰਦੀ ਦੀ ਉਲੰਘਣਾ ਹੋਈ ਸੀ, ਜਿਸ ਵਿਚ 13 ਲੋਕ ਮਾਰੇ ਗਏ ਸਨ ਤੇ ਕੋਈ 32000 ਲੋਕ ਬੇਘਰੇ ਹੋ ਗਏ ਸਨ।

ਮੰਗੂ ਚੱਕ ਇਲਾਕੇ ਦੇ ਇਕ ਦੁਕਾਨਦਾਰ ਅਰਵਿੰਦ ਕੁਮਾਰ ਨੇ ਤਾਜ਼ਾ ਪੈਦਾ ਹੋਈ ਸਥਿਤੀ ਬਾਰੇ ਕਿਹਾ ਕਿ ਉਹ ਖੇਤਾਂ ਨੂੰ ਜਾਣ ਸਮੇਂ ਜਾਂ ਸੜਕਾਂ ਉੱਤੇ ਚੱਲਣ ਸਮੇਂ ਹਰ ਸਮੇਂ ਭੈਅਭੀਤ ਰਹਿੰਦੇ ਹਨ ਕਿਉਂਕਿ ਕੋਈ ਪਤਾ ਨਹੀਂ ਉਹ ਕਦੋਂ ਕਿਸੇ ਗੋਲੀ ਦੀ ਮਾਰ ਵਿਚ ਆ ਜਾਣ ਜਾਂ ਫਿਰ ਪਾਕਿਸਤਾਨ ਵੱਲੋਂ ਕੀਤੀ ਗੋਲੀਬਾਰੀ ਦਾ ਸ਼ਿਕਾਰ ਹੋ ਜਾਣ। ਲੋਕ ਸਰਹੱਦੀ ਪਿੰਡਾਂ ਤੋਂ ਰੇਹੜੀਆਂ, ਟਰੱਕਾਂ, ਟੈਂਪੂਆਂ ਤੇ ਟਰੈਕਟਰ-ਟਰਾਲੀਆਂ ਉੱਤੇ ਨਿਕਲ ਰਹੇ ਹਨ। ਕਠੂਆ ਦੇ ਡਿਪਟੀ ਕਮਿਸ਼ਨਰ ਸ਼ਾਹਿਦ ਇਕਬਾਲ ਚੌਧਰੀ ਅਨੁਸਾਰ ਜ਼ਿਲ੍ਹੇ ਦੇ ਸਰਹੱਦ ਨਾਲ ਲੱਗਦੇ ਚਾਰ ਪਿੰਡਾਂ ਨੂੰ ਖਾਲੀ ਕਰਵਾਇਆ ਹੈ ਤੇ ਕੋਈ ਤਿੰਨ ਸੌ ਸਰਹੱਦੀ ਲੋਕ ਘਰ-ਬਾਰ ਛੱਡ ਚੁੱਕੇ ਹਨ। ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਦੇ ਸਰਹੱਦ 'ਤੇ ਪੈਂਦੇ ਆਖਰੀ ਪਿੰਡ ਗਾਲਾਰਡ ਦੇ ਲੋਕ ਪਾਕਿਸਤਾਨ ਵੱਲੋਂ ਨਿੱਤ ਦਿਨ ਦੀ ਗੋਲੀਬਾਰੀ ਤੋਂ ਸਹਿਮ ਦੇ ਮਾਰੇ ਪਿੰਡ ਛੱਡ ਕੇ ਸੁਰੱਖਿਅਤ ਟਿਕਾਣਿਆਂ ਵੱਲ ਚਲੇ ਗਏ ਹਨ। ਲੋਕਾਂ ਦਾ ਕਹਿਣਾ ਹੈ ਕਿ ਜਦ ਵੀ ਸਰਹੱਦ ਪਾਰ ਤੋਂ ਗੋਲੀਬਾਰੀ ਹੁੰਦੀ ਹੈ ਤਾਂ ਅਸਲ ਨਿਸ਼ਾਨਾ ਉਹ ਹੀ ਬਣਦੇ ਹਨ।

ਪਾਕਿਸਤਾਨ ਵੱਲੋਂ ਗੋਲੀਬੰਦੀ ਦੀ ਉਲੰਘਣਾ ਤੋਂ ਬਾਅਦ ਸਾਂਬਾ, ਕਠੂਆ ਤੇ ਜੰਮੂ ਜ਼ਿਲ੍ਹਿਆਂ ਦੇ ਕੌਮਾਂਤਰੀ ਸਰਹੱਦ ਲਾਗੇ ਰਹਿੰਦੇ ਪਿੰਡਾਂ ਦੇ ਲੋਕ ਆਪਣਾ ਘਰ-ਬਾਰ ਛੱਡਣ ਨੂੰ ਮਜਬੂਰ ਹੋ ਗਏ ਹਨ। ਲੋਂਡੀ ਪਿੰਡ ਦੇ ਵਸਨੀਕ ਮਨਿੰਦਰ ਸਿੰਘ ਨੇ ਦੱਸਿਆ ਕਿ ਉਹ ਰਾਤ ਨੂੰ ਚੈਨ ਦੀ ਨੀਂਦ ਨਹੀਂ ਸੌਂ ਸਕਦੇ ਕਿਉਂਕਿ ਹਮੇਸ਼ਾ ਇਹ ਖਤਰਾ ਬਣਿਆ ਰਹਿੰਦਾ ਹੈ ਕਿ ਪਾਕਿਸਤਾਨ ਵਾਲੇ ਪਾਸਿਓਂ ਸਾਡੇ ਘਰਾਂ 'ਤੇ ਕਿਸੇ ਸਮੇਂ ਵੀ ਗੋਲੇ ਦਾਗੇ ਜਾ ਸਕਦੇ ਹਨ। ਸਾਡੇ ਬੱਚਿਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਨਾਲ ਹੀ ਉਹ ਦਿਮਾਗੀ ਤੌਰ 'ਤੇ ਸਹਿਮ ਦਾ ਸ਼ਿਕਾਰ ਹੋ ਰਹੇ ਹਨ। ਕਠੂਆ ਜ਼ਿਲ੍ਹੇ ਦੇ ਪਿੰਡ ਬੋਬੀਆ ਦੇ ਵਸਨੀਕ ਵਿਕਰਮ ਮਹਿਰਾ ਨੇ ਕਿਹਾ ਕਿ ਪਿੰਡਾਂ ਦੇ ਬੇਕਸੂਰ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਅਸੀਂ ਭਾਵੇਂ ਚਾਹੁੰਦੇ ਹਾਂ ਕਿ ਪਾਕਿਸਤਾਨ ਨੂੰ ਸਬਕ ਸਿਖਾਇਆ ਜਾਵੇ ਪਰ ਨਾਲ ਹੀ ਅਸੀਂ ਸ਼ਾਂਤੀ ਦੀ ਕਾਮਨਾ ਵੀ ਕਰਦੇ ਹਾਂ ਤਾਂ ਜੋ ਦੋਵੇਂ ਪਾਸਿਆਂ ਦੇ ਲੋਕ ਸ਼ਾਂਤੀ ਨਾਲ ਜੀਵਨ ਬਿਤਾ ਸਕਣ।

### ਭਾਰਤ ਵਲੋਂ ਜੰਗਬੰਦੀ ਦੀ ਉਲੰਘਣਾ ਬਾਰੇ ਦੋਸ਼ ਖਾਰਜ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨੀ ਰੇਂਜਰਾਂ ਦੀ ਮੌਤ ਨੂੰ ਲੈ ਕੇ 'ਵਿਸ਼ਵਾਸ਼ ਤੋੜਨ' ਬਾਰੇ ਪਾਕਿਸਤਾਨ ਦੇ ਦੋਸ਼ਾਂ ਦਾ ਜ਼ੋਰਦਾਰ ਤਰੀਕੇ ਨਾਲ ਖੰਡਨ ਕੀਤਾ ਹੈ। ਇਸ ਦੇ ਨਾਲ ਹੀ ਭਾਰਤ ਨੇ ਪਾਕਿਸਤਾਨ ਨੂੰ ਅੰਤਰਰਾਸ਼ਟਰੀ ਸਰਹੱਦ 'ਤੇ ਸ਼ਾਂਤੀ ਕਾਇਮ ਰੱਖਣ ਲਈ ਵਿਕਸਤ ਕੀਤੇ ਗਏ ਤੰਤਰ ਦੀ ਪਾਲਣਾ ਯਕੀਨੀ ਬਣਾਉਣ ਦੀ ਵੀ ਸਲਾਹ ਦਿੱਤੀ ਹੈ। ਦੱਸਣਯੋਗ ਹੈ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸਰਤਾਜ ਅਜ਼ੀਜ਼ ਸਰਹੱਦ 'ਤੇ ਭਾਰਤ ਦੀ ਗੋਲੀਬਾਰੀ ਵਿਚ ਮਾਰੇ ਗਏ ਪਾਕਿ ਰੇਂਜਰਾਂ ਦੀ ਮੌਤ ਦੀ ਤੁਰੰਤ ਜਾਂਚ ਦੀ ਮੰਗ ਕੀਤੀ ਸੀ। ਅਜ਼ੀਜ਼ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਭਾਰਤੀ ਵਿਦੇਸ਼ ਮੰਤਰੀ ਨੇ ਸੁਸ਼ਮਾ ਸਵਰਾਜ ਨੇ ਕਿਹਾ ਕਿ 31 ਦਸੰਬਰ ਨੂੰ ਮਾਮਲਾ ਉਦੋਂ ਸ਼ੁਰੂ ਹੋਇਆ ਜਦੋਂ ਪਾਕਿਸਤਾਨੀ ਰੇਂਜਰਾਂ ਦੀ ਗੋਲੀਬਾਰੀ ਦੀ ਆੜ ਵਿਚ ਅਤਿਵਾਦੀ ਘੁਸਪੈਠ ਦੀ ਕੋਸ਼ਿਸ਼ ਕਰ ਰਹੇ ਸਨ ਤੇ ਭਾਰਤ ਦਾ ਗਸ਼ਤੀ ਦਲ ਪਾਕਿ ਗੋਲੀਬਾਰੀ ਦੀ ਮਾਰ ਹੇਠ ਆ ਗਿਆ।

# ਇਰਾਕ 'ਚ ਖੂਨ ਖਰਾਬੇ ਦੌਰਾਨ 12282 ਲੋਕ ਮਰੇ

**ਬਗਦਾਦ:** ਇਰਾਕ ਵਿਚ ਪਿਛਲੇ ਵਰ੍ਹੇ ਖੂਨ ਖ਼ਰਾਬੇ ਵਿਚ ਘੱਟੋ-ਘੱਟ 12 ਹਜ਼ਾਰ 282 ਆਮ ਲੋਕ ਮਾਰੇ ਗਏ। 2006-07 ਵਿਚ ਹੋਏ ਖ਼ੂਨ-ਖਰਾਬੇ ਤੋਂ ਬਾਅਦ ਇਹ ਖ਼ੂਨੀ ਵਰ੍ਹਾ ਰਿਹਾ। ਜ਼ਿਆਦਾਤਰ 8500 ਲੋਕ ਸਾਲ ਦੇ ਦੂਜੇ ਅੱਧ ਵਿਚ ਮਾਰੇ ਗਏ ਜਦੋਂ ਇਰਾਕ ਦੇ ਅੰਬਾਰ ਸੂਬੇ ਵਿਚ ਇਸਲਾਮਿਕ ਸਟੇਟ ਦੇ ਜਹਾਦੀਆਂ ਦਾ ਉਭਾਰ ਹੋਇਆ। ਇਸ ਤੋਂ ਬਾਅਦ ਦੇਸ਼ ਵਿਚ ਸੁਰੱਖਿਆ ਬਲਾਂ ਨਾਲ ਕਈ ਥਾਵਾਂ 'ਤੇ ਝੜਪਾਂ ਹੋਈਆਂ। ਇਰਾਕ ਵਿਚ ਸੰਯੁਕਤ ਰਾਸ਼ਟਰ ਦੇ ਸਿਆਸੀ ਮਿਸ਼ਨ ਦੇ ਮੁਖੀ ਨਿਕੋਲਾਈ ਮਲੈਦਨੋਵ ਨੇ ਕਿਹਾ ਕਿ ਹਿੰਸਾ ਤੇ ਦਹਿਸ਼ਤਵਾਦ ਦਾ ਖ਼ਮਿਆਜ਼ਾ ਇਰਾਕੀ ਨਾਗਰਿਕਾਂ ਨੂੰ ਭੁਗਤਣਾ ਪੈ ਰਿਹਾ ਹੈ।

ਇਸਲਾਮਿਕ ਸਟੇਟ ਦੇ ਜਹਾਦੀ ਇਰਾਕ ਦੇ ਤੀਜੇ ਹਿੱਸੇ 'ਤੇ ਕਾਬਜ਼ ਹਨ। ਫੌਜ, ਸ਼ੀਆ ਤੇ ਕੁਰਦਿਸ਼ ਦਸਤੇ ਉਨ੍ਹਾਂ ਨਾਲ ਲੋਹਾ ਲੈ ਰਹੇ ਹਨ। ਅੰਕੜਿਆਂ ਮੁਤਾਬਕ 2013 ਤੋਂ ਬਾਅਦ ਹਿੰਸਾ ਵਿਚ ਕੋਈ ਕਮੀ ਨਹੀਂ ਆਈ ਹੈ। 2013 ਵਿਚ 7818 ਨਾਗਰਿਕ ਮਾਰੇ ਗਏ ਸਨ। ਸੰਯੁਕਤ ਰਾਸ਼ਟਰ ਮੁਤਾਬਕ ਦਸੰਬਰ ਵਿਚ ਹਿੰਸਾ ਕਾਰਨ ਕੁੱਲ 1101 ਇਰਾਕੀ ਮਾਰੇ ਗਏ ਜਿਨ੍ਹਾਂ ਵਿਚੋਂ



651 ਆਮ ਨਾਗਰਿਕ ਸਨ। ਬਗਦਾਦ ਵਿਚ ਪਿਛਲੇ ਮਹੀਨੇ ਦੌਰਾਨ 320 ਆਮ ਲੋਕ ਹਲਾਕ ਹੋਏ ਜਦਕਿ ਅੰਬਾਰ ਸੂਬੇ ਵਿਚ 164 ਲੋਕ ਖ਼ੂਨ-ਖਰਾਬੇ ਦਾ ਸ਼ਿਕਾਰ ਬਣੇ।

ਇਰਾਕ ਦੇ ਸ਼ੀਆ ਆਬਾਦੀ ਵਾਲੇ ਸ਼ਹਿਰ ਬਸਰਾ ਨੇੜੇ ਬੰਦੂਕਧਾਰੀਆਂ ਨੇ ਤਿੰਨ ਸੁੰਨੀ ਮੌਲਵੀਆਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਜਾਨੋਂ ਮਾਰ ਦਿੱਤਾ। ਉਧਰ ਸੀਰੀਆ ਦੇ ਰਾਕਾ ਸ਼ਹਿਰ ਵਿਚ ਅਮਰੀਕੀ ਅਗਵਾਈ ਹੇਠਲੀ ਹੋਰ ਮੁਲਕਾਂ ਦੀਆਂ ਫੌਜਾਂ ਨੇ 12 ਤੋਂ ਵੱਧ ਹਵਾਈ ਹਮਲੇ ਕਰਕੇ ਇਸਲਾਮਿਕ ਸਟੇਟ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਰਾਕ ਦੇ ਗ੍ਰਹਿ ਮੰਤਰਾਲੇ ਦੇ ਤਰਜਮਾਨ ਸਾਦ ਮਾਨ ਨੇ ਦੱਸਿਆ ਕਿ ਬੀਤੇ ਦਿਨੀਂ ਹਮਲਾਵਰਾਂ ਨੇ ਮੌਲਵੀਆਂ ਦੀ ਕਾਰ ਦਾ ਪਿੱਛਾ ਕਰਕੇ ਬਾਬ ਅਲ-ਜ਼ੁਬੈਰ ਜ਼ਿਲ੍ਹੇ ਵਿਚ ਉਨ੍ਹਾਂ 'ਤੇ ਗੋਲੀਆਂ ਵਰ੍ਹਾ ਕੇ ਮਾਰ ਦਿੱਤਾ।

ਹਮਲੇ ਵਿਚ ਤਿੰਨ ਮੌਲਵੀ ਤਾਂ ਥਾਂ 'ਤੇ ਢੇਰ ਹੋ ਗਏ ਤੇ ਦੋ ਹੋਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਮੰਤਰਾਲੇ ਨੇ ਕਿਹਾ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ ਤੇ ਹੋਰ ਕੋਈ ਵੇਰਵਾ ਨਹੀਂ ਦਿੱਤਾ। ਇਸ ਨੂੰ ਫਿਰਕੂ ਹਮਲੇ ਵਜੋਂ ਦੇਖਿਆ ਜਾ ਰਿਹਾ ਹੈ ਤੇ ਸੁੰਨੀ ਆਗੂਆਂ ਨੇ ਬਿਆਨ ਜਾਰੀ ਕਰਕੇ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ।

# ਭਾਰਤ ਵਲੋਂ ਦਹਿਸ਼ਤੀ ਹਮਲਾ ਨਾਕਾਮ ਕਰਨ ਦਾ ਦਾਅਵਾ

**ਨਵੀਂ ਦਿੱਲੀ:** ਨਵੇਂ ਵਰ੍ਹੇ 'ਤੇ ਭਾਰਤ ਵਿਚ ਦਹਿਸ਼ਤ ਫੈਲਾਉਣ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ ਹੈ। ਅਰਬ ਸਾਗਰ ਵਿਚ ਭਾਰਤੀ ਤੱਟ ਰੱਖਿਅਕਾਂ ਨੇ ਪਾਕਿਸਤਾਨ ਤੋਂ ਆਈ ਕਿਸ਼ਤੀ ਦਾ ਪਿੱਛਾ ਕੀਤਾ ਜਿਸ ਤੋਂ ਬਾਅਦ ਉਸ ਵਿਚ ਧਮਾਕਾ ਹੋਇਆ ਤੇ ਅੱਗ ਲੱਗਣ 'ਤੇ ਉਹ ਸਮੁੰਦਰ ਵਿਚ ਡੁੱਬ ਗਈ। 2008 ਦੇ ਮੁੰਬਈ ਹਮਲੇ ਨੂੰ ਵੀ ਸਮੁੰਦਰ ਰਾਹੀਂ ਪਹੁੰਚੇ ਪਾਕਿਸਤਾਨੀ ਦਹਿਸ਼ਤਗਰਦਾਂ ਨੇ ਅੰਜਾਮ ਦਿੱਤਾ ਸੀ।

ਖੁਫ਼ੀਆ ਸੂਹ ਮਿਲਣ ਤੋਂ ਬਾਅਦ ਤੱਟੀ ਰੱਖਿਅਕ ਸਮੁੰਦਰੀ ਤੇ ਹਵਾਈ ਜਹਾਜ਼ਾਂ ਨੇ 31 ਦਸੰਬਰ ਤੇ ਪਹਿਲੀ ਜਨਵਰੀ ਦੀ ਦਰਮਿਆਨੀ ਰਾਤ ਨੂੰ ਗੁਜਰਾਤ ਦੇ ਪੋਰਬੰਦਰ ਵਿਚ 365 ਕਿਲੋਮੀਟਰ ਦੂਰ ਮੱਛੀਆਂ ਫੜਨ ਵਾਲੀ ਸ਼ੱਕੀ ਕਿਸ਼ਤੀ ਦਾ ਪਿੱਛਾ ਕੀਤਾ।

ਰੱਖਿਆ ਮੰਤਰਾਲੇ ਨੇ ਜਾਰੀ ਬਿਆਨ ਵਿਚ ਕਿਹਾ ਕਿ 31 ਦਸੰਬਰ ਨੂੰ ਖੁਫ਼ੀਆ ਰਿਪੋਰਟਾਂ ਮਿਲੀਆਂ ਸਨ ਕਿ ਕਰਾਚੀ ਨੇੜੇ ਕੇਤੀ ਬੰਦਰ ਤੋਂ ਮੱਛੀਆਂ ਫੜਨ ਵਾਲੀ ਕਿਸ਼ਤੀ ਅਰਬ ਸਾਗਰ ਵਿਚ ਗੈਰਕਾਨੂੰਨੀ ਤੌਰ 'ਤੇ ਕੋਈ 'ਕੀਮਤੀ ਸਾਮਾਨ' ਭੇਜਣ ਦੀ ਯੋਜਨਾ ਬਣਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਕਿਸ਼ਤੀ ਵਿਚ ਧਮਾਕਾਖੇਜ਼ ਸਮੱਗਰੀ ਤੇ ਹਥਿਆਰ ਸਨ। ਸੂਚਨਾ ਮਿਲਣ ਤੋਂ ਬਾਅਦ ਤੱਟੀ ਰੱਖਿਅਕ ਡੋਰਨੀਅਰ ਜਹਾਜ਼ ਨੇ ਸਮੁੰਦਰ ਵਿਚ ਤਾਲਮੇਲ ਬਣਾ ਕੇ ਖੋਜੀ ਮੁਹਿੰਮ ਸ਼ੁਰੂ ਕੀਤੀ ਤੇ ਸ਼ੱਕੀ ਕਿਸ਼ਤੀ ਦਾ ਪਤਾ ਲਾ ਲਿਆ। ਇਲਾਕੇ ਵਿਚ ਗਸ਼ਤ ਕਰ ਰਹੇ ਤੱਟੀ ਰੱਖਿਅਕ ਜਹਾਜ਼ ਨੇ ਕਿਸ਼ਤੀ ਦਾ ਪਿੱਛਾ ਕਰਕੇ ਉਸ ਨੂੰ ਰੁਕਣ ਦੀ ਚਿਤਾਵਨੀ ਦਿੱਤੀ ਪਰ ਕਿਸ਼ਤੀ ਸਵਾਰਾਂ ਨੇ ਸਪੀਡ ਵਧਾ ਦਿੱਤੀ।

ਇਸ ਤੋਂ ਬਾਅਦ ਤਕਰੀਬਨ ਇਕ ਘੰਟੇ ਤੱਕ ਸ਼ੱਕੀ ਕਿਸ਼ਤੀ ਦਾ ਪਿੱਛਾ ਕੀਤਾ ਗਿਆ ਤੇ ਤੱਟੀ ਰੱਖਿਅਕਾਂ ਨੇ ਹਵਾ ਵਿਚ ਗੋਲੀਆਂ ਦਾਗ ਕੇ ਕਿਸ਼ਤੀ ਨੂੰ ਰੁਕਣ ਲਈ ਮਜਬੂਰ ਕਰ ਦਿੱਤਾ। ਇਹ ਕਿਸ਼ਤੀ 10 ਤੋਂ 12 ਕਿਲੋਮੀਟਰ ਭਾਰਤੀ ਪਾਣੀਆਂ ਅੰਦਰ ਸੀ। ਤੱਟੀ ਰੱਖਿਅਕਾਂ ਨੇ ਖੁਲਾਸਾ ਕੀਤਾ ਹੈ ਕਿ ਇਹ ਆਮ ਮੱਛੀਆਂ ਫੜਨ ਵਾਲੀ ਕਿਸ਼ਤੀ ਨਹੀਂ ਸੀ ਤੇ ਧਮਾਕਾਖੇਜ਼ ਸਮੱਗਰੀ ਹੋਣ ਕਰਕੇ ਇਸ ਨੂੰ ਜਾਣਬੁੱਝ ਕੇ ਅੱਗ ਲਾਈ ਗਈ ਹੈ।

# ਕੁੜੀਆਂ ਦਾਜ ਲੋਭੀਆਂ ਖਿਲਾਫ ਕਾਰਵਾਈ ਦੇ ਹੱਕ ਵਿਚ




**ਕੋਲਕਾਤਾ:** ਇਕ ਨਵੇਂ ਸਰਵੇਖਣ ਤੋਂ ਪਤਾ ਚੱਲਿਆ ਹੈ ਕਿ ਅੱਧ ਤੋਂ ਵੱਧ ਭਾਰਤੀ ਕੁੜੀਆਂ ਵਿਆਹ ਤੋਂ ਨਾਂਹ ਕਰ ਦੇਣਗੀਆਂ ਜੇਕਰ ਉਨ੍ਹਾਂ ਨੂੰ ਇਹ ਪਤਾ ਚੱਲਿਆ ਕਿ ਉਨ੍ਹਾਂ ਦੇ ਹੋਣ ਵਾਲੇ ਸਹੁਰੇ ਦਾਜ ਮੰਗਦੇ ਹਨ। ਸ਼ਾਦੀ ਡੌਟਕਾਮ ਵੱਲੋਂ ਕਰਵਾਏ ਗਏ ਸਰਵੇਖਣ ਵਿਚ ਜਦੋਂ ਲੜਕੀਆਂ ਤੋਂ ਪੁੱਛਿਆ ਗਿਆ ਕਿ ਜੇਕਰ ਉਨ੍ਹਾਂ ਦੇ ਮਾਪਿਆਂ ਤੋਂ ਦਾਜ ਦੀ ਮੰਗ ਕੀਤੀ ਤਾਂ ਉਹ ਕੀ ਕਰੇਗੀ ਤਾਂ 51.4 ਫੀਸਦੀ ਲੜਕੀਆਂ ਨੇ ਸਗਾਈ ਤੋੜ ਦੇਣ ਦੀ ਗੱਲ ਆਖੀ। 48.6 ਫੀਸਦੀ ਲੜਕੀਆਂ ਨੇ ਕਿਹਾ ਕਿ ਉਹ ਅਜਿਹੇ ਲਾਲਚੀ ਸਹੁਰਿਆਂ ਦਾ ਜਲੂਸ ਕੱਢ ਕੇ ਉਨ੍ਹਾਂ ਨੂੰ ਸ਼ਰਮਿੰਦਾ ਕਰਨਗੀਆਂ।

ਇਸ ਆਨਲਾਈਨ ਸਰਵੇਖਣ ਵਿਚ 24 ਤੋਂ 35 ਸਾਲ ਦੀਆਂ 5680 ਔਰਤਾਂ ਨੇ ਆਪਣੀ ਪ੍ਰਤਕਿਰਿਆ ਦਰਜ ਕਰਵਾਈ ਸੀ। ਦੂਜੇ ਪਾਸੇ ਜਦੋਂ ਭਾਰਤੀ ਪੁਰਸ਼ਾਂ ਤੋਂ ਪੁੱਛਿਆ ਗਿਆ ਕਿ ਦਾਜ ਮੰਗਣ ਵਾਲੇ ਸਹੁਰਿਆਂ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ ਤਾਂ 59.8 ਫੀਸਦੀ ਦਾ ਖਿਆਲ ਸੀ ਕਿ ਅਜਿਹੇ ਲੋਕਾਂ ਨੂੰ ਜੇਲ੍ਹ ਦੀ ਹਵਾ ਖਵਾਉਣੀ ਚਾਹੀਦੀ ਹੈ ਜਦਕਿ 40.2 ਫੀਸਦੀ ਪੁਰਸ਼ਾਂ ਦਾ ਮਤ ਸੀ ਕਿ ਅਜਿਹੇ ਲੋਕਾਂ ਨੂੰ ਸਮਾਜਿਕ ਤੌਰ 'ਤੇ ਜ਼ਲੀਲ ਕੀਤਾ ਜਾਣਾ ਚਾਹੀਦਾ ਹੈ।

# ਅਮਰੀਕਾ 'ਚ ਕੈਂਸਰ ਨਾਲ ਮੌਤਾਂ ਦੀ ਦਰ ਘਟੀ

**ਵਾਸ਼ਿੰਗਟਨ:** ਇਕ ਨਵੇਂ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਿਗਰਟਨੋਸ਼ੀ ਘਟਣ ਸਦਕਾ ਪਿਛਲੇ 20 ਸਾਲ ਵਿਚ ਅਮਰੀਕਾ ਵਿਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ 22 ਫੀਸਦੀ ਘੱਟ ਗਈ ਹੈ। ਅਮਰੀਕੀ ਕੈਂਸਰ ਸੁਸਾਇਟੀ ਦੀ ਸਾਲਾਨਾ ਕੈਂਸਰ ਰਿਪੋਰਟ ਦੇ ਅੰਕੜਿਆਂ ਮੁਤਾਬਕ ਕੈਂਸਰ ਨਾਲ ਹੁੰਦੀਆਂ ਮੌਤਾਂ ਦੀ ਦਰ ਵਿਚ ਆਈ ਕਮੀ ਸਦਕਾ 15 ਲੱਖ ਤੋਂ ਵੱਧ ਮੌਤਾਂ ਟਾਲੀਆਂ ਜਾ ਸਕੀਆਂ। ਜੇਕਰ ਮੌਤਾਂ ਦੀ ਇਹ ਦਰ ਬਣੀ ਰਹਿੰਦੀ ਤਾਂ ਇਹ ਮੌਤਾਂ ਟਾਲਣੀਆਂ ਸੰਭਵ ਨਹੀਂ ਸਨ।

ਅਮਰੀਕੀ ਕੈਂਸਰ ਸੁਸਾਇਟੀ ਦੇ ਮੁੱਖ ਕਾਰਜਕਾਰੀ ਅਫਸਰ ਜੌਹਨ ਸੇਫਰਿਨ ਪੀ.ਐਚ.ਡੀ. ਨੇ ਕਿਹਾ ਕਿ ਕੈਂਸਰ ਕਾਰਨ ਹੁੰਦੀਆਂ ਮੌਤਾਂ ਵਿਚ ਆਈ ਗਿਰਾਵਟ ਖੁਸ਼ੀ ਮਨਾਉਣ ਵਾਲੀ ਗੱਲ ਤਾਂ ਹੈ, ਪਰ ਇਸ ਦਿਸ਼ਾ ਵਿਚ ਕੀਤੇ ਜਾ ਰਹੇ ਯਤਨ ਜਾਰੀ ਰਹਿਣੇ ਚਾਹੀਦੇ ਹਨ।

ਤੰਬਾਕੂ ਦੀ ਬੇਹਿਸਾਬੀ ਵਰਤੋਂ ਕਰਕੇ ਪੁਰਸ਼ਾਂ ਵਿਚ ਫੇਫੜਿਆਂ ਦਾ ਕੈਂਸਰ ਤੇਜ਼ੀ ਨਾਲ ਫੈਲ ਰਿਹਾ ਸੀ ਤੇ ਵੀਹਵੀਂ ਸਦੀ ਦੌਰਾਨ ਕੈਂਸਰ ਨਾਲ ਹੁੰਦੀਆਂ ਮੌਤਾਂ ਦੀ ਗਿਣਤੀ ਵਧੀ ਸੀ ਤੇ 1991 ਵਿਚ ਇਹ ਸਿਖਰਾਂ ਉਤੇ ਪੁੱਜ ਗਈ ਸੀ। ਇਸ ਦਰ ਵਿਚ ਕਮੀ ਦਾ ਕਾਰਨ, ਸਿਗਰਟਨੋਸ਼ੀ,



ਤੰਬਾਕੂਨੋਸ਼ੀ ਵਿਚ ਆਈ ਕਮੀ ਦੇ ਨਾਲ-ਨਾਲ ਕੈਂਸਰ ਦਾ ਛੇਤੀ ਪਤਾ ਲੱਗਣ, ਇਲਾਜ ਤੇ ਸਾਵਧਾਨੀਆਂ ਵੀ ਹਨ। ਇਕ ਹੋਰ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਬਰਤਾਨੀਆ ਵਿਚ ਜੇਕਰ ਲੋਕਾਂ ਦੀ ਜਿਉਣ ਸ਼ੈਲੀ ਸਿਹਤਮੰਦ ਢੰਗ-ਤਰੀਕਿਆਂ ਵਾਲੀ ਹੁੰਦੀ ਤਾਂ ਕੈਂਸਰ ਦੇ ਕੋਈ ਛੇ ਲੱਖ ਕੇਸ ਟਾਲੇ ਜਾ ਸਕਦੇ ਹਨ।

ਕੈਂਸਰ ਰਿਸਰਚ ਯੂਕੇ ਅਨੁਸਾਰ ਕੈਂਸਰ ਦੇ 145,000 ਹੋਰ ਕੇਸਾਂ ਨੂੰ ਟਾਲਿਆ ਜਾ ਸਕਦਾ ਸੀ, ਜੇਕਰ ਲੋਕ ਸਿਹਤਮੰਦ ਢੰਗ ਨਾਲ ਖਾਣਾ ਖਾਂਦੇ, ਜਿਸ ਵਿਚ ਰੈੱਡ ਤੇ ਪ੍ਰਾਸੈਸਡ ਮੀਟ ਤੇ ਲੂਣ ਦੀ ਮਾਤਰਾ ਘੱਟ ਹੁੰਦੀ, ਸਬਜ਼ੀਆਂ, ਫਲ ਤੇ ਰੇਸ਼ਾ ਵਧੇਰੇ ਹੁੰਦਾ। ਸਰੀਰ ਦਾ ਠੀਕ-ਠਾਕ ਭਾਰ ਰੱਖਣ ਨਾਲ ਕੈਂਸਰ ਦੇ ਕੋਈ 88000 ਕੇਸ ਟਾਲੇ ਜਾ ਸਕਦੇ ਸਨ। ਸ਼ਰਾਬ ਵਿਚ ਕਟੌਤੀ, ਸਿੱਧੇ ਸੂਰਜ ਤੋਂ ਚਮੜੀ ਨੂੰ ਬਚਾਉਣ ਤੇ ਵਧੀਆ ਢੰਗ ਨਾਲ ਕਸਰਤ ਕਰਨ ਨਾਲ ਵੀ ਕੈਂਸਰ ਨੂੰ ਟਾਲਿਆ ਜਾ ਸਕਦਾ ਹੈ।

### ਕੈਂਸਰ ਘਟਣ ਦੀ ਦਰ ਮਰਦਾਂ ਵਿਚ ਵੱਧ

ਹਾਲੀਆ ਪੰਜ ਸਾਲਾਂ ਦੇ ਉਪਲਬਧ ਅੰਕੜਿਆਂ (2007-2011) ਮੁਤਾਬਕ ਕੈਂਸਰ ਕਾਰਨ ਮੌਤਾਂ ਦੀ ਗਿਣਤੀ ਘਟਣ ਦੀ ਦਰ ਔਰਤਾਂ (1.4 ਫੀਸਦੀ) ਦੇ ਮੁਕਾਬਲੇ ਮਰਦਾਂ ਵਿਚ ਵਧੇਰੇ (1.8 ਫੀਸਦੀ) ਰਹੀ ਹੈ। ਫੇਫੜੇ, ਛਾਤੀ, ਪ੍ਰੋਸਟੇਟ ਤੇ ਕੋਲੋਨ ਵਿਚ ਹੋਣ ਵਾਲੇ ਕੈਂਸਰ ਕਾਰਨ ਹੁੰਦੀਆਂ ਮੌਤਾਂ ਦੀ ਦਰ ਘਟਣ ਨਾਲ ਇਹ ਸੰਭਵ ਹੋਇਆ ਹੈ। ਇਸ ਦੇ ਨਾਲ ਹੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2015 ਵਿਚ ਅਮਰੀਕਾ ਵਿਚ ਕੈਂਸਰ ਦੇ 1,658,370 ਨਵੇਂ ਕੇਸ ਸਾਹਮਣੇ ਆਉਣਗੇ ਤੇ 589,430 ਮੌਤਾਂ ਹੋਣਗੀਆਂ। ਇਸ ਤਰ੍ਹਾਂ ਹਰ ਰੋਜ਼ ਅਮਰੀਕਾ ਵਿਚ ਕੈਂਸਰ ਨਾਲ 1600 ਮੌਤਾਂ ਔਸਤ ਹੋਣਗੀਆਂ।

# ਦਲਿਤਾਂ, ਬੱਚਿਆਂ ਅਤੇ ਕੈਦੀਆਂ ਉਤੇ ਤਸ਼ੱਦਦ ਵਧਿਆ


**ਚੰਡੀਗੜ੍ਹ:** ਪੰਜਾਬ ਵਿਚ ਦਲਿਤਾਂ, ਔਰਤਾਂ, ਬੱਚਿਆਂ ਤੇ ਕੈਦੀਆਂ ਉਤੇ ਤਸ਼ੱਦਦ ਵਧਿਆ ਹੈ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਬੀਤੇ ਸਾਲ ਸੁਣਵਾਈ ਲਈ ਦਾਇਰ ਪਟੀਸ਼ਨਾਂ ਤੋਂ ਇਹ ਤੱਥ ਸਾਹਮਣੇ ਆਏ ਹਨ। ਅੰਕੜਿਆਂ ਅਨੁਸਾਰ ਬੀਤੇ ਸਾਲ ਜੇਲ੍ਹਾਂ ਵਿਚ ਬੰਦ ਕੈਦੀਆਂ 'ਤੇ ਤਸ਼ੱਦਦ ਦੀਆਂ ਸ਼ਿਕਾਇਤਾਂ ਵਧੀਆਂ ਹਨ। ਇਹ ਗਿਣਤੀ 224 ਤੋਂ ਵਧ ਕੇ 382 ਹੋ ਗਈ ਹੈ। ਇਸੇ ਤਰ੍ਹਾਂ ਔਰਤਾਂ 'ਤੇ ਅੱਤਿਆਚਾਰ ਦੇ 608 ਕੇਸ ਸੁਣਵਾਈ ਲਈ ਆਏ ਹਨ ਜਦੋਂਕਿ ਸਾਲ 2013 ਵਿਚ ਇਹ ਗਿਣਤੀ 560 ਸੀ। ਬਾਲਾਂ ਉੱਤੇ ਤਸ਼ੱਦਦ ਦੇ ਮਾਮਲੇ ਵੀ ਪਹਿਲਾਂ ਨਾਲੋਂ ਵਧ ਕੇ 12 ਦੀ ਥਾਂ 24 ਹੋ ਗਏ ਹਨ।

ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਸਾਲ 1997 ਨੂੰ ਹੋਂਦ ਵਿਚ ਆਇਆ ਸੀ ਤੇ ਉਸੇ ਸਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ 90 ਕੇਸ ਸਾਹਮਣੇ ਆਏ ਸਨ ਜਿਨ੍ਹਾਂ ਵਿਚੋਂ 57 ਪੁਲਿਸ ਵਧੀਕੀਆਂ ਦੇ ਸਨ। ਸਾਲ 1998 ਵਿਚ ਸ਼ਿਕਾਇਤਾਂ ਦੀ ਗਿਣਤੀ 987 ਨੂੰ ਜਾ ਪੁੱਜੀ ਸੀ। ਸਾਲ 1999 ਵਿਚ ਸੁਣਵਾਈ ਲਈ 2134, ਸਾਲ 2000 ਵਿਚ 4926, ਸਾਲ 2001 ਵਿਚ 7520 ਤੇ ਸਾਲ 2002 ਵਿਚ 8312 ਸ਼ਿਕਾਇਤਾਂ ਆਈਆਂ ਸਨ। ਸਾਲ 2003 ਵਿਚ ਸ਼ਿਕਾਇਤਾਂ ਨੇ ਪਹਿਲੀ ਵਾਰ ਦਸ ਹਜ਼ਾਰ ਦਾ ਅੰਕੜਾ ਪਾਰ ਕੀਤਾ ਤੇ ਇਹ ਗਿਣਤੀ 11572 ਦੱਸੀ ਗਈ ਸੀ। ਸਾਲ 2004 ਵਿਚ ਕਮਿਸ਼ਨ ਨੂੰ ਸੁਣਵਾਈ ਲਈ 16927, ਸਾਲ 2005 ਵਿਚ 17144, ਸਾਲ 2006 ਵਿਚ 15469, ਸਾਲ 2007 ਵਿਚ 15800, ਸਾਲ 2008 ਵਿਚ 15400, ਸਾਲ 2009 ਵਿਚ 16755, ਸਾਲ 2010 ਵਿਚ 19266 , ਸਾਲ 2011 ਵਿਚ 16311, ਸਾਲ 2012 ਵਿਚ 18322 ਤੇ 2013 ਵਿਚ 16350 ਸ਼ਿਕਾਇਤਾਂ ਆਈਆਂ ਸਨ।

ਜ਼ਿਕਰਯੋਗ ਹੈ ਕਿ ਕਮਿਸ਼ਨ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਅਕਾਲੀ-ਭਾਜਪਾ ਦੀ ਪਿਛਲੀ ਸਰਕਾਰ ਦੇ ਕਾਰਜ ਕਾਲ ਦੌਰਾਨ ਸਾਲ 2010 ਵਿਚ ਸਭ ਤੋਂ ਵੱਧ 19266 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਲੰਘੇ ਸਾਲ ਦੌਰਾਨ 14684 ਸ਼ਿਕਾਇਤਾਂ ਮਿਲੀਆਂ ਸਨ ਜੋ ਸਾਲ 2013 ਨਾਲੋਂ 863 ਘੱਟ ਹਨ। ਪੁਲਿਸ ਵਿਰੁੱਧ ਵੀ ਸਾਲ 2010 ਵਿਚ ਸਭ ਤੋਂ ਵੱਧ 10338 ਸ਼ਿਕਾਇਤਾਂ ਆਈਆਂ ਸਨ, ਜਿਹੜੀਆਂ ਲੰਘੇ ਸਾਲ ਘਟ ਕੇ 8312 ਰਹਿ ਗਈਆਂ ਹਨ। ਕਮਿਸ਼ਨ ਦੇ ਗਠਨ ਦੇ ਪਹਿਲੇ ਸਾਲ ਪੁਲਿਸ ਵਿਰੁੱਧ 57 ਕੇਸ ਦਾਇਰ ਹੋਏ ਸਨ।

ਪਿੱਛੋਂ ਸਾਲ 1998 ਵਿਚ 492, ਸਾਲ 1999 ਵਿਚ 1094, ਸਾਲ 2000 ਵਿਚ 2401, ਸਾਲ 2001 ਵਿਚ 3624, ਸਾਲ 2002 ਵਿਚ 4344, ਸਾਲ 2003 ਵਿਚ 6422, ਸਾਲ 2004 ਵਿਚ 9661, ਸਾਲ 2005 ਵਿਚ 9835, ਸਾਲ 2006 ਵਿਚ 8852, ਸਾਲ 2007 ਵਿਚ 9410, ਸਾਲ 2008 ਵਿਚ 9026, ਸਾਲ 2009 ਵਿਚ 8950, ਸਾਲ 2010 ਵਿਚ 10338, ਸਾਲ 2011 ਵਿਚ 8562, ਸਾਲ 2012 ਵਿਚ 9825 ਤੇ ਸਾਲ 2013 ਵਿਚ 9131 ਕੇਸ ਸੁਣਵਾਈ ਲਈ ਆਏ ਸਨ। ਇਸ ਤੋਂ ਇਲਾਵਾ ਫੁਟਕਲ ਕੇਸਾਂ ਦੀ ਗਿਣਤੀ ਵੀ ਘਟੀ ਹੈ।

### ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦਾਇਰ ਪਟੀਸ਼ਨਾਂ 'ਚ ਖੁਲਾਸਾ




### ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸ ਘਟੇ

ਪੰਜਾਬ ਵਿਚ ਪੁਲਿਸ ਖ਼ਿਲਾਫ਼ ਹੁੰਦੀਆਂ ਸ਼ਿਕਾਇਤਾਂ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸ ਘਟ ਗਏ ਹਨ। ਸਾਲ 2004 ਤੋਂ ਬਾਅਦ ਪਹਿਲੀ ਵਾਰ ਇਨ੍ਹਾਂ ਸ਼ਿਕਾਇਤਾਂ ਦੀ ਗਿਣਤੀ ਹਜ਼ਾਰਾਂ ਵਿਚ ਹੇਠਾਂ ਆਈ ਹੈ।

ਲੰਘੇ ਸਾਲ ਕਮਿਸ਼ਨ ਕੋਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ 15487 ਸ਼ਿਕਾਇਤਾਂ ਆਈਆਂ ਸਨ ਜਦੋਂਕਿ ਸਾਲ 2013 ਵਿਚ ਇਹ ਗਿਣਤੀ 18322 ਸੀ। ਸਾਲ 2006 ਤੋਂ ਬਾਅਦ ਪੁਲਿਸ ਵਿਰੁੱਧ ਸ਼ਿਕਾਇਤਾਂ ਦੀ ਗਿਣਤੀ ਵੀ ਘਟੀ ਹੈ। ਉਂਜ ਕਮਿਸ਼ਨ ਕੋਲ ਸੁਣਵਾਈ ਲਈ ਆ ਰਹੇ ਕੇਸਾਂ ਵਿਚੋਂ 60 ਫ਼ੀਸਦੀ ਤੋਂ ਜ਼ਿਆਦਾ ਪੁਲਿਸ ਖ਼ਿਲਾਫ਼ ਹੁੰਦੇ ਹਨ।

ਇਸ ਸਾਲ ਮਾਫ਼ੀਆ, ਫ਼ਿਰਕੂ ਦੰਗਿਆਂ, ਟਾਡਾ, ਅਰਧ ਸੈਨਿਕਾਂ ਤੇ ਪਰਵਾਸੀ ਭਾਰਤੀਆਂ ਨਾਲ ਸਬੰਧਤ ਕੋਈ ਵੀ ਕੇਸ ਸੁਣਵਾਈ ਲਈ ਨਹੀਂ ਆਇਆ। ਕਮਿਸ਼ਨ ਦੇ ਗਠਨ ਤੋਂ ਲੈ ਕੇ 31 ਦਸੰਬਰ ਤੱਕ 2,18,969 ਸ਼ਿਕਾਇਤਾਂ ਸੁਣਵਾਈ ਲਈ ਮਿਲ ਚੁੱਕੀਆਂ ਹਨ। ਕਮਿਸ਼ਨ ਦੇ ਚੇਅਰਮੈਨ ਜਸਟਿਸ ਜਗਦੀਸ਼ ਭੱਲਾ ਨੇ ਕਿਹਾ ਹੈ ਕਿ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਵਧਣ ਨਾਲ ਸ਼ਿਕਾਇਤਾਂ ਵਧੇਰੇ ਮਿਲਣ ਲੱਗੀਆਂ ਹਨ।

# ਗੁਰੂ ਨਗਰੀ ਦੇ ਵਿਕਾਸ ਬਾਰੇ ਬਾਦਲਾਂ ਦੇ ਵਾਅਦੇ ਵਫ਼ਾ ਨਾ ਹੋਏ

**ਅੰਮ੍ਰਿਤਸਰ:** ਬਾਦਲਾਂ ਦੇ ਵਾਅਦਿਆਂ ਦੇ ਬਾਵਜੂਦ ਅੰਮ੍ਰਿਤਸਰ ਵਿਚ ਵਿਕਾਸ ਦੀ ਔੜ ਹੈ। ਗੁਰੂ ਨਗਰੀ ਨੂੰ ਖ਼ੂਬਸੂਰਤ ਤੇ ਵਿਸ਼ਵ ਦਾ ਨੰਬਰ ਇਕ ਸ਼ਹਿਰ ਬਣਾਉਣ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਈ ਵਾਰ ਕੀਤੇ ਵਾਅਦਿਆਂ, ਦਾਅਵਿਆਂ ਤੇ ਦਿੱਤੇ ਬਿਆਨਾਂ ਨੂੰ ਝੁਠਲਾਉਂਦਾ 2014 ਦਾ ਇਹ ਵਰ੍ਹਾ ਵੀ ਲੰਘ ਗਿਆ ਹੈ। ਨਾ ਵਾਅਦੇ ਪੂਰੇ ਹੋਏ ਤੇ ਨਾ ਦਾਅਵਿਆਂ ਦੀ ਸਾਰਥਿਕਤਾ ਸਾਹਮਣੇ ਆਈ।

ਇਸ ਪਵਿੱਤਰ, ਇਤਿਹਾਸਕ ਤੇ ਸਿਫ਼ਤੀ ਦੇ ਘਰ ਦੀ ਮਹੱਤਤਾ ਨੂੰ ਵੇਖਦਿਆਂ ਜੇਕਰ ਇਸ ਦੇ ਹੁਣ ਤੱਕ ਹੋਏ ਵਿਕਾਸ 'ਤੇ ਝਾਤੀ ਮਾਰੀਏ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਸਥਿਤੀ ਇਹ ਹੈ ਕਿ ਵਿਸ਼ਵ ਦੇ ਨਕਸ਼ੇ 'ਤੇ ਆਪਣੇ ਧਾਰਮਿਕ ਤੇ ਗੌਰਵਮਈ ਇਤਿਹਾਸ ਸਦਕਾ ਵਿਲੱਖਣ ਪਛਾਣ ਰੱਖਣ ਵਾਲੇ ਤੇ ਵਿਸ਼ਵ ਦੇ ਦਸ ਮਹੱਤਵਪੂਰਨ ਸਥਾਨਾਂ ਵਿਚ ਸ਼ਾਮਲ ਇਸ ਸ਼ਹਿਰ ਦੀ ਹਾਲਤ ਦਿਨੋਂ ਦਿਨ ਬਦਤਰ ਹੁੰਦੀ ਜਾ ਰਹੀ ਹੈ। ਪਹਿਲੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੋਇਆ ਤੇ ਅਨੇਕਾਂ ਹੋਰ ਨਵੀਆਂ ਸਮੱਸਿਆਵਾਂ ਸ਼ਹਿਰ ਨੂੰ ਦਰਪੇਸ਼ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜੁਲਾਈ 2008 ਵਿਚ ਬਿਆਨ ਦਿੱਤਾ ਸੀ ਕਿ ਅੰਮ੍ਰਿਤਸਰ ਦੇ ਵਿਕਾਸ ਲਈ ਲੋੜੀਂਦੀ ਰਕਮ ਖਰਚ ਕੇ ਇਸ ਨੂੰ ਵਿਸ਼ਵ ਦਾ ਵਧੀਆ ਸ਼ਹਿਰ ਬਣਾਇਆ ਜਾਵੇਗਾ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਛੇ ਅਕਤੂਬਰ, 2012 ਨੂੰ ਇਸ ਨੂੰ ਵਿਸ਼ਵ ਦਾ ਇਕ ਨੰਬਰ ਸ਼ਹਿਰ ਬਣਾਉਣ ਦਾ ਵਾਅਦਾ ਕੀਤਾ ਸੀ।

ਉਨ੍ਹਾਂ ਕਿਹਾ ਸੀ ਕਿ ਸ਼ਹਿਰ ਦੇ ਚੌਕਾਂ ਦਾ ਇਸ ਤਰ੍ਹਾਂ ਵਿਕਾਸ ਕੀਤਾ ਜਾਵੇਗਾ ਕਿ ਉਹ ਅੰਮ੍ਰਿਤਸਰ ਦੇ ਇਤਿਹਾਸ 'ਤੇ ਚਾਨਣਾ ਪਾਉਣਗੇ ਪਰ ਹੁਣ ਤੱਕ ਇਹ ਐਲਾਨ ਖੋਖਲੇ ਸਾਬਤ ਹੋਏ ਹਨ। ਉਪ ਮੁੱਖ ਮੰਤਰੀ ਇਸ ਵਰ੍ਹੇ ਜਦੋਂ ਵੀ ਅੰਮ੍ਰਿਤਸਰ ਵਿਚ ਚੱਲ ਰਹੇ ਪ੍ਰੋਜੈਕਟਾਂ ਦਾ ਜਾਇਜ਼ਾ ਲੈਣ ਆਉਂਦੇ ਸਨ ਤਾਂ ਸ਼ਹਿਰ ਨੂੰ ਅਤਿ ਖ਼ੂਬਸੂਰਤ ਬਣਾਉਣ ਦੀਆਂ ਗੱਲਾਂ ਕਰਦੇ ਸਨ ਪਰ ਇਹ ਵਰ੍ਹਾ ਬੀਤਣ 'ਤੇ ਵੀ ਇਹ ਸੁੰਦਰ ਸ਼ਹਿਰ ਤਾਂ ਕੀ ਬਣਨਾ ਸੀ, ਸਗੋਂ ਸਾਰੇ ਸ਼ਹਿਰ ਵਿਚ ਲੱਗੇ ਵੱਡੇ-ਵੱਡੇ ਗੰਦਗੀ ਦੇ ਢੇਰ ਸਰਕਾਰ ਦੇ ਵਾਅਦਿਆਂ ਦਾ ਮਜ਼ਾਕ ਉਡਾ ਰਹੇ ਹਨ।

ਅਕਾਲੀ-ਭਾਜਪਾ ਗਠਜੋੜ ਦੇ ਨਿਗਮ ਹਾਊਸ ਨੂੰ ਹੋਂਦ ਵਿਚ ਆਇਆਂ ਢਾਈ ਸਾਲ ਹੋ ਗਏ ਹਨ ਪਰ ਜਿਸ ਤਰ੍ਹਾਂ ਦੀ ਨਾਕਸ ਸਥਿਤੀ ਸ਼ਹਿਰ ਦੀ ਬਣੀ ਹੋਈ ਹੈ, ਉਸ ਤੋਂ ਇਹ ਸਾਬਤ ਹੁੰਦਾ ਹੈ ਕਿ ਮੌਜੂਦਾ ਨਗਰ ਨਿਗਮ ਕੁਝ ਵੀ ਕਰਨ ਦੇ ਜਾਂ ਤਾਂ ਸਮਰੱਥ ਨਹੀਂ ਤੇ ਜਾਂ ਫਿਰ ਲੋਕਾਂ ਦੇ ਚੁਣੇ ਪ੍ਰਤੀਨਿਧ ਕੁਝ ਕਰਨਾ ਹੀ ਨਹੀਂ ਚਾਹੁੰਦੇ। ਇਸ ਸ਼ਹਿਰ ਦੀ ਆਵਾਜਾਈ ਲਈ ਆਟੋ ਰਿਕਸ਼ੇ ਸਭ ਤੋਂ ਵੱਡੀ ਸਮੱਸਿਆ ਬਣੇ ਹੋਏ ਹਨ। ਅਵਾਰਾ ਪਸ਼ੂਆਂ ਦੀ ਭਰਮਾਰ ਦੁਰਘਟਨਾਵਾਂ ਦਾ ਕਾਰਨ ਬਣ ਰਹੀ ਹੈ ਪਰ ਨਿਗਮ ਅਧਿਕਾਰੀ ਕੁਝ ਨਹੀਂ ਕਰ ਰਹੇ। ਸੜਕਾਂ 'ਤੇ ਸੀਵਰੇਜ ਦੇ ਮੈਨਹੋਲਾਂ ਦੇ ਉੱਚੇ ਨੀਵੇਂ ਢੱਕਣ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਮੰਗਤਿਆਂ ਦੀ ਭਰਮਾਰ ਸ਼ਹਿਰ ਦੇ ਲੋਕਾਂ ਲਈ ਵੱਡੀ ਸਮੱਸਿਆ ਹੈ। ਸੜਕਾਂ, ਬਾਜ਼ਾਰਾਂ ਵਿਚ ਗ਼ੈਰਕਾਨੂੰਨੀ ਕਬਜ਼ੇ ਤੇ ਰੇਹੜੀਆਂ ਦੀ ਭਰਮਾਰ ਨੇ ਲੋਕਾਂ ਲਈ ਵੱਡੀਆਂ ਮੁਸ਼ਕਲਾਂ ਪੈਦਾ ਕੀਤੀਆਂ ਹੋਈਆਂ ਹਨ।

### ਸਵੱਛ ਭਾਰਤ ਮੁਹਿੰਮ ਦੀ ਨਿਕਲੀ ਫੂਕ

ਸਵੱਛ ਭਾਰਤ ਅਭਿਆਨ ਤਹਿਤ ਕੁਝ ਦਿਨ ਪਹਿਲਾਂ ਕੈਬਨਿਟ ਮੰਤਰੀ ਅਨਿਲ ਜੋਸ਼ੀ ਤੇ ਨਿਗਮ ਅਧਿਕਾਰੀਆਂ ਨੇ ਝਾੜੂ ਚੁੱਕ ਕੇ ਸ਼ਹਿਰ ਦੀ ਸਫ਼ਾਈ ਕਰਦਿਆਂ ਫੋਟੋਆਂ ਖਿਚਵਾ ਲਈਆਂ ਪਰ ਸ਼ਹਿਰ ਵਿਚ ਅੱਜ ਵੀ ਥਾਂ-ਥਾਂ ਲੱਗੇ ਕੂੜੇ ਦੇ ਢੇਰ ਲੋਕਾਂ ਦਾ ਮੂੰਹ ਚਿੜਾ ਰਹੇ ਹਨ।

ਅਕਾਲੀ-ਭਾਜਪਾ ਸਰਕਾਰ ਅੰਮ੍ਰਿਤਸਰ ਵਿਚ ਸਾਲਿਡ ਵੇਸਟ ਮੈਨੇਜਮੈਂਟ ਪ੍ਰਾਜੈਕਟ ਲਾਉਣ ਵਿਚ ਅਸਫ਼ਲ ਰਹੀ ਹੈ। ਸ਼ਹਿਰ ਅੱਜ ਵੀ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਸੀਵਰੇਜ, ਸਫ਼ਾਈ, ਸਾਫ਼ ਪੀਣ ਵਾਲੇ ਪਾਣੀ ਦੀ ਨਾਕਸ ਸਪਲਾਈ, ਬੇਨਿਯਮਤ ਆਵਾਜਾਈ, ਟੁੱਟੀਆਂ ਸੜਕਾਂ ਤੇ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਉਸੇ ਤਰ੍ਹਾਂ ਕਾਇਮ ਹਨ।

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

**Homeopathic natural medicines supply**


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

**REPAIR SHOP**
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
**TEL: 209.547.9210**
FAX: 209.547.9211

**REGISTRATION SERVICES**
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
**TEL: 209.982.9996**
FAX: 209.982.9997

# ਵਧ ਰਹੀ ਫਿਰਕਾਪ੍ਰਸਤੀ ਦੀ ਵੰਗਾਰ

ਹਿੰਦੂ ਮਹਾਂਸਭਾ ਦੇ ਬਾਨੀ ਮਦਨ ਮੋਹਨ ਮਾਲਵੀਆ ਨੂੰ ਭਾਰਤ ਦਾ ਸਰਬਉੱਚ ਨਾਗਰਿਕ ਸਨਮਾਨ 'ਭਾਰਤ ਰਤਨ' ਦਿੱਤੇ ਜਾਣ ਦੀ ਕੁਝ ਟਿੱਪਣੀਕਾਰਾਂ ਵੱਲੋਂ ਆਲੋਚਨਾ ਕੀਤੀ ਗਈ ਹੈ ਜਦੋਂ ਕਿ ਸੰਘ ਪਰਿਵਾਰ ਦੇ ਪਹਿਲੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਇਹ ਸਨਮਾਨ ਦਿੱਤੇ ਜਾਣ ਦਾ ਅਨੇਕਾਂ ਟਿੱਪਣੀਕਾਰਾਂ ਨੇ ਸਵਾਗਤ ਕੀਤਾ ਹੈ। ਇਨ੍ਹਾਂ 'ਚ ਭਾਰਤ ਰਤਨ ਅਤੇ ਨੋਬੇਲ ਐਵਾਰਡ ਜੇਤੂ ਅਮਿਤਿਯਾ ਸੇਨ ਤੱਕ ਵੀ ਸ਼ਾਮਿਲ ਹਨ। ਸੇਨ ਨੇ ਵਾਜਪਾਈ ਦੀਆਂ ਕੁਝ ਨੀਤੀਆਂ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਵੀ ਉਨ੍ਹਾਂ ਨੂੰ 'ਮਹਾਨ ਰਾਜਨੀਤੀਵੇਤਾ' ਕਰਾਰ ਦਿੱਤਾ ਹੈ।

ਟਿੱਪਣੀਕਾਰਾਂ ਦੀ ਪਹਿਲੀ ਧਿਰ ਦੀ ਆਲੋਚਨਾ ਬਿਲਕੁਲ ਸਹੀ ਹੈ, ਇਸ ਕਰ ਕੇ ਨਹੀਂ ਕਿ ਮਾਲਵੀਆ ਨੂੰ ਉਨ੍ਹਾਂ ਦੀ ਮੌਤ ਤੋਂ 69 ਸਾਲ ਬਾਅਦ ਇਹ ਐਵਾਰਡ ਦਿੱਤਾ ਗਿਆ, ਜਿਸ ਦੀ

ਪ੍ਰਫੁੱਲ ਬਿਦਵਈ

ਕਿ ਹੁਣ ਬਹੁਤੀ ਤੁੱਕ ਨਹੀਂ ਬਣਦੀ, ਸਗੋਂ ਇਸ ਕਰ ਕੇ ਕਿ ਹਿੰਦੂ ਮਹਾਂਸਭਾ ਤਕਰੀਬਨ ਇਕ ਸਦੀ ਤੋਂ ਵਿਸ਼ੈਲੀ ਹਿੰਦੂ ਫ਼ਿਰਕਾਪ੍ਰਸਤੀ ਨੂੰ ਅੱਗੇ ਵਧਾਉਂਦੀ ਆ ਰਹੀ ਹੈ। ਇਹ ਮਹਾਤਮਾ ਗਾਂਧੀ ਦੇ ਹਤਿਆਰੇ ਨਾਥੂ ਰਾਮ ਗੋਡਸੇ ਦਾ ਕੱਦ-ਬੁੱਤ ਵਧਾਉਣਾ ਚਾਹੁੰਦੀ ਹੈ। ਇਸ ਕਿਸਮ ਦੇ ਨਿਰਾਸ਼ਾ ਪੈਦਾ ਕਰਨ ਵਾਲੇ ਵਿਚਾਰਾਂ ਦੀ ਨਿਰੰਤਰਤਾ ਮਹਾਂਸਭਾ ਵਿਚ ਮਾਲਵੀਆ, ਲਾਜਪਤ ਰਾਏ ਅਤੇ ਬੀ.ਐਸ. ਮੂੰਜੀ ਵਰਗੇ ਆਗੂਆਂ ਦੇ ਵੇਲੇ ਤੋਂ ਹੀ ਬਣੀ ਰਹੀ ਹੈ। ਮੂੰਜੀ 1931 ਵਿਚ ਮੁਸੋਲਿਨੀ ਨੂੰ ਮਿਲਣ ਗਏ ਸਨ ਅਤੇ ਉਨ੍ਹਾਂ ਨੇ ਰਾਸ਼ਟਰੀ ਸੋਇਮਸੇਵਕ ਸੰਘ ਨੂੰ ਇਤਾਲਵੀ-ਫਾਸ਼ੀਵਾਦੀ ਲੀਹਾਂ 'ਤੇ ਢਾਲਣ ਦਾ ਯਤਨ ਕੀਤਾ ਸੀ।

ਮਾਲਵੀਆ ਵੱਲੋਂ ਮੁਸਲਮਾਨਾਂ ਅਤੇ ਈਸਾਈਆਂ ਦੀ 'ਮੁੜ ਧਰਮ ਤਬਦੀਲੀ' ਦੀ ਵਕਾਲਤ ਕੀਤੀ ਗਈ ਸੀ। ਉਹ ਸਿਰਫ ਬ੍ਰਾਹਮਣਾਂ ਦੇ ਹੱਥੋਂ ਹੀ ਭੋਜਨ ਅਤੇ ਪਾਣੀ ਸਵੀਕਾਰ ਕਰਦੇ ਸਨ ਅਤੇ 'ਜਨੇਊ, ਧਰਮ, ਵੇਦਾਂ, ਪੌਰਾਣਾਂ, ਗਾਵਾਂ ਅਤੇ ਬ੍ਰਾਹਮਣਾਂ' ਦੀ ਰੱਖਿਆ ਨੂੰ ਸਮਰਪਿਤ ਸਨ। ਮਾਲਵੀਆ ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਬਾਨੀ ਮੰਨਿਆ ਜਾਂਦਾ ਹੈ, ਪਰ ਬਨਾਰਸ ਹਿੰਦੂ ਯੂਨੀਵਰਸਿਟੀ 'ਤੇ ਖੋਜਪੂਰਨ ਕਿਤਾਬ ਲਿਖਣ ਵਾਲੇ ਤੇਜਕਰ ਝਾਅ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਦੀ ਸਥਾਪਨਾ ਵਿਚ ਮਾਲਵੀਆ ਨੇ ਵੱਧ ਤੋਂ ਵੱਧ ਇਕ ਕਿਨਾਰੇ ਵਾਲੀ ਭੂਮਿਕਾ ਹੀ ਨਿਭਾਈ ਸੀ। ਇਸ 'ਚ ਮੁੱਖ ਭੂਮਿਕਾ ਐਨੀ ਬੀਸੈਂਟ ਤੇ ਦਰਭੰਗਾ ਦੇ ਮਹਾਰਾਜਾ ਦੀ ਸੀ। ਮਾਲਵੀਆ ਨੂੰ ਸਨਮਾਨਿਤ ਕਰਨ ਪਿੱਛੇ ਸਰਕਾਰ ਦਾ ਮਕਸਦ ਇਸ ਸੰਕੀਰਨਤਾਪੂਰਨ ਗੱਲ ਨਾਲ ਜੁੜਦਾ ਜਾਪਦਾ ਹੈ ਕਿ ਵਾਰਾਨਸੀ ਲੋਕ ਸਭਾ ਹਲਕੇ ਤੋਂ ਮੋਦੀ ਦੇ ਨਾਮਜ਼ਦਗੀ ਪੱਤਰਾਂ 'ਤੇ ਮਾਲਵੀਆ ਦੇ ਪੋਤਰੇ ਗਿਰੀਧਰ ਵੱਲੋਂ ਦਸਤਖ਼ਤ ਕੀਤੇ ਗਏ ਸਨ। ਇਸ ਪਿੱਛੇ ਕੱਟੜਵਾਦੀ ਹਿੰਦੂ ਹਸਤੀਆਂ ਨੂੰ ਅੱਗੇ ਵਧਾਉਣ ਦੀ ਗਿਣਤੀ-ਮਿਣਤੀ ਵੀ ਕੰਮ ਕਰ ਰਹੀ ਹੈ।

ਹੁਣ ਜਿੱਥੋਂ ਤੱਕ ਵਾਜਪਾਈ ਦਾ ਸਵਾਲ ਹੈ, ਉਹ ਮਾਲਵੀਆ ਨਾਲੋਂ ਘੱਟ ਕੱਟੜਵਾਦੀ ਸਨ, ਪਰ ਰਾਮ ਜਨਮ ਭੂਮੀ ਅੰਦੋਲਨ ਨਾਲ ਉਨ੍ਹਾਂ ਦੇ ਨੇੜਲੇ ਰਿਸ਼ਤੇ ਦਾ ਨਤੀਜਾ ਬਾਬਰੀ ਮਸਜਿਦ ਦੇ ਢਹਿਣ ਅਤੇ ਉਸ ਤੋਂ ਬਾਅਦ ਹੋਏ ਭਿਆਨਕ ਦੰਗਿਆਂ ਦੇ ਰੂਪ ਵਿਚ ਨਿਕਲਿਆ ਸੀ ਜਿਨ੍ਹਾਂ ਵਿਚ ਹਜ਼ਾਰਾਂ ਲੋਕ ਮਾਰੇ ਗਏ ਸਨ। ਭਾਰਤ ਵੱਲੋਂ 1998 'ਚ ਕੀਤੇ ਗਏ ਪਰਮਾਣੂ ਤਜਰਬਿਆਂ ਲਈ ਵੀ ਵਾਜਪਾਈ ਹੀ ਜ਼ਿੰਮੇਵਾਰ ਸਨ। ਅਜਿਹਾ ਕਰ ਕੇ ਉਨ੍ਹਾਂ ਨੇ ਸੰਘ ਪਰਿਵਾਰ ਦਾ ਲੰਮੇ ਸਮੇਂ ਦਾ ਜਨੂੰਨ ਪੂਰਾ ਕੀਤਾ, ਪਰ ਇਸ ਨਾਲ ਉਨ੍ਹਾਂ ਨੇ ਖ਼ਤਰਨਾਕ ਖੇਤਰੀ ਵਾਤਾਵਰਨ ਵੀ ਸਿਰਜ ਦਿੱਤਾ ਜਿਸ ਨੇ ਨਾ ਸਿਰਫ ਪਾਕਿਸਤਾਨ ਨਾਲ ਸਗੋਂ (ਹੋਰ ਨੁਕਸਾਨਦਾਇਕ) ਚੀਨ ਨਾਲ ਵੀ ਹਥਿਆਰਾਂ ਦੀ ਦੌੜ ਸ਼ੁਰੂ ਕਰ ਦਿੱਤੀ। ਵਾਜਪਾਈ ਸਰਕਾਰ ਨੇ ਫ਼ਿਰਕਾਪ੍ਰਸਤੀ ਨੂੰ ਜਾਇਜ਼ਤਾ ਮੁਹੱਈਆ ਕੀਤੀ ਜਿਸ ਦਾ ਸਭ ਤੋਂ ਖ਼ੂਨੀ ਮੁਜ਼ਾਹਰਾ 2002 'ਚ ਗੁਜਰਾਤ 'ਚ ਮੁਸਲਮਾਨਾਂ ਦੇ ਕਤਲੇਆਮ ਦੇ ਰੂਪ 'ਚ ਹੋਇਆ। ਵਾਜਪਾਈ ਨੇ ਪਹਿਲਾਂ ਮੋਦੀ ਦੀ ਆਲੋਚਨਾ ਕੀਤੀ ਕਿ ਉਨ੍ਹਾਂ ਨੇ 'ਰਾਜ ਧਰਮ' ਦੀ ਉਲੰਘਣਾ ਕੀਤੀ ਹੈ, ਪਰ ਕੁਝ ਹਫ਼ਤਿਆਂ ਵਿਚ ਹੀ 'ਯੂ-ਟਰਨ' ਲੈ ਲਿਆ। ਜੇ ਵਾਜਪਾਈ ਨੇ ਖ਼ੁਦ 'ਰਾਜ ਧਰਮ' ਨਿਭਾਇਆ ਹੁੰਦਾ (ਖ਼ਾਸ ਕਰ ਕੇ ਸੰਵਿਧਾਨ ਦਾ), ਤਾਂ ਉਨ੍ਹਾਂ ਨੂੰ ਮੋਦੀ ਨੂੰ ਬਰਖਾਸਤ ਕਰ ਦੇਣਾ ਚਾਹੀਦਾ ਸੀ। ਅਜਿਹਾ ਕਰ ਸਕਣ ਵਿਚ ਉਨ੍ਹਾਂ ਦੀ ਅਸਫ਼ਲਤਾ ਨੇ ਕੌਮੀ ਪੱਧਰ ਦੇ ਫ਼ਿਰਕੂ ਧਰੁਵੀਕਰਨ ਲਈ ਰਾਹ ਪੱਧਰਾ ਕਰ ਦਿੱਤਾ ਜਿਸ ਸਦਕਾ ਮੋਦੀ ਪ੍ਰਧਾਨ ਮੰਤਰੀ ਦੀ ਗੱਦੀ ਤੱਕ ਪਹੁੰਚ ਸਕੇ।

ਸਹੀ ਹੈ ਕਿ ਪੋਖਰਨ ਧਮਾਕਿਆਂ ਤੋਂ ਬਾਅਦ ਵਾਜਪਾਈ ਨੇ ਪਾਕਿਸਤਾਨ ਨਾਲ ਸ਼ਾਂਤੀ ਸਥਾਪਨਾ ਲਈ ਦਿੱਲੀ-ਲਾਹੌਰ ਬੱਸ ਵਰਗੇ ਅੱਧੇ-ਅਧੂਰੇ ਯਤਨ ਕੀਤੇ ਸਨ ਪਰ ਉਨ੍ਹਾਂ ਨੇ ਆਗਰਾ ਸੰਮੇਲਨ ਨੂੰ ਸਾਬੋਤਾਜ ਹੋਣ ਦਿੱਤਾ। 2001-02 ਵਿਚ ਉਨ੍ਹਾਂ ਨੇ ਲਗਾਤਾਰ 10 ਮਹੀਨੇ ਤੱਕ ਸਰਹੱਦ 'ਤੇ ਫ਼ੌਜਾਂ ਤਾਇਨਾਤ ਕਰੀ ਰੱਖਣ ਦਾ ਮਹਿੰਗਾ ਅਤੇ ਭੈਅ ਪੈਦਾ ਕਰਨ ਵਾਲਾ ਕਦਮ ਵੀ ਉਠਾਇਆ ਜਿਸ ਨਾਲ ਕੋਈ ਵੀ ਪ੍ਰਾਪਤੀ ਨਹੀਂ ਸੀ ਹੋਈ। ਇਸੇ ਤਰ੍ਹਾਂ ਉਹ ਭਾਜਪਾ ਨੂੰ ਉਸ ਮੌਕੇ ਆਰ.ਐਸ.ਐਸ. ਦੇ ਪ੍ਰਭਾਵ ਤੋਂ ਮੁਕਤ ਕਰਨ ਅਤੇ ਇਸ ਨੂੰ ਉਦਾਰਵਾਦੀ ਰਾਹ 'ਤੇ ਪਾਉਣ ਵਿਚ ਅਸਫਲ ਰਹੇ, ਜਦੋਂ ਕਿ ਉਹ ਅਜਿਹਾ ਕਰ ਸਕਦੇ ਸਨ। ਹਰ ਨਾਜ਼ੁਕ ਮੌਕੇ 'ਤੇ ਕੋਈ ਸਹੀ ਕਦਮ ਉਠਾਉਣ ਪੱਖੋਂ ਉਹ ਜਾਂ ਤਾਂ ਬੇਹੱਦ ਥੋੜ੍ਹ-ਦਿਲੇ ਜਾਂ ਫਿਰ ਸੰਘ ਪਰਿਵਾਰ ਦੇ ਹੱਦੋਂ ਵੱਧ ਵਫ਼ਾਦਾਰ ਸਿੱਧ ਹੋਏ।

ਸੰਤੁਲਿਤ ਢੰਗ ਨਾਲ ਆਖਿਆ ਜਾ ਸਕਦਾ ਹੈ ਕਿ ਉਹ ਲੋਕਤੰਤਰ ਲਈ ਪ੍ਰਤੀਬੱਧ ਜ਼ਿੰਮੇਵਾਰ ਆਗੂ ਵੀ ਸਾਬਤ ਨਹੀਂ ਹੋਏ, ਰਾਜਨੀਤੀਵੇਤਾ ਹੋਣ ਦੀ ਤਾਂ ਗੱਲ ਹੀ ਛੱਡੋ।




ਹੁਣ ਐਵਾਰਡਾਂ ਦੀ ਗੱਲ ਨੂੰ ਇਕ ਪਾਸੇ ਛੱਡੀਏ, ਸੰਘ ਪਰਿਵਾਰ ਵੱਲੋਂ ਇਸ ਵਕਤ ਅਨੇਕਾਂ ਸੰਸਥਾਵਾਂ ਨੂੰ ਢਾਅ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਦੇ ਕਾਰਕੁਨ ਨਫ਼ਰਤ ਪੂਰਨ ਭਾਸ਼ਣਾਂ ਵਿਚ ਰੁੱਝੇ ਹੋਏ ਹਨ, ਜਿਨ੍ਹਾਂ ਵਿਚ 'ਰਾਮਜ਼ਾਦੇ' ਬਨਾਮ 'ਹਰਾਮਜ਼ਾਦੇ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ 'ਘਰ ਵਾਪਸੀ' ਵਰਗੀਆਂ ਭੜਕਾਊ ਕਾਰਵਾਈਆਂ ਵੀ ਕੀਤੀਆਂ ਜਾ ਰਹੀਆਂ ਹਨ। ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਦਾ ਕਹਿਣਾ ਹੈ ਕਿ ਘੱਟ-ਗਿਣਤੀਆਂ 'ਸਾਡਾ ਮਾਲ' ਹਨ ਜੋ 'ਬਾਹਰੀ ਲੋਕਾਂ' ਵੱਲੋਂ ਚੁਰਾ ਲਿਆ ਗਿਆ ਸੀ ਅਤੇ ਜੋ ਹਿੰਦੂਆਂ ਨੂੰ 'ਮੁੜ ਹਾਸਲ' ਕਰਨਾ ਹੀ ਚਾਹੀਦਾ ਹੈ। ਇਸ ਸਾਰੇ ਮਾਹੌਲ ਵਿਚ ਸਮਾਜਵਾਦੀ ਅਤੀਤ ਵਾਲੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਵੀ ਭਗਵਤ ਗੀਤਾ ਨੂੰ ਭਾਰਤ ਦਾ 'ਕੌਮੀ ਗ੍ਰੰਥ' ਕਰਾਰ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਅਜਿਹਾ ਕਰਨਾ ਸੰਵਿਧਾਨ ਦੇ ਉਲਟ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਰਾਜ ਕਿਸੇ ਵੀ ਧਰਮ ਨਾਲ ਨਾਤਾ ਨਹੀਂ ਰੱਖੇਗਾ। ਇਸ ਤੋਂ ਇਲਾਵਾ ਸੰਘ ਪਰਿਵਾਰ ਵੱਲੋਂ ਰਾਜ ਨੂੰ ਹਿੰਦੂ ਰਾਸ਼ਟਰ ਵਜੋਂ ਮੁੜ ਪਰਿਭਾਸ਼ਤ ਕਰਨ ਦੀ ਨਿਰੰਤਰ ਮੁਹਿੰਮ ਚਲਾਈ ਜਾ ਰਹੀ ਹੈ।

ਸੰਘ ਪਰਿਵਾਰ ਦੀ ਤਰਜ਼ ਵਾਲੇ ਨਫ਼ਰਤ ਪੂਰਨ ਬਿਆਨਾਂ ਨੂੰ ਠੱਲ੍ਹ ਪਾਉਣ ਲਈ ਸ੍ਰੀ ਮੋਦੀ ਨੇ ਪ੍ਰਭਾਵਹੀਣ ਢੰਗ ਨਾਲ ਆਵਾਜ਼ ਤਾਂ ਉਠਾਈ ਪਰ ਉਨ੍ਹਾਂ ਦੀਆਂ ਕਾਰਵਾਈਆਂ, ਉਨ੍ਹਾਂ ਦੀਆਂ ਗੱਲਾਂ ਤੋਂ ਬਿਲਕੁਲ ਉਲਟ ਸੰਕੇਤ ਕਰਦੀਆਂ ਹਨ। ਉਨ੍ਹਾਂ ਨੇ ਨਫ਼ਰਤੀ ਭਾਸ਼ਣਾਂ ਸਬੰਧੀ ਸੰਸਦ ਵਿਚ ਬਿਆਨ ਦੇਣ ਦੀ ਵਿਰੋਧੀ ਧਿਰ ਦੀ ਜਾਇਜ਼ ਮੰਗ ਨੂੰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ ਜਿਸ ਕਰ ਕੇ ਬੀਮਾ ਸੋਧ ਅਤੇ ਭੂਮੀ ਗ੍ਰਹਿਣ ਸਬੰਧੀ ਬਿੱਲ ਪਾਸ ਨਹੀਂ ਹੋ ਸਕੇ। ਇਨ੍ਹਾਂ ਬਿੱਲਾਂ ਸਬੰਧੀ ਆਰਡੀਨੈਂਸ ਜਾਰੀ ਕਰ ਕੇ ਸਰਕਾਰ ਸੰਸਦ ਨੂੰ ਖੋਰਾ ਲਾ ਰਹੀ ਹੈ ਅਤੇ ਜਮਹੂਰੀਅਤ ਨੂੰ ਕਾਰਜਹੀਣ ਕਰ ਰਹੀ ਹੈ।

ਹਿੰਦੂਤਵ ਦੀਆਂ ਵਧੀਕੀਆਂ ਦਾ ਕਾਰੋਬਾਰੀਆਂ ਅਤੇ ਚੈਂਬਰ ਆਫ ਕਾਮਰਸ ਵੱਲੋਂ ਵੀ ਵਿਰੋਧ ਹੋ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਇਕ ਤਰ੍ਹਾਂ ਨਾਲ ਭਾਜਪਾ ਦਾ 'ਆਰਥਿਕ ਸੱਜਾ ਪੱਖ' ਬਨਾਮ 'ਸਭਿਆਚਾਰਕ ਸੱਜਾ ਪੱਖ' ਵਾਲੀ ਗੱਲ ਹੋ ਗਈ ਹੈ ਜਿਸ ਵਿਚ ਕਾਰੋਬਾਰੀਆਂ ਵੱਲੋਂ ਦੂਜੇ ਦੇ ਖਿਲਾਫ਼ ਪਹਿਲੇ ਦੀ ਹਮਾਇਤ ਕੀਤੀ ਜਾ ਰਹੀ ਹੈ। ਇਹ ਸਾਰੇ ਸੰਘ ਪਰਿਵਾਰ ਦੀ ਘੱਟ-ਗਿਣਤੀ ਵਿਰੋਧੀ ਮੁਹਿੰਮ ਨੂੰ 'ਵਿਕਾਸ' ਦੇ ਏਜੰਡੇ ਤੋਂ ਭਟਕਾਅ ਕਰਾਰ ਦੇ ਰਹੇ ਹਨ, ਜੋ ਭਾਜਪਾ ਦੇ ਹੀ ਖਿਲਾਫ਼ ਭੁਗਤ ਰਿਹਾ ਹੈ ਪਰ ਉਨ੍ਹਾਂ ਦੀ ਇਹ ਗੱਲ ਆਪਣੇ-ਆਪ 'ਚ ਹੀ ਗ਼ਲਤ ਹੈ। ਹੋਏ ਸਾਰੇ ਪ੍ਰਚਾਰ ਦੇ ਉਲਟ ਮੋਦੀ ਵਿਕਾਸ ਦੇ ਮੁਹਾਜ਼ 'ਤੇ ਨਹੀਂ ਚੁਣੇ ਗਏ। ਵਿਕਾਸ ਦੀ ਗੱਲ ਤਾਂ ਹਿੰਦੂਤਵ 'ਤੇ ਚੜ੍ਹੀ ਹੋਈ ਖੰਡ ਦੀ ਪਰਤ ਹੀ ਸੀ ਜਿਸ ਦਾ ਮਕਸਦ ਉਨ੍ਹਾਂ ਦੀ ਅਪੀਲ ਨੂੰ ਮੱਧ ਵਰਗ ਦੇ ਉਨ੍ਹਾਂ ਲੋਕਾਂ ਤੱਕ ਵੀ ਅਸਰਦਾਇਕ ਬਣਾਉਣਾ ਸੀ ਜਿਨ੍ਹਾਂ ਦਾ ਅਜੇ ਫ਼ਿਰਕੂਕਰਨ ਨਹੀਂ ਸੀ ਹੋਇਆ। ਭਾਜਪਾ ਨੇ ਕੋਈ ਦਾਅਵਾ ਨਹੀਂ ਕੀਤਾ ਕਿ ਇਸ ਨੇ ਖ਼ੁਦ ਨੂੰ ਆਪਣੇ ਕੋਰ ਏਜੰਡੇ ਤੋਂ ਦੂਰ ਕਰ ਲਿਆ ਹੈ। ਇਹ ਏਜੰਡਾ ਫ਼ਿਰਕੂ ਤਣਾਅ ਨੂੰ ਭੜਕਾਅ ਕੇ ਬੜੇ ਯੋਜਨਾਬੱਧ ਢੰਗ ਨਾਲ ਲਾਗੂ ਕੀਤਾ ਗਿਆ, ਜਿਸ ਤਹਿਤ ਇਕੱਲੇ ਉੱਤਰ ਪ੍ਰਦੇਸ਼ ਵਿਚ ਹੀ 2013 'ਚ ਫ਼ਿਰਕੂ ਹਿੰਸਾ ਦੀਆਂ 247 ਘਟਨਾਵਾਂ ਵਾਪਰੀਆਂ। ਭਾਜਪਾ ਦੀ ਚੋਣ ਮੁਹਿੰਮ ਦਾ ਖਾਕਾ ਆਰ.ਐਸ.ਐਸ. ਨੇ ਘੜਿਆ ਅਤੇ ਇਸ ਦੇ ਹੱਕ ਵਿਚ ਅਥਾਹ ਗਿਣਤੀ ਵਿਚ ਆਪਣੇ ਕਾਰਕੁਨਾਂ ਨੂੰ ਝੋਕਿਆ। ਇਸ ਤੋਂ ਇਲਾਵਾ ਧਨ ਦੀ ਵੱਡੀ ਦਖ਼ਲਅੰਦਾਜ਼ੀ ਨਾਲ ਮੁਹਿੰਮ ਨੂੰ ਬਿਜਲਈ ਅਤੇ ਸੋਸ਼ਲ ਮੀਡੀਆ ਰਾਹੀਂ ਸਿਖ਼ਰ 'ਤੇ ਪਹੁੰਚਾਇਆ ਗਿਆ। ਇਸ ਮੁਹਿੰਮ 'ਤੇ ਤਕਰੀਬਨ ਉਨਾ ਹੀ ਖਰਚ ਆਇਆ, ਜਿੰਨਾ ਅਮਰੀਕੀ ਰਾਸ਼ਟਰਪਤੀ ਦੀ ਚੋਣ ਮੁਹਿੰਮ 'ਤੇ ਹੁੰਦਾ ਹੈ। ਮੁਹਿੰਮ ਦੌਰਾਨ ਹਿੰਦੂਤਵ ਦੇ ਪ੍ਰਤੀਕ ਅਤੇ ਬਿੰਬ ਵੀ ਵਰਤੇ ਗਏ। ਪੱਤਰਕਾਰ ਹਰੀਸ਼ ਖਰੇ ਨੇ ਆਪਣੀ ਕਿਤਾਬ 'ਹਉ ਮੋਦੀ ਵੌਨ ਇਟ' ਵਿਚ ਲਿਖਿਆ ਵੀ ਹੈ ਕਿ 'ਉਹ ਪ੍ਰਧਾਨ ਮੰਤਰੀ ਬਣਨ ਲਈ ਇਕ ਹੋਰ ਹਿੰਦੂ ਅੰਦੋਲਨ ਨੂੰ ਉਭਾਰਨ ਵਿਚ ਸਫ਼ਲ ਰਹੇ।'

ਸੰਘ ਪਰਿਵਾਰ ਅਤੇ ਮੋਦੀ ਲਈ ਵੀ ਤਰਜੀਹ ਆਰਥਿਕਤਾ ਨਹੀਂ, ਰਾਜਨੀਤੀ ਹੈ। ਉਨ੍ਹਾਂ ਦਾ ਮਕਸਦ ਹੈ ਕਿ ਹਿੰਦੂਤਵ ਦੇ ਪ੍ਰਭਾਵ ਨੂੰ ਹੋਰ ਡੂੰਘਾ ਅਤੇ ਵਿਆਪਕ ਕਿਵੇਂ ਕਰਨਾ ਹੈ ਅਤੇ ਜੇ ਜ਼ਰੂਰਤ ਪਵੇ ਤਾਂ ਦਮਨ ਦੀ ਵਰਤੋਂ ਕਰ ਕੇ ਵੀ ਇਸ ਨੂੰ ਚਿਰ-ਸਥਾਈ ਗਲਬੇ ਵਾਲਾ ਕਿਵੇਂ ਬਣਾਉਣਾ ਹੈ। ਜੇ ਵਿਕਾਸ ਅਤੇ ਸੰਘ ਦੇ ਏਜੰਡੇ ਵਿਚਕਾਰ ਕੋਈ ਟਕਰਾਅ ਹੁੰਦਾ ਹੈ ਤਾਂ ਹਮੇਸ਼ਾ ਵਾਂਗ ਸੰਘ ਨੂੰ ਹੀ ਤਰਜੀਹ ਮਿਲੇਗੀ। ਇਹ ਧਰਮ-ਨਿਰਪੱਖ ਜਮਹੂਰੀ ਤਾਕਤਾਂ ਲਈ ਇਕ ਨਵੀਂ ਚੁਣੌਤੀ ਹੈ।

# ਦਹਿਸ਼ਤਗਰਦੀ, ਤਾਲਿਬਾਨ ਤੇ ਪਾਕਿਸਤਾਨ

ਜੇ ਬਾਗ ਵਾਲੇ ਆਪਣੇ ਬਾਗ ਅੰਦਰ ਸੱਪ ਪਾਲ ਲੈਣ, ਤਾਂ ਫਿਰ ਉਨ੍ਹਾਂ ਨੂੰ ਇਸ ਗੱਲ 'ਤੇ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਸੱਪਾਂ ਨੇ ਉਨ੍ਹਾਂ ਨੂੰ ਡੰਗ ਕਿਉਂ ਮਾਰਿਆ। ਅਜਿਹਾ ਹੀ ਹਾਲ ਪਾਕਿਸਤਾਨ ਦੀ ਅੰਦਰੂਨੀ ਹਾਲਤ ਦਾ ਹੈ। ਕਈ ਵਰ੍ਹਿਆਂ ਤੋਂ ਇਸ ਮੁਲਕ 'ਚ ਪਲ ਰਹੇ ਸੱਪ ਹੁਣ ਮੁਲਕ ਦੇ ਮਾਸੂਮ ਬੱਚਿਆਂ-ਔਰਤਾਂ ਤੇ ਮਰਦਾਂ ਨੂੰ ਡੰਗ ਮਾਰ ਰਹੇ ਹਨ। ਜਦ ਕੋਈ ਖ਼ੌਫ਼ਨਾਕ ਦੁਰਘਟਨਾ ਵਾਪਰਦੀ ਹੈ, ਤਾਂ ਫਿਰ ਸਾਰੇ ਮੁਲਕ 'ਚ ਹੀ ਸ਼ੋਰ ਉੱਠਦਾ ਹੈ ਕਿ ਇਨ੍ਹਾਂ ਖ਼ਤਰਨਾਕ ਸੱਪਾਂ ਨੂੰ ਮਾਰੋ, ਇਨ੍ਹਾਂ ਦੀਆਂ ਨਰਸਰੀਆਂ ਨੂੰ ਤਬਾਹ ਕਰ ਦਿਓ, ਪਰ ਜਦ ਇਨ੍ਹਾਂ ਸੱਪਾਂ ਦੇ ਡੰਗ ਦਾ ਦਰਦ ਜ਼ਰਾ ਕੁ ਘਟਦਾ

ਆਰਿਫ ਨਿਜ਼ਾਮੀ

ਹੈ, ਇਸ ਘਾਤਕ ਜ਼ਹਿਰ ਨਾਲ ਮਰੇ ਹੋਇਆਂ ਨੂੰ ਕਬਰਾਂ 'ਚ ਉਤਾਰ ਕੇ ਉੱਤੇ ਮਿੱਟੀ ਪਾ ਦਿੱਤੀ ਜਾਂਦੀ ਹੈ। ਹਕੂਮਤੀ ਅਦਾਰੇ, ਸਰਕਾਰ ਤੇ ਸਿਆਸੀ ਜਮਾਤਾਂ ਦੇ ਲੀਡਰ ਫਿਰ ਲਾਪ੍ਰਵਾਹੀ ਤੇ ਗ਼ਫ਼ਲਤ ਦਾ ਸ਼ਿਕਾਰ ਹੋ ਜਾਂਦੇ ਹਨ।

ਕਈ ਸਿਆਸੀ ਤੇ ਮਜ਼ਹਬੀ ਜਮਾਤਾਂ ਦੇ ਆਗੂ ਇਨ੍ਹਾਂ ਸੱਪਾਂ (ਅਤਿਵਾਦੀਆਂ) ਦੇ ਹਮਾਇਤੀ ਵੀ ਹਨ। ਸੱਪਾਂ ਦੀ ਹਮਾਇਤ ਕਰਨ ਵਾਲੇ ਸਿਆਸੀ ਤੇ ਮਜ਼ਹਬੀ ਆਗੂ ਬਿਜਲਈ ਮੀਡੀਆ 'ਤੇ ਬੈਠ ਕੇ ਬੜੇ ਧੜੱਲੇ ਨਾਲ ਕਹਿੰਦੇ ਨਹੀਂ ਥੱਕਦੇ ਕਿ ਇਹ ਸੱਪ ਸਾਰੇ ਆਪਣੇ ਹੀ ਤਾਂ ਹਨ। ਇਹ ਸਾਡੇ ਬੱਚੇ ਭਟਕੇ ਹੋਏ ਹਨ। ਕੋਈ ਫ਼ਿਕਰ ਦੀ ਗੱਲ ਨਹੀਂ। ਇਨ੍ਹਾਂ ਨੂੰ ਸਮਝਾ ਲਵਾਂਗੇ। ਇਨਸਾਨਾਂ ਦੇ ਰੂਪ 'ਚ ਇਹ ਸੱਪ ਪਾਕਿਸਤਾਨ ਅੰਦਰ 60 ਹਜ਼ਾਰ ਤੋਂ ਵੱਧ ਲੋਕਾਂ ਨੂੰ ਡੰਗ ਮਾਰ ਕੇ ਮੌਤ ਦੇ ਹਨੇਰਿਆਂ 'ਚ ਉਤਾਰ ਚੁੱਕੇ ਹਨ।

90 ਫ਼ੀਸਦੀ ਪਾਕਿਸਤਾਨੀਆਂ ਦੀ ਸੋਚ ਇਸ ਯਕੀਨ 'ਚ ਬਦਲ ਗਈ ਹੈ ਕਿ ਉਨ੍ਹਾਂ ਦੇ ਹਕੀਕੀ ਦੁਸ਼ਮਣ ਦਹਿਸ਼ਤਗਰਦ ਹਨ ਜੋ ਪਾਕਿਸਤਾਨ ਨੂੰ ਬਰਬਾਦ ਤੇ ਲੋਕਾਂ ਨੂੰ ਹਲਾਕ ਕਰ ਰਹੇ ਹਨ। ਪਾਕਿਸਤਾਨ ਦਾ ਸਭ ਤੋਂ ਵੱਡਾ ਮਸਲਾ ਦਹਿਸ਼ਤਗਰਦੀ ਤੇ ਦਹਿਸ਼ਦਗਰਦ ਹਨ। ਕਈ ਵਰ੍ਹਿਆਂ ਤੋਂ ਪਾਕਿਸਤਾਨ ਅੰਦਰ ਮਜ਼ਹਬੀ ਜਨੂੰਨੀਆਂ ਨੂੰ ਵਧਣ-ਫੁਲਣ ਦਾ ਮੌਕਾ ਦਿੱਤਾ ਗਿਆ। ਇਹ ਮਜ਼ਹਬੀ ਜਨੂੰਨੀ ਆਪਣੇ ਇਸਲਾਮੀ ਨਜ਼ਰੀਆਤ 'ਤੇ ਚੱਲਣ ਵਾਲਿਆਂ ਨੂੰ ਮੁਸਲਮਾਨ ਤੇ ਬਾਕੀ ਦੇ ਸਾਰੇ ਮੁਸਲਮਾਨਾਂ ਨੂੰ 'ਕਾਫ਼ਰ' ਤੇ ਵਾਜਬ-ਉਲ-ਕਤਲ ਸਮਝਦੇ ਹਨ। ਇਨ੍ਹਾਂ ਹੀ ਮਜ਼ਹਬੀ ਜਨੂੰਨੀਆਂ ਨੇ ਰਿਆਸਤੀ ਤਾਲੀਮੀ, ਸਿਵਲ ਤੇ ਫ਼ੌਜੀ ਅਦਾਰਿਆਂ, ਆਮ ਮਾਰਕੀਟਾਂ, ਰਿਹਾਇਸ਼ੀ ਇਲਾਕਿਆਂ, ਮੁਸਲਿਮ, ਗ਼ੈਰ-ਮੁਸਲਿਮਾਂ ਦੇ ਮਜ਼ਹਬੀ ਅਸਥਾਨਾਂ 'ਤੇ ਹਮਲੇ ਕਰ ਕੇ ਹਜ਼ਾਰਾਂ ਮਾਸੂਮ ਬੱਚਿਆਂ, ਔਰਤਾਂ ਤੇ ਮਰਦਾਂ ਨੂੰ ਹਲਾਕ ਕਰ ਦਿੱਤਾ ਹੈ। ਇਨ੍ਹਾਂ ਦਹਿਸ਼ਤਗਰਦ ਤਨਜ਼ੀਮਾਂ ਨੂੰ ਨਾ ਕੋਈ ਡਰ ਹੈ ਤੇ ਨਾ ਹੀ ਕਿਸੇ ਕਾਨੂੰਨ ਜਾਂ ਕਾਨੂੰਨ ਦੇ ਰਖਵਾਲਿਆਂ ਦਾ ਖ਼ੌਫ਼। ਦਰਅਸਲ ਕਾਨੂੰਨ 'ਤੇ ਮੁਕੰਮਲ ਅਮਲ ਨਾ ਹੋਣ ਨੇ ਪਾਕਿਸਤਾਨ ਨੂੰ ਇਕ ਨਾਕਾਮ ਰਿਆਸਤ ਬਣਾ ਦਿੱਤਾ ਹੈ। ਇਥੇ ਅਮੀਰਾਂ ਤੇ ਗਰੀਬਾਂ ਲਈ ਵੱਖ-ਵੱਖ ਕਾਨੂੰਨ ਹਨ ਤੇ ਦਹਿਸ਼ਤਗਰਦਾਂ ਲਈ ਕੋਈ ਕਾਨੂੰਨ ਹੈ ਹੀ ਨਹੀਂ। ਪਿਛਲੇ 7 ਸਾਲਾਂ 'ਚ 2000 ਦੇ ਲਗਭਗ ਦਹਿਸ਼ਤਗਰਦਾਂ ਨੂੰ ਅਦਾਲਤਾਂ ਨੇ ਰਿਹਾਅ ਕਰ ਦਿੱਤਾ। ਇਕ ਅਦਾਲਤ ਨੇ 210 ਦਹਿਸ਼ਤਗਰਦਾਂ ਵਿਚੋਂ ਕੇਵਲ 10 ਦਹਿਸ਼ਤਗਰਦਾਂ ਨੂੰ ਸਜ਼ਾ ਦਿੱਤੀ ਹੈ। ਇਕ ਦਹਿਸ਼ਤਗਰਦ ਤਨਜ਼ੀਮ ਦੇ ਅਹਿਮ ਅਹੁਦੇਦਾਰ ਨੂੰ ਬਰੀ ਕਰ ਦਿੱਤਾ ਜਿਸ 'ਤੇ 100 ਨਿਰਦੋਸ਼ ਲੋਕਾਂ ਦੇ ਕਤਲ ਦਾ ਇਲਜ਼ਾਮ ਸੀ। ਇਸ ਤੋਂ ਇਲਾਵਾ ਇਹ ਦਹਿਸ਼ਤਗਰਦ ਸ੍ਰੀਲੰਕਾ ਟੀਮ 'ਤੇ ਹਮਲਾ ਕਰਨ ਵਾਲਿਆਂ ਦਾ ਆਕਾ ਵੀ ਸੀ। ਅਦਾਲਤਾਂ ਵੱਲੋਂ ਦਹਿਸ਼ਤਗਰਦਾਂ ਦੀ ਰਿਹਾਈ ਦਾ ਕਾਰਨ ਚਾਹੇ ਦਹਿਸ਼ਤਗਰਦਾਂ ਵੱਲੋਂ ਜੱਜਾਂ ਤੇ ਇਨ੍ਹਾਂ

*ਖ਼ਤਰਨਾਕ ਗੱਲ ਇਹ ਵੀ ਹੈ ਕਿ ਕੁਝ ਅਜਿਹੀਆਂ ਮਜ਼ਹਬੀ ਤੇ ਸਿਆਸੀ ਜਮਾਤਾਂ ਵੀ ਹਨ ਜੋ ਤਾਲਿਬਾਨ ਦੀਆਂ ਹਮਾਇਤੀ ਹਨ। ਕਈ ਵਰ੍ਹਿਆਂ ਤੋਂ ਇਨ੍ਹਾਂ ਜਮਾਤਾਂ ਦੇ ਆਗੂ ਤਾਲਿਬਾਨ ਵੱਲੋਂ ਕੀਤੀ ਗਈ ਦਹਿਸ਼ਤਗਰਦੀ ਦੀ ਵਕਾਲਤ ਕਰ ਰਹੇ ਹਨ। ਅਜਿਹੇ ਆਗੂ ਤੇ ਮੁਲਕੀ ਸੁਰੱਖਿਆ ਅਦਾਰੇ ਚੰਗੇ ਤਾਲਿਬਾਨ ਤੇ ਮਾੜੇ ਤਾਲਿਬਾਨ, ਦੋਸਤ ਤਾਲਿਬਾਨ ਤੇ ਦੁਸ਼ਮਣ ਤਾਲਿਬਾਨ ਦੀਆਂ ਹੱਦਬੰਦੀਆਂ 'ਚ ਹੀ ਉਲਝੇ ਹੋਏ ਹਨ। ਸਚਾਈ ਇਹ ਹੈ ਕਿ ਤਾਲਿਬਾਨ ਹੱਥੋਂ ਪਾਕਿਸਤਾਨ ਦੀ ਸਲਾਮਤੀ ਖ਼ਤਰੇ 'ਚ ਪਈ ਹੋਈ ਹੈ। ਮੁਲਕੀ ਅਦਾਰਿਆਂ 'ਚ ਕੰਮ ਕਰਨ ਵਾਲੇ ਕਈ ਮੁਲਾਜ਼ਮ ਇਨ੍ਹਾਂ ਤਾਲਿਬਾਨ ਲਈ ਘਰ ਦੇ ਭੇਤੀ ਦਾ ਕਿਰਦਾਰ ਨਿਭਾਉਂਦੇ ਹਨ।*

ਦੇ ਪਰਿਵਾਰਾਂ ਨੂੰ ਮਿਲਣ ਵਾਲੀਆਂ ਕਤਲ ਦੀਆਂ ਧਮਕੀਆਂ ਹੋਣ ਜਾਂ ਇਨ੍ਹਾਂ ਨਾਲ ਹਮਦਰਦੀ ਦੇ ਜਜ਼ਬਾਤ ਜਾਂ ਇਨ੍ਹਾਂ ਦਾ ਖ਼ੌਫ਼ ਜਾਂ ਫਿਰ ਕਮਜ਼ੋਰ ਗਵਾਹੀਆਂ ਹੋਣ। ਸਭ ਤੋਂ ਅਫ਼ਸੋਸਨਾਕ ਗੱਲ ਇਹ ਹੈ ਕਿ ਇਨ੍ਹਾਂ ਦਹਿਸ਼ਤਗਰਦਾਂ ਨੂੰ ਵੀ ਕੋਈ ਸਜ਼ਾ ਨਹੀਂ ਦਿੱਤੀ ਜਾ ਸਕੀ ਜਿਨ੍ਹਾਂ 'ਤੇ 2008 'ਚ ਮੁੰਬਈ ਹਮਲਿਆਂ ਦਾ ਇਲਜ਼ਾਮ ਹੈ।

ਖ਼ਤਰਨਾਕ ਗੱਲ ਇਹ ਵੀ ਹੈ ਕਿ ਕੁਝ ਅਜਿਹੀਆਂ ਮਜ਼ਹਬੀ ਤੇ ਸਿਆਸੀ ਜਮਾਤਾਂ ਵੀ ਹਨ ਜੋ ਤਾਲਿਬਾਨ ਦੀਆਂ ਹਮਾਇਤੀ ਹਨ। ਕਈ ਵਰ੍ਹਿਆਂ ਤੋਂ ਇਨ੍ਹਾਂ ਜਮਾਤਾਂ ਦੇ ਆਗੂ ਤਾਲਿਬਾਨ ਵੱਲੋਂ ਕੀਤੀ ਗਈ ਦਹਿਸ਼ਤਗਰਦੀ ਦੀ ਵਕਾਲਤ ਕਰ ਰਹੇ ਹਨ। ਅਜਿਹੇ ਆਗੂ ਤੇ ਮੁਲਕੀ ਸੁਰੱਖਿਆ ਅਦਾਰੇ ਚੰਗੇ ਤਾਲਿਬਾਨ ਤੇ ਮਾੜੇ ਤਾਲਿਬਾਨ, ਦੋਸਤ ਤਾਲਿਬਾਨ ਤੇ ਦੁਸ਼ਮਣ ਤਾਲਿਬਾਨ ਦੀਆਂ ਹੱਦਬੰਦੀਆਂ 'ਚ ਹੀ ਉਲਝੇ ਹੋਏ ਹਨ। ਸਚਾਈ ਇਹ ਹੈ ਕਿ ਤਾਲਿਬਾਨ ਹੱਥੋਂ ਪਾਕਿਸਤਾਨ ਦੀ ਸਲਾਮਤੀ ਖ਼ਤਰੇ 'ਚ ਪਈ ਹੋਈ ਹੈ। ਮੁਲਕੀ ਅਦਾਰਿਆਂ 'ਚ ਕੰਮ ਕਰਨ ਵਾਲੇ ਕਈ ਮੁਲਾਜ਼ਮ ਇਨ੍ਹਾਂ ਤਾਲਿਬਾਨ ਲਈ ਘਰ ਦੇ ਭੇਤੀ ਦਾ ਕਿਰਦਾਰ ਨਿਭਾਉਂਦੇ ਹਨ। ਦਹਿਸ਼ਤਗਰਦੀ ਦਾ ਨਿਸ਼ਾਨਾ ਬਣਨ ਵਾਲੇ ਅਸਥਾਨ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ, ਮਦਦ ਤੇ ਸਹੂਲਤ ਪਹੁੰਚਾਉਣ ਦਾ ਪ੍ਰਬੰਧ ਕਰਦੇ ਹਨ। ਮੁਲਕੀ ਅਦਾਰਿਆਂ ਦੀਆਂ ਅਜਿਹੀਆਂ ਕਾਲੀਆਂ ਭੇਡਾਂ ਕਾਰਨ ਮੁਲਕ ਨੂੰ ਕਰੋੜਾਂ-ਅਰਬਾਂ ਦਾ ਮਾਲੀ ਤੇ ਨਾ ਪੂਰਾ ਹੋਣ ਵਾਲਾ ਜਾਨੀ ਨੁਕਸਾਨ ਬਰਦਾਸ਼ਤ ਕਰਨਾ ਪੈ ਰਿਹਾ ਹੈ।

ਦਰਅਸਲ ਤਾਲਿਬਾਨ ਇਕ ਸੋਚ ਜਾਂ ਮਾਨਸਿਕਤਾ ਦਾ ਨਾਂ ਹੈ। ਕਈ ਅਜਿਹੇ ਮਦਰੱਸੇ ਹਨ, ਜਿਥੇ ਇਸ ਤਰ੍ਹਾਂ ਦੀ ਮਾਨਸਿਕਤਾ ਵਾਲਾ ਜ਼ਹਿਨ ਬਣਾਉਣ ਲਈ ਛੋਟੀ ਉਮਰ ਦੇ ਮੁੰਡਿਆਂ ਨੂੰ ਜ਼ਹਿਨੀ ਤੇ ਸਰੀਰਕ ਸਿੱਖਿਆ ਦਿੱਤੀ ਜਾਂਦੀ ਹੈ। ਜਹਾਦ ਬਾਰੇ ਇਨ੍ਹਾਂ ਬੱਚਿਆਂ ਨੂੰ ਆਪਣਾ ਹੀ ਘੜਿਆ ਤੇ ਗੁੰਮਰਾਹ ਕਰਨ ਵਾਲਾ ਲਿਟਰੇਚਰ ਇਸਲਾਮ ਦੇ ਨਾਂ ਹੇਠ ਪੜ੍ਹਾਇਆ ਜਾਂਦਾ ਹੈ। ਮਦਰੱਸਿਆਂ 'ਚ ਬਚਪਨ ਤੋਂ ਹੀ ਦਿੱਤੀ ਹੋਈ ਇਹ ਤਾਲਿਬਾਨੀ ਸੋਚ ਤੇ ਨਜ਼ਰੀਆ ਇਕ ਖਾਸ ਤਰ੍ਹਾਂ ਦੀ ਮਾਨਸਿਕਤਾ ਲੈ ਚੁੱਕਾ ਹੈ। ਇਹ ਮਾਨਸਿਕਤਾ ਕੇਵਲ ਮੁਲਕ ਦੇ ਹਰ ਤਬਕੇ 'ਚ ਹੀ ਥੋੜ੍ਹੀ-ਬਹੁਤ ਮੌਜੂਦ ਨਹੀਂ, ਬਲਕਿ ਇਹ ਸਿਵਲ ਤੇ ਫ਼ੌਜੀ ਅਦਾਰਿਆਂ ਤੇ ਕੁਝ ਆਮ ਮੁਲਾਜ਼ਮਾਂ ਤੇ ਅਫਸਰਾਂ ਵਿਚ ਵੀ ਮੌਜੂਦ ਹੈ।

ਜਦ ਤੱਕ ਇਸ ਤਾਲਿਬਾਨੀ ਦਹਿਸ਼ਤਗਰਦੀ ਵਾਲੀ ਮਾਨਸਿਕਤਾ ਨੂੰ ਵਧੀਆ ਯੋਜਨਾਬੰਦੀ ਤੇ ਪੂਰੀ ਰਿਆਸਤੀ ਤਾਕਤ ਨਾਲ ਖ਼ਤਮ ਨਾ ਕੀਤਾ ਗਿਆ, ਉਸ ਸਮੇਂ ਤੱਕ ਪਾਕਿਸਤਾਨ ਵਿਚੋਂ ਦਹਿਸ਼ਤਗਰਦੀ ਦੇ ਇਸ ਮਜ਼ਬੂਤ ਰੁੱਖ ਨੂੰ ਮੁੱਢੋਂ ਨਹੀਂ ਪੁੱਟਿਆ ਜਾ ਸਕਦਾ ਉਤੇ ਨਾ ਹੀ ਪਾਕਿਸਤਾਨ ਦੇ ਗੁਆਂਢੀ ਮੁਲਕ ਸੁੱਖ ਦਾ ਸਾਹ ਲੈ ਸਕਦੇ ਹਨ। ਖ਼ਿੱਤੇ 'ਚ ਅਮਨ ਤੇ ਸਲਾਮਤੀ ਲਈ ਤਾਲਿਬਾਨੀ ਜਹਾਦੀ ਮਾਨਸਿਕਤਾ ਦਾ ਖ਼ਾਤਮਾ ਜ਼ਰੂਰੀ ਹੈ। ਇਹ ਮਾਨਸਿਕਤਾ ਹਿੰਦੁਸਤਾਨ-ਪਾਕਿਸਤਾਨ ਵਿਚਕਾਰ ਦੋਸਤੀ ਤੇ ਮਸਲਿਆਂ ਦੇ ਹੱਲ ਅੱਗੇ ਸਭ ਤੋਂ ਵੱਡੀ ਕੰਧ ਹੈ ਜਿਸ ਦਾ ਢਾਇਆ ਜਾਣਾ ਜ਼ਰੂਰੀ ਹੈ।

# ਟੇਢੀ ਖੀਰ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਬਹੁਤ ਸਾਰੇ ਮੁਹਾਵਰਿਆਂ ਦਾ ਖੁਰਾ ਖੋਜ ਲਭਣਾ ਟੇਢੀ ਖੀਰ ਹੈ। ਸਾਡੀ ਭਾਸ਼ਾ ਵਿਚ ਅਜਿਹਾ ਕੰਮ ਬਹੁਤ ਘੱਟ ਹੋਇਆ ਹੈ। ਟੇਢੀ ਖੀਰ ਬਾਰੇ ਵੀ ਕੁਝ ਅਜਿਹਾ ਹੀ ਕਿਹਾ ਜਾ ਸਕਦਾ ਹੈ। ਹਾਂ, ਟੇਢਾ ਸ਼ਬਦ ਕਈ ਉਕਤੀਆਂ ਜਾਂ ਪ੍ਰਸੰਗਾਂ ਵਿਚ 'ਔਖਾ', 'ਵਖਰਾ', 'ਅਜੀਬ', 'ਛਲੀਆ', 'ਕਪਟੀ', 'ਚਲਾਕ' ਦੇ ਅਰਥਾਂ ਵਿਚ ਜ਼ਰੂਰ ਆਉਂਦਾ ਹੈ ਜਿਵੇਂ ਟੇਢੀ ਪੱਗ, ਟੇਢਾ ਮਾਮਲਾ, ਨਾਚ ਨਾ ਜਾਣੇ ਆਂਗਣ ਟੇਢਾ ਆਦਿ। ਵਾਰਿਸ ਸ਼ਾਹ ਨੇ ਚਲਾਕੀ ਦੇ ਅਰਥਾਂ ਵਿਚ ਟੇਢ ਸ਼ਬਦ ਦੀ ਵਰਤੋਂ ਕੀਤੀ ਹੈ। ਸਹਿਤੀ ਰਾਂਝੇ ਨੂੰ ਆਖਦੀ ਹੈ,

ਨਾ ਤੂੰ ਵੈਦ ਮਾਂਦਰੀ, ਨਾ ਮੁੱਲਾਂ,<br>
ਝਾੜੇ ਜ਼ੈਬ ਦੇ ਕਾਸ ਨੂੰ ਪਾਉਨਾਂ ਹੈ।<br>
ਚੋਰ ਚੂਹੜੇ ਵਾਂਗ ਹੈ ਟੇਢ ਤੇਰੀ,<br>
ਪਈ ਜਾਪਦੀ ਸਿਰੀ ਭਨਾਉਂਦਾ ਹੈ।

ਕਬੀਰ ਸਾਹਿਬ ਫਰਮਾਉਂਦੇ ਹਨ, "ਚਲਤ ਕਤ ਟੇਢੇ ਟੇਢ ਟੇਢੇ॥ ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ॥" ਅਰਥਾਤ ਤੂੰ ਤੇਢੇ ਟੇਢ ਭਾਵ ਆਕੜ ਆਕੜ ਕੇ ਕਿਉਂ ਤੁਰਦਾ ਹੈਂ, ਤੂੰ ਹੱਡੀਆਂ, ਚਮੜੀ ਅਤੇ ਗੂੰਹ ਨਾਲ ਅਤੇ ਚਮੜੇ ਦੀ ਬਦਬੋ ਨਾਲ ਲਿਬੜਿਆ ਪਿਆ ਹੈਂ? ਟੇਢੀ ਪੱਗ ਵੀ ਆਕੜ, ਗੁਸਤਾਖੀ ਦੀ ਲਖਾਇਕ ਹੈ, "ਟੇਢੀ ਪਾਗ ਟੇਢੇ ਚਲੇ ਲਗੇ ਬੀਰੇ ਖਾਨ।" ਬੁਲ੍ਹੇ ਸ਼ਾਹ ਵੀ ਕਹਿੰਦੇ ਹਨ,

ਖਾਵੇਂ ਮਾਸ ਚਬਾਵੇਂ ਬੀੜੇ,<br>
ਅੰਗ ਪੁਸ਼ਾਕ ਲਗਾਇਆ ਈ।<br>
ਟੇਢੀ ਪਗੜੀ ਅੱਕੜ ਚੱਲੇਂ,<br>
ਜੁੱਤੀ ਪੈਰ ਲਗਾਇਆ ਈ।

ਪ੍ਰਸ਼ਨ ਉਠਦਾ ਹੈ ਕਿ ਖੀਰ ਜਿਹਾ ਦ੍ਰਵ ਪਕਵਾਨ ਕੀ ਟੇਢਾ ਜਾਂ ਸਿੱਧਾ ਹੋ ਸਕਦਾ ਹੈ? "ਖੀਰ ਨੀਰ ਦਾ ਨਿਬੇੜਾ" ਵਾਲੇ ਲੇਖ ਵਿਚ ਅਸੀਂ ਖੀਰ ਰਿਝਣਾ ਜਾਂ ਢਕੀ ਖੀਰ ਰਿਝਣਾ ਮੁਹਾਵਰੇ ਦਾ ਜ਼ਿਕਰ ਕੀਤਾ ਸੀ ਜਿਸ ਦਾ ਅਰਥ ਗੁੱਝਾ ਮਤਾ ਪਕਾਉਣਾ, ਸਾਜ਼ਿਸ਼ ਕਰਨਾ ਜਿਹਾ ਹੁੰਦਾ ਹੈ। ਇਸ ਤੋਂ ਖੀਰ ਦਾ 'ਗੁੱਝਾ ਮਾਮਲਾ' ਜਿਹਾ ਅਰਥ ਹਥਿਆਉਂਦਾ ਹੈ। ਸੋ, ਟੇਢਾ ਮਾਮਲਾ ਦੀ ਤਰ੍ਹਾਂ ਟੇਢੀ ਖੀਰ ਉਕਤੀ ਪ੍ਰਚਲਤ ਹੋ ਗਈ ਹੋਵੇਗੀ। ਜਾਂ ਫਿਰ "ਘਿਉ ਕੱਢਣ ਲਈ ਉਂਗਲੀ ਨੂੰ ਟੇਢਾ ਕਰਨਾ ਪੈਂਦਾ ਹੈ" ਕਹਾਵਤ ਨੂੰ ਕੁਝ ਟੇਢੇ ਢੰਗ ਨਾਲ ਖੀਰ 'ਤੇ ਲਾਗੂ ਕਰ ਦਿੱਤਾ ਗਿਆ ਹੋਵੇਗਾ। ਉਂਜ ਭਾਂਡੇ ਵਿਚ ਖੀਰ ਥੋੜ੍ਹੀ ਰਹਿ ਗਈ ਹੋਵੇ ਤਾਂ ਰਹਿੰਦੀ ਖੀਰ ਨੂੰ ਖਾਣ ਲਈ ਭਾਂਡੇ ਨੂੰ ਵੀ ਟੇਢਾ ਕਰਨਾ ਪੈ ਸਕਦਾ ਹੈ ਜਿਵੇਂ ਸਕੂਟਰ ਵਿਚ ਪੈਟਰੌਲ ਘਟ ਗਿਆ ਹੋਵੇ ਤਾਂ ਇਸ ਨੂੰ ਟੇਢਾ ਕਰਕੇ ਕੰਮ ਰੇੜ੍ਹਨਾ ਪੈਂਦਾ ਹੈ। ਲਗਦਾ ਹੈ ਅਸੀਂ ਚਰਚਿਤ ਮੁਹਾਵਰੇ ਦਾ ਅਰਥ ਕੱਢਣ ਲਈ ਉਘ ਦੀਆਂ ਪਤਾਲ ਹੀ ਮਾਰ ਰਹੇ ਹਾਂ। ਸੱਚੀ ਗੱਲ ਹੈ, ਮੈਂ ਇਸ ਬਾਰੇ ਕੁਝ ਵੀ ਨਿਸ਼ਚਿਤ ਤੌਰ 'ਤੇ ਨਹੀਂ ਕਹਿ ਸਕਦਾ। ਕਈ ਕਹਾਵਤਾਂ ਮੁਹਾਵਰਿਆਂ ਆਦਿ ਦੇ ਉਦਗਮ ਬਾਰੇ ਕਈ ਤਰ੍ਹਾਂ ਦੀਆਂ ਕਹਾਣੀਆਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ ਜਿਨ੍ਹਾਂ ਦੇ ਸਹੀ ਹੋਣ ਬਾਰੇ ਨਿਸ਼ਚਿਤਤਾ ਨਾਲ ਨਹੀਂ ਕਿਹਾ ਜਾ ਸਕਦਾ। ਕੁਝ ਇਕ ਦਾ ਮੈਂ ਫਿਰ ਕਦੇ ਜ਼ਿਕਰ ਕਰਾਂਗਾ। ਅੱਜ "ਟੇਢੀ ਖੀਰ" ਮੁਹਾਵਰੇ ਦਾ ਅਰਥ ਸੁਝਾਉਂਦੀ ਇਕ ਬਹੁ-ਪ੍ਰਵਾਣਤ ਕਥਾ ਜ਼ਰੂਰ ਸੁਣਾ ਦਿੰਦਾ ਹਾਂ ਜੋ ਮੈਂ ਕੁਝ ਸਮਾਂ ਪਹਿਲਾਂ ਕਿਧਰੇ ਪੜ੍ਹੀ ਸੀ। ਹਾਂ, ਇਕ ਕੋਸ਼ ਵਿਚ ਖੀਰ ਦੇ ਇੰਦਰਾਜ ਅਧੀਨ ਵੀ ਇਹ ਕਹਾਣੀ ਸੰਖੇਪ ਵਿਚ ਅੰਕਿਤ ਕੀਤੀ ਗਈ ਹੈ।



ਇਕ ਪਿੰਡ ਵਿਚ ਇਕ ਖਾਂਦੇ ਪੀਂਦੇ ਘਰ ਦਾ ਨੌਜਵਾਨ ਹੁੰਦਾ ਹੈ। ਇਕ ਦਿਨ ਉਸ ਦੀ ਮੁਲਕਾਤ ਇਕ ਹੋਰ ਹਮਉਮਰ ਮੁੰਡੇ ਨਾਲ ਹੋ ਗਈ। ਦੋਨੋਂ ਦੋਸਤ ਬਣ ਗਏ ਪਰ ਦੋਨਾਂ ਵਿਚ ਦੋ ਵਿਸ਼ੇਸ਼ ਅੰਤਰ ਸਨ। ਪਹਿਲਾ ਤਾਂ ਇਹ ਕਿ ਜਿਵੇਂ ਦੱਸਿਆ ਜਾ ਚੁੱਕਾ ਹੈ, ਪਹਿਲਾ ਮੁੰਡਾ ਅਮੀਰ ਘਰੋਂ ਸੀ ਜਦ ਕਿ ਦੂਜੇ ਨੂੰ ਦੋ ਡੰਗ ਦੀ ਰੋਟੀ ਵੀ ਮੁਸ਼ਕਿਲ ਨਾਲ ਹੀ ਜੁੜਦੀ ਸੀ। ਦੂਸਰੀ ਇਹ ਕਿ ਇਹ ਦੂਜਾ ਮੁੰਡਾ ਨੇਤਰਹੀਣ ਸੀ ਜਦ ਕਿ ਪਹਿਲਾ ਪੂਰਾ ਸੁਜਾਖਾ ਸੀ। ਨੇਤਰਹੀਣ ਲੜਕਾ ਆਮ ਨੇਤਰਹੀਣਾਂ ਦੀ ਤਰ੍ਹਾਂ ਚੀਜ਼ਾਂ ਦੀ ਪਛਾਣ ਹੱਥਾਂ ਨਾਲ ਟਟੋਲ ਟਟੋਲ ਕੇ ਕਰਦਾ ਸੀ। ਦੋਵੇਂ ਦੋਸਤ ਅਕਸਰ ਮਿਲਦੇ ਰਹਿੰਦੇ। ਇਕ ਦਿਨ ਸੁਜਾਖੇ ਨੇ ਨੇਤਰਹੀਣ ਨੂੰ ਆਪਣੇ ਘਰ ਖਾਣੇ 'ਤੇ ਬੁਲਾਇਆ। ਉਸ ਨੂੰ ਹੋਰ ਕੀ ਚਾਹੀਦਾ ਸੀ, ਇਕ ਦਿਨ ਤਾਂ ਢਿਡ ਭਰ ਕੇ ਖਾਣਾ ਖਾਣ ਨੂੰ ਮਿਲੇਗਾ। ਮੇਜ਼ਬਾਨ ਨੇ ਕਈ ਤਰ੍ਹਾਂ ਦੇ ਪਕਵਾਨ ਬਣਾ ਕੇ ਆਪਣੇ ਦੋਸਤ ਨੂੰ ਪੇਸ਼ ਕੀਤੇ। ਉਸ ਨੇ ਢਿਡ ਭਰ ਕੇ ਖਾਧਾ। ਉਸ ਨੂੰ ਪਹਿਲੀ ਵਾਰੀ ਵਧੀਆ ਭੋਜਨ ਤੇ ਅਮੀਰੀ ਦਾ ਅਹਿਸਾਸ ਹੋਇਆ। ਖਾਣੇ ਦੇ ਅਖੀਰ ਵਿਚ ਮਿੱਠੀ ਚੀਜ਼ ਵਜੋਂ ਖੀਰ ਪੇਸ਼ ਕੀਤੀ ਗਈ। ਸਾਰੀ ਕਟੋਰੀ ਚੱਟ ਚੱਟ ਕੇ ਖਾਣ ਪਿਛੋਂ ਉਸ ਨੇ ਆਪਣੇ ਦੋਸਤ ਨੂੰ ਪੁਛਿਆ, "ਬੜਾ ਲਜ਼ੀਜ਼ ਪਕਵਾਨ ਹੈ, ਕੀ ਹੈ ਇਹ?" ਮੇਜ਼ਬਾਨ ਬਹੁਤ ਖੁਸ਼ ਹੋਇਆ। ਉਸ ਨੇ ਦੱਸਿਆ ਕਿ ਇਹ ਖੀਰ ਹੈ। ਇਸ 'ਤੇ ਨੇਤਰਹੀਣ ਦੋਸਤ ਨੇ ਸਵਾਲ ਕੀਤਾ, "ਇਹ ਖੀਰ ਦੇਖਣ ਨੂੰ ਕਿਸ ਤਰ੍ਹਾਂ ਦੀ ਲੱਗਦੀ ਹੈ?" ਜਵਾਬ ਆਇਆ, "ਦੁੱਧ ਵਾਂਗ ਚਿੱਟੀ।" ਜਿਸ ਦੀਆਂ ਅੱਖਾਂ ਵਿਚ ਨਜ਼ਰ ਹੀ ਨਾ ਹੋਵੇ ਉਸ ਨੂੰ ਭਲਾ ਰੰਗਾਂ ਦੀ ਕੀ ਸਮਝ? ਉਸ ਲਈ ਕਾਲੀ ਮੱਝ ਤੇ ਗੋਰੀ ਗਾਂ ਇਕੋ ਜਿਹੀ ਹੈ। ਸੋ, ਉਸ ਨੇ ਅਗਲਾ ਸਵਾਲ ਕੀਤਾ, "ਚਿੱਟਾ ਕਿਸ ਤਰ੍ਹਾਂ ਦਾ ਹੁੰਦਾ ਹੈ?" ਮੇਜ਼ਬਾਨ ਦੋਸਤ ਨੂੰ ਜਵਾਬ ਸੁਝਿਆ, "ਚਿੱਟਾ, ਮਤਲਬ ਕਿ ਬਗਲੇ ਵਰਗਾ।" ਮੰਦਭਾਗੇ ਦੋਸਤ ਨੇ ਬਗਲਾ ਪੰਛੀ ਬਾਰੇ ਸੁਣਿਆ ਤਾਂ ਸੀ ਪਰ ਸਪਸ਼ਟ ਕਾਰਨਾਂ ਕਰਕੇ ਉਸ ਦਾ ਚਿੱਤਰ ਉਸ ਦੇ ਮਨ ਵਿਚ ਨਹੀਂ ਸੀ ਉਕਰਿਆ ਹੋਇਆ। ਉਸ ਨੇ ਜਗਿਆਸਾ ਵਸ ਪੁਛਿਆ, "ਬਗਲਾ ਕਿਹੋ ਜਿਹਾ ਹੁੰਦਾ ਹੈ?" ਮਿਹਰਬਾਨ ਮੇਜ਼ਬਾਨ ਦੋਸਤ ਦੇ ਸਾਹਮਣੇ ਹੁਣ ਬਗਲੇ ਦਾ ਹੁਲੀਆ ਦਰਸਾਉਣ ਦਾ ਮਸਲਾ ਸੀ। ਸੋਚ-ਸਾਚ ਕੇ ਉਸ ਨੂੰ ਸਮਝਾਉਣ ਦੀ ਤਰਕੀਬ ਸੁਝ ਗਈ। ਉਸ ਨੇ ਆਪਣੇ ਇਕ ਹੱਥ ਦੀਆਂ ਉਂਗਲੀਆਂ ਨੂੰ ਮੋੜ ਕੇ ਚੁੰਜ ਵਰਗਾ ਬਣਾਇਆ ਅਤੇ ਦੂਸਰੇ ਹੱਥ ਨੂੰ ਵੀਣੀ ਤੋਂ ਮੋੜ ਕੇ ਉਸ ਨੂੰ ਚੁੰਜ ਬਣਾਏ ਹੱਥ ਅੱਗੇ ਕਰ ਦਿੱਤਾ। ਇਸ ਤਰ੍ਹਾਂ ਉਸ ਨੇ ਆਪਣੇ ਵਲੋਂ ਬਗਲੇ ਦਾ ਆਕਾਰ ਬਣਾ ਦਿੱਤਾ। ਫਿਰ ਉਸ ਨੇ ਆਪਣੇ ਨੇਤਰਹੀਣ ਦੋਸਤ ਨੂੰ ਬਗਲੇ ਦੀ ਸ਼ਕਲ ਬਾਰੇ ਛੂਹ ਕੇ ਪਤਾ ਲਾਉਣ ਲਈ ਕਿਹਾ। ਉਸ ਨੇ ਅਜਿਹਾ ਹੀ ਕੀਤਾ। ਉਸ ਦੇ ਮਨ ਵਿਚ ਆਖਰਕਾਰ ਖੀਰ ਬਾਰੇ ਜਾਨਣ ਦੀ ਹੀ ਉਤਸੁਕਤਾ ਸੀ। ਸੋ, ਦੋਸਤ ਦੇ ਹੱਥ ਟਟੋਲਣ ਪਿਛੋਂ ਹੈਰਾਨ ਹੋਇਆ ਉਹ ਬੋਲਿਆ, "ਵਾਹ ਬਈ ਵਾਹ, ਇਹ ਖੀਰ ਤਾਂ ਬੜੀ ਟੇਢੀ ਚੀਜ਼ ਹੁੰਦੀ ਹੈ!"

# ਰੱਖ ਸਬਰ ਆਊ ਸੰਤੋਖ ਲੋਕਾ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਪਾਲੀ ਅਤੇ ਲਾਲੀ ਸਕੇ ਭਰਾ ਹਨ। ਮਿਹਨਤੀ ਪੂਰੇ ਪਰ ਕਿਸਮਤ ਸਾਥ ਨਹੀਂ ਸੀ ਦੇ ਰਹੀ। ਪੱਕੀ ਫਸਲ 'ਤੇ ਮੀਂਹ ਵਰ੍ਹ ਜਾਂਦਾ ਜਾਂ ਮੀਂਹ ਦੀ ਲੋੜ ਸਮੇਂ ਸੋਕੇ ਦਾ ਕਹਿਰ ਟੁੱਟਾ ਪੈਂਦਾ। ਕਦੇ ਸੱਜਰ ਸੂਈ ਮੱਝ ਮਰ ਜਾਂਦੀ ਤੇ ਕਦੇ ਬਲਦ ਖੁਰਲੀ 'ਤੇ ਖੜ੍ਹਾ-ਖੜ੍ਹਾ ਸਵਾਸ ਤਿਆਗ ਜਾਂਦਾ। ਦੋਵੇਂ ਨਸ਼ੇ ਨੂੰ ਮੂੰਹ ਨਾ ਲਾਉਂਦੇ ਪਰ ਕੁਦਰਤੀ ਕਿਆਮਤਾਂ ਚਾਰ ਛਿੱਲੜ ਇਕੱਠੇ ਨਾ ਹੋਣ ਦਿੰਦੀਆਂ। ਬਹੁਤਾ ਕੰਮ ਉਹ ਹੱਥੀਂ ਕਰਦੇ, ਦਿਹਾੜੀ 'ਤੇ ਬੰਦਾ ਨਾ-ਸਰਦੇ ਨੂੰ ਹੀ ਲਿਜਾਂਦੇ। ਗੁਰਦੁਆਰੇ ਵੀ ਮਹੀਨੇ ਬਾਅਦ ਸੰਗਰਾਂਦ 'ਤੇ ਮੱਥਾ ਟੇਕਣ ਜਾਂਦੇ। ਅਸੂਲਾਂ 'ਤੇ ਪੂਰੇ ਉਤਰਦੇ ਪਰ ਕੁੜਤੇ ਨਾਲ ਪਜਾਮਾ ਨਾ ਜੁੜਦਾ। ਡੱਬੀਆਂ ਵਾਲੀ ਚਾਦਰ ਹੀ ਬੰਨ੍ਹ ਲੈਂਦੇ।

ਪਿੰਡ ਦਾ ਨੰਬਰਦਾਰ ਬਹੁਤ ਚਲਾਕ ਸੀ। ਉਸ ਦੀ ਜ਼ਮੀਨ ਪਾਲੀ ਹੋਰਾਂ ਦੇ ਖੇਤ ਨਾਲ ਲੱਗਦੀ ਸੀ, ਪਰ ਸੜਕ 'ਤੇ ਮੱਥਾ ਪਾਲੀ ਹੋਰਾਂ ਦੀ ਜ਼ਮੀਨ ਦਾ ਲੱਗਦਾ ਸੀ। ਨੰਬਰਦਾਰ ਦੇ ਮਨ ਵਿਚ ਚਲਾਕੀ ਨੇ ਲਲਕਾਰਾ ਮਾਰਿਆ ਕਿ ਉਹ ਦੋਹਾਂ ਭਰਾਵਾਂ ਦੇ ਪਿਆਰ ਵਿਚ ਕੰਧ ਬਣ ਕੇ ਖਲੋ ਜਾਵੇ। ਦੋਵਾਂ ਦਾ ਪਿਆਰ ਟੁੱਟ ਗਿਆ ਤਾਂ ਸਮਝੋ ਉਹਦਾ ਖੇਤ ਸੜਕ ਨਾਲ ਜੁੜ ਗਿਆ। ਉਹ ਵਿਉਂਤਾਂ ਘੜਨ ਲੱਗਾ।

ਪਾਲੀ ਤੇ ਲਾਲੀ ਅਜੇ ਕੁਆਰੇ ਹੀ ਸਨ। ਵੱਡੀ ਭੈਣ ਉਨ੍ਹਾਂ ਵਿਆਹ ਦਿੱਤੀ ਸੀ। ਬਾਪੂ ਨਿਹੰਗ ਸਿੰਘ ਸਜਿਆ ਹੋਇਆ ਸੀ, ਘਰੇ ਹਾੜ੍ਹੀ ਸਾਉਣੀ ਹੀ ਵੜਦਾ ਸੀ। ਬੇਬੇ ਰੋਟੀ ਪਕਾ ਦਿੰਦੀ। ਇਕ ਦਿਨ ਦੋਵੇਂ ਕਣਕ ਵੱਢ ਰਹੇ ਸਨ, ਨਾਲ ਦਿਹਾੜੀ 'ਤੇ ਵਿਹੜੇ ਵਾਲਾ ਕੈਲੋ ਸੀ। ਪਾਲੀ ਸਾਹ ਲੈਣ ਲਈ ਉਠ ਕੇ ਖੜ੍ਹਾ ਹੋਇਆ, ਚਾਰੇ ਪਾਸੇ ਨਿਗ੍ਹਾ ਘੁੰਮਾਈ; ਬੇਬੇ ਦਸ ਵਜੇ ਵਾਲੀ ਚਾਹ ਲਈ ਆਉਂਦੀ ਦਿਸੀ। ਦੂਜੇ ਪਾਸੇ ਸੜਕ 'ਤੇ ਨੰਬਰਦਾਰ ਦਾ ਮੁੰਡਾ ਜੀਤਾ ਕਾਲੀਆਂ ਐਨਕਾਂ ਲਾਈ ਸਕੂਟਰ 'ਤੇ ਭੱਈਆਂ ਦੀ ਚਾਹ ਫੜਾਉਣ ਆਇਆ ਸੀ। ਪਾਲੀ ਦੇ ਮੂੰਹੋਂ ਨਿਕਲਿਆ, "ਵਾਹ ਉਏ ਰੱਬਾ! ਭਲੇ ਬੰਦਿਆਂ ਨੂੰ ਤੂੰ ਨੰਗੇ ਪੈਰੀਂ ਤੋਰਦੈਂ, ਤੇ ਆਹ ਲਫੰਡਰਾਂ ਨੂੰ ਤੈਂ ਘੋੜੇ ਦਿੱਤੇ ਆ।" ਪਾਲੀ ਦੀ ਗੱਲ ਸੁਣ ਕੇ ਕੈਲੋ ਵੀ ਉਠ ਖੜ੍ਹਾ ਹੋਇਆ, "ਪਾਲ ਸਿਆਂ! ਕਿਸਮਤ ਦੀਆਂ ਗੱਲਾਂ ਨੇ, ਹੌਸਲਾ ਰੱਖ, ਇਕ ਦਿਨ ਤੁਹਾਡੇ ਵੀ ਦਿਨ ਫਿਰਨਗੇ।" ਲਾਲੀ ਨੇ ਆਪਣੀ ਸੱਥਰੀ ਇਕੱਠੀ ਕੀਤੀ ਤੇ ਲੱਕ 'ਤੇ ਹੱਥ ਧਰ ਕੇ ਖੜ੍ਹਾ ਹੋ ਗਿਆ।

ਬੇਬੇ ਚਾਹ ਲੈ ਕੇ ਪਹੁੰਚ ਗਈ। ਉਹਨੇ ਚੁੰਨੀ ਲੜ ਬੰਨ੍ਹੀ ਸਿਰ ਦੁਖਦੇ ਦੀ ਗੋਲੀ ਪਾਲੀ ਨੂੰ ਫੜਾਉਂਦਿਆਂ ਕਿਹਾ, "ਲੈ ਪੁੱਤ, ਆਹ ਖਾ ਲੈ। ਸਵੇਰੇ ਘਰੋਂ ਤੁਰਦਾ ਆਖਦਾ ਸੀ, ਸਰੀਰ ਟੁੱਟੀ ਜਾਂਦਾ। ਮੈਂ ਫੌਜੀ ਡਾਕਟਰ ਤੋਂ ਲੈ ਕੇ ਆਈ ਆਂ।" ਪਾਲੀ ਨੇ ਗੋਲੀ ਖਾ ਲਈ। ਫਿਰ ਚਾਹ ਪੀਂਦਿਆਂ ਲਾਲੀ ਬੇਬੇ ਨੂੰ ਪੁੱਛਣ ਲੱਗਿਆ, "ਬੇਬੇ, ਜਦੋਂ ਅਸੀਂ ਛੋਟੇ ਹੁੰਦੇ ਸੀ, ਤੂੰ ਸਾਨੂੰ ਨਾਨਕੀ ਸੰਤਾਂ ਦੇ ਜੋੜ ਮੇਲੇ 'ਤੇ ਲਿਜਾਂਦੀ ਹੁੰਦੀ ਸੀ...ਉਥੇ ਸੰਤ ਕਥਾ ਕਰਦੇ ਹੁੰਦੇ ਸੀ ਕਿ ਜਿਹੜਾ ਆਦਮੀ ਦਸਾਂ ਨਹੁੰਆਂ ਦੀ ਕਿਰਤ ਕਰਦਾ ਹੈ, ਕਿਸੇ ਦਾ ਮਾੜਾ ਨਹੀਂ ਕਰਦਾ, ਬੇਈਮਾਨੀ ਨਹੀਂ ਕਰਦਾ, ਕੋਈ ਨਸ਼ਾ-ਪੱਤਾ ਨਹੀਂ ਕਰਦਾ, ਉਸ ਬੰਦੇ 'ਤੇ ਗੁਰੂਆਂ ਦਾ ਮਿਹਰ ਭਰਿਆ ਹੱਥ ਹੁੰਦਾ ਹੈ। ਉਸ ਬੰਦੇ ਕੋਲ ਕਿਸੇ ਚੀਜ਼ ਦੀ ਘਾਟ ਨਹੀਂ ਹੁੰਦੀ, ਪਰ ਇੱਧਰ ਸਾਡੇ ਵੱਲ ਦੇਖ...ਅਸੀਂ ਬਾਰਾਂ ਮਹੀਨੇ ਤੀਹ ਦਿਨ ਤੰਗੀਆਂ-ਤੁਰਸ਼ੀਆਂ ਨਾਲ ਲੜਦੇ ਹਾਂ। ਸਾਡੇ ਉਲਟ ਨੰਬਰਦਾਰ ਦਿਨ ਦੁੱਗਣੀ ਚਾਰ ਚੌਗਣੀ ਤਰੱਕੀ ਕਰੀ ਜਾਂਦਾ। ਸ਼ਰਾਬ ਵੀ ਰੱਜ ਕੇ ਪੀਂਦਾ, ਰਿਸ਼ਵਤ ਵੀ ਲੈਂਦਾ ਤੇ ਬੇਈਮਾਨੀ ਵੀ ਕਰੀ ਜਾਂਦਾ। ਇੱਦਾਂ ਕਿਉਂ? ਜੇ ਉਹ ਸੰਤ ਜਿਉਂਦੇ ਨੇ, ਆਪਾਂ ਉਨ੍ਹਾਂ ਕੋਲੋਂ ਪੁੱਛੀਏ ਤਾਂ ਸਹੀ।"

"ਪੁੱਤ! ਜੋ ਪਰਮਾਤਮਾ ਕਰਦਾ, ਸਭ ਠੀਕ ਹੁੰਦੈ। ਬਹੁਤਾ ਸੁੱਖ ਬਹੁਤੀ ਮਾਇਆ ਨਾਲ ਨਹੀਂ ਆਉਂਦਾ; ਸਬਰ-ਸੰਤੋਖ ਨਾਲ ਮਿਲਦਾ। ਸੱਚੀ ਕਿਰਤ ਨੂੰ ਇਕ ਦਿਨ ਫਲ ਜ਼ਰੂਰ ਲੱਗਦਾ ਤੇ ਸਬਰ ਦਾ ਫਲ ਮਿੱਠਾ ਹੁੰਦਾ। ਬਹੁਤਾ ਫਿਕਰ ਨਾ ਕਰਿਆ ਕਰ, ਤੰਦਰੁਸਤੀ ਮਾਇਆ ਦਾ ਵੱਡਾ ਖਜ਼ਾਨਾ ਹੁੰਦੀ ਆ। ਮਿਹਨਤ ਕਰੋ, ਸਭ ਠੀਕ ਹੋ ਜਾਵੇਗਾ।" ਬੇਬੇ ਨੇ ਸੰਤਾਂ ਦੀ ਸੰਗਤ ਕੀਤੀ ਹੋਣ ਕਰ ਕੇ ਲੱਖਾਂ ਦੀ ਗੱਲ ਸੁਣਾ ਦਿੱਤੀ।

"ਬੇਬੇ, ਜੱਸੋਵਾਲੀਆ ਡਾਕਟਰ ਆਊਗਾ... ਮੱਝ ਦੇ ਟੀਕਾ ਲਵਾ ਲਈਂ। ਸਾਡੇ ਵਿਚੋਂ ਇਕ ਜਣਾ ਅੱਜ ਛੇਤੀ ਘਰ ਆ ਜਾਊਗਾ। ਦੁਪਹਿਰ ਦੀ ਰੋਟੀ ਅਸੀਂ ਆਪੇ ਘਰੋਂ ਫੜ ਲਿਆਵਾਂਗੇ। ਤੂੰ ਆਰਾਮ ਕਰ ਲਈਂ।" ਲਾਲੀ ਨੇ ਕੱਪ ਮਿੱਟੀ ਨਾਲ ਮਾਂਜਦਿਆਂ ਕਿਹਾ।

"ਭਾਈ! ਆਪ ਹੀ ਹੱਥ ਫੂਕੀ ਜਾਵੇਂਗੀ? ਨੂੰਹ ਰਾਣੀ ਕਿਉਂ ਨਹੀਂ ਲਿਆਉਂਦੀ।" ਨੰਬਰਦਾਰ ਨੇ ਆਉਂਦਿਆਂ ਹੀ ਕਿਹਾ।

"ਭਾਈ ਜੀ! ਜਦੋਂ ਪਰਮਾਤਮਾ ਨੇ ਚਾਹਿਆ, ਇਹ ਕਾਰਜ ਵੀ ਪੂਰਾ ਹੋ ਜਾਊ। ਮੈਂ ਕੌਣ ਹੁੰਦੀ ਆਂ ਨੂੰਹਾਂ ਲਿਆਉਣ ਵਾਲੀ।" ਲਾਲੀ ਦੀ ਬੇਬੇ ਨੇ ਗੱਲ ਪਰਮਾਤਮਾ ਦੇ ਹੱਥ ਫੜਾ ਦਿੱਤੀ।

"ਦੋ ਸਕੀਆਂ ਭੈਣਾਂ ਨੇ ਮੇਰੀ ਸਾਲੀ ਦੇ ਸਹੁਰੀਂ। ਜੇ ਆਖੋ ਤਾਂ ਸਵੇਰੇ ਹੀ ਕੁੜੀਆਂ ਦਿਖਾ ਦਿੰਨਾਂ। ਜੋ ਤੇਰੀ ਮੰਗ ਹੋਊ, ਪੂਰੀ ਕੀਤੀ ਜਾਊ।" ਨੰਬਰਦਾਰ ਨੇ ਕਿਹਾ।

"ਭਾਈ ਜੀ! ਮੰਗਣਾ ਹੋਊ ਤਾਂ ਮੈਂ ਪਰਮਾਤਮਾ ਤੋਂ ਮੰਗੂੰ। ਬੰਦੇ ਦੇ ਦਿੱਤੇ ਨਾਲ ਬੰਦਾ ਕਿਥੇ ਰੱਜਦਾ। ਨਾਲੇ ਅਜੇ ਕੰਮ ਦੀ ਰੁੱਤ ਹੈ, ਜੁਆਕਾਂ ਨੂੰ ਤਾਂ ਸਿਰ ਖੁਰਕਣ ਦੀ ਵਿਹਲ ਨਹੀਂ।" ਲਾਲੀ ਦੀ ਬੇਬੇ ਸੌ ਦੀ ਇਕ ਸੁਣਾ ਗਈ।

"ਚੰਗਾ ਭਾਈ ਤੇਰੀ ਮਰਜ਼ੀ।" ਕਹਿ ਕੇ ਨੰਬਰਦਾਰ ਖੜ੍ਹੇ ਪੈਰੀਂ ਮੁੜ ਗਿਆ।

ਰਾਤ ਨੂੰ ਬੇਬੇ ਨੇ ਨੰਬਰਦਾਰ ਦੀ ਗੱਲ ਪਾਲੀ ਤੇ ਲਾਲੀ ਨੂੰ ਦੱਸੀ। ਉਹ ਕਹਿੰਦੇ, "ਅਸੀਂ ਨੰਬਰਦਾਰ ਦਾ ਰਿਸ਼ਤਾ ਨਹੀਂ ਲੈਣਾ।" ਨੰਬਰਦਾਰ ਨੂੰ ਵੀ ਪਤਾ ਲੱਗ ਗਿਆ ਕਿ ਘਿਓ ਸਿੱਧੀ ਉਂਗਲ ਨਾਲ ਨਹੀਂ ਨਿਕਲਣਾ। ਉਸ ਨੇ ਉਹੀ ਰਿਸ਼ਤਾ ਪਿੰਡ ਦੇ ਨੇਕ ਬੰਦੇ ਰਾਹੀਂ ਥਾਲੀ ਵਿਚ ਪਰੋਸ ਕੇ ਪਾਲੀ ਅੱਗੇ ਰੱਖਿਆ। ਸਾਰਿਆਂ ਨੇ ਰਾਇ ਲੈ ਕੇ ਪਾਲੀ ਦਾ ਵਿਆਹ ਕਰਨਾ ਮੰਨ ਲਿਆ। ਨੰਬਰਦਾਰ ਨੂੰ ਤੀਰ ਟਿਕਾਣੇ ਲੱਗਦਾ ਦਿਖਾਈ ਦਿੱਤਾ। ਜਿਨ੍ਹਾਂ ਕੁੜੀਆਂ ਦਾ ਜ਼ਿਕਰ ਨੰਬਰਦਾਰ ਨੇ ਕੀਤਾ ਸੀ, ਉਹਦੀ ਸਾਲੀ ਦੇ ਸਹੁਰਿਆਂ ਤੋਂ ਨਹੀਂ ਸੀ, ਉਹ ਨੰਬਰਦਾਰ ਦੇ ਹਮ-ਪਿਆਲੇ ਲਫੰਡਰਾਂ ਦੀਆਂ ਭੈਣਾਂ ਸਨ। ਨੰਬਰਦਾਰ ਦੀ ਉਨ੍ਹਾਂ ਨਾਲ ਆਉਣੀ-ਜਾਣੀ ਕਚਹਿਰੀਆਂ ਕਰ ਕੇ ਹੋਈ ਸੀ। ਨੰਬਰਦਾਰ ਨੇ ਸੋਚਿਆ ਕਿ ਮਾੜੇ ਘਰ ਦੀਆਂ ਕੁੜੀਆਂ ਜ਼ੁਬਾਨ ਦੀ ਕੈਂਚੀ ਨਾਲ ਪਾਲੀ ਤੇ ਲਾਲੀ ਦੇ ਪਿਆਰ-ਇਤਫਾਕ ਨੂੰ ਲੀਰੋ-ਲੀਰ ਕਰ ਦੇਣਗੀਆਂ।

ਨੰਬਰਦਾਰ ਨੇ ਖੁਦ ਪਾਸੇ ਰਹਿੰਦਿਆਂ ਪਾਲੀ ਨੂੰ ਰਿਸ਼ਤਾ ਕਰਵਾ ਦਿੱਤਾ। ਸਾਦਾ ਵਿਆਹ ਹੋਇਆ। ਪਾਲੀ ਦੀ ਘਰਵਾਲੀ ਚੰਨ ਦਾ ਟੁਕੜਾ ਸੀ ਜਿਸ ਦੇ ਮੁਬਾਰਕ ਕਦਮਾਂ ਨਾਲ ਦਹਿਲੀਜ਼ ਦੇ ਭਾਗ ਜਾਗ ਪਏ। ਉਹਨੇ ਸੱਸ ਦੇ ਹੱਥੋਂ ਪਰਾਤ ਅਤੇ ਝਾੜੂ ਫੜ ਲਿਆ। ਉਹ ਵਿਚਾਰੀ ਵੀ ਸ਼ਰਾਬੀ ਭਰਾਵਾਂ ਤੋਂ ਅੱਕੀ ਮਸਾਂ ਸਹੁਰੇ ਘਰ ਆਈ ਸੀ, ਜਿਵੇਂ ਕੋਈ ਕੈਦੀ ਜੇਲ੍ਹੋਂ ਰਿਹਾ ਹੋਇਆ ਹੋਵੇ! ਵਿਆਹ ਨੂੰ ਛੇ ਮਹੀਨੇ ਹੋ ਗਏ, ਕੋਈ ਗੜਬੜ ਨਾ ਹੋਈ। ਨੰਬਰਦਾਰ ਨੂੰ ਲੱਗਿਆ, ਜਿਵੇਂ ਤੀਰ ਉਸ ਦੇ ਸੀਨੇ ਹੀ ਆਣ ਵੱਜਿਆ ਹੋਵੇ। ਲਫੰਡਰਾਂ ਦੀ ਭੈਣ ਐਨੀ ਸਾਊ ਤੇ ਸਿਆਣੀ ਹੋਵੇਗੀ! ਨੰਬਰਦਾਰ ਨੇ ਸੋਚਿਆ ਵੀ ਨਹੀਂ ਸੀ।

ਛੇ ਮਹੀਨੇ ਤੋਂ ਬਾਅਦ ਸਾਲ ਹੋ ਗਿਆ। ਪਾਲੀ ਦੇ ਘਰ ਪੁੱਤਰ ਨੇ ਜਨਮ ਲਿਆ। ਬੇਬੇ ਨੂੰ ਲੱਗਿਆ ਕਿ ਖੁਸ਼ੀਆਂ ਨੇ ਫੇਰਾ ਪਾ ਲਿਆ ਹੈ। ਇਕ ਦਿਨ ਪਾਲੀ ਦੀ ਘਰਵਾਲੀ ਨੇ ਆਪਣੀ ਛੋਟੀ ਭੈਣ ਦਾ ਰਿਸ਼ਤਾ ਲਾਲੀ ਨੂੰ ਕਰਵਾਉਣ ਦੀ ਗੱਲ ਆਖੀ, ਤਾਂ ਸਾਰਾ ਟੱਬਰ ਝੱਟ ਮੰਨ ਗਿਆ। ਇਹ ਗੱਲ ਜਦੋਂ ਨੰਬਰਦਾਰ ਦੇ ਕੰਨੀਂ ਪਈ ਤਾਂ ਉਸ ਨੂੰ ਲੱਗਿਆ, ਪਾਲੀ ਤੇ ਲਾਲੀ ਨੇ ਜਿਵੇਂ ਉਸ ਦੀ ਜ਼ਮੀਨ ਦੁਆਲੇ ਕੰਡਿਆਲੀ ਤਾਰ ਲਾ ਦਿੱਤੀ ਹੋਵੇ ਤੇ ਚਾਰੇ ਪਾਸਿਓਂ ਰਾਹ ਬੰਦ ਹੋ ਗਏ ਹੋਣ। ਨੰਬਰਦਾਰ ਨੇ ਸਕੂਟਰ ਕੱਢਿਆ ਤੇ ਲਫੰਡਰ ਭਰਾਵਾਂ ਕੋਲ ਪਹੁੰਚ ਗਿਆ ਕਿ ਦੂਜੀ ਭੈਣ ਦਾ ਰਿਸ਼ਤਾ ਲਾਲੀ ਨੂੰ ਨਾ ਕਰੋ। ਲਫੰਡਰਾਂ ਨੂੰ ਲਾਲਚ ਸੀ ਕਿ ਦਾਜ ਦੀ ਕੌਲੀ ਵੀ ਨਹੀਂ ਦੇਣੀ ਪੈਣੀ, ਹੋਰ ਉਨ੍ਹਾਂ ਨੂੰ ਕੀ ਚਾਹੀਦਾ ਹੈ! ਤੇ ਉਨ੍ਹਾਂ ਕੋਲ ਦੇਣ ਨੂੰ ਕੁਝ ਸੀ ਵੀ ਨਹੀਂ। ਨੰਬਰਦਾਰ ਆਪਣਾ ਸਿਰ ਆਪ ਹੀ ਪੁੱਟ ਕੇ ਵਾਪਸ ਆ ਗਿਆ। ਲਾਲੀ ਦਾ ਵੀ ਵਿਆਹ ਹੋ ਗਿਆ। ਦੋਹਾਂ ਭੈਣਾਂ ਨੇ ਆਪਣੀ ਸੱਸ ਨੂੰ ਸੁਰਗਾਂ ਦੇ ਝੂਟੇ ਦਿਵਾ ਦਿੱਤੇ। ਕਮਾਈ ਵਿਚ ਵੀ ਬਰਕਤ ਪੈਣ ਲੱਗੀ। ਹੌਲੀ-ਹੌਲੀ ਟਰੈਕਟਰ ਲੈ ਲਿਆ। ਦੋਵੇਂ ਭਰਾ ਖੇਤੀਂ ਕੰਮ ਕਰਦੇ, ਦੋਵੇਂ ਭੈਣਾਂ ਨੇ ਹੋਰ ਮੱਝਾਂ ਲੈ ਕੇ ਦੁੱਧ ਡੇਅਰੀ ਪਾਉਣਾ ਸ਼ੁਰੂ ਕਰ ਦਿੱਤਾ। ਘਰ ਦਾ ਖਰਚਾ ਦੁੱਧ ਤੋਂ ਚਲਦਾ। ਹਾੜ੍ਹੀ ਸਾਉਣੀ ਦੀ ਕਮਾਈ ਬਚਤ ਵਿਚ ਜੁੜਦੀ ਗਈ।

ਬੇਬੇ ਹਮੇਸ਼ਾ ਕਹਿੰਦੀ, "ਪੁੱਤਰੋ, ਹਮੇਸ਼ਾ ਨਿਮਰਤਾ ਤੇ ਸਬਰ ਦਾ ਪੱਲਾ ਫੜੀ ਰੱਖਣਾ। ਹੰਕਾਰ ਤੇ ਆਕੜ ਨੂੰ ਜ਼ਹਿਰ ਵਾਂਗ ਦੂਰ ਹੀ ਰੱਖਣਾ।" ਪਾਲੀ ਤੇ ਲਾਲੀ ਨੂੰ ਨੰਬਰਦਾਰ ਦੀ ਚਾਲ ਦਾ ਪਤਾ ਤਾਂ ਲੱਗ ਗਿਆ ਸੀ ਪਰ ਕੁੱਬੇ ਦੇ ਵੱਜੀ ਲੱਤ ਵਾਂਗੂੰ ਉਨ੍ਹਾਂ ਦਾ ਕੰਮ ਸੂਤ ਆ ਗਿਆ ਸੀ। ਉਧਰ, ਨੰਬਰਦਾਰ ਦੇ ਸੁਪਨਿਆਂ ਦਾ ਬਾਗ ਉਜੜ ਰਿਹਾ ਸੀ। ਨੰਬਰਦਾਰ ਦੀ ਲਾਲੀ ਤੇ ਪਾਲੀ ਉਤੇ ਰੱਖੀ ਮਾੜੀ ਅੱਖ ਉਨ੍ਹਾਂ ਦੀ ਪਹਿਰੇਦਾਰੀ ਕਰਦੀ ਰਹੀ ਪਰ ਖੁਦ ਆਪਣੇ ਘਰ ਸੰਨ੍ਹ ਲਵਾ ਗਈ। ਉਸ ਦਾ ਪੁੱਤ ਸਿਰੇ ਦਾ ਨਸ਼ੇੜੀ ਤੇ ਬਲੈਕੀਆ ਨਿਕਲਿਆ। ਨੰਬਰਦਾਰ ਨੂੰ ਉਦੋਂ ਹੀ ਪਤਾ ਲੱਗਾ ਜਦੋਂ ਰਾਜਸਥਾਨ ਪੁਲਿਸ ਨੇ ਭੁੱਕੀ ਸਮੇਤ ਫੜ ਲਿਆ।

ਮਾੜੀਆਂ ਆਦਤਾਂ ਛੇਤੀ ਖਹਿੜਾ ਨਹੀਂ ਛੱਡਦੀਆਂ। ਪੁੱਤ ਨੇ ਨੰਬਰਦਾਰ ਦੀ ਕਮਾਈ ਰੇਤੇ ਵਾਂਗ ਬੁੱਕ ਵਿਚੋਂ ਕੇਰ ਦਿੱਤੀ। ਨੋਟਾਂ ਨਾਲ ਭਰੇ ਖੂਹ ਖਾਲੀ ਹੋ ਜਾਂਦੇ ਹਨ, ਨੰਬਰਦਾਰ ਤਾਂ ਫਿਰ ਕਿਹੜੇ ਬਾਗ ਦੀ ਮੂਲੀ ਸੀ! ਇਕ ਦਿਨ ਬਲੈਕੀਆਂ ਦੀ ਆਪਸੀ ਲੜਾਈ ਵਿਚ ਨੰਬਰਦਾਰ ਦਾ ਪੁੱਤ ਆਖਰੀ ਸਾਹ ਲੈ ਗਿਆ ਅਤੇ ਨੰਬਰਦਾਰ ਜਿਵੇਂ ਜਿਉਂਦਾ ਹੀ ਪੁੱਤ ਦੀ ਚਿਤਾ ਵਿਚ ਸੜ ਗਿਆ ਹੋਵੇ। ਪਾਲੀ ਤੇ ਲਾਲੀ ਦੇ ਦੋ-ਦੋ ਪੁੱਤ ਹੋਏ। ਬੇਬੇ ਨੇ ਸਾਰਿਆਂ ਨੂੰ ਅੰਮ੍ਰਿਤ ਛਕਾ ਲਿਆਂਦਾ। ਸੰਤਾਂ ਦੀ ਸੰਗਤ ਦੀ ਰੰਗਤ ਪਰਿਵਾਰ 'ਤੇ ਚੜ੍ਹ ਚੁੱਕੀ ਸੀ। ਸਬਰ ਦਾ ਫਲ ਮਿੱਠਾ ਨਿਕਲਿਆ ਸੀ। ਪਾਲੀ ਤੇ ਲਾਲੀ ਨੇ ਕਮਾਈ ਕਰ ਕੇ ਚਾਰ ਕਿੱਲੇ ਜ਼ਮੀਨ ਬੈਅ ਖਰੀਦ ਲਈ। ਨੰਬਰਦਾਰ 'ਤੇ ਚੜ੍ਹੇ ਕਰਜ਼ੇ ਨੇ ਉਸ ਦਾ ਲੱਕ ਤੋੜ ਦਿੱਤਾ ਸੀ। ਲੋਕਾਂ ਤੋਂ ਲਵਾਏ ਅਗੂੰਠੇ ਉਸ ਦੀ ਸੰਘੀ ਨੱਪ ਰਹੇ ਸਨ। ਫਿਰ ਇਕ ਦਿਨ ਨੰਬਰਦਾਰ ਨੇ ਇਕ ਕਿੱਲਾ ਪਾਲੀ ਹੋਰਾਂ ਨੂੰ ਬੈਅ ਕਰ ਦਿੱਤਾ ਤੇ ਪੰਜ ਸਾਲਾਂ ਵਿਚ ਪੰਜ ਕਿੱਲੇ ਪਾਲੀ ਹੋਰਾਂ ਨੂੰ ਬੈਅ ਲਿਖਾ ਦਿੱਤੇ।

ਹੁਣ ਨੰਬਰਦਾਰ ਦੀ ਜ਼ਮੀਨ ਸੜਕ ਨੂੰ ਲੱਗ ਗਈ ਸੀ, ਪਰ ਜਮ੍ਹਾਂਬੰਦੀ ਪਾਲੀ ਤੇ ਲਾਲੀ ਦੇ ਨਾਂ ਬੋਲਦੀ। ਨੰਬਰਦਾਰ ਦੀ ਘਰਵਾਲੀ ਜ਼ਮੀਨ ਅਤੇ ਪੁੱਤ ਤੋਂ ਖਾਲੀ ਹੀ ਪੁੱਤ ਕੋਲ ਪਹੁੰਚ ਗਈ ਸੀ। ਨੰਬਰਦਾਰ ਨੇ ਇਕ ਦਿਨ ਪਾਲੀ ਨੂੰ ਖੇਤੀਂ ਆਪਣੀ ਘਿਨਾਉਣੀ ਚਾਲ ਦੱਸ ਕੇ ਆਪਣੀ ਹਿੱਕ ਤੋਂ ਮਣਾਂ ਮੂੰਹੀਂ ਭਾਰ ਉਤਾਰ ਲਿਆ। ਥੋੜ੍ਹੇ ਦਿਨਾਂ ਬਾਅਦ ਉਹਨੇ ਫਾਹਾ ਲੈ ਲਿਆ। ਅਖਬਾਰਾਂ ਵਿਚ ਖ਼ਬਰ ਲੱਗੀ-ਕਰਜ਼ਾਈ ਕਿਸਾਨ ਵਲੋਂ ਖੁਦਕਸ਼ੀ।

## ਕੂਚ ਦਾ ਨਗਾਰਾ

## ਮਿੰਨੀ ਕਹਾਣੀ

ਅਜਮ ਦੇਸ਼ ਦਾ ਇਕ ਬਾਦਸ਼ਾਹ ਸੀ। ਬੁੱਢਾ ਤੇ ਬਿਮਾਰ। ਤਖਤ 'ਤੇ ਪਿਆ ਮੌਤ ਦੀ ਉਡੀਕ ਕਰ ਰਿਹਾ ਸੀ। ਅਚਾਨਕ ਇਕ ਘੋੜ ਸਵਾਰ ਸਾਹੋ-ਸਾਹੀ ਹੋਇਆ ਆਇਆ ਤੇ ਹੱਥ-ਬੰਨ੍ਹ ਕੇ ਬੋਲਿਆ, 'ਬਾਦਸ਼ਾਹ ਸਲਾਮਤ! ਬਹੁਤ-ਬਹੁਤ ਮੁਬਾਰਕਾਂ! ਆਪਣੀਆਂ ਫੌਜਾਂ ਨੇ ਗੁਆਂਢੀ ਰਾਜ ਫਤਿਹ ਕਰ ਲਿਐ...ਦੁਸ਼ਮਣ ਵੀ ਬੰਦੀ ਬਣਾ ਲਏ ਨੇ...ਉਥੋਂ ਦੀ ਪਰਜਾ ਨੇ ਵੀ ਆਪ ਨੂੰ ਬਾਦਸ਼ਾਹ ਕਬੂਲ ਲਿਐ...।'

ਬਾਦਸ਼ਾਹ ਨੇ ਚੁੱਪ-ਚਾਪ ਸਾਰੀ ਗੱਲ ਸੁਣੀ। ਲੰਮਾ ਸਾਹ ਲਿਆ ਤੇ ਟੁੱਟਵੀਂ ਆਵਾਜ਼ 'ਚ ਕਹਿਣ ਲੱਗਾ, 'ਅਫਸੋਸ! ਇਹ ਖਬਰ ਮੇਰੇ ਲਈ ਘੱਟ ਤੇ ਦੁਸ਼ਮਣਾਂ ਲਈ ਵਧੇਰੇ ਖੁਸ਼ਗਵਾਰ ਏ ਜਿਹੜੇ ਮੇਰੇ ਪਿਛੋਂ ਦੋਵਾਂ ਰਾਜਾਂ 'ਤੇ ਹਕੂਮਤ ਕਰਨਗੇ...।'

ਅਫਸੋਸ! ਮਨ ਦੀਆਂ ਮੁਰਾਦਾਂ ਪੂਰੀਆਂ ਹੋਣ ਦੀ ਉਡੀਕ 'ਚ ਸਾਰੀ ਉਮਰ ਬੀਤ ਗਈ...ਠੀਕ ਏ, ਵੱਡੀਆਂ-ਵੱਡੀਆਂ ਆਸਾਂ-ਉਮੀਦਾਂ ਪੂਰੀਆਂ ਵੀ ਹੋਈਆਂ ਪਰ ਕੀ ਫਾਇਦਾ? ਬੀਤੀ ਉਮਰ ਤਾਂ ਵਾਪਸ ਨਹੀਂ ਆਉਣ ਲੱਗੀ...।

ਮੌਤ ਦੇ ਹੱਥਾਂ ਨੇ ਕੂਚ ਦਾ ਨਗਾਰਾ ਵਜਾ ਦਿੱਤੈ। ਏ ਮੇਰੀਓ ਅੱਖੀਓ! ਸਿਰ ਨੂੰ ਵਿਦਾ ਕਰੋ...ਤੇ ਹੱਥਾਂ ਦੀਆਂ ਤਲੀਓ, ਗੁੱਟੋ ਤੇ ਬਾਹਵੋਂ ਰਲ-ਮਿਲ ਕੇ ਇਕ-ਦੂਜੇ ਨੂੰ ਅਲਵਿਦਾ ਕਹੋ...ਮਿੱਤਰੋ! ਮੇਰੇ ਦੁਸ਼ਮਣਾਂ ਦੀ ਇੱਛਾ ਪੂਰਤੀ ਕਰਦੇ ਹੋਏ ਆਪਣੇ ਲਾਚਾਰ ਬਾਦਸ਼ਾਹ ਨੂੰ ਅਲਵਿਦਾ ਕਹੋ...ਮੈਂ ਅਗਿਆਨ 'ਚ ਦਿਨ-ਕਟੀ ਕਰ ਲਈ...। ਬੁਰਾਈਆਂ ਤੋਂ ਨਾ ਬਚ ਸਕਿਆ ਪਰ ਤੁਸੀਂ ਜ਼ਰੂਰ ਬਚਣ ਦੀ ਕੋਸ਼ਿਸ਼ ਕਰਨਾ...।

-ਹਰਦੇਵ ਚੌਹਾਨ

# ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਭਾਰਤ ਵਿਚ ਹਿੰਦੂ ਧਰਮ, ਬੁੱਧ ਧਰਮ ਅਤੇ ਇਸਲਾਮ ਧਰਮ (ਜੋ ਬਾਹਰੋਂ ਹਮਲਾਵਰਾਂ ਨਾਲ ਆਇਆ ਸੀ ਪਰ ਬਾਬੇ ਨਾਨਕ ਦੇ ਆਗਮਨ ਵੇਲੇ ਤੱਕ ਭਾਰਤ ਵਿਚ ਪੱਕੇ ਪੈਰੀਂ ਹੋ ਕੇ ਵਧ-ਫੁੱਲ ਰਿਹਾ ਸੀ) ਦੀ ਜੋ ਹਾਲਤ ਸੀ, ਉਸ ਦਾ ਸੰਖੇਪ ਹਵਾਲਾ ਦਿੱਤਾ ਹੋਇਆ ਹੈ। ਪਹਿਲੀ ਵਾਰ ਦੀ 19ਵੀਂ ਪਉੜੀ ਵਿਚ ਇਸ ਤੱਥ ਦੀ ਚਰਚਾ ਕੀਤੀ ਹੈ ਕਿ ਕਿਵੇਂ ਹਿੰਦੂ ਧਰਮ ਦੇ ਆਗੂਆਂ ਨੇ ਧਰਮ ਦੇ ਨਾਂ 'ਤੇ ਮਨੁੱਖੀ ਭਾਈਚਾਰੇ ਵਿਚ ਆਪਸੀ ਨਫਰਤ ਪੈਦਾ ਕੀਤੀ। ਵੈਦਿਕ ਜਾਂ ਆਰੀਆ ਜਾਂ ਸਨਾਤਨ ਧਰਮ ਜਿਸ ਨੂੰ ਵਰਤਮਾਨ ਜੁਗ ਵਿਚ ਹਿੰਦੂ ਧਰਮ ਕਿਹਾ ਜਾਂਦਾ ਹੈ, ਦੀ ਨੀਂਹ ਵਰਣ-ਆਸ਼੍ਰਮ ਧਰਮ ਦੇ ਸਿਧਾਂਤ 'ਤੇ ਟਿਕੀ ਹੋਈ ਹੈ। ਇਸ ਸਿਧਾਂਤ ਅਨੁਸਾਰ ਮਨੁੱਖੀ ਸਮਾਜ (ਭਾਰਤੀ ਸਮਾਜ) ਨੂੰ ਚਾਰ ਵਰਨਾਂ ਵਿਚ ਵੰਡਿਆ ਗਿਆ। ਇਥੇ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਵਰਣ ਦਾ ਅਰਥ ਰੰਗ/ਨਸਲ ਹੁੰਦਾ ਹੈ ਜਿਸ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਇਹ ਪ੍ਰਤੱਖ ਰੂਪ ਵਿਚ ਨਸਲੀ ਪੱਖਪਾਤ 'ਤੇ ਆਧਾਰਤ ਸਿਧਾਂਤ ਹੈ। ਇਸ ਦੇ ਬਾਕੀ ਅਰਥ ਪਾਠਕ ਖੁਦ ਸਮਝ ਸਕਦੇ ਹਨ ਕਿਉਂਕਿ ਭਾਰਤ ਦੇ ਅਸਲੀ ਵਸਨੀਕ ਦਰਾਵੜ ਨਸਲ ਦੇ ਸਨ ਜੋ ਰੰਗ ਦੇ ਸਾਂਵਲੇ ਸਨ ਅਤੇ ਆਰੀਆ ਗੋਰੀ ਨਸਲ ਦੇ ਲੋਕ ਸਨ। ਵਰਨ ਵੰਡ ਸਮਾਜ ਦੀ ਦਰਜਾਬੰਦੀ ਸੀ ਜਿਸ ਅਨੁਸਾਰ ਬ੍ਰਾਹਮਣ ਦਾ ਦਰਜਾ ਸਮਾਜ ਵਿਚ ਸਭ ਤੋਂ ਉਪਰ ਮੰਨਿਆ ਗਿਆ ਹੈ। ਦੂਜੇ ਦਰਜੇ 'ਤੇ ਖੱਤਰੀ (ਕਸ਼ਤ੍ਰੀ), ਤੀਜੇ ਤੇ ਵੈਸ਼ ਅਤੇ ਚੌਥੇ ਤੇ ਸਭ ਤੋਂ ਹੇਠਲੇ ਦਰਜੇ 'ਤੇ ਸ਼ੂਦਰ ਨੂੰ ਰੱਖਿਆ ਗਿਆ। ਹਰ ਵਰਣ ਦਾ ਆਪਣਾ-ਆਪਣਾ ਧਰਮ ਨਿਸ਼ਚਿਤ ਕੀਤਾ ਗਿਆ। ਇਸੇ ਤਰ੍ਹਾਂ ਮਨੁੱਖਾ ਜੀਵਨ ਸੌ ਸਾਲ ਦਾ ਮੰਨ ਕੇ ਚਾਰ ਆਸ਼੍ਰਮਾਂ ਵਿਚ ਵੰਡ ਦਿੱਤਾ ਗਿਆ। ਹਰ ਆਸ਼੍ਰਮ 25 ਸਾਲ ਦਾ ਅਤੇ ਹਰ ਆਸ਼੍ਰਮ ਵਿਚ ਮਨੁੱਖ ਦਾ ਆਪਣੇ ਆਪਣੇ ਵਰਣ ਅਨੁਸਾਰ ਅਲੱਗ-ਅਲੱਗ ਧਰਮ, ਤੇ ਇਹ ਆਸ਼੍ਰਮ ਵੰਡ ਸਿਰਫ ਉਚ-ਜਾਤਾਂ ਲਈ ਸੀ, ਕਿਉਂਕਿ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਨੂੰ ਤਾਂ ਆਸ਼੍ਰਮ ਅਨੁਸਾਰ ਧਰਮ ਕਮਾਉਣ ਦਾ ਕੋਈ ਹੱਕ ਹੀ ਨਹੀਂ ਸੀ। ਮੁੱਢ ਵਿਚ ਇਹ ਵਰਣ ਵੰਡ ਭਾਵੇਂ ਕਿੱਤੇ ਅਨੁਸਾਰ ਕੀਤੀ ਗਈ ਹੋਵੇ, ਪਰ ਮਨੂ ਸਿਮ੍ਰਤੀ ਅਤੇ ਹੋਰ ਗ੍ਰੰਥਾਂ ਦੇ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਵਰਣ-ਪ੍ਰਬੰਧ ਵਿਚ ਕੋਈ ਲਚਕਤਾ ਨਹੀਂ ਸੀ, ਅਰਥਾਤ ਕੋਈ ਵੀ, ਭਾਵੇਂ ਕਿੰਨਾ ਵੀ ਸੁਜੱਗ ਹੋਵੇ, ਕਿੱਤੇ ਅਨੁਸਾਰ ਆਪਣਾ ਵਰਣ ਬਦਲਣ ਦਾ ਹੱਕ ਨਹੀਂ ਸੀ ਰੱਖਦਾ। ਇਸ ਵਰਨ-ਆਸ਼੍ਰਮ ਵੰਡ ਨੇ ਕਿਹੋ ਜਿਹੇ 'ਗੁਲ' ਖਿਲਾਏ, ਇਸ ਦਾ ਸੰਖੇਪ ਜ਼ਿਕਰ ਭਾਈ ਗੁਰਦਾਸ ਨੇ ਪਹਿਲੀ ਵਾਰ ਦੀ ਇਸ 19ਵੀਂ ਪਉੜੀ ਵਿਚ ਕੀਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੁਸਤਕ ਰੂਪ ਵਿਚ ਛਾਪੀਆਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਪਉੜੀ ਦਾ ਸਿਰਲੇਖ ਦਿੱਤਾ ਹੈ: ਭੇਖ-ਨਿਰਣਯ ਅਤੇ ਭੇਖ ਦਾ ਇਕ ਅਰਥ ਧਰਮ ਜਾਂ ਧਾਰਮਿਕ ਫਿਰਕਾ ਵੀ ਹੈ। ਭਾਈ ਗੁਰਦਾਸ ਅਨੁਸਾਰ ਇਹ ਚਾਰ ਵਰਣ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ; ਚਾਰ ਆਸ਼੍ਰਮ ਬ੍ਰਮਚਰਯ, ਗ੍ਰਿਹਸਥ, ਵਾਨ ਪ੍ਰਸਤ ਅਤੇ ਸੰਨਿਆਸ ਦਾ ਸਿਧਾਂਤ ਦਿੱਤਾ ਗਿਆ, ਇਸ ਨਾਲ ਸੰਸਾਰ ਵਿਚ ਨਫਰਤ ਪੈਦਾ ਹੋਈ। (ਇਸ ਸਾਰੀ ਵੰਡ ਦਾ ਆਧਾਰ ਵੈਦਿਕ ਧਰਮ ਦੇ ਸ਼ਾਸਤਰ ਸਨ। ਇਸ ਲਈ ਇਨ੍ਹਾਂ ਸ਼ਾਸਤਰਾਂ ਨੇ ਜੋ ਵੰਡੀਆਂ ਪਾਈਆਂ, ਉਹ ਅੱਗੇ ਦੱਸਿਆ ਹੈ)। ਭਾਈ ਗੁਰਦਾਸ ਅਨੁਸਾਰ ਇਸ ਵੰਡ ਤੋਂ ਸੰਨਿਆਸੀਆਂ ਦੇ ਦਸ ਫਿਰਕੇ ਜਿਵੇਂ ਗਿਰੀ, ਪੁਰੀ, ਭਾਰਤੀ, ਸਰਸਵਤੀ, ਡੰਡੀ, ਆਰਣਯ ਵਗੈਰਾ-ਵਗੈਰਾ ਅਤੇ ਜੋਗੀਆਂ ਦੇ ਬਾਰਾਂ ਫਿਰਕੇ, ਪੰਥ ਜਾਂ ਰਸਤੇ ਕਾਇਮ ਹੋ ਗਏ। ਕਹਾਣੀ ਇਥੇ ਹੀ ਖਤਮ ਨਹੀਂ ਹੁੰਦੀ, ਅਗਾਂਹ ਜੰਗਮ (ਰਮਤੇ ਸਾਧੂ), ਸਰੇਵੜੇ, ਦਿਗੰਬਰ ਆਦਿ ਅਨੇਕ ਕਿਸਮ ਦੇ ਫਿਰਕੇ ਪੈਦਾ ਹੋ ਗਏ ਜਿਸ ਕਾਰਨ ਵਾਦ-ਵਿਵਾਦ ਤੇ ਝਗੜੇ ਸ਼ੁਰੂ ਹੋ ਗਏ। ਵਰਣ ਵੰਡ ਅਨੁਸਾਰ ਵੇਦਾਂ ਅਤੇ ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਨ ਅਤੇ ਦੂਜਿਆਂ ਨੂੰ ਗਿਆਨ ਦੇਣ ਦਾ ਅਧਿਕਾਰ ਸਿਰਫ ਬ੍ਰਾਹਮਣ ਨੂੰ ਸੀ। ਇਸ ਲਈ ਭਾਈ ਗੁਰਦਾਸ ਅਨੁਸਾਰ ਬ੍ਰਾਹਮਣ ਜਮਾਤ ਨੇ ਵੇਦਾਂ, ਸ਼ਾਸਤਰਾਂ, ਪੁਰਾਣਾਂ ਦੀ ਵਿਆਖਿਆ ਅਤੇ ਬਹਿਸ ਰਾਹੀਂ ਲੋਕਾਂ ਨੂੰ ਆਪਸ ਵਿਚ ਲੜਾਇਆ। ਛੇ ਦਰਸ਼ਨਾਂ ਦੀ ਆਪਣੀ-ਆਪਣੀ ਵਿਚਾਰਧਾਰਾ ਅਤੇ ਉਨ੍ਹਾਂ ਨੂੰ ਮੰਨਣ ਵਾਲੇ ਵੀ ਵੱਖਰੇ-ਵੱਖਰੇ, ਉਨ੍ਹਾਂ ਦਰਸ਼ਨਾਂ ਨਾਲ ਛੱਤੀ ਕਿਸਮ ਦੇ ਪਖੰਡ ਰਲਾ ਕੇ ਤੰਤਰ-ਮੰਤਰ, ਕਰਾਮਾਤਾਂ ਆਦਿ ਰਾਹੀਂ ਲੋਕਾਂ ਨੂੰ ਕੋਈ ਗਿਆਨ ਦੇਣ ਦੀ ਥਾਂ ਅਗਿਆਨ ਵਿਚ ਲਪੇਟਿਆ, ਉਨ੍ਹਾਂ ਨੂੰ ਭਰਮ-ਜਾਲ ਵਿਚ ਫਸਾਇਆ।

ਭਈ ਗਿਲਾਨਿ ਜਗਤ੍ਰਿ ਵਿਚਿ
ਚਾਰਿ ਵਰਨਿ ਆਸ੍ਰਮ ਉਪਾਏ।
ਦਸਿ ਨਾਮਿ ਸੰਨਿਆਸੀਆ ਜੋਗੀ
ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ
ਦਗੇ ਦਿਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ
ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟੁ ਦਰਸਨ ਬਹੁ ਵੈਰਿ ਕਰਿ
ਨਾਲਿ ਛਤੀਸਿ ਪਖੰਡ ਰਲਾਏ।
ਤੰਤ ਮੰਤ ਰਾਸਾਇਣਾ
ਕਰਾਮਾਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ
ਰੂਪਿ ਕਰੂਪੀ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ॥19॥

ਪਿਛਲੇ ਕੁਝ ਸਮੇਂ ਤੋਂ ਅਖਬਾਰਾਂ ਵਿਚ ਤਰ੍ਹਾਂ-ਤਰ੍ਹਾਂ ਦੀਆਂ ਖਬਰਾਂ ਆ ਰਹੀਆਂ ਹਨ ਜੋ ਜਨਤਕ ਹਿੱਤ ਤੋਂ ਬਹੁਤੀਆਂ ਸੁਖਾਵੀਆਂ ਨਹੀਂ ਕਹੀਆਂ ਜਾ ਸਕਦੀਆਂ, ਬਲਕਿ ਸ਼ਾਂਤੀ ਬਣਾਈ ਰੱਖਣ ਦੇ ਨਜ਼ਰੀਏ ਤੋਂ ਹਾਨੀਕਾਰਕ ਹਨ। ਕਦੀ ਖਬਰ ਆ ਜਾਂਦੀ ਹੈ ਕਿ ਸੰਘ ਮੁਖੀ ਵਲੋਂ ਹਿੰਦੁਤਵ ਦੇ ਏਜੰਡੇ ਨੂੰ ਪ੍ਰੋਮੋਟ ਕਰਨ ਲਈ ਦੂਰਦਰਸ਼ਨ ਦੀ ਦੁਰਵਰਤੋਂ ਕੀਤੀ ਗਈ, ਕਦੀ ਹਿੰਦੁਸਤਾਨ ਵਿਚ ਰਹਿਣ ਵਾਲੇ ਸਾਰੇ ਹਿੰਦੂ ਹਨ, ਕਦੀ ਆਰ.ਐਸ.ਐਸ. ਵਲੋਂ ਪੰਜਾਬ ਵਿਚ ਤਾਕਤ ਦਾ ਵਿਖਾਵਾ ਅਤੇ ਖਬਰ ਇਹ ਵੀ ਹੈ ਕਿ "ਆਰ.ਐਸ.ਐਸ. ਦੀ ਧਰਮ ਬਦਲੀ ਮੁਹਿੰਮ ਗੁਰੂ ਕੀ ਵਡਾਲੀ ਪੁੱਜੀ...ਧਰਮ ਜਾਗਰਨ ਮੰਚ ਵਲੋਂ 128 ਈਸਾਈਆਂ ਦੀ ਸਿੱਖ ਧਰਮ ਵਿਚ ਵਾਪਸੀ..। ਇਸ ਗੱਲ ਦਾ ਖੁਲਾਸਾ ਪਹਿਲਾਂ ਵੀ ਡਾ. ਮਹੀਪ ਸਿੰਘ 'ਪੰਜਾਬ ਟਾਈਮਜ਼' ਵਿਚ ਛਪੇ ਆਪਣੇ ਇਕ ਲੇਖ ਵਿਚ ਹੀ ਕਰ ਚੁੱਕੇ ਹਨ ਕਿ 'ਹਿੰਦੂ' ਸ਼ਬਦ 'ਸਿੰਧੂ' ਤੋਂ ਹੀ ਆਇਆ ਹੈ ਜੋ 'ਇੰਡਸ' ਦਰਿਆ ਨੂੰ ਕਿਹਾ ਜਾਂਦਾ ਸੀ ਜਿਹੜਾ ਭਾਰਤੀ ਉਪ-ਮਹਾਦੀਪ (ਇੰਡੀਅਨ ਸਬ-ਕੰਟੀਨੈਂਟ) ਦੇ ਉਤਰੀ-ਪੱਛਮੀ ਹਿੱਸੇ ਵਿਚ ਵਗਦਾ ਸੀ। 'ਸਿੰਧੂ' ਦਾ ਅਰਥ ਸਮੁੰਦਰ ਵੀ ਹੈ। ਸ਼ਬਦ 'ਹਿੰਦੂ' ਜਾਂ 'ਇੰਦੂ' ਗਰੀਕਾਂ, ਅਰਥਾਤ ਯੂਨਾਨੀਆਂ ਵਲੋਂ ਉਨ੍ਹਾਂ ਲੋਕਾਂ ਜਾਂ ਦੇਸ਼ ਲਈ ਵਰਤਿਆ ਜਾਂਦਾ ਸੀ ਜੋ 'ਇੰਡਸ' ਦਰਿਆ ਦੇ ਪਾਰ ਰਹਿੰਦੇ ਸੀ। ਚੌਥੀ ਸਦੀ ਬੀ.ਸੀ.ਈ. ਵਿਚ ਮੈਗਾਸਥਨੀਜ਼ ਵਲੋਂ ਵਰਤਿਆ 'ਇੰਡਿਕਾ' ਨਾਮ 'ਇੰਡੀਆ' ਅਤੇ ਇੰਡਿਕਾ ਦਾ ਹੀ ਸਾਰ-ਤੱਤ ਹੈ। 'ਹਿੰਦੂ' ਸ਼ਬਦ ਯੂਨਾਨੀਆਂ ਵਲੋਂ ਵਰਤੇ ਜਾਂਦੇ ਇਸ ਸ਼ਬਦ ਦਾ ਹੀ ਪਸਾਰ ਹੈ। ਅਰਬੀ ਸ਼ਬਦ ਅਲ-ਹਿੰਦ ਦਾ ਅਰਥ ਵੀ 'ਇੰਡਸ' ਦਰਿਆ ਦੇ ਇਸ ਪਾਰ ਰਹਿਣ ਵਾਲੇ ਲੋਕਾਂ ਤੋਂ ਹੈ। ਹੁਣ ਦੇ 'ਹਿੰਦੂ' ਕਹੇ ਜਾਣ ਵਾਲਿਆਂ ਲਈ ਮੁੱਢਲਾ ਸ਼ਬਦ 'ਸਨਾਤਨ' ਜਾਂ 'ਆਰੀਆ' ਸੀ। ਕਈਆਂ ਦਾ ਕਹਿਣਾ ਹੈ ਕਿ ਯੂਰਪੀ ਵਪਾਰੀਆਂ ਨੇ ਇਸ ਸ਼ਬਦ ਨੂੰ ਸਾਮੀ ਧਰਮਾਂ ਨੂੰ ਨਾ ਮੰਨਣ ਵਾਲੇ ਸਾਰੇ ਲੋਕਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ। ਖੈਰ! ਇਸ ਦੇ ਵਿਸਥਾਰ ਵਿਚ ਨਾ ਜਾਂਦਿਆਂ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਇੱਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ 15ਵੀਂ ਸਦੀ ਤੱਕ, ਅਰਥਾਤ ਭਾਰਤ ਤੇ ਬਾਹਰੋਂ ਆਏ ਮੁਸਲਮਾਨ ਹਮਲਾਵਰਾਂ ਦੇ ਕਬਜ਼ੇ ਤੋਂ ਬਾਅਦ 'ਹਿੰਦੂ' ਸ਼ਬਦ ਵੈਦਿਕ ਧਰਮ, ਆਰੀਆ ਅਰਥਾਤ ਸਨਾਤਨੀਆਂ ਲਈ ਵਰਤਿਆ ਜਾਣ ਲੱਗ ਪਿਆ ਸੀ, ਭਾਵ ਉਨ੍ਹਾਂ ਲੋਕਾਂ ਲਈ ਜੋ ਵੇਦਾਂ, ਵੇਦ-ਸ਼ਾਸਤਰਾਂ, ਪੁਰਾਣਾਂ ਵਿਚ ਵਿਸ਼ਵਾਸ ਰੱਖਦੇ ਸੀ ਅਤੇ ਤਿਲਕ-ਜੰਞੂ ਧਾਰਨ ਕਰਦੇ ਸਨ/ਹਨ। ਸ਼੍ਰਮਣਕਾਂ ਅਰਥਾਤ ਬੋਧੀਆਂ, ਜੈਨੀਆਂ ਦੀ ਵੱਖਰੀ ਪਛਾਣ ਸੀ ਜਿਸ ਦਾ ਜ਼ਿਕਰ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਮਿਲਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ,

ਚਾਰਿ ਵਰਨਿ ਚਾਰਿ ਮਜਹਬਾਂ
ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ
ਖਿੰਚੋਤਾਣਿ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ
ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ
ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ
ਇਕੁ ਨਾਮੁ ਦੁਇ ਰਾਹ ਭੁਲਾਣੇ।
ਸਚੁ ਕਿਨਾਰੇ ਰਹਿ ਗਿਆ
ਖਹਿ ਮਰਦੇ ਬਾਮ੍ਹਣਿ ਮਉਲਾਣੇ।
ਸਿਰੋ ਨਾ ਮਿਟੇ ਆਵਣਿ ਜਾਣੇ॥21॥

ਸਿੱਖ ਧਰਮ, ਹਿੰਦੂ ਧਰਮ ਤੋਂ ਬਿਲਕੁਲ ਵੱਖਰਾ ਅਤੇ ਨਿਵੇਕਲਾ ਹੈ। ਗੁਰੂ ਨਾਨਕ ਦੇ ਸਥਾਪਤ ਕੀਤੇ ਧਰਮ ਦਾ ਹਿੰਦੂ ਧਰਮ ਦੇ ਆਧਾਰ ਵਰਣ-ਆਸ਼ਰਮ ਵੰਡ ਨਾਲ ਕੋਈ ਸਬੰਧ ਨਹੀਂ ਹੈ। ਗੁਰੂ ਨਾਨਕ ਦਾ ਧਰਮ ਵੇਦਾਂ ਜਾਂ ਹੋਰ ਹਿੰਦੂ ਧਰਮ-ਸ਼ਾਸਤਰਾਂ ਵਿਚ ਵਿਸ਼ਵਾਸ ਨਹੀਂ ਰੱਖਦਾ, ਮੂਰਤੀ ਪੂਜਾ ਜੋ ਹਿੰਦੂ ਧਰਮ ਦਾ ਅਨਿਖੜਵਾਂ ਅੰਗ ਹੈ, ਦੀ ਸਿੱਖ ਧਰਮ ਵਿਚ ਮਨਾਹੀ ਹੈ। ਸਿੱਖ ਧਰਮ ਵਿਚ ਕੋਈ ਵੀ ਸ਼ਾਮਲ ਹੋ ਸਕਦਾ ਹੈ, ਕਿਸੇ ਨੂੰ ਮਨਾਹੀ ਨਹੀਂ ਹੈ। ਇਹ ਚਾਰ ਵਰਨਾਂ ਨੂੰ ਇੱਕ ਕਰਦਾ ਹੈ ਕਿਉਂਕਿ ਸਭ ਉਸੇ ਇੱਕੋ ਰੱਬੀ ਜੋਤਿ ਤੋਂ ਪ੍ਰਕਾਸ਼ਤ ਹਨ। ਇੱਥੇ ਇਹ ਸਿਧਾਂਤ ਲਾਗੂ ਨਹੀਂ ਹੁੰਦਾ ਕਿ ਚਾਰੇ ਵਰਣ 'ਵਿਰਾਟ ਪੁਰਸ਼' ਦੇ ਚਾਰ ਵੱਖ-ਵੱਖ ਅੰਗਾਂ ਤੋਂ ਪੈਦਾ ਹੋਏ। ਸਿੱਖ ਧਰਮ ਇੱਕੋ ਅਕਾਲ ਪੁਰਖ ਦੀ ਹਸਤੀ ਵਿਚ ਵਿਸ਼ਵਾਸ ਰੱਖਦਾ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਅਲੱਗ-ਅਲੱਗ ਕਾਰਜਾਂ ਵਾਲੀਆਂ ਦੈਵੀ ਹਸਤੀਆਂ ਜਾਂ ਇਨ੍ਹਾਂ ਦੇ ਅਵਤਾਰਾਂ ਦੇ ਸਿਧਾਂਤ ਨੂੰ ਸਿੱਖ ਧਰਮ ਵਿਚ ਨਕਾਰਿਆ ਗਿਆ ਹੈ। ਕਿਸੇ ਵੀ ਧਰਮ ਦੀ ਅੱਡਰੀ ਪਛਾਣ ਲਈ ਚਾਰ ਚੀਜ਼ਾਂ ਲੋੜੀਂਦੀਆਂ ਹਨ। ਇੱਕ, ਉਸ ਦਾ ਸੰਸਥਾਪਕ ਜਾਂ ਪੈਗੰਬਰ; ਦੋ, ਉਸ ਦਾ ਧਾਰਮਿਕ ਗ੍ਰੰਥ; ਤਿੰਨ, ਉਸ ਦਾ ਧਾਰਮਿਕ ਸਥਾਨ; ਚਾਰ, ਉਸ ਦੇ ਅਨੁਯਾਈ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਪਹਿਲੀ ਨਾਨਕ ਜੋਤਿ ਤੋਂ ਲੈ ਕੇ ਦਸਮ ਗੁਰੂ ਗੋਬਿੰਦ ਸਿੰਘ ਤੱਕ ਜਿਨ੍ਹਾਂ ਨੇ ਖਾਲਸੇ ਦੀ ਸਿਰਜਣਾ ਕਰ ਕੇ ਸਿੱਖ ਧਰਮ ਨੂੰ ਅੰਤਿਮ ਸਰੂਪ ਬਖਸ਼ਿਸ਼ ਕੀਤਾ, ਤੱਕ ਦਸ ਗੁਰੂ ਸਾਹਿਬਾਨ ਹੋਏ ਹਨ ਜਿਨ੍ਹਾਂ ਵਿਚ ਇੱਕੋ ਰੱਬੀ ਜੋਤਿ ਪ੍ਰਵਾਨ ਕੀਤੀ ਗਈ ਹੈ। ਗੁਰੂ ਸਾਹਿਬਾਨ ਦਾ ਹਿੰਦੂ ਦੇਵੀ ਦੇਵਤਿਆਂ ਜਾਂ ਅਵਤਾਰਾਂ ਜਾਂ ਉਸ ਦੇ ਧਰਮ ਗ੍ਰੰਥਾਂ ਨਾਲ ਕੋਈ ਸਬੰਧ ਨਹੀਂ ਹੈ। ਸਿੱਖਾਂ ਦਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਦਾ ਸੰਕਲਨ ਪੰਜਵੇਂ ਗੁਰੂ ਅਰਜਨ ਦੇਵ ਨੇ ਆਪ ਕੀਤਾ ਅਤੇ ਦਸਵੇਂ ਗੁਰੂ ਨੇ ਨੌਵੇਂ ਗੁਰੂ ਦੀ ਬਾਣੀ ਸ਼ਾਮਲ ਕਰ ਕੇ ਨਾ ਸਿਰਫ ਇਸ ਨੂੰ ਸੰਪੂਰਨ ਕੀਤਾ, ਬਲਕਿ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਬਕਾਇਦਾ ਸਿੱਖ ਪਰੰਪਰਾ ਅਨੁਸਾਰ ਸ਼ਬਦ ਗੁਰੂ ਥਾਪਿਆ ਅਤੇ ਸਰਬ ਸਮਿਆਂ ਵਾਸਤੇ ਸਿੱਖਾਂ ਨੂੰ ਅਗਵਾਈ ਗੁਰੂ ਗ੍ਰੰਥ ਸਾਹਿਬ ਤੋਂ ਲੈਣ ਦਾ ਆਦੇਸ਼ ਕੀਤਾ। ਸਿੱਖਾਂ ਦਾ ਧਾਰਮਿਕ ਸਥਾਨ ਗੁਰਦੁਆਰਾ ਹੈ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਨਾਨਕ ਸਮੇਂ ਇਸ ਨੂੰ ਧਰਮਸਾਲ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇ ਸਥਾਪਤ ਕੀਤੇ ਧਰਮ ਵਿਚ ਕੋਈ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ, ਰਾਜਾ ਜਾਂ ਪਰਜਾ ਨਹੀਂ ਹੈ। ਇਸ ਦੀ ਸਭ ਤੋਂ ਵੱਡੀ ਮਿਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਆਪ ਹੈ ਜਿਸ ਵਿਚ ਸਿੱਖ ਧਰਮ ਦੇ ਸੰਸਥਾਪਕਾਂ ਦੀ ਬਾਣੀ ਦੇ ਨਾਲ ਹਿੰਦੂ ਭਗਤਾਂ, ਭੱਟਾਂ ਅਤੇ ਮੁਸਲਮਾਨ ਸੂਫੀ ਕਵੀਆਂ ਦੀ ਬਾਣੀ ਵੀ ਸ਼ਾਮਲ ਹੈ। ਭਾਈ ਗੁਰਦਾਸ ਦੇ ਸ਼ਬਦਾਂ ਵਿਚ,

ਸੁਣੀ ਪੁਕਾਰ ਦਾਤਾਰ ਪ੍ਰਭੁ
ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ
ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ
ਕਲਿਜੁਗਿ ਅੰਦਰਿ ਇਕੁ ਦਿਖਾਇਆ।
ਚਾਰੇ ਪੈਰ ਧਰਮ ਦੇ
ਚਾਰਿ ਵਰਨਿ ਇਕੁ ਵਰਨੁ ਕਰਾਇਆ।
ਰਾਣਾ ਰੰਕੁ ਬਰਾਬਰੀ
ਪੈਰੀ ਪਾਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ
ਪੈਰਾ ਉਪਰਿ ਸੀਸੁ ਨਿਵਾਇਆ।
ਕਲਿਜੁਗੁ ਬਾਬੇ ਤਾਰਿਆ
ਸਤਿ ਨਾਮੁ ਪੜ੍ਹਿ ਮੰਤ੍ਰ ਸੁਣਾਇਆ।
ਕਲਿ ਤਾਰਣਿ
ਗੁਰੁ ਨਾਨਕੁ ਆਇਆ॥23॥

ਅੱਗੇ ਗੱਲ ਆਉਂਦੀ ਹੈ ਧਰਮ ਬਦਲੀ, ਸ਼ੁੱਧੀ ਜਾਂ ਘਰ ਵਾਪਸੀ ਦੀ ਜਿਸ ਦਾ ਅੱਜ ਕੱਲ੍ਹ ਖੂਬ ਚਰਚਾ ਹੈ। ਜਿਨ੍ਹਾਂ ਧਰਮਾਂ ਵਿਚ ਕਨਵਰਸ਼ਨ ਰਾਹੀਂ, ਅਰਥਾਤ ਧਰਮ ਧਾਰਨ ਕਰ ਕੇ ਪ੍ਰਵੇਸ਼ ਕਰਨ ਦੀ ਪਰੰਪਰਾ ਹੈ ਜਿਵੇਂ ਭਾਰਤੀ ਧਰਮਾਂ ਵਿਚ ਸ਼੍ਰਮਣਕ ਧਰਮ ਪਰੰਪਰਾਵਾਂ ਅਤੇ ਸਿੱਖ ਧਰਮ ਅਤੇ ਭਾਰਤ ਤੋਂ ਬਾਹਰੋਂ ਆਏ ਸਾਮੀ ਧਰਮ; ਉਨ੍ਹਾਂ ਧਰਮਾਂ ਵਿਚ ਹੀ ਬੰਦਾ ਉਸ ਧਰਮ ਦੀ ਪਰੰਪਰਾ ਅਨੁਸਾਰ ਪ੍ਰਵੇਸ਼ ਕਰ ਸਕਦਾ ਜਾਂ ਦੁਬਾਰਾ ਪ੍ਰਵੇਸ਼ ਕਰ ਸਕਦਾ ਹੈ। ਆਰੀਆ ਧਰਮ ਜਾਂ ਵੈਦਿਕ ਧਰਮ ਜਾਂ ਸਨਾਤਨ ਧਰਮ ਜਿਸ ਨੂੰ ਅੱਜ ਕੱਲ੍ਹ ਹਿੰਦੂ ਧਰਮ ਕਿਹਾ ਜਾਂਦਾ ਹੈ, ਵਿਚ ਨਾ ਵਾਪਸੀ ਸੰਭਵ ਹੈ, ਨਾ ਸ਼ੁੱਧੀ ਆਦਿ, ਕਿਉਂਕਿ ਹਿੰਦੂ ਧਰਮ ਜਨਮ ਤੋਂ ਹੈ। ਇਸ ਨੂੰ ਮਰਜ਼ੀ ਨਾਲ ਛੱਡ ਕੇ ਹੋਰ ਧਰਮ ਧਾਰਨ ਤਾਂ ਕੀਤਾ ਜਾ ਸਕਦਾ ਹੈ, ਪਰ ਹਿੰਦੂ ਧਰਮ ਨੂੰ ਧਾਰਨ ਨਹੀਂ ਕੀਤਾ ਜਾ ਸਕਦਾ। ਹਿੰਦੂ ਧਰਮ ਪਰੰਪਰਾ ਅਨੁਸਾਰ ਤਾਂ ਮਨੁੱਖ ਆਪਣਾ ਵਰਣ ਜਾਂ ਜਾਤਿ ਨਹੀਂ ਬਦਲ ਸਕਦਾ, ਧਰਮ ਬਦਲੀ ਕਰ ਕੇ ਹਿੰਦੂ ਕਿਵੇਂ ਬਣ ਸਕਦਾ ਹੈ? ਕੀ ਜੇ ਕੋਈ ਹਰੀਜਨ ਪਹਿਲਾਂ ਈਸਾਈ ਜਾਂ ਕੁੱਝ ਹੋਰ ਬਣ ਗਿਆ ਹੋਵੇ, ਜੇ ਉਹ ਵਾਪਸ ਆਵੇ ਅਤੇ ਬ੍ਰਾਹਮਣ ਬਣਨਾ ਚਾਹੇ, ਉਸ ਨੂੰ ਮੰਦਰ ਦਾ ਪੁਜਾਰੀ ਬਣਨ, ਯੱਗ ਕਰਨ ਅਤੇ ਉਸ ਵਿਚ ਵੇਦ ਮੰਤਰ ਉਚਾਰਨ ਦੀ ਆਗਿਆ ਹੋਵੇਗੀ? ਜਿਥੋਂ ਤੱਕ ਮੇਰੀ ਜਾਣਕਾਰੀ ਹੈ, ਬਿਲਕੁਲ ਆਗਿਆ ਨਹੀਂ ਮਿਲੇਗੀ। ਫਿਰ ਸ਼ੁੱਧੀ ਜਾਂ ਵਾਪਸੀ ਕਿਸ ਗੱਲ ਦੀ? ਇਹ ਸਭ ਰਾਜਨੀਤਕ ਸਟੰਟ ਅਤੇ ਧਾਰਮਿਕ ਪਖੰਡ ਹੈ ਜਿਸ ਦਾ ਜ਼ਿਕਰ ਆਸਾ ਦੀ ਵਾਰ ਅਤੇ ਬਾਣੀ ਵਿਚ ਹੋਰ ਕਈ ਥਾਂਈਂ ਆ ਚੁੱਕਾ ਹੈ। ਸਿੱਖ ਧਰਮ ਵਿਚ ਕੋਈ ਵੀ ਮਨੁੱਖ ਸ਼ਾਮਲ ਹੋ ਸਕਦਾ ਹੈ, ਵਾਪਸ ਆ ਸਕਦਾ ਹੈ, ਇਸ ਵਿਚ ਕੋਈ ਕਿੰਤੂ-ਪ੍ਰੰਤੂ ਨਹੀਂ ਹੈ, ਪਰ ਸਿੱਖ ਧਰਮ ਵਿਚ ਕਿਸੇ ਦਾ ਵੀ ਜਬਰੀ ਧਰਮ ਨਾ ਬਦਲਿਆ ਜਾਂਦਾ ਹੈ, ਨਾ ਥੋਪਿਆ ਜਾਂਦਾ ਹੈ। ਜੇ ਇਹੀ ਗੱਲ ਹੁੰਦੀ, ਤਾਂ ਜਿਵੇਂ ਔਰੰਗਜ਼ੇਬ ਆਪਣੀ ਤਾਕਤ ਨਾਲ ਜਨਤਾ ਨੂੰ ਇਸਲਾਮ ਧਰਮ ਕਬੂਲ ਕਰਵਾ ਰਿਹਾ ਸੀ, ਗੁਰੂ ਗੋਬਿੰਦ ਸਿੰਘ ਵੀ ਆਪਣੇ ਪਾਸ ਆਉਣ ਵਾਲੇ ਹਰ ਵਿਅਕਤੀ ਨੂੰ ਪਹਿਲਾਂ ਅੰਮ੍ਰਿਤ ਛਕਾ ਕੇ ਸਿੱਖ ਸਜਾਉਂਦੇ, ਪਰ ਅਜਿਹਾ ਨਹੀਂ ਹੋਇਆ। ਭਾਈ ਨੰਦ ਲਾਲ ਗੋਇਆ ਗੁਰੂ ਗੋਬਿੰਦ ਸਿੰਘ ਦੇ ਨਜ਼ਦੀਕੀ ਤੇ ਬਹੁਤ ਹੀ ਸਤਿਕਾਰਤ ਕਵੀ ਹਨ, ਪਰ ਉਨ੍ਹਾਂ ਦਾ ਕਿਤੇ ਵੀ ਅੰਮ੍ਰਿਤ ਛਕ ਕੇ ਸਿੰਘ ਸਜਣ ਦਾ ਜ਼ਿਕਰ ਨਹੀਂ ਮਿਲਦਾ।

ਜੋ ਸਟੰਟ ਜਾਂ ਪਖੰਡ ਪੰਜਾਬ ਵਿਚ ਅੱਜ ਕੱਲ੍ਹ ਚੱਲ ਰਿਹਾ ਹੈ, ਉਸ ਵਿਚ ਆਰ.ਐਸ.ਐਸ. ਦੇ ਨਾਲ ਮੌਜੂਦਾ ਅਕਾਲੀ ਸਰਕਾਰ, ਰਾਸ਼ਟਰੀ ਸਿੱਖ ਸੰਗਤ ਜੋ ਸੋ-ਕਾਲਡ ਸਿੱਖਾਂ ਦੀ ਸੰਸਥਾ ਹੈ, ਵੀ ਜ਼ਿੰਮੇਵਾਰ ਹਨ। ਕੋਈ ਹਿੰਦੂ ਜਾਂ ਸਿੱਖ ਧਰਮ ਨੂੰ ਛੱਡ ਕੇ ਜਾਂਦਾ ਕਿਉਂ ਹੈ? ਇਸ ਲਈ ਤਾਂ ਉਹ ਜ਼ਿੰਮੇਵਾਰ ਹਨ ਜੋ ਸਦੀਆਂ ਬੀਤਣ 'ਤੇ ਵੀ ਮਨੁੱਖ ਨੂੰ ਮਨੁੱਖ ਨਾ ਮੰਨ ਕੇ ਉਚੀ ਜਾਂ ਨੀਵੀਂ ਜਾਤਿ ਦਾ ਮੰਨ ਕੇ ਚੱਲ ਰਹੇ ਹਨ ਅਤੇ ਧਰਮ ਦੇ ਕਰਤਾ-ਧਰਤਾ ਵੀ ਬਣੇ ਫਿਰਦੇ ਹਨ, ਇਨ੍ਹਾਂ ਨਜ਼ਰ ਆਉਂਦੀਆਂ ਪਰ ਸੂਖਮ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜੇ ਜਾਣ ਦੇ ਹੱਕ ਵਿਚ ਨਹੀਂ ਹਨ। ਇੱਕ ਗੱਲ ਹੋਰ ਹਿੰਦੁਸਤਾਨ ਵਿਚ ਰਹਿਣ ਵਾਲੇ ਲੋਕ ਭਾਵ ਭਾਰਤ, ਇੰਡੀਆ ਦੇ ਵਾਸੀ ਹਿੰਦੀ, ਭਾਰਤੀ, ਇੰਡੀਅਨ ਹੋ ਸਕਦੇ, ਪਰ ਸਾਰੇ ਹਿੰਦੂ ਨਹੀਂ ਹਨ, ਕਿਉਂਕਿ 'ਹਿੰਦੂ' ਧਰਮ ਹੈ, ਦੇਸ਼ ਨਹੀਂ। ਸਾਰੇ ਗਦਰੀ ਬਾਬੇ ਆਪਣੇ ਆਪ ਨੂੰ 'ਹਿੰਦੀ' ਕਹਿੰਦੇ ਸਨ, ਹਿੰਦੂ ਨਹੀਂ। ਸੋ, ਹਿੰਦੁਸਤਾਨ ਦਾ ਵਾਸੀ ਹੋਣ ਦਾ ਅਰਥ 'ਹਿੰਦੀ' ਹੈ, ਹਿੰਦੂ ਨਹੀਂ।

# ਜਿਸੁ ਮਨਿ ਵਸੈ ਤਰੈ ਜਨੁ ਸੋਇ॥

ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੫**
ਜਿਸੁ ਮਨਿ ਵਸੈ ਤਰੈ ਜਨੁ ਸੋਇ॥
ਜਾ ਕੈ ਕਰਮਿ ਪਰਾਪਤਿ ਹੋਇ॥
ਦੂਖੁ ਰੋਗੁ ਕਛੁ ਭਉ ਨ ਬਿਆਪੈ॥
ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ॥੧॥
ਪਾਰਬ੍ਰਹਮੁ ਪਰਮੇਸੁਰੁ ਧਿਆਈਐ॥
ਗੁਰ ਪੂਰੇ ਤੇ
ਇਹ ਮਤਿ ਪਾਈਐ॥੧॥ਰਹਾਉ॥
ਕਰਣ ਕਰਾਵਨਹਾਰ ਦਇਆਲ॥
ਜੀਅ ਜੰਤ ਸਗਲੇ ਪ੍ਰਤਿਪਾਲ॥
ਅਗਮ ਅਗੋਚਰ ਸਦਾ ਬੇਅੰਤਾ॥
ਸਿਮਰਿ ਮਨਾ ਪੂਰੇ ਗੁਰ ਮੰਤਾ॥੨॥
ਜਾ ਕੀ ਸੇਵਾ ਸਰਬ ਨਿਧਾਨੁ॥
ਪ੍ਰਭੁ ਕੀ ਪੂਜਾ ਪਾਈਐ ਮਾਨੁ॥
ਜਾ ਕੀ ਟਹਲ ਨ ਬਿਰਥੀ ਜਾਇ॥
ਸਦਾ ਸਦਾ ਹਰਿ ਕੇ ਗੁਣ ਗਾਇ॥੩॥
ਕਰਿ ਕਿਰਪਾ ਪ੍ਰਭ ਅੰਤਰਜਾਮੀ॥
ਸੁਖ ਨਿਧਾਨ ਹਰਿ ਅਲਖ ਸੁਆਮੀ॥
ਜੀਅ ਜੰਤ ਤੇਰੀ ਸਰਣਾਈ॥
ਨਾਨਕ ਨਾਮੁ ਮਿਲੈ ਵਡਿਆਈ॥੪॥

ਸਾਹਿਬ ਗੁਰਦੇਵ ਪਿਤਾ ਜੀ ਆਖਦੇ ਹਨ, ਜਿਸ ਮਿਹਰਵਾਨ ਪ੍ਰਭੂ ਦੀ ਕ੍ਰਿਪਾ ਸਦਕਾ ਹੀ ਉਸ ਦੇ ਨਾਮ ਦੀ ਪ੍ਰਾਪਤੀ ਹੁੰਦੀ ਹੈ, ਉਹ ਪ੍ਰਭੂ ਜਿਸ ਜੀਵ ਦੇ ਅੰਦਰ ਵੱਸ ਜਾਂਦਾ ਹੈ, ਉਹ ਵਡਭਾਗਾ ਜੀਵ ਦੁੱਖਾਂ ਰੋਗਾਂ ਤੇ ਵਿਕਾਰਾਂ ਦੇ ਸਮੁੰਦਰ ਨੂੰ ਪਾਰ ਕਰ ਜਾਂਦਾ ਹੈ; ਦੁਖੁ ਰੋਗੁ ਕਛੁ ਭਉ ਨਾ ਬਿਆਪੈ, ਹੇ ਭਾਈ! ਐਸੇ ਜੀਵ ਉਤੇ ਜਗਤ ਦਾ ਕੋਈ ਵੀ ਦੁੱਖ ਕੋਈ ਵੀ ਰੋਗ ਕੋਈ ਵੀ ਡਰ-ਭਉ ਆਪਣਾ ਪ੍ਰਭਾਵ ਨਹੀਂ ਪਾ ਸਕਦਾ ਕਿਉਂਕਿ ਉਹ ਜੀਵ ਆਪਣੇ ਅੰਦਰ ਅੰਮ੍ਰਿਤ ਰੂਪੀ ਨਾਮ ਜਪਦਾ ਰਹਿੰਦਾ ਹੈ।

ਪਾਰਬ੍ਰਹਮੁ ਪਰਮੇਸੁਰੁ ਧਿਆਈਐ॥
ਗੁਰ ਪੂਰੇ ਤੇ
ਇਹ ਮਤਿ ਪਾਈਐ॥੧॥ਰਹਾਉ॥

ਸ਼ਬਦ ਦੀਆਂ ਰਹਾਉ ਦੀਆਂ ਪੰਕਤੀਆਂ ਵਿਚ ਸਤਿਗੁਰੂ ਸਾਨੂੰ ਜੀਵਾਂ ਨੂੰ ਪਰਮੇਸ਼ਰ ਨਾਲ ਜੁੜਨ ਲਈ ਪ੍ਰੇਰਨਾ ਦਿੰਦੇ ਹੋਏ ਆਖਦੇ ਹਨ- ਭਾਵ ਹੇ ਭਾਈ! ਮਿਹਰਾਂ ਦੇ ਸਾਗਰ, ਸੰਸਾਰ ਦੇ ਉਸ ਰਚਨਹਾਰੇ, ਅਕਾਲ ਪੁਰਖ ਦਾ ਨਾਮ ਸਿਮਰਨ ਸਦਾ ਹੀ ਕਰਨਾ ਚਾਹੀਦਾ ਹੈ। ਹੇ ਭਾਈ! ਉਸ ਮਾਲਕ ਪ੍ਰਭੂ ਦਾ ਨਾਮ ਸਿਮਰਨ ਕਰਨ ਵਾਲੀ ਮਤਿ ਵੀ ਸਾਨੂੰ ਪੂਰੇ ਗੁਰੂ ਪਾਸੋਂ ਹੀ ਮਿਲਦੀ ਹੈ। ਸੋ, ਗੁਰੂ ਦੀ ਸ਼ਰਨ ਵਿਚ ਜਾਹ।

ਕਰਣ ਕਰਾਵਨਹਾਰ ਦਇਆਲ॥
ਜੀਅ ਜੰਤ ਸਗਲੇ ਪ੍ਰਤਿਪਾਲ॥
ਅਗਮ ਅਗੋਚਰ ਸਦਾ ਬੇਅੰਤਾ॥
ਸਿਮਰਿ ਮਨਾ ਪੂਰੇ ਗੁਰ ਮੰਤਾ॥੨॥

ਗੁਰਦੇਵ ਜੀ ਆਖਦੇ ਹਨ- ਹੇ ਮੇਰੇ ਮਨ! ਉਹ ਪਰਮੇਸ਼ਰ ਪ੍ਰਭੂ ਜੋ ਜੀਵਾਂ ਪਾਸੋਂ ਸਭ ਕੁਝ ਕਰਵਾਉਣ ਦੀ ਤਾਕਤ ਵੀ ਰੱਖਦਾ ਹੈ ਤੇ ਸਭ ਕੁਝ ਕਰਨ ਦੀ ਸਮਰਥਾ ਰੱਖਦਾ ਹੈ ਤੇ ਦਇਆ ਦਾ ਸਮੁੰਦਰ ਵੀ ਹੈ, ਜੋ ਸੰਸਾਰ ਦੇ ਸਾਰੇ ਹੀ ਜੀਵ-ਜੰਤਾਂ ਦੀ ਪਾਲਣਾ ਵੀ ਕਰਦਾ ਹੈ, ਜੋ ਅਪਹੁੰਚ ਹੈ ਤੇ ਜਿਸ ਤੱਕ ਜੀਵਾਂ ਦੇ ਗਿਆਨ ਰੂਪੀ ਇੰਦਰੀਆਂ ਦੀ ਪਹੁੰਚ ਕਦੀ ਵੀ ਨਹੀਂ ਹੋ ਸਕਦੀ। ਹੇ ਮੇਰੇ ਮਨ! ਤੂੰ ਗੁਰੂ ਦੇ ਬਚਨਾਂ ਨੂੰ ਮੰਨ ਅਤੇ ਸਿਮਰਨ ਕਰ।

ਜਾ ਕੀ ਸੇਵਾ ਸਰਬ ਨਿਧਾਨੁ॥
ਪ੍ਰਭੁ ਕੀ ਪੂਜਾ ਪਾਈਐ ਮਾਨੁ॥
ਜਾ ਕੀ ਟਹਲ ਨ ਬਿਰਥੀ ਜਾਇ॥
ਸਦਾ ਸਦਾ ਹਰਿ ਕੇ ਗੁਣ ਗਾਇ॥੩॥

ਗੁਰਦੇਵ ਜੀ ਆਖਦੇ ਹਨ- ਹੇ ਭਾਈ! ਜਿਸ ਮਿਹਰਵਾਨ ਪ੍ਰਭੂ ਦੀ ਸੇਵਾ ਵਿਚ ਹੀ ਸੰਸਾਰ ਦੇ ਸਾਰੇ ਖਜ਼ਾਨੇ ਛੁਪੇ ਹੋਏ ਹਨ, ਜਿਸ ਹਰੀ ਪਰਮਾਤਮਾ ਦੀ ਪੂਜਾ ਕੀਤਿਆਂ ਸੰਸਾਰ ਵਿਚ ਹਰ ਥਾਂ ਹੀ ਮਾਣ ਮਿਲਦਾ ਹੈ, ਹੇ ਭਾਈ! ਉਸ ਮਿਹਰਵਾਨ ਪ੍ਰਭੂ ਦੀ ਕੀਤੀ ਹੋਈ ਸੇਵਾ ਭਗਤੀ ਕਦੀ ਵੀ ਬਿਰਥੀ ਨਹੀਂ ਜਾ ਸਕਦੀ; ਐਸੇ ਦਇਆ ਦੇ ਸਮੁੰਦਰ ਪ੍ਰਭੂ ਦੇ ਗੁਣ ਤੂੰ ਸਦਾ ਸਦਾ ਹੀ ਗਾਇਆ ਕਰ।


ਕਰਿ ਕਿਰਪਾ ਪ੍ਰਭ ਅੰਤਰਜਾਮੀ॥
ਸੁਖ ਨਿਧਾਨ ਹਰਿ ਅਲਖ ਸੁਆਮੀ॥
ਜੀਅ ਜੰਤ ਤੇਰੀ ਸਰਣਾਈ॥
ਨਾਨਕ ਨਾਮੁ ਮਿਲੈ ਵਡਿਆਈ॥੪॥

ਸਤਿਗੁਰੂ ਅਰਦਾਸ ਕਰਦੇ ਹਨ- ਹੇ ਅੰਤਰਜਾਮੀ ਪ੍ਰਭੂ ਜੀਉ! ਕਿਰਪਾ ਕਰੋ, ਹੇ ਸੁਖਾਂ ਦੇ ਖਜ਼ਾਨੇ ਮੇਰੇ ਪਿਆਰੇ ਪ੍ਰਭੂ ਜੀਉ! ਹੇ ਅਦ੍ਰਿਸ਼ਟ ਸੁਆਮੀ ਜੀਉ, ਹੇ ਜਗਤ ਦੇ ਮਾਲਕ ਜੀਉ! ਇਹ ਸਾਰੇ ਜੀਅ ਜੰਤ ਤੇਰੀ ਹੀ ਸ਼ਰਨ ਵਿਚ ਹਨ, ਤੇਰੇ ਹੀ ਆਸਰੇ ਹਨ; ਇਹ ਨਾਨਕ ਭੀ ਤੇਰੀ ਸ਼ਰਨ ਆਇਆ ਹੈ, ਆਪਣਾ ਨਾਮ ਦਿਉ, ਤੇਰਾ ਨਾਮ ਹੀ ਮੇਰੇ ਲਈ ਵਡਿਆਈ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਹਮਾਸ ਦਾ ਬੇਟਾ

**ਫਲਸਤੀਨੀਆਂ ਦੀ ਜੁਝਾਰੂ ਜਥੇਬੰਦੀ 'ਹਮਾਸ' ਦੇ ਮੋਢੀ ਲੀਡਰਾਂ ਵਿਚੋਂ ਇਕ, ਸ਼ੇਖ ਹਸਨ ਯੂਸਫ ਦੇ ਪੁੱਤਰ ਮੋਸਾਬ ਹਸਨ ਯੂਸਫ (ਜਨਮ 1978) ਨੇ ਛੋਟੀ ਉਮਰ ਵਿਚ ਹੀ ਆਪਣੀ ਸਵੈ-ਜੀਵਨੀ 'ਸਨ ਆਫ ਹਮਾਸ' ਲਿਖੀ ਹੈ। ਫਲਸਤੀਨ ਲਈ ਜੂਝ ਰਹੇ ਲੋਕਾਂ ਨੇ ਇਸ ਕਿਤਾਬ ਨੂੰ ਮੁੱਢੋਂ-ਸੁੱਢੋਂ ਰੱਦ ਕੀਤਾ ਹੈ, ਪਰ ਪੱਛਮੀ ਜਗਤ ਨੇ ਇਸ ਕਿਤਾਬ ਦਾ ਭਰਵਾਂ ਸਵਾਗਤ ਕੀਤਾ ਹੈ। ਮੋਸਾਬ ਅੱਜ ਕੱਲ੍ਹ ਅਮਰੀਕਾ ਵਿਚ ਰਹਿੰਦਾ ਹੈ ਅਤੇ ਉਸ ਦੇ ਇਜ਼ਰਾਈਲ ਲਈ ਜਸੂਸੀ ਕਰਨ ਦੇ ਕਿੱਸੇ ਵੀ ਚਰਚਾ ਵਿਚ ਰਹੇ ਹਨ। ਸਾਲ 2012 ਵਿਚ ਛਪੀ ਇਸ ਕਿਤਾਬ ਬਾਰੇ ਲੰਮਾ ਲੇਖ ਉਘੇ ਸਿੱਖ ਚਿੰਤਕ ਪ੍ਰੋ. ਹਰਪਾਲ ਸਿੰਘ ਪੰਨੂ ਨੇ 'ਪੰਜਾਬ ਟਾਈਮਜ਼' ਨੂੰ ਭੇਜਿਆ ਹੈ। ਇਸ ਲੇਖ ਵਿਚ ਉਨ੍ਹਾਂ ਇਸ ਕਿਤਾਬ, ਲੇਖਕ ਮੋਸਾਬ ਹਸਨ ਯੂਸਫ, ਫਲਸਤੀਨ ਅਤੇ ਇਜ਼ਰਾਈਲ ਦੇ ਪਿਛੋਕੜ ਵਿਚ ਪਏ ਅਹਿਮ ਤੱਥ ਉਜਾਗਰ ਕੀਤੇ ਹਨ। ਇਸ ਲੇਖ ਦੀ ਪਹਿਲੀ ਕਿਸ਼ਤ ਹਾਜ਼ਰ ਹੈ। -ਸੰਪਾਦਕ**




ਮੋਸਾਬ ਹਸਨ ਯੂਸਫ ਦੀ ਕਿਤਾਬ 'ਸਨ ਆਫ ਹਮਾਸ' ਦਾ ਟਾਈਟਲ।

ਹਥਲੀ ਕਥਾ ਮੋਸਾਬ ਹਸਨ ਯੂਸਫ ਦੀ ਹੈ। ਅਰਬੀ ਲਫਜ਼ ਹਮਾਸ ਦਾ ਮਾਇਨਾ ਹੈ ਮਜ਼ਬੂਤ, ਥਿਰ, ਤਾਕਤਵਰ, ਅਡੋਲ। ਫਲਸਤੀਨ ਵਿਚੋਂ ਯਹੂਦੀਆਂ ਨੂੰ ਸਦਾ ਲਈ ਖਦੇੜਨ ਵਾਸਤੇ ਸੱਤ ਬੰਦਿਆਂ ਨੇ ਮੀਟਿੰਗ ਸੱਦੀ ਤੇ ਹਮਾਸ ਨਾਮ ਦੀ ਜਥੇਬੰਦੀ ਕਾਇਮ ਕੀਤੀ। ਇਨ੍ਹਾਂ ਸੱਤ ਮੋਢੀਆਂ ਵਿਚ ਇਸ ਕਥਾ ਦੇ ਮੁੱਖ ਪਾਤਰ ਮੋਸਾਬ ਦਾ ਅੱਬਾ ਸ਼ੇਖ ਹਸਨ ਯੂਸਫ ਵੀ ਸੀ। ਹਸਨ ਅਤੇ ਯੂਸਫ ਕਿਉਂਕਿ ਸਾਂਝੇ ਖਾਨਦਾਨੀ ਨਾਮ ਹਨ, ਅਸੀਂ ਅੱਬੂ ਨੂੰ ਸ਼ੇਖ ਅਤੇ ਉਸ ਦੇ ਜੇਠੇ ਪੁੱਤਰ ਨੂੰ ਮੋਸਾਬ ਲਿਖਾਂਗੇ। ਖਾੜਕੂ ਜਥੇਬੰਦੀ ਹਮਾਸ ਅੱਜ ਤੱਕ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਵਿਚ ਸਰਗਰਮ ਹੈ। ਹਮਾਸ ਵਿਚ ਅੰਦਰਖਾਤੇ ਵਾਪਰਦੀਆਂ ਘਟਨਾਵਾਂ ਕਾਰਨ ਮੋਸਾਬ ਇੰਨਾ ਬਦਜ਼ਨ ਹੋਇਆ ਕਿ ਉਹ ਮਾਸੂਮ ਯਹੂਦੀਆਂ ਦੇ ਕਤਲਾਂ ਕਾਰਨ ਇਸ ਜਥੇਬੰਦੀ ਦੇ ਖਿਲਾਫ ਤਾਂ ਹੋਇਆ ਹੀ, ਇਸਲਾਮ ਦੇ ਖਿਲਾਫ ਵੀ ਹੋ ਗਿਆ। ਉਸ ਦੇ ਮਨ ਵਿਚ ਆਇਆ- ਜੇ ਮਾਸੂਮਾਂ ਦੇ ਕਤਲ ਕਰਨੇ ਵਾਜਬ ਹਨ ਤਾਂ ਮੈਂ ਮੁਸਲਮਾਨ ਨਹੀਂ ਹਾਂ, ਇਹ ਇਸਲਾਮ ਨਹੀਂ ਹੈ, ਤੇ ਇਸਲਾਮ ਛੱਡ ਕੇ ਉਹ ਈਸਾਈ ਹੋ ਗਿਆ। ਇਹ ਮੁੰਡਾ ਬਹਾਦਰ ਸੀ ਕਿ ਬੁਜ਼ਦਿਲ, ਮਨੁੱਖਤਾ ਦਾ ਹਮਦਰਦ ਸੀ ਕਿ ਹਮਾਸ ਦਾ ਗੱਦਾਰ, ਈਮਾਨਦਾਰ ਸੀ ਕਿ ਦੁਸ਼ਮਣ ਦੇ ਹੱਥਾਂ ਵਿਚ ਖੇਡਦਾ ਮੁਖਬਰ, ਭਲਾ ਸੀ ਕਿ ਬੁਰਾ, ਇਸ ਬਾਰੇ ਫੈਸਲਾ ਪਾਠਕ ਕਰਨ, ਅਸੀਂ ਕੇਵਲ ਉਸ ਦੀ ਕਹਾਣੀ ਲਿਖਾਂਗੇ।

ਕਿਤਾਬ ਦੇ ਪਹਿਲੇ ਪੰਨੇ ਉਪਰ ਉਹ ਆਪਣੇ ਪਿਆਰੇ ਅੱਬੂ, ਆਪਣੇ ਦੁਖੀ ਪਰਿਵਾਰ, ਫਲਸਤੀਨ-ਇਜ਼ਰਾਈਲ ਸੰਕਟ ਦੇ ਸ਼ਿਕਾਰ ਲੋਕਾਂ ਅਤੇ ਬਚੀ ਮਨੁੱਖਤਾ ਅੱਗੇ ਸਮਰਪਣ ਕਰਦਾ ਹੈ, ਰੱਬ ਦਾ



ਹਰਪਾਲ ਸਿੰਘ ਪੰਨੂ
ਫੋਨ: 91-94642-51454

ਸ਼ੁਕਰਾਨਾ ਕਰਦਾ ਹੈ ਜਿਹੜਾ ਸੰਕਟ ਵਿਚ ਮਦਦਗਾਰ ਹੋਇਆ ਤੇ ਹੋਏਗਾ। ਇਸ ਪਿਛੋਂ ਖਿਮਾ ਜਾਚਨਾ ਦੇ ਸ਼ਬਦ ਹਨ- ਮੇਰੇ ਪਰਿਵਾਰ ਦੇ ਮੈਂਬਰੋ, ਮੈਨੂੰ ਤੁਹਾਡੇ 'ਤੇ ਫਖਰ ਹੈ। ਤੁਹਾਡੇ ਉਪਰ ਮੇਰੇ ਸਦਕਾ ਕੀ ਵਾਪਰੀ, ਖੁਦਾ ਜਾਣਦਾ ਹੈ। ਸ਼ਰਮਿੰਦਗੀ ਦਾ ਜੋ ਦਾਗ਼ ਮੈਂ ਤੁਹਾਡੇ ਉਪਰ ਲਾਇਆ, ਤੁਹਾਨੂੰ ਇਸ ਦੀ ਸ਼ਰਮਿੰਦਗੀ ਉਮਰ ਭਰ ਉਠਾਣੀ ਪਏਗੀ, ਇਹ ਇਸ ਜਨਮ ਵਿਚ ਧੁਲੇਗਾ ਨਹੀਂ।

ਮੈਂ ਇਸ ਤਰ੍ਹਾਂ ਦਾ ਨਾਇਕ ਬਣ ਸਕਦਾ ਸਾਂ ਕਿ ਮੇਰਾ ਪਰਿਵਾਰ ਤੇ ਮੇਰੀ ਕੌਮ ਮੇਰੇ 'ਤੇ ਫਖਰ ਕਰਦੀ। ਮੈਨੂੰ ਪਤੈ, ਕੌਮ ਮੈਥੋਂ ਕੀ ਚਾਹੁੰਦੀ ਸੀ। ਮੈਂ ਸ਼ਹੀਦ ਹੋ ਜਾਂਦਾ, ਤਾਂ ਮੇਰੀਆਂ ਵਾਰਾਂ ਗਾਈਆਂ ਜਾਂਦੀਆਂ। ਇਸ ਦੇ ਉਲਟ ਮੈਂ ਆਪਣੀ ਕੌਮ ਵਾਸਤੇ ਗੱਦਾਰ ਸਾਬਤ ਹੋਇਆ। ਕਦੀ ਮੈਂ ਯੋਧੇ ਪਿਤਾ ਦਾ ਸ਼ਹਿਜ਼ਾਦਾ ਸਾਂ, ਅੱਜ ਅਜਨਬੀ ਪਰਦੇਸ ਵਿਚ ਇਕੱਲ ਦਾ ਹਨੇਰਾ ਢੋਅ ਰਿਹਾ ਹਾਂ। ਜਿਸ ਤਰ੍ਹਾਂ ਹੀਰੋ ਦਾ ਚਿੱਤਰ ਤੁਹਾਡੇ ਮਨਾ ਵਿਚ ਬਣ ਗਿਆ ਹੈ, ਬੱਸ ਮੈਂ ਇਹ ਦੱਸਣਾ ਹੈ ਕਿ ਉਹ ਠੀਕ ਨਹੀਂ। ਮੁਸਲਮਾਨ ਅਤੇ ਯਹੂਦੀ ਜਦੋਂ ਉਸ ਤਰ੍ਹਾਂ ਸੋਚਣ ਲੱਗਣਗੇ, ਜਿਵੇਂ ਮੈਂ ਸੋਚਦਾ ਹਾਂ, ਉਦੋਂ ਅਰਬ-ਇਜ਼ਰਾਈਲ ਸੰਕਟ ਖਤਮ ਹੋ ਜਾਏਗਾ। ਜੇ ਯਸੂ ਮਸੀਹ ਨੂੰ ਇਸ ਕਰ ਕੇ ਰੱਦ ਕੀਤਾ ਗਿਆ ਕਿ ਉਹ ਮਨੁੱਖਤਾ ਨੂੰ ਨਰਕ ਵਿਚੋਂ ਕੱਢਣ ਦਾ ਇਛੁੱਕ ਸੀ, ਤਾਂ ਠੀਕ ਹੈ, ਮੈਨੂੰ ਰੱਦ ਕਰ ਦਿਉ। ਜੇ ਮੈਂ ਇਕ ਵੀ ਮਾਸੂਮ ਬੰਦੇ ਨੂੰ ਬਚਾਉਣ ਵਿਚ ਕਾਮਯਾਬ ਹੋਇਆ ਤਾਂ ਪਿਛਲੇ ਸਮੇਂ ਵਿਚ ਮੇਰੇ ਉਪਰ ਲੱਗੇ ਦੋਸ਼ ਅਤੇ ਸ਼ਰਮਿੰਦਗੀ ਕੁਝ ਵੀ ਨਹੀਂ। ਜੋ ਮੈਂ ਕੀਤਾ, ਬਹੁਤੇ ਬੰਦਿਆਂ ਨੂੰ ਪਸੰਦ ਨਹੀਂ, ਤਾਂ ਕੀ ਹੋਇਆ। ਜੋ ਮੈਂ ਕੀਤਾ, ਹੋਸ਼-ਹਵਾਸ ਨਾਲ ਕੀਤਾ, ਬਚੀ ਜ਼ਿੰਦਗੀ ਵਾਸਤੇ ਇਹੀ ਮੇਰਾ ਈਮਾਨ ਹੈ। ਮਨੁੱਖੀ ਖੂਨ ਦੀ ਇਕ ਬੂੰਦ ਜ਼ਾਇਆ ਨਹੀਂ ਹੋਣੀ ਚਾਹੀਦੀ। ਤੁਹਾਡੀ ਜੇਬ ਵਿਚਲੇ ਪੈਸੇ ਨਾਲ, ਮੇਰੀ ਜੇਬ ਵਿਚੋਂ ਟੈਕਸ ਵਜੋਂ ਨਿਕਲੇ ਪੈਸੇ ਨਾਲ ਜੰਗੀ ਖਰਚੇ ਦਾ ਭੁਗਤਾਨ ਹੋ ਰਿਹੈ। ਇੰਨੇ ਭਾਰ ਤੋਂ ਖੁਦਾ ਸਾਨੂੰ ਕਦੀ ਮੁਕਤ ਕਰੇ, ਅਰਦਾਸ ਕਰੀਏ। -ਤੁਹਾਡਾ ਬੇਟਾ।

ਪੰਜ ਦਹਾਕਿਆਂ ਤੋਂ ਮੱਧ-ਪੂਰਬ ਵਿਚ ਅਮਨ ਤਕਰੀਬਨ ਸਾਰੇ ਕੂਟਨੀਤਕਾਂ, ਪ੍ਰਧਾਨ ਮੰਤਰੀਆਂ ਅਤੇ ਰਾਸ਼ਟਰਪਤੀਆਂ ਵਿਚਕਾਰ ਉਸ ਪਵਿੱਤਰ ਪਿਆਲੇ ਦੀ ਤਰ੍ਹਾਂ ਹੈ ਜਿਸ ਵਿਚੋਂ ਸਾਰੇ ਚੁਸਕੀਆਂ ਲੈ ਰਹੇ ਹਨ। ਨਵੇਂ ਚਿਹਰੇ ਐਲਾਨ ਕਰਦੇ ਹਨ- ਅਸੀਂ ਅਰਬ-ਇਜ਼ਰਾਈਲ ਮਸਲਾ ਹੱਲ ਕਰਾਂਗੇ, ਹਰ ਟੀਮ ਭੂਤਕਾਲੀ ਟੀਮ ਵਾਂਗ ਬੁਰੀ ਤਰ੍ਹਾਂ ਫੇਲ੍ਹ ਹੁੰਦੀ ਹੈ। ਪੱਛਮ ਨੂੰ ਇਸ ਮਸਲੇ ਦਾ ਪਤਾ ਨਹੀਂ, ਨਾ ਪਤਾ ਕਰਨ ਵਿਚ ਦਿਲਚਸਪੀ ਹੈ। ਮੋਸਾਬ ਇਸ ਧਰਤੀ ਦਾ ਜੰਮਪਲ ਹੈ, ਖਤਰਨਾਕ ਖਾੜਕੂ ਪਿਉ ਦਾ ਪੁੱਤ ਜਿਸ ਨੇ ਕੰਗਾਲੀ ਦੇਖੀ, ਤਾਕਤ ਦੀ ਦੁਰਵਰਤੋਂ, ਤਸੀਹਾ ਕੇਂਦਰ ਅਤੇ ਕਤਲ ਦੇਖੇ। ਪਰਦੇ ਪਿਛੇ ਲੀਡਰਾਂ ਦੀਆਂ ਹਰਕਤਾਂ ਅਤੇ ਬਿਆਨ ਦੇਖੇ ਜਿਹੜੇ ਕੌਮਾਂਤਰੀ ਅਖਬਾਰਾਂ ਦੀਆਂ ਸੁਰਖੀਆਂ ਬਣਦੇ। ਮੋਸਾਬ ਸਾਰੀ ਉਲਝਣ ਨੂੰ ਜਾਣਦਾ ਹੈ ਤੇ ਅਜਿਹੇ ਫੈਸਲੇ ਕਰਦਾ ਹੈ ਜਿਨ੍ਹਾਂ ਸਦਕਾ ਉਨ੍ਹਾਂ ਵਾਸਤੇ ਗੱਦਾਰ ਹੋ ਗਿਆ ਹੈ ਜਿਨ੍ਹਾਂ ਲੋਕਾਂ ਨੂੰ ਉਹ ਪਿਆਰ ਕਰਦਾ ਹੈ, ਤੇ ਬਚਾਉਣ ਦਾ ਇੱਛੁਕ ਹੈ। ਉਸ ਕੋਲ ਦੋਸਤਾਂ-ਦੁਸ਼ਮਣਾਂ ਦੇ ਬੇਅੰਤ ਭੇਤ ਹਨ- ਹਮਾਸ ਦੇ ਭੇਤ, ਇਜ਼ਰਾਈਲ ਦੇ ਭੇਤ, ਸਭ ਕੁੱਝ। ਇਹ ਭੇਤ ਦੁਨੀਆਂ ਨਾਲ ਸਾਂਝੇ ਕਰਨ ਵਾਸਤੇ ਉਸ ਨੇ ਕਿਤਾਬ ਲਿਖੀ, ਇਸ ਆਸ ਨਾਲ ਕਿ ਜੋ ਅਸੰਭਵ ਲਗਦਾ ਹੈ, ਉਹ ਸੰਭਵ ਹੋ ਸਕੇ।

1996 ਵਿਚ ਆਪਣੀ ਛੋਟੀ ਜਿਹੀ ਕਾਰ ਵਿਚ ਉਹ ਲਿੰਕ ਰੋਡ ਤੋਂ ਵੱਡੀ ਸੜਕ ਉਪਰ ਚੜ੍ਹਨ ਲੱਗਾ ਕਿ ਪੁਲਿਸ ਨੇ ਰੁਕਣ ਦਾ ਇਸ਼ਾਰਾ ਕੀਤਾ। ਯੇਰੋਸ਼ਲਮ ਵੱਲ ਜਾਂਦੀਆਂ ਸਾਰੀਆਂ ਸੜਕਾਂ ਉਪਰ ਯਹੂਦੀਆਂ ਨੇ ਨਾਕੇ ਲਾਏ ਹੋਏ ਹਨ। "ਇੰਜਣ ਬੰਦ ਕਰ ਕੇ ਬਾਹਰ ਆ", ਯਹੂਦੀ ਸਿਪਾਹੀ ਟੁੱਟੀ-ਫੁੱਟੀ ਅਰਬੀ ਵਿਚ ਚਿੱਲਾਇਆ। ਜਿਉਂ ਹੀ ਮੋਸਾਬ ਬਾਹਰ ਨਿਕਲਿਆ, ਝਾੜੀਆਂ ਪਿੱਛੇ ਛੁਪੇ ਛੇ ਸਿਪਾਹੀ ਦੌੜਦੇ ਆਏ ਤੇ ਬੰਦੂਕਾਂ ਸਿਰ ਵੱਲ ਸੇਧੀਆਂ, ਉਸ ਦੇ ਹੱਥ ਪਿਛੇ ਕਰ ਕੇ ਬੰਨ੍ਹ ਦਿੱਤੇ। ਫਿਰ ਜ਼ਮੀਨ 'ਤੇ ਸੁੱਟ ਕੇ ਠੁੱਡਿਆਂ, ਬੰਦੂਕਾਂ ਦੀਆਂ ਬੱਟਾਂ ਨਾਲ ਕੁਟਾਈ ਸ਼ੁਰੂ ਕਰ ਦਿੱਤੀ। ਪਲਾਸਟਿਕ ਦੀ ਰੱਸੀ ਨਾਲ ਘੁੱਟ ਕੇ ਬੰਨ੍ਹੇ ਹੱਥਾਂ ਵਿਚ ਵੀ ਦਰਦ ਹੋ ਰਿਹਾ ਸੀ। ਫਿਰ ਅੱਖਾਂ ਉਪਰ ਕੱਪੜਾ ਬੰਨ੍ਹ ਕੇ ਜੀਪ ਦੇ ਫਰਸ਼ ਉਪਰ ਸੁੱਟ ਦਿੱਤਾ। ਉਦੋਂ ਉਹ 18 ਸਾਲ ਦਾ ਸੀ ਤੇ ਦਸਵੀਂ ਵਿਚ ਪੜ੍ਹਦਾ ਸੀ। ਕਿਥੇ ਲਿਜਾਣਗੇ, ਕੀ ਕਰਨਗੇ, ਪਤਾ ਨਹੀਂ। ਰਸਤੇ ਵਿਚ ਕੁੱਟਦੇ ਗਏ।

ਕਿਸੇ ਥਾਂ ਪੁੱਜ ਕੇ ਅੱਖਾਂ ਤੋਂ ਕੱਪੜਾ ਉਤਾਰ ਦਿੱਤਾ; ਦੇਖਿਆ, ਇਹ ਯਹੂਦੀਆਂ ਦਾ ਵੈਸਟ ਬੈਂਕ ਉਪਰ ਫੌਜੀ ਕੇਂਦਰ ਸੀ। ਟੈਂਕ ਤਾਇਨਾਤ ਸਨ।

ਵੱਡੀ ਬਿਲਡਿੰਗ ਅੰਦਰ ਪਹਿਲਾਂ ਡਾਕਟਰ ਨੇ ਮੁਆਇਨਾ ਕੀਤਾ ਕਿ ਤਫਤੀਸ਼ ਦੌਰਾਨ ਤਸੀਹੇ ਝੱਲਣ ਦੇ ਕਾਬਲ ਹੈ ਕਿ ਨਹੀਂ, ਕਾਬਲ ਹੋਣ ਕਰ ਕੇ ਪਾਸ ਕਰ ਦਿੱਤਾ। ਹੱਥ ਫਿਰ ਪਿਛੇ ਬੰਨ੍ਹ ਦਿੱਤੇ, ਅੱਖਾਂ ਕੱਪੜੇ ਨਾਲ ਢਕ ਦਿੱਤੀਆਂ। ਸਿਪਾਹੀ ਨੇ ਜ਼ੋਰ ਦੀ ਪੁੜਪੁੜੀ ਉਪਰ ਰਫਲ ਦਾ ਬੱਟ ਮਾਰਿਆ, ਲੱਗਿਆ...ਅੱਖ ਦਾ ਡੇਲਾ ਬਾਹਰ ਨਿਕਲ ਗਿਆ। ਬੇਰਹਿਮ ਤੋਂ ਰਹਿਮ ਦੀ ਆਸ ਕੌਣ ਕਰੇ? ਜਿਸਮਾਨੀ ਦਰਦ ਤਾਂ ਹੈ ਈ ਸੀ, ਮਾਨਸਿਕ ਦੁੱਖ ਬਹੁਤ ਸੀ। ਇਨ੍ਹਾਂ ਸਿਪਾਹੀਆਂ ਦਾ ਕੁੱਝ ਨਹੀਂ ਵਿਗਾੜਿਆ, ਫਿਰ ਇਹ ਇਉਂ ਕਿਉਂ ਕਰ ਰਹੇ ਹਨ? ਜਾਨਵਰ ਵੀ ਕਿਸੇ ਦੂਜੇ ਜਾਨਵਰ ਨੂੰ ਕਿਸੇ ਨਾ ਕਿਸੇ ਕਾਰਨ ਕਰਕੇ ਮਾਰਦੇ ਹਨ, ਬੰਦੇ ਅਕਾਰਨ ਕਿਉਂ ਬੰਦੇ ਨੂੰ ਮਾਰਦੇ ਹਨ?

ਪਿਤਾ ਪਹਿਲੋਂ ਹੀ ਇਜ਼ਰਾਈਲ ਦੀ ਜੇਲ੍ਹ ਵਿਚ ਬੰਦ ਸੀ, ਮਾਂ ਨੂੰ ਬੇਟੇ ਦੀ ਗ੍ਰਿਫਤਾਰੀ ਦਾ ਪਤਾ ਲੱਗੇਗਾ, ਉਸ 'ਤੇ ਕੀ ਬੀਤੇਗੀ? ਸਾਲਾਂ ਤੋਂ ਬੰਦੀ ਪਿਤਾ ਬਾਅਦ ਇਹੋ ਮੁੰਡਾ ਘਰ ਦੀਆਂ ਜ਼ਿੰਮੇਵਾਰੀਆਂ ਉਠਾਉਂਦਾ। ਦਸਵੀਂ ਦੇ ਇਮਤਿਹਾਨ ਨੇੜੇ ਹਨ, ਕੀ ਬਣੇਗਾ? ਰੋਣ ਲੱਗਾ। ਮੁੱਕੇ, ਠੁੱਡੇ, ਰੁਕੇ ਨਹੀਂ...ਬੇਹੋਸ਼ ਹੋ ਗਿਆ।

ਉਸ ਦਾ ਬਾਬਾ ਸ਼ੇਖ ਯੂਸਫ ਦਾਊਦ ਧਾਰਮਿਕ ਬੰਦਾ ਸੀ। ਅਲਜਾਨੀਆਂ ਪਿੰਡ ਦੀ ਮਸਜਿਦ ਦਾ ਇਮਾਮ। ਬਾਈਬਲ ਵਿਚ ਇਜ਼ਰਾਈਲ ਦੇ ਦੋ ਨਗਰਾਂ ਜੁੜੀਆਂ ਅਤੇ ਸਮਾਰੀਆ ਦਾ ਨਾਮ ਆਉਂਦਾ ਹੈ। ਇਨ੍ਹਾਂ ਦੋਹਾਂ ਦੇ ਵਿਚਕਾਰ ਕਰ ਕੇ ਅਲਜਾਨੀਆਂ ਹੈ। ਬਾਬਾ ਆਪਣੇ ਪੋਤੇ ਨੂੰ ਹਿੱਕ ਨਾਲ ਲਾਉਂਦਾ ਤਾਂ ਉਸ ਦੀ ਲੰਮੀ ਸਫੈਦ ਦਾੜ੍ਹੀ ਮੱਥੇ ਨਾਲ ਲਗਦੀ, ਮਿੱਠੀ ਆਵਾਜ਼ ਵਿਚ ਅਜ਼ਾਨ ਦਿੰਦਾ। ਅਲਜਾਨੀਆਂ ਸ਼ਾਂਤ, ਮਿੱਠਾ ਪਿੰਡ ਸੀ ਜਿਸ ਵਿਚ ਉਦੋਂ ਕੇਵਲ ਚਾਰ ਸੌ ਦੀ ਵਸੋਂ ਸੀ। ਸਵੇਰੇ ਬਾਬਾ ਚਾਰ ਵਜੇ ਉਠਦਾ, ਮਸਜਿਦ ਵਿਚ ਨਮਾਜ਼ ਪੜ੍ਹਦਾ-ਪੜ੍ਹਾਉਂਦਾ, ਵਾਪਸੀ 'ਤੇ ਨਾਸ਼ਤਾ ਕਰ ਕੇ ਖੇਤ ਕੰਮ ਕਰਨ ਚਲਾ ਜਾਂਦਾ। ਜ਼ੈਤੂਨ ਦੇ ਰੁੱਖ ਸੰਭਾਲਦਾ, ਹਰ ਬੱਚੇ ਦੇ ਜਨਮ ਸਮੇਂ ਕੰਨ ਵਿਚ ਅਜ਼ਾਨ ਦਿੰਦਾ, ਹਰ ਮ੍ਰਿਤਕ ਦਾ ਫਾਤਿਹਾ ਪੜ੍ਹਦਾ, ਨਿਕਾਹ ਵੇਲੇ ਸਭ ਰਸਮਾਂ ਨਿਭਾਉਂਦਾ।

ਮੋਸਾਬ ਦਾ ਅੱਬਾ ਆਪਣੇ ਪਿਉ ਵਰਗਾ ਸੀ। ਚਾਚਿਆਂ ਦੀ ਦੀਨ ਵਿਚ ਦਿਲਚਸਪੀ ਨਹੀਂ



ਕਿਤਾਬ 'ਸਨ ਆਫ ਹਮਾਸ' ਦਾ ਲੇਖਕ ਮੋਸਾਬ ਹਸਨ ਯੂਸਫ।

ਸੀ, ਕੇਵਲ ਸ਼ੇਖ ਹਸਨ ਬਿਨਾਂ ਨਾਗਾ ਮਸੀਤ ਜਾਂਦਾ ਤੇ ਆਪਣੇ ਪਿਤਾ ਤੋਂ ਇਸਲਾਮ ਬਾਰੇ ਸਿੱਖਦਾ ਰਹਿੰਦਾ। ਬਾਰਾਂ ਸਾਲ ਦਾ ਸੀ ਜਦੋਂ ਖੁਸ਼ ਹੋ ਕੇ ਬਾਬੇ ਨੂੰ ਆਪਣੇ ਬੇਟੇ ਨੂੰ ਯੇਰੋਸ਼ਲਮ ਸ਼ਰਾਅ ਸਿੱਖਣ ਵਾਸਤੇ ਭੇਜ ਦਿੱਤਾ ਜਿਥੇ ਉਸ ਨੇ ਵਡੇਰੀ ਤਾਲੀਮ ਹਾਸਲ ਕਰਨੀ ਸੀ। ਪਿੰਡ ਦੇ ਲੋਕ ਲੋੜ ਪੈਣ 'ਤੇ ਸਰਕਾਰੀ ਅਦਾਲਤਾਂ ਵਿਚ ਨਹੀਂ ਜਾਂਦੇ ਸਨ, ਮਸਜਿਦ ਦੇ ਇਮਾਮ ਦਾ ਫੈਸਲਾ ਰੱਬ ਦਾ ਫੈਸਲਾ ਹੁੰਦਾ। ਇਸ 'ਤੇ ਖਰਚ ਵੀ ਨਾ ਹੁੰਦਾ ਤੇ ਫੈਸਲਾ ਤੁਰੰਤ ਹੋ ਜਾਂਦਾ। ਪਿਤਾ ਨੇ ਬੇਸ਼ਕ ਇਸਲਾਮ ਦੀ ਸਿਖਿਆ ਬੇਟੇ ਨੂੰ ਦੇ ਦਿੱਤੀ ਸੀ, ਪਰ ਯੇਰੋਸ਼ਲਮ ਇਸ ਕਰ ਕੇ ਭੇਜਿਆ, ਤਾਂ ਕਿ ਲੋਕਾਂ ਉਪਰ ਰਾਜ ਕਰਨਾ ਸਿੱਖ ਲਏ। ਅਠਾਰਾਂ ਸਾਲ ਦੀ ਉਮਰ ਵਿਚ ਵਿੱਦਿਆ ਪੂਰੀ ਕਰ ਕੇ ਉਹ ਰਾਮੱਲਾ ਪਿੰਡ ਦੀ ਮਸੀਤ ਦਾ ਇਮਾਮ ਨਿਯੁਕਤ ਹੋ ਗਿਆ।

ਰਾਮੱਲਾ ਅਲਜਾਨੀਆਂ ਵਰਗਾ ਨਿੱਕਾ ਪਿੰਡ ਨਹੀਂ, ਵੱਡਾ ਕਸਬਾ ਸੀ। ਜਦੋਂ ਉਹ ਰਾਮੱਲਾ ਨਗਰ ਦੀ ਵੱਡੀ ਮਸੀਤ ਵਿਚ ਪਹਿਲੀ ਵਾਰ ਗਿਆ, ਤਾਂ ਇਹ ਦੇਖ ਕੇ ਦੁਖੀ ਹੋਇਆ ਕਿ ਨਮਾਜ਼ ਪੜ੍ਹਨ ਆਏ ਕੇਵਲ ਪੰਜ ਬਜ਼ੁਰਗ ਸਨ। ਕਾਫੀ ਹਾਊਸਾਂ, ਸਿਨੇਮਾ ਹਾਲਾਂ ਵਿਚ ਵਧੇਰੇ ਰੌਣਕਾਂ ਸਨ। ਜੂਏਬਾਜ਼ੀ ਅਤੇ ਸ਼ਰਾਬਨੋਸ਼ੀ ਦਾ ਦੌਰ ਦੌਰਾ ਸੀ। ਪਹਿਲੇ ਇਮਾਮ ਨੇ ਟੇਪ ਰਿਕਾਰਡਰ ਲਾਇਆ ਹੋਇਆ ਸੀ ਜਿਸ ਤੋਂ ਅਜ਼ਾਨ ਦੇਣ ਦਾ ਕੰਮ ਲਿਆ ਜਾਂਦਾ ਤਾਂ ਕਿ ਤਾਸ਼ ਦੀ ਬਾਜ਼ੀ ਵਿਚ ਵਿਘਨ ਨਾ ਪਵੇ। ਜਿਹੜੇ ਪੰਜ ਬਿਰਧ ਨਮਾਜ਼ ਪੜ੍ਹਨ ਆਉਂਦੇ, ਉਹ ਖ਼ੁਦ ਦੱਸਦੇ ਕਿ ਮੌਤ ਨੇੜੇ ਹੋਣ ਕਾਰਨ ਨਮਾਜ਼ ਪੜ੍ਹਦੇ ਹਨ ਤਾਂ ਕਿ ਸੁਰਗ ਵਿਚ ਜਾ ਸਕੀਏ।

ਲੋਕ ਆਪਸ ਵਿਚ ਗੱਲਾਂ ਕਰਦੇ- ਇਹ ਅਜ਼ਾਨ ਦੇਣ ਵਾਲਾ ਛੋਕਰਾ ਕੌਣ ਐ? ਬਾਹਰੋਂ ਹੈ ਕੋਈ, ਗੜਬੜ ਨਾ ਕਰ ਦਏ ਕਿਧਰੇ। ਬੁੱਢੇ ਬੰਦੇ ਨਮਾਜ਼ ਪੜ੍ਹਿਆ ਕਰਦੇ ਨੇ, ਇਹ ਸਾਨੂੰ ਕਿਉਂ ਕਹਿੰਦੈ ਨਮਾਜ਼ ਪੜ੍ਹੋ? ਕੌੜੇ ਬੋਲ ਬੋਲਦੇ, ਪਰ ਸ਼ੇਖ ਹਸਨ ਸ਼ਾਂਤ ਰਹਿੰਦਾ। ਬਾਬਾ ਆਪਣੇ ਬੇਟੇ ਦੇ ਇਮਾਨ ਤੋਂ ਇੰਨਾ ਖੁਸ਼ ਹੋਇਆ ਕਿ ਹੋਰ ਉਚੇਰੀ ਵਿੱਦਿਆ ਵਾਸਤੇ ਜਾਰਡਨ ਭੇਜ ਦਿੱਤਾ। ਇਥੋਂ ਉਸ ਦੇ ਜੀਵਨ ਵਿਚ ਤਬਦੀਲੀ ਸ਼ੁਰੂ ਹੋਈ।

ਜੇ ਰਤਾ ਕੁ ਇਸਲਾਮ ਦਾ ਇਤਿਹਾਸ ਅਤੇ ਸਿਆਸਤ ਜਾਣ ਲਈਏ ਤਾਂ ਕਹਾਣੀ ਸਹੀ ਸਮਝ ਵਿਚ ਆਏਗੀ। ਆਟੋਮਾਨ ਸਲਤਨਤ 14ਵੀਂ ਸਦੀ ਵਿਚ ਅਨਾਤੋਲੀਆ ਦੇ ਖੇਤਰ ਵਿਚ ਇਸਲਾਮ ਧਰਮ ਦੇ ਅਨੁਆਈ ਕੁਝ ਜੰਗਜੂ ਤੁਰਕ ਕਬਾਇਲੀ ਆਗੂਆਂ ਨੇ ਕਾਇਮ ਕੀਤੀ। ਬਹੁਤ ਜਲਦੀ ਫਿਰ ਸਲਤਨਤ ਦਾ ਵਿਸਥਾਰ ਹੋਇਆ ਅਤੇ 15ਵੀਂ, 16ਵੀਂ ਸਦੀ ਤਕ ਇਹ ਆਪਣੇ ਤੇਜ ਪ੍ਰਤਾਪ ਦੇ ਪੂਰੇ ਸਿਖਰ 'ਤੇ ਸੀ। ਇਸ ਦੀ ਵਿਸ਼ਾਲਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਇਹ ਤੁਰਕੀ ਤੋਂ ਛੁੱਟ ਲਗਭਗ ਸਾਰੇ ਅਰਬ ਖੇਤਰ ਤੋਂ ਇਲਾਵਾ ਪੂਰੇ ਦੱਖਣ ਪੂਰਬੀ ਯੂਰਪੀ ਇਲਾਕਿਆਂ ਤਕ ਫੈਲੀ ਹੋਈ ਸੀ। ਇਰਾਕ, ਮਿਸਰ, ਸਾਊਦੀ ਅਰਬ, ਅਲਜੀਰੀਆ ਦੇ ਨਾਲ-ਨਾਲ ਮੌਜੂਦਾ ਯੂਨਾਨ, ਹੰਗਰੀ, ਸਰਬੀਆ, ਬੋਸਨੀਆ, ਰੋਮਾਨੀਆ- ਯੂਕਰੇਨ ਤਕ ਸਭ ਖਿੱਤੇ ਇਸ ਦੇ ਅਧਿਕਾਰ ਖੇਤਰ ਵਿਚ ਸ਼ਾਮਲ ਸਨ। ਸੀਰੀਆ ਵੀ ਇਸੇ ਦਾ ਹਿੱਸਾ ਸੀ ਅਤੇ ਮੌਜੂਦਾ ਇਜ਼ਰਾਈਲ ਜਾਂ ਫਲਸਤੀਨ, ਲਿਬਨਾਨ, ਜਾਰਡਨ ਵਗੈਰਾ ਦੀ ਕੋਈ ਵੱਖਰੀ ਹੋਂਦ ਨਹੀਂ ਸੀ; ਸਾਰੇ ਆਟੋਮਾਨ ਸੀਰੀਆ ਪ੍ਰਾਂਤ ਦਾ ਹੀ ਅੰਗ ਸਨ। ਤੁਰਕ ਮੁਸਲਮਾਨ ਹੋਣ, ਅਰਬ ਜਾਂ ਯੂਰਪੀ ਈਸਾਈ, ਆਮ ਲੋਕਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਇਨਸਾਫ ਦਾ ਰਾਜ ਉਨਾ ਕੁ ਹੀ ਸੀ ਜਿੰਨਾ ਜਗੀਰਦਾਰੀ ਜ਼ਮਾਨੇ ਵਿਚ ਸੰਭਵ ਹੋ ਸਕਦਾ ਸੀ। ਗੈਰ-ਮੁਸਲਮਾਨਾਂ 'ਤੇ ਜਜ਼ੀਆ ਵਰਗਾ ਬਦਨਾਮ ਟੈਕਸ ਵੀ ਪਹਿਲੀਆਂ ਸਦੀਆਂ 'ਚ ਲਾਗੂ ਰਿਹਾ, ਪਰ ਵੱਡੀ ਗੱਲ ਇਹ ਸੀ ਕਿ ਸਭ ਧਰਮਾਂ ਨਾਲ ਸਬੰਧਤ ਲੋਕ ਆਪਸ ਵਿਚ ਮਿਲ-ਜੁਲ ਕੇ ਰਹੀ ਜਾਂਦੇ ਸਨ।

ਇਹ ਹਾਲਤ ਆਮ ਵਰਗੇ ਰਹਿਣ ਵਾਲੇ ਨਹੀਂ ਸਨ ਅਤੇ ਜ਼ਿਆਦਾ ਬਖੇੜਾ ਉਸ ਸਮੇਂ ਪੈਣਾ ਸ਼ੁਰੂ ਹੋਇਆ ਜਦੋਂ ਆਟੋਮਾਨਾਂ ਤੋਂ ਬਾਹਰਲੇ ਯੂਰਪੀ ਖੇਤਰਾਂ ਵਿਚ 18ਵੀਂ ਸਦੀ ਦੇ ਅੰਤ ਤਕ ਵਿਅਕਤੀਗਤ ਸੁਤੰਤਰਤਾ ਅਤੇ ਮਾਨਵੀ ਬਰਾਬਰੀ ਵਰਗੇ ਵਿਚਾਰ ਤੇਜ਼ੀ ਨਾਲ ਫੈਲਣ ਲੱਗੇ ਅਤੇ ਫਰਾਂਸੀਸੀ ਇਨਕਲਾਬ ਦੀ ਘਟਨਾ ਨੇ ਤਾਂ ਮਾਨੋ ਭੁਚਾਲ ਹੀ ਲਿਆ ਦਿਤਾ। ਆਟੋਮਾਨ ਖੇਤਰਾਂ ਵਿਚ ਇਨ੍ਹਾਂ ਵਿਚਾਰਾਂ ਦਾ ਪੂਰਾ ਅਸਰ ਹੁੰਦਿਆਂ-ਹੁੰਦਿਆਂ ਤਾਂ ਪੂਰਾ 100 ਵਰ੍ਹਾ ਹੋਰ ਲੱਗ ਗਿਆ, ਪਰ 19ਵੀਂ ਸਦੀ ਤਕ ਯੂਨਾਨ, ਹੰਗਰੀ, ਸਰਬ ਅਤੇ ਬਲਗਾਰੀਆ ਖਿੱਤਿਆਂ ਵਿਚ ਆਏ ਦਿਨ ਕੌਮੀ ਸੁਤੰਤਰਤਾ ਦੀਆਂ ਮੰਗਾਂ ਨੂੰ ਲੈ ਕੇ ਖੂਨੀ ਬਗ਼ਾਵਤਾਂ ਹੋਣ ਲੱਗੀਆਂ ਅਤੇ ਕੇਂਦਰੀ ਤੁਰਕ ਖਿੱਤਿਆਂ ਵਿਚ ਵੀ ਜਗ੍ਹਾ-ਜਗ੍ਹਾ 'ਤੇ ਰੈਡੀਕਲ ਯੰਗ ਤੁਰਕਾਂ (ਨੌਜੁਆਨ ਅਫਸਰਾਂ) ਦੀਆਂ ਗੁਪਤ ਕਲੱਬਾਂ ਬਣਨੀਆਂ ਸ਼ੁਰੂ ਹੋ ਗਈਆਂ। 20ਵੀਂ ਸਦੀ ਦੇ ਪਹਿਲੇ ਚਾਰ ਦਹਾਕਿਆਂ ਵਿਚ ਯੰਗ ਤੁਰਕ ਨੌਜਵਾਨਾਂ ਨੇ ਸਫਲ ਇਨਕਲਾਬ ਕਰ ਦਿਤਾ। ਆਟੋਮਾਨਾਂ ਦਾ ਭ੍ਰਿਸ਼ਟ ਸ਼ਹਿਨਸ਼ਾਹ ਜੋ ਸਾਰੇ ਇਸਲਾਮੀ ਜਗਤ ਦਾ ਧਾਰਮਿਕ ਖਲੀਫਾ ਵੀ ਸੀ, ਨੂੰ ਰਾਜ-ਭਾਗ ਤੋਂ ਲਾਂਭੇ ਤਾਂ ਨਾ ਕੀਤਾ ਗਿਆ, ਪਰ ਉਸ ਦੀ ਸਾਰੀ ਤਾਕਤ ਖੋਹ ਲਈ ਗਈ।

ਯੂਨਾਨ ਬਹੁਤ ਸਮਾਂ ਪਹਿਲਾਂ ਹੀ ਆਟੋਮਾਨਾਂ ਤੋਂ ਆਜ਼ਾਦ ਹੋ ਗਿਆ ਹੋਇਆ ਸੀ ਅਤੇ 1912-13 ਆਉਂਦੇ-ਆਉਂਦੇ ਸਰਬੀਆ, ਹੰਗਰੀ ਅਤੇ ਬੁਲਗਾਰੀਆ ਆਦਿ ਖਿੱਤੇ ਵੀ ਅਜ਼ਾਦ ਹੋ ਗਏ। ਹੋਣੀ ਦਾ ਅਜੀਬ ਇਤਫਾਕ ਸੀ ਕਿ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਣ 'ਤੇ ਜਰਮਨਾਂ ਦੀ ਜਿੱਤ ਦਾ ਗਲਤ ਅੰਦਾਜ਼ਾ ਲਗਾ ਕੇ ਆਟੋਮਾਨ ਸਰਕਾਰ ਉਨ੍ਹਾਂ ਦੀ ਤਰਫੋਂ ਜੰਗ ਵਿਚ ਸ਼ਰੀਕ ਹੋ ਗਈ। ਜੰਗ ਵਿਚ ਜਰਮਨਾਂ ਦੀ ਹਾਰ ਹੋਈ ਅਤੇ ਨਾਲ ਹੀ 'ਮਹਾਨ' ਆਟੋਮਾਨ ਸਲਤਨਤ ਦਾ ਬੇੜਾ ਗਰਕ ਹੋ ਗਿਆ; ਪਰ ਆਪਣੀ ਤਬਾਹੀ ਤੋਂ ਪਹਿਲਾਂ ਉਨ੍ਹਾਂ ਨੇ ਸਰਬ, ਹੰਗੇਰੀਅਨ ਅਤੇ ਬੁਲਗਾਰੀਅਨ ਈਸਾਈ ਖਿੱਤਿਆਂ ਦੇ ਆਜ਼ਾਦ ਹੋ ਜਾਣ ਦਾ ਸਾਰਾ ਗੁੱਸਾ ਉਸ ਸਮੇਂ ਤਕ ਬਦਕਿਸਮਤੀ ਵਿਚ ਸਲਤਨਤ ਵਿਚ ਪਿੱਛੇ ਰਹਿ ਗਏ ਈਸਾਈਆਂ 'ਤੇ ਕੱਢਿਆ ਅਤੇ ਸੰਨ 1916 ਦੇ ਮਹਿਜ਼ ਕੁਝ ਇਕ ਹਫਤਿਆਂ ਦੇ ਅੰਦਰ-ਅੰਦਰ 16 ਲੱਖ ਤੋਂ ਵੀ ਵੱਧ ਨਿਹੱਥੇ, ਨਿਰਦੋਸ਼ ਆਰਮੀਨੀਅਨ ਈਸਾਈਆਂ ਦੀ ਨਸਲਕੁਸ਼ੀ ਕਰ ਦਿੱਤੀ। ਅਖੇ, ਵਿਸ਼ਵ ਯੁੱਧ ਦੌਰਾਨ ਕਿਧਰੇ ਉਹ ਰੂਸੀ ਹਮਲਾਵਰਾਂ ਨੂੰ ਆਟੋਮਾਨਾਂ ਦੇ 'ਗੁਪਤ' ਭੇਤ ਨਾ ਦੱਸ ਦੇਣ।

1922 ਵਿਚ ਕਮਾਲ ਪਾਸ਼ਾ ਨਾਂ ਦੇ ਰੈਡੀਕਲ ਜਰਨੈਲ ਨੇ ਪਾਤਸ਼ਾਹੀ ਖਿਲਾਫਤ ਦਾ ਮੁਕੰਮਲ ਭੋਗ ਪਾ ਕੇ ਤੁਰਕਿਸ਼ ਰਿਪਬਲਿਕ ਕਾਇਮ ਕਰ ਦਿਤੀ। ਇਸੇ ਦੌਰਾਨ ਪਹਿਲੇ ਵਿਸ਼ਵ ਯੁੱਧ ਵਿਚ ਜੇਤੂ ਰਹੇ ਬਰਤਾਨਵੀ ਅਤੇ ਫਰਾਂਸੀਸੀ ਹਾਕਮਾਂ ਨੇ ਸੀਰੀਆ (ਫਲਸਤੀਨ), ਇਰਾਕ ਆਦਿ ਸਭ ਅਰਬ ਖਿੱਤਿਆਂ ਨੂੰ ਆਪਣੇ-ਆਪਣੇ ਪ੍ਰਭਾਵ ਖੇਤਰਾਂ ਵਿਚ ਵੰਡ ਲਿਆ। ਕੁਝ ਵਰ੍ਹਿਆਂ ਦੇ ਠੰਢ-ਠੰਢੋਲੇ ਪਿਛੋਂ ਅਡੋਲਫ ਹਿਟਲਰ ਦੀ ਅਗਵਾਈ ਵਿਚ ਜਰਮਨਾਂ ਨੇ ਦੂਜੀ ਵਿਸ਼ਵ ਜੰਗ ਦਾ ਬਿਗਲ ਵਜਾ ਦਿਤਾ। ਇਸੇ ਦੌਰਾਨ ਆਟੋਮਾਨਾਂ ਵਾਲੀ ਦਰਿੰਦਗੀ ਹੀ ਨਾਜ਼ੀਆਂ ਨੇ ਯੂਰਪੀ ਖੇਤਰਾਂ ਵਿਚ ਦੁਹਰਾਈ ਅਤੇ 60 ਲੱਖ ਤੋਂ ਵੀ ਵੱਧ ਨਿਹੱਥੇ, ਨਿਰਦੋਸ਼ ਯਹੂਦੀਆਂ ਨੂੰ ਬਿਲਾ ਵਜ੍ਹਾ ਭਿਆਨਕ ਤਸੀਹਾ ਕੇਂਦਰਾਂ ਵਿਚ ਬੰਦ ਕਰ ਕੇ ਮਾਰ-ਖਪਾ ਦਿਤਾ।

ਜਰਮਨਾਂ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਸਾਲ 1945 ਵਿਚ ਉਨ੍ਹਾਂ ਦੀ ਨਮੋਸ਼ੀ ਭਰੀ ਹਾਰ ਵਿਚ ਮਿਲੀ। ਇਸ ਜੰਗ ਵਿਚ ਜਰਮਨ ਤਾਂ ਹਾਰੇ ਹੀ ਹਾਰੇ, ਨਾਲ ਲਗਦੇ ਬਰਤਾਨਵੀ ਅਤੇ ਫਰਾਂਸੀਸੀ

(ਬਾਕੀ ਸਫਾ 29 'ਤੇ)

*ਭਾਈ ਮੇਵਾ ਸਿੰਘ ਦੀ ਸ਼ਹੀਦੀ ਨੂੰ 11 ਜਨਵਰੀ 2015 ਨੂੰ ਸੌ ਸਾਲ ਹੋ ਜਾਣਗੇ। ਉਸ ਨੂੰ ਇੰਮੀਗਰੇਸ਼ਨ ਅਫਸਰ ਵਿਲੀਅਮ ਹਾਪਕਿਨਸਨ ਨੂੰ ਮਾਰਨ ਦੇ ਦੋਸ਼ ਵਿਚ 11 ਜਨਵਰੀ 1915 ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਭਾਈ ਮੇਵਾ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਲੋਪੋਕੇ ਵਿਚ ਸ. ਨੰਦ ਸਿੰਘ ਔਲਖ ਦੇ ਘਰ 1881 ਵਿਚ ਪੈਦਾ ਹੋਏ ਅਤੇ ਰੁਜ਼ਗਾਰ ਖਾਤਰ ਉਹ ਹੋਰ ਪੰਜਾਬੀਆਂ ਵਾਂਗ 1906 ਵਿਚ ਕੈਨੇਡਾ ਪਹੁੰਚੇ; ਪਰ ਕੈਨੇਡਾ ਪੁੱਜੇ ਪੰਜਾਬੀ ਛੇਤੀ ਹੀ ਕੈਨੇਡੀਅਨ ਸਰਕਾਰ ਵਲੋਂ ਪਰਵਾਸੀਆਂ ਨਾਲ ਕੀਤੇ ਜਾ ਰਹੇ ਧੱਕੇ ਅਤੇ ਵਿਤਕਰੇ ਖਿਲਾਫ ਆਵਾਜ਼ ਬੁਲੰਦ ਕਰਨ ਦੀ ਸੋਚਣ ਲੱਗੇ। ਉਨ੍ਹਾਂ ਸਿੰਘ ਸਭਾ ਲਹਿਰ ਤੋਂ ਪ੍ਰੇਰਨਾ ਲੈ ਕੇ ਖ਼ਾਲਸਾ ਦੀਵਾਨ ਸੁਸਾਇਟੀ ਬਣਾਈ ਅਤੇ ਫਿਰ ਗੱਲ ਅਗਾਂਹ ਤੋਰਨ ਅਤੇ ਇਕੱਠੇ ਬੈਠ ਕੇ ਲਾਮਬੰਦੀ ਕਰਨ ਲਈ ਗੁਰਦੁਆਰਾ ਉਸਾਰਨ ਦਾ ਫੈਸਲਾ ਕਰ ਲਿਆ। ਜਿਹੜੇ ਆਗੂ ਗੁਰਦੁਆਰਾ ਉਸਾਰਨ ਦੀ ਮੁਹਿੰਮ ਵਿਚ ਅਗਲੀਆਂ ਸਫ਼ਾਂ ਵਿਚ ਕਾਰਜਸ਼ੀਲ ਸਨ, ਭਾਈ ਮੇਵਾ ਸਿੰਘ ਦਾ ਉਨ੍ਹਾਂ ਨਾਲ ਬੜਾ ਨੇੜਲਾ ਸਬੰਧ ਸੀ। ਇਤਿਹਾਸ ਦੇ ਇਸ ਸਫੇ ਬਾਰੇ 'ਪੰਜਾਬ ਟਾਈਮਜ਼' ਦੇ ਮੱਦਾਹ ਵਰਿਆਮ ਸਿੰਘ ਸੰਧੂ ਨੇ ਲੰਮਾ ਲੇਖ ਭੇਜਿਆ ਹੈ ਜਿਹੜਾ ਅਸੀਂ ਕਿਸ਼ਤਵਾਰ ਛਾਪ ਰਹੇ ਹਾਂ ਅਤੇ ਭਾਈ ਮੇਵਾ ਸਿੰਘ ਤੇ ਉਨ੍ਹਾਂ ਦੇ ਜੁਝਾਰੂ ਸਾਥੀਆਂ ਨੂੰ ਯਾਦ ਕਰ ਰਹੇ ਹਾਂ। -ਸੰਪਾਦਕ*

# ਭਾਈ ਮੇਵਾ ਸਿੰਘ ਲੋਪੋਕੇ



**ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ**

**(ਸ਼ਹੀਦੀ ਸ਼ਤਾਬਦੀ:11 ਜਨਵਰੀ 1915-11 ਜਨਵਰੀ 2015)**

ਸ਼ਹੀਦ ਭਾਈ ਮੇਵਾ ਸਿੰਘ ਦੀ ਸ਼ਹੀਦੀ ਨੂੰ 11 ਜਨਵਰੀ 2015 ਨੂੰ ਸੌ ਸਾਲ ਹੋ ਜਾਣਗੇ। ਇਹ ਉਸ ਦੀ ਸ਼ਹੀਦੀ ਦਾ ਸ਼ਤਾਬਦੀ ਵਰ੍ਹਾ ਹੈ। ਕੈਨੇਡਾ ਵਿਚ ਵੱਸਦੇ ਸਾਊਥ ਏਸ਼ੀਅਨ ਭਾਈਚਾਰੇ ਦਾ ਉਹ ਪਹਿਲਾ ਮਾਣਯੋਗ ਸ਼ਹੀਦ ਸੀ। ਇਹ ਠੀਕ ਹੈ ਕਿ ਉਸ ਤੋਂ ਪਹਿਲਾਂ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਨੂੰ ਭਾਰਤੀ-ਕੈਨੇਡੀਅਨ ਜਸੂਸ ਹਾਪਕਿਨਸਨ ਦੇ ਜ਼ਰ-ਖ਼ਰੀਦ ਗੋਲੇ ਤੇ ਚਾਟੜੇ ਬੇਲਾ ਸਿੰਘ ਜਿਆਣ ਨੇ ਗੁਰਦੁਆਰੇ ਵਿਚ ਗੋਲੀਆਂ ਚਲਾ ਕੇ ਸ਼ਹੀਦ ਕਰ ਦਿੱਤਾ ਸੀ, ਨਿਸਚੇ ਹੀ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਦੀ ਸ਼ਹਾਦਤ ਕਾਲ-ਕ੍ਰਮ ਅਨੁਸਾਰ ਭਾਈ ਮੇਵਾ ਸਿੰਘ ਤੋਂ ਪਹਿਲਾਂ ਹੋਈ, ਪਰ ਪ੍ਰਾਪਤ ਮੌਤ ਨੂੰ ਵਰਨਾ ਉਨ੍ਹਾਂ ਦੀ



**ਵਰਿਆਮ ਸਿੰਘ ਸੰਧੂ**

e-mail: waryamsandhu@gmail.com

ਪਹਿਲ ਨਹੀਂ ਸੀ। ਮੌਤ ਬੇਲਾ ਸਿੰਘ ਦੇ ਰੂਪ ਵਿਚ ਉਨ੍ਹਾਂ ਕੋਲ ਗੁਰਦੁਆਰੇ ਵਿਚ ਆਪ ਚੱਲ ਕੇ ਆਈ ਸੀ, ਜਦਕਿ ਭਾਈ ਮੇਵਾ ਸਿੰਘ ਦਾ ਮੌਤ ਨੂੰ ਗਲੇ ਲਾਉਣ ਦਾ ਫੈਸਲਾ ਬੜਾ ਸੋਚਿਆ-ਸਮਝਿਆ ਸੀ। ਉਹ ਖੁਦ ਮੌਤ ਕੋਲ ਚੱਲ ਕੇ ਗਿਆ। ਇਸੇ ਲਈ ਸ਼ਹੀਦੀ ਨੂੰ ਸੁਚੇਤ ਤੌਰ 'ਤੇ ਵਰਨ ਵਾਲਾ ਉਹ ਵੀਹਵੀਂ ਸਦੀ ਦੇ ਕੈਨੇਡੀਅਨ ਭਾਰਤੀਆਂ ਦਾ ਪਹਿਲਾ ਸ਼ਹੀਦ ਸੀ।

ਭਾਈ ਮੇਵਾ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਦੇ ਪਿੰਡ ਲੋਪੋਕੇ ਵਿਚ ਸਰਦਾਰ ਨੰਦ ਸਿੰਘ ਔਲਖ ਦੇ ਘਰ 1881 ਵਿਚ ਪੈਦਾ ਹੋਇਆ। ਉਸ ਦਾ ਇਕ ਹੋਰ ਭਰਾ ਵੀ ਸੀ ਜਿਸ ਦਾ ਨਾਂ ਦੇਵਾ ਸਿੰਘ ਸੀ। ਪੰਝੀ ਕੁ ਸਾਲ ਦੀ ਭਰ ਜਵਾਨ ਉਮਰ ਵਿਚ ਮੇਵਾ ਸਿੰਘ ਦੇ ਮਨ ਵਿਚ ਵੀ ਇਹ ਵਿਚਾਰ ਪੈਦਾ ਹੋਇਆ ਕਿ ਕਿਰਸਾਣੀ ਦੇ ਘਾਟੇ-ਵੰਦੇ ਧੰਦੇ ਵਿਚ ਟਿਕੇ ਰਹਿ ਕੇ ਕਰਜ਼ਾਈ ਤੇ ਖੱਜਲ ਹੋਈ ਜਾਣ ਦਾ ਕੋਈ ਲਾਭ ਨਹੀਂ; ਉਸ ਨੂੰ ਘਰ-ਪਰਿਵਾਰ ਦੀ ਭੁੱਖ-ਦੁੱਖ ਦਾ ਇਲਾਜ ਕਰਨ ਲਈ ਰੁਜ਼ਗਾਰ ਦੀ ਨਵੀਂ ਜ਼ਮੀਨ ਤਲਾਸ਼ ਕਰਨੀ ਹੋਵੇਗੀ। ਇਹ ਉਹ ਸਮਾਂ ਸੀ ਜਦੋਂ ਕਰਜ਼ੇ ਤੇ ਗਰੀਬੀ ਦੇ ਭੰਨੇ ਪੰਜਾਬੀ ਕਿਰਸਾਣ ਜਾਂ ਤਾਂ ਅੰਗਰੇਜ਼ੀ ਦੀ ਫੌਜ ਵਿਚ ਭਰਤੀ ਹੋ ਰਹੇ ਸਨ, ਤੇ ਜਾਂ ਬਾਹਰਲੇ ਮੁਲਕਾਂ ਵਿਚ ਜਾ ਕੇ ਮਿਹਨਤ ਅਤੇ ਮਜ਼ਦੂਰੀ ਕਰ ਕੇ ਘਰ-ਪਰਿਵਾਰ ਦੀ ਦਸ਼ਾ ਸੁਧਾਰਨ ਲਈ ਘਾਲਾਂ ਘਾਲ ਰਹੇ ਸਨ। ਇਨ੍ਹਾਂ ਦਿਨਾਂ ਵਿਚ ਉਤਰੀ ਅਮਰੀਕਾ ਵਿਚ ਰੁਜ਼ਗਾਰ ਤੇ ਚੰਗੀ ਮਜ਼ਦੂਰੀ ਮਿਲਣ ਦੀਆਂ ਸੰਭਾਵਨਾਵਾਂ ਵੇਖਦੇ ਹੋਏ ਮੇਵਾ ਸਿੰਘ ਵੀ ਹੋਰ ਪੰਜਾਬੀਆਂ ਵਾਂਗ ਖੱਟੀ-ਕਮਾਈ ਕਰਨ ਲਈ ਕੈਨੇਡਾ ਪਹੁੰਚ ਗਿਆ।

ਭਾਈ ਮੇਵਾ ਸਿੰਘ 1906 ਵਿਚ ਕੈਨੇਡਾ ਜਾ ਪਹੁੰਚਿਆ। ਅਜੇ ਕੈਨੇਡੀਅਨ ਸਰਕਾਰ ਨੇ 1908 ਵਿਚ, ਭਾਰਤ ਤੋਂ ਤੋੜ ਤੱਕ ਖਰੀਦੀ ਟਿਕਟ 'ਤੇ ਸਿੱਧਾ ਸਫ਼ਰ ਕਰ ਕੇ ਕੈਨੇਡਾ ਪਹੁੰਚਣ ਅਤੇ ਤੱਟ 'ਤੇ ਪਹੁੰਚ ਕੇ ਦੋ ਸੌ ਡਾਲਰ ਨਕਦ ਵਿਖਾਉਣ ਵਾਲਾ, ਉਹ ਬਦਨਾਮ ਕਾਨੂੰਨ ਪਾਸ ਨਹੀਂ ਸੀ ਕੀਤਾ ਜਿਸ ਦੇ ਲਾਗੂ ਹੋਣ ਨਾਲ ਪਿੱਛੋਂ ਜਾ ਕੇ ਭਾਰਤੀਆਂ ਦਾ ਕੈਨੇਡਾ ਵਿਚ ਆਉਣਾ ਲਗਭਗ ਬੰਦ ਹੀ ਹੋ ਗਿਆ ਸੀ। ਮੇਵਾ ਸਿੰਘ ਅਜੇ ਤੱਕ ਅਣਵਿਆਹਿਆ ਸੀ। ਉਹ ਪਿੱਛੋਂ ਖੇਤੀ-ਬਾੜੀ ਦਾ ਕੰਮ ਕਰਦਾ ਆਇਆ ਸੀ। ਹੁਨਰੀ ਕਾਮਾ ਨਾ ਹੋਣ ਕਰ ਕੇ ਉਸ ਨੇ ਨਿਊ ਵੈਸਟ ਮਿਨਸਟਰ ਦੀ ਫਰੇਜ਼ਰ ਮਿਲ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਵੇਲੇ ਤੱਕ ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਪੰਜਾਬੀ/ਹਿੰਦੀ ਲੋਕ ਕੈਨੇਡੀਅਨ ਸਰਕਾਰ ਵਲੋਂ ਕੀਤੇ ਜਾ ਰਹੇ ਧੱਕੇ ਅਤੇ ਵਿਤਕਰੇ ਬਾਰੇ ਸੁਚੇਤ ਹੋ ਚੁੱਕੇ ਸਨ। ਭਾਰਤ ਅਤੇ ਬਰਤਾਨੀਆਂ ਦੀ ਅੰਗਰੇਜ਼ ਹਕੂਮਤ ਦੀ ਸ਼ਹਿ ਅਤੇ ਸਲਾਹ ਵੀ ਕੈਨੇਡੀਅਨ ਸਰਕਾਰ ਨੂੰ ਅਜਿਹੇ ਫ਼ੈਸਲੇ ਲੈਣ ਵਿਚ ਸਹਾਇਕ ਹੋ ਰਹੀ ਸੀ। ਉਨ੍ਹਾਂ ਨਿੱਤ ਦੀ ਜ਼ਲਾਲਤ ਤੋਂ ਨਿਜਾਤ ਹਾਸਲ ਕਰਨ ਲਈ, ਸਾਂਝੇ ਮਸਲਿਆਂ ਤੇ ਦੁੱਖਾਂ/ਤਕਲੀਫ਼ਾਂ ਦੇ ਨਿਵਾਰਨ ਹਿਤ ਸਿਰ ਜੋੜ ਕੇ ਬੈਠਣ ਤੇ ਇਸ ਨਾਖੁਸ਼ਗਵਾਰ ਹਾਲਾਤ ਵਿਚੋਂ ਉਭਰਨ ਦਾ ਫੈਸਲਾ ਕਰ ਲਿਆ, ਪਰ ਮੁਸ਼ਕਲ ਇਹ ਸੀ ਕਿ ਉਨ੍ਹਾਂ ਦੇ ਮਿਲ-ਬੈਠਣ ਲਈ ਕੋਈ ਸਾਂਝਾ ਸਥਾਨ ਨਹੀਂ ਸੀ। ਵਿਹਲੇ ਸਮੇਂ ਉਹ ਅਕਸਰ ਪਾਰਕਾਂ ਜਾਂ ਸੜਕਾਂ ਦੇ ਕਿਨਾਰੇ ਦੁਖੜੇ ਫੋਲਣ ਲਈ ਖੜ੍ਹੇ ਹੁੰਦੇ ਤਾਂ ਪੁਲਿਸ ਉਨ੍ਹਾਂ ਨੂੰ ਝਿੜਕ ਕੇ ਉਥੋਂ ਤੁਰ ਜਾਣ ਲਈ ਮਜਬੂਰ ਕਰ ਦਿੰਦੀ।

**ਭੱਠੀ ਵਿਚ ਭਖਦਾ ਸੋਨਾ:** ਭਾਰਤ ਵਿਚਲੀ ਸਿੰਘ ਸਭਾ ਲਹਿਰ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਨੇ ਇਥੇ ਵੀ 'ਖ਼ਾਲਸਾ ਦੀਵਾਨ ਸੁਸਾਇਟੀ' ਬਣਾ ਲਈ। ਧਾਰਮਿਕ ਵਿਸ਼ਵਾਸ ਦੀ ਤ੍ਰਿਪਤੀ ਲਈ ਅਤੇ ਮਿਲ-ਬੈਠ ਕੇ ਸਾਂਝੇ ਮਸਲੇ ਵਿਚਾਰਨ ਤੇ ਉਨ੍ਹਾਂ ਦਾ ਹੱਲ ਕੱਢਣ ਲਈ ਗੁਰਦੁਆਰਾ ਉਸਾਰਨ ਦਾ ਫ਼ੈਸਲਾ ਕਰ ਲਿਆ। ਜਿਹੜੇ ਆਗੂ ਗੁਰਦੁਆਰਾ ਉਸਾਰਨ ਦੀ ਇਸ ਮੁਹਿੰਮ ਦੀਆਂ ਅਗਲੀਆਂ ਸਫ਼ਾਂ ਵਿਚ ਕਾਰਜਸ਼ੀਲ ਸਨ, ਮੇਵਾ ਸਿੰਘ ਦਾ ਉਨ੍ਹਾਂ ਨਾਲ ਬੜਾ ਨੇੜਲਾ ਸਬੰਧ ਸੀ। ਖ਼ਾਲਸਾ ਦੀਵਾਨ ਸੁਸਾਇਟੀ ਦੇ ਆਗੂ ਭਾਈ ਭਾਗ ਸਿੰਘ ਨਾਲ ਉਸ ਦੇ ਸਬੰਧ ਇਸ ਕਾਰਨ ਵੀ ਨੇੜਲੇ ਸਨ ਕਿਉਂਕਿ ਉਨ੍ਹਾਂ ਦੋਵਾਂ ਦਾ ਕਾਰਜ-ਸਥਾਨ ਵੀ ਇਕੋ ਸੀ। ਦੋਵੇਂ ਹੀ ਫਰੇਜ਼ਰ ਮਿੱਲ ਵਿਚ ਕੰਮ ਕਰਦੇ ਸਨ। ਭਾਈ ਬਦਨ ਸਿੰਘ ਤੇ ਕਈ ਹੋਰ ਦੇਸ਼ ਭਗਤ ਵੀ ਇਸੇ ਮਿੱਲ ਵਿਚ ਕੰਮ ਕਰਦੇ ਸਨ। ਦੇਸ਼ ਭਗਤੀ ਦੇ ਵਿਚਾਰਾਂ ਵਾਲੇ ਅਜਿਹੇ ਜੁਝਾਰੂ, ਚੰਗੇ ਤੇ ਨੇਕ ਇਨਸਾਨਾਂ ਨਾਲ ਰੋਜ਼ਾਨਾ ਮੇਲ-ਮਿਲਾਪ ਤੇ ਸੰਗ-ਸਾਥ ਦਾ ਉਸ ਦੇ ਵਿਚਾਰਾਂ 'ਤੇ ਅਸਰ ਪੈਣਾ ਸੁਭਾਵਕ ਹੀ ਸੀ। ਉਹ ਵੀ ਸਾਂਝੇ ਕੰਮਾਂ ਤੇ ਸਾਂਝੀਆਂ ਮੁਹਿੰਮਾਂ ਵਿਚ ਪੂਰੇ ਸਮਰਪਣ ਭਾਵ ਨਾਲ ਜੁੱਟ ਗਿਆ। ਗੁਰਦੁਆਰੇ ਦੀ ਸਥਾਪਨਾ ਲਈ ਮਾਇਆ ਇਕੱਤਰ ਕਰਨ ਲਈ ਉਹ ਆਪਣਾ ਕੰਮ ਖ਼ਤਮ ਕਰਨ ਤੋਂ ਬਾਅਦ ਜਾਂ ਛੁੱਟੀ ਵਾਲੇ ਦਿਨ, ਦੂਰ ਦੂਰ ਤੇ ਵੱਖ ਵੱਖ ਡੇਰਿਆਂ 'ਤੇ ਜਾ ਕੇ ਹੋਰ ਸਮਰਥ ਸਿੱਖਾਂ ਵਾਂਗ ਉਗਰਾਹੀ ਕਰਨ ਨਿਕਲ ਜਾਂਦਾ, ਪਰ ਈਮਾਨਦਾਰ ਇੰਨਾ ਕਿ ਉਗਰਾਹੀ ਵਿਚੋਂ ਇਕ ਵੀ ਪੈਸਾ ਆਪਣੇ ਖ਼ਰਚੇ ਵਾਸਤੇ ਨਾ ਵਰਤਦਾ।

ਪਹਿਲਾਂ ਗੁਰਦੁਆਰਾ ਕਿਰਾਏ ਦੇ ਮਕਾਨ ਵਿਚ ਬਣਾਇਆ ਗਿਆ ਸੀ ਪਰ ਲੋੜ ਜੋਗੀ ਮਾਇਆ ਇਕੱਤਰ ਹੋ ਜਾਣ ਉਪਰੰਤ ਅਕਤੂਬਰ 1907 ਵਿਚ ਗੁਰਦੁਆਰੇ ਦੀ ਨੀਂਹ ਰੱਖੀ ਗਈ ਤੇ 19 ਜਨਵਰੀ 1908 ਵਿਚ ਖ਼ਾਲਸਾ ਦੀਵਾਨ ਸੁਸਾਇਟੀ ਦੀ ਦੇਖ-ਰੇਖ ਵਿਚ ਗੁਰਦੁਆਰਾ ਸਿੱਖ ਟੈਂਪਲ ਵੈਨਕੂਵਰ ਦਾ ਉਦਘਾਟਨ ਕਰ ਕੇ ਇਸ ਨੂੰ ਸੰਗਤਾਂ ਲਈ ਖੋਲ੍ਹ ਦਿੱਤਾ ਗਿਆ। ਭਜਨ ਬੰਦਗੀ ਕਰਨ ਵਾਲਾ ਮੇਵਾ ਸਿੰਘ ਵਿਹਲ ਮਿਲਦਿਆਂ ਗੁਰਦੁਆਰੇ ਜਾਂਦਾ ਰਹਿੰਦਾ। ਸੇਵਾ ਕਰਦਾ। ਉਹ ਭਾਵੇਂ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਦਾ ਜਾਣਕਾਰ ਨਹੀਂ ਸੀ ਪਰ ਪੰਜਾਬੀ ਪੜ੍ਹ-ਲਿਖ ਸਕਦਾ ਸੀ। ਇਸ ਕਰ ਕੇ ਉਹ ਗੁਰਦੁਆਰੇ ਲੋੜ ਪੈਣ 'ਤੇ ਗ੍ਰੰਥੀ ਦੇ ਫ਼ਰਜ਼ ਵੀ ਅਦਾ ਕਰਦਾ। ਪਾਠ ਕਰਦਾ, ਅਰਦਾਸ ਕਰਦਾ। ਭਾਈ ਮੇਵਾ ਸਿੰਘ ਗੁਰਦੁਆਰੇ ਦੇ ਹੋਰ ਕੰਮਾਂ ਵਿਚ ਵੀ ਬੜੀ ਨਿਸ਼ਕਾਮ ਭਾਵਨਾ ਨਾਲ ਸੇਵਾ ਵਿਚ ਜੁਟਿਆ ਰਹਿੰਦਾ। ਲੋੜ ਅਨੁਸਾਰ ਆਈਆਂ ਸੰਗਤਾਂ ਦੀ ਸੇਵਾ ਕਰਦਾ। ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿਚੋਂ ਉਹ ਕੁਝ ਨਾ ਕੁਝ ਮਾਇਆ ਭਲਾਈ ਦੇ ਸਾਂਝੇ ਕੰਮਾਂ ਲਈ ਵੀ ਖ਼ਰਚਦਾ ਰਹਿੰਦਾ। ਗਿਆਨੀ ਕੇਸਰ ਸਿੰਘ ਗੁਰਦੁਆਰੇ ਦੇ ਰਿਕਾਰਡ ਦੇ ਹਵਾਲੇ ਨਾਲ ਇਹ ਗੱਲ ਨੋਟ ਕਰਨ ਲਈ ਆਖਦਾ ਹੈ ਕਿ 23 ਜਨਵਰੀ 1910 ਨੂੰ ਭਾਈ ਮੇਵਾ ਸਿੰਘ ਨੇ ਗੁਰਦੁਆਰੇ ਦੇ ਟਾਇਲੇਟ ਠੀਕ ਕਰਾਉਣ ਲਈ ਛੇ ਡਾਲਰ ਆਪਣੇ ਕੋਲੋਂ ਖ਼ਰਚ ਕੀਤੇ ਸਨ।

ਹੋਰ ਖੇਤਰਾਂ ਵਿਚ ਪਿੱਛੇ ਰਹਿ ਕੇ ਕੰਮ ਕਰਨ ਵਿਚ ਰੁਚੀ ਰੱਖਣ ਵਾਲਾ ਮੇਵਾ ਸਿੰਘ ਸੁਰੀਲੀ ਤੇ ਸੰਗੀਤਕ ਆਵਾਜ਼ ਦਾ ਮਾਲਕ ਹੋਣ ਕਰ ਕੇ ਸ਼ਬਦ-ਗਾਇਨ ਕਰਨ ਵਾਲੇ ਜੱਥੇ ਦੀ ਅਗਵਾਈ ਕਰਦਾ। ਉਹ ਘੱਟ, ਪਰ ਮਿੱਠਾ ਬੋਲਣ ਵਾਲਾ ਸੀ। ਅੰਤਰਮੁਖੀ ਸੁਭਾਅ ਦਾ ਧਾਰਨੀ ਹੋਣ ਕਰ ਕੇ ਉਹ ਆਪਣੀ ਮੌਜ ਵਿਚ ਮਸਤ ਰਹਿੰਦਾ ਤੇ ਆਸੇ ਪਾਸੇ ਹੋ ਰਹੇ ਕੰਮਾਂ-ਕਾਰਾਂ ਜਾਂ ਫਿਰਦੇ-ਤੁਰਦੇ ਬੰਦਿਆਂ ਬਾਰੇ ਟਿੱਪਣੀ ਕਰਨ ਤੋਂ ਗੁਰੇਜ਼ ਹੀ ਕਰਦਾ। ਉਸ ਦੇ ਇਸੇ ਸੁਭਾਅ ਕਰ ਕੇ ਸਾਰੇ ਜਣੇ ਉਸ ਨੂੰ ਸਨੇਹ ਕਰਦੇ। ਭਾਈ ਮੇਵਾ ਸਿੰਘ ਅੰਮ੍ਰਿਤ ਪਾਨ ਕਰ ਕੇ ਸਿੰਘ ਸੱਜਣ ਵਾਲੇ ਪਹਿਲੇ ਸਿੱਖਾਂ ਵਿਚੋਂ ਹੈ। ਉਸ ਨੇ 21 ਜੂਨ 1908 ਦੇ ਦਿਹਾੜੇ ਅੰਮ੍ਰਿਤ ਛਕ ਲਿਆ। ਦਿਲਚਸਪ ਗੱਲ ਹੈ ਕਿ ਖ਼ਾਲਸਾ ਦੀਵਾਨ ਸੁਸਾਇਟੀ ਦੇ ਆਗੂ ਤੇ ਤਤਕਾਲੀ ਜਨਰਲ ਸਕੱਤਰ ਭਾਈ ਭਾਗ ਸਿੰਘ ਅਤੇ ਗੁਰਦੁਆਰੇ ਦੇ ਪਹਿਲੇ ਗ੍ਰੰਥੀ ਭਾਈ ਬਲਵੰਤ ਸਿੰਘ ਹੁਰੀਂ ਭਾਈ ਮੇਵਾ ਸਿੰਘ ਤੋਂ ਹਫ਼ਤਾ ਬਾਅਦ 28 ਜੂਨ 1908 ਨੂੰ ਅੰਮ੍ਰਿਤ ਪਾਨ ਕਰਦੇ ਹਨ। ਇਸ ਤੱਥ ਤੋਂ ਭਾਈ ਮੇਵਾ ਸਿੰਘ ਦੀ ਸਿੱਖ ਧਰਮ ਵਿਚ ਗੂੜ੍ਹੀ ਆਸਥਾ ਦਾ ਪਤਾ ਲਗਦਾ ਹੈ।

ਇਕ ਵਾਰ ਕੈਨੇਡਾ ਵਿਚ ਨਵਾਂ ਨਵਾਂ ਆਇਆ ਇਕ ਮੁਸਲਮਾਨ ਗੁਰਦੁਆਰੇ ਦੇ ਬਾਹਰਵਾਰ ਆ ਕੇ ਬੈਠ ਗਿਆ। ਭਾਈ ਮੇਵਾ ਸਿੰਘ ਨੇ ਉਸ ਨੂੰ ਬਾਹਰ ਬੈਠਾ ਵੇਖ ਕੇ ਕਾਰਨ ਪੁੱਛਿਆ ਤਾਂ ਉਸ ਨੇ ਸੰਗਦੇ-ਝਿਜਕਦੇ ਜਵਾਬ ਦਿੱਤਾ, "ਮੈਂ ਇਸ ਕਰ ਕੇ ਡਰਦਾ ਅੰਦਰ ਨਹੀਂ ਗਿਆ ਕਿਉਂਕਿ ਇਹ ਤੁਹਾਡਾ ਸਿੱਖਾਂ ਦਾ ਗੁਰਦੁਆਰਾ ਹੈ। ਮੇਰੇ ਅੰਦਰ ਜਾਣ 'ਤੇ ਸ਼ਾਇਦ ਤੁਸੀਂ ਬੁਰਾ ਮਨਾਓਗੇ।"

ਉਸ ਦੀ ਗੱਲ ਸੁਣ ਕੇ ਭਾਈ ਮੇਵਾ ਸਿੰਘ ਨੇ ਉਸ ਨੂੰ ਉਠਾਲ ਕੇ ਆਪਣੀ ਛਾਤੀ ਨਾਲ ਲਾ ਲਿਆ ਤੇ ਕਿਹਾ, "ਭਲੇਮਾਣਸਾ! ਇਹ ਇਕੱਲਾ ਸਾਡਾ ਸਿੱਖਾਂ ਦਾ ਹੀ ਗੁਰਦੁਆਰਾ ਨਹੀਂ। ਇਹ ਤਾਂ ਸਰਬ-ਸਾਂਝੀ ਮਨੁੱਖਤਾ ਲਈ ਸਭ ਦਾ ਸਾਂਝਾ ਗੁਰੂਘਰ ਹੈ। ਇਹ ਜਿੰਨਾ ਸਾਡਾ ਜਾਂ ਮੇਰਾ ਹੈ, ਉਨਾ ਹੀ ਤੇਰਾ ਵੀ ਹੈ।" ਤੇ ਉਹ ਉਸ ਨੂੰ ਬਾਹੋਂ ਫੜ ਕੇ ਗੁਰਦੁਆਰੇ ਦੇ ਅੰਦਰ ਲੈ ਗਿਆ। ਇੰਜ ਉਸ ਨੇ ਸਹਿਵਨ ਹੀ ਗੁਰ-ਸਿੱਖੀ ਤੇ ਗੁਰਦੁਆਰੇ ਦੇ ਜਾਤ-ਪਾਤ ਰਹਿਤ ਸਰਬ-ਸਾਂਝੇ ਸਰੂਪ ਨੂੰ ਪਰਿਭਾਸ਼ਿਤ ਕਰ ਦਿੱਤਾ ਸੀ।

ਇਤਿਹਾਸ ਗਵਾਹ ਹੈ ਕਿ ਗੁਰਦੁਆਰਾ ਸਿੱਖ ਟੈਂਪਲ ਵੈਨਕੂਵਰ ਸਹੀ ਅਰਥਾਂ ਵਿਚ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦਾ ਸਾਂਝਾ ਗੁਰਦੁਆਰਾ ਬਣ ਗਿਆ ਸੀ। ਉਪਰਲੀ ਮੰਜ਼ਿਲ 'ਤੇ ਧਾਰਮਿਕ ਕਿਰਿਆ-ਕਰਮ ਹੁੰਦਾ ਤੇ ਹੇਠਲੀ ਬੇਸਮੈਂਟ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਸਿਰ ਪਈਆਂ ਸਾਂਝੀਆਂ ਸਮੱਸਿਆਵਾਂ ਦੇ ਹੱਲ ਤਲਾਸ਼ਣ ਲਈ ਵਿਚਾਰ ਚਰਚਾਵਾਂ ਕਰ ਕੇ ਯੁੱਧਨੀਤੀ ਘੜਦੇ ਰਹਿੰਦੇ। ਭਾਈ ਮੇਵਾ ਸਿੰਘ ਇਨ੍ਹਾਂ ਸਮਾਜਕ-ਸਭਿਆਚਾਰਕ ਤੇ ਰਾਜਨੀਤਕ ਸਰਗਰਮੀਆਂ ਵਿਚ ਅੱਗੇ ਵਧ ਕੇ ਆਗੂ ਧਿਰ ਵਾਂਗ ਵਿਚਰਨ ਦੀ ਕੋਸ਼ਿਸ਼ ਨਾ ਕਰਦਾ, ਕਿਉਂਕਿ ਉਸ ਦਾ ਸੁਭਾਅ ਅੱਗੇ ਦਿਸਣ ਨਾਲੋਂ ਪਿੱਛੇ ਰਹਿ ਕੇ ਚੁੱਪ-ਚਾਪ ਕੰਮ ਕਰਨ ਵਾਲਾ ਸੀ, ਪਰ ਇਨ੍ਹਾਂ ਸਰਗਰਮੀਆਂ ਨੂੰ ਹਰ ਰੋਜ਼ ਨੇੜਿਓਂ ਵੇਖਦਾ/ਸਮਝਦਾ ਰਹਿੰਦਾ ਸੀ ਅਤੇ ਇਨ੍ਹਾਂ ਦੇ ਮਹੱਤਵ ਨੂੰ ਵੀ ਪਛਾਣਦਾ ਸੀ। ਆਪਣੇ ਦੇਸ਼ ਭਗਤ ਸਾਥੀਆਂ ਦੇ ਵਿਚਾਰਾਂ ਤੇ ਸੰਗਤ ਦਾ ਰੰਗ ਉਸ 'ਤੇ ਦਿਨੋਂ ਦਿਨ ਗੂੜ੍ਹਾ ਚੜ੍ਹਦਾ ਜਾ ਰਿਹਾ ਸੀ। ਗੁਰਦੁਆਰੇ ਵਿਚੋਂ ਹੀ ਹਿੰਦੀਆਂ ਨੂੰ ਹਾਂਡੂਰਾਸ ਟਾਪੂ ਵਿਚ ਧੱਕ ਦਿੱਤੇ ਜਾਣ ਵਿਰੁਧ ਜਥੇਬੰਦ ਘੋਲ ਲੜਿਆ ਗਿਆ। ਇਥੋਂ ਹੀ ਨਸਲੀ ਵਿਤਕਰੇ ਵਿਰੁਧ ਇਕਮੁੱਠ ਹੋ ਕੇ ਲੜਾਈ ਲੜੀ ਗਈ। ਇਸੇ ਗੁਰਦੁਆਰੇ ਵਿਚੋਂ 'ਸਿੱਧੇ ਸਫ਼ਰ' ਦੇ ਵਿਤਕਰੇ ਵਾਲੇ ਕਾਨੂੰਨ ਦੇ ਖ਼ਿਲਾਫ਼ ਸੰਘਰਸ਼ ਅਰੰਭਿਆ ਗਿਆ। ਇਥੋਂ ਹੀ ਗ਼ਦਰ ਪਾਰਟੀ ਨਾਲ ਕੈਨੇਡੀਅਨ ਹਿੰਦੀਆਂ ਦੀ ਰਿਸ਼ਤਗੀ ਸਥਾਪਤ ਹੋਈ ਤੇ ਗ਼ਦਰ ਦਾ ਪ੍ਰਚਾਰ ਕੀਤਾ ਜਾਂਦਾ ਰਿਹਾ। ਇਹੋ ਗੁਰਦੁਆਰਾ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਦੀ ਸਹਾਇਤਾ ਕਰਨ ਵਾਲਾ ਮੁਢਲਾ ਕੇਂਦਰ ਬਣਿਆ। ਇਨ੍ਹਾਂ ਸਾਰੇ ਘੋਲਾਂ ਦਾ ਭਾਈ ਮੇਵਾ ਸਿੰਘ ਚਸ਼ਮਦੀਦ ਗਵਾਹ ਵੀ ਸੀ ਤੇ ਇਨ੍ਹਾਂ ਘੋਲਾਂ ਦੇ ਘੋਲ ਵਿਚ ਘੁਲ ਕੇ ਇਨਕਲਾਬੀ ਰੰਗਣ ਵਿਚ ਰੰਗਿਆ ਵੀ ਗਿਆ ਸੀ।

ਗੁਰਦੁਆਰੇ ਵਿਚ ਅਕਸਰ ਆਉਂਦਾ ਜਾਂਦਾ ਤੇ ਨਿਸ਼ਕਾਮ ਸੇਵਾ ਕਰਦਾ ਹੋਣ ਕਰ ਕੇ ਉਹਦਾ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਗੁਰਦੁਆਰੇ ਦੇ ਦੂਜੇ ਆਗੂਆਂ ਨਾਲ ਵੀ ਨੇੜਲਾ ਸੰਪਰਕ, ਸਾਥ ਤੇ ਵਿਸ਼ਵਾਸ ਬਣ ਗਿਆ ਸੀ। ਉਂਜ, ਉਹ ਕੰਮ ਵੀ ਉਸੇ ਫਰੇਜ਼ਰ ਮਿੱਲ ਵਿਚ ਕਰਦਾ ਸੀ ਜਿੱਥੇ ਗੁਰਦੁਆਰਾ ਸਿੱਖ ਟੈਂਪਲ ਦਾ ਆਗੂ ਭਾਈ ਭਾਗ ਸਿੰਘ ਵੀ ਕੰਮ ਕਰਦਾ ਸੀ। ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਜਿਹੇ ਸੰਗੀਆਂ-ਸਾਥੀਆਂ ਦੀ ਸੰਗਤ ਵਿਚ ਰਹਿ ਕੇ ਅਤੇ ਗੁਰਦੁਆਰੇ ਵਿਚ ਰੋਜ਼ ਹੀ ਆਉਂਦਾ ਜਾਂਦਾ ਹੋਣ ਕਰ ਕੇ ਬ੍ਰਿਟਿਸ਼ ਕੋਲੰਬੀਆ ਵਿਚ ਵੱਸਦੇ ਸਮੁੱਚੇ ਭਾਰਤੀ ਭਾਈਚਾਰੇ ਵਲੋਂ ਆਪਣੇ ਕਲਿਆਣ ਲਈ ਸੋਚੇ ਤੇ ਵਿੱਢੇ ਜਾਣ ਵਾਲੇ ਹਰ ਸੰਘਰਸ਼ ਦਾ ਉਹ ਜਾਣੂ ਵੀ ਸੀ ਤੇ ਹਿੱਸੇਦਾਰ ਵੀ। ਜਦੋਂ ਪ੍ਰੋਫ਼ੈਸਰ ਤੇਜਾ ਸਿੰਘ ਕੈਨੇਡਾ ਆਇਆ ਤਾਂ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਵਾਂਗ ਹੀ ਭਾਈ ਮੇਵਾ ਸਿੰਘ ਆਪਣੇ ਨਿੱਘੇ ਤੇ ਮਿਲਾਪੜੇ ਸੁਭਾਅ ਕਰ ਕੇ ਪ੍ਰੋਫ਼ੈਸਰ ਤੇਜਾ ਸਿੰਘ ਦੇ ਪਰਿਵਾਰ ਦੇ ਬਹੁਤ ਨੇੜੇ ਹੋ ਗਿਆ ਸੀ। ਜਿੰਨਾ ਚਿਰ ਪ੍ਰੋ. ਤੇਜਾ ਸਿੰਘ ਆਪਣੀ ਪਤਨੀ ਬਿਸ਼ਨ ਕੌਰ ਅਤੇ ਦੋ ਬੱਚਿਆਂ ਸਮੇਤ ਵੈਨਕੂਵਰ ਰਿਹਾ, ਭਾਈ ਮੇਵਾ ਸਿੰਘ ਉਨ੍ਹਾਂ ਦੀ ਬੜੇ ਸਨੇਹ ਨਾਲ ਦੇਖ-ਭਾਲ ਅਤੇ ਸਹਾਇਤਾ ਕਰਦਾ ਰਿਹਾ। ਅਜਿਹੇ ਮਹੱਤਵਪੂਰਨ ਆਗੂਆਂ ਦੀ ਸੰਗਤ ਵਿਚ ਸੁਣੇ ਵਿਚਾਰਾਂ ਅਤੇ ਗੁਰਦੁਆਰੇ ਵਿਚ ਹੁੰਦੀਆਂ ਹੋਰ ਰਾਜਨੀਤਕ ਸਰਗਰਮੀਆਂ ਨਾਲ ਜੋ ਮਾਹੌਲ ਉਸਰ ਰਿਹਾ ਸੀ, ਅਜਿਹੇ ਤਪਦੇ ਮਾਹੌਲ ਵਿਚ ਉਸ ਦੀ ਇਨਕਲਾਬੀ ਸ਼ਖ਼ਸੀਅਤ ਦੀ ਉਸਾਰੀ ਵੀ ਹੋ ਰਹੀ ਸੀ। ਉਹਦਾ ਕੱਚ-ਪਿੱਲ ਝੜਦਾ ਜਾ ਰਿਹਾ ਸੀ ਤੇ ਸੰਘਰਸ਼ ਦੀ ਭੱਠੀ ਵਿਚ ਭਖ ਕੇ ਉਹਦਾ ਆਪਾ ਕੁੰਦਨ ਰੂਪ ਵਿਚ ਢਲਦਾ ਜਾ ਰਿਹਾ ਸੀ।

**ਵਿਰੋਧੀ-ਜੁੱਟ:** ਭਾਈ ਮੇਵਾ ਸਿੰਘ ਵਲੋਂ

*ਹਾਪਕਿਨਸਨ ਬਹੁਤ ਸ਼ਾਤਰ ਬੰਦਾ ਸੀ। ਵੈਨਕੂਵਰ ਰਹਿੰਦੇ ਹਿੰਦੀਆਂ ਵਿਚ ਆਪਣਾ ਸੂਹੀਆ ਜਾਲ ਵਿਛਾਉਣ ਲਈ ਉਹਨੇ ਭਾਰਤੀ ਭਾਈਚਾਰੇ ਵਿਚੋਂ ਲਾਲਚੀ ਬੰਦਿਆਂ ਨੂੰ ਕੁਝ ਰਿਆਇਤਾਂ ਦੇ ਕੇ ਆਪਣੇ ਨਾਲ ਜੋੜ ਲਿਆ। ਇਸ ਕੰਮ ਲਈ ਉਹਦੇ ਸਭ ਤੋਂ ਵੱਡੇ ਹੱਥ-ਠੋਕੇ ਬੇਲਾ ਸਿੰਘ ਜਿਆਣ, ਬਾਬੂ ਸਿੰਘ ਤੇ ਗੰਗਾ ਰਾਮ ਆਦਿ ਸਨ। ਬੇਲਾ ਸਿੰਘ ਉਹਦਾ ਸਭ ਤੋਂ ਵੱਡਾ ਸਹਾਇਕ ਤੇ ਲੋੜੀਂਦੀਆਂ ਅਸਾਮੀਆਂ ਲੱਭਣ ਲਈ ਉਹਦਾ ਸਭ ਤੋਂ ਵੱਡਾ ਦਲਾਲ ਸੀ। ਉਹ ਇਕ ਤਰ੍ਹਾਂ ਨਾਲ ਹਾਪਕਿਨਸਨ ਦੇ ਕੰਨਾਂ ਤੇ ਅੱਖਾਂ ਦਾ ਕੰਮ ਕਰਦਾ ਸੀ। ਉਹਨੂੰ ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਇਸ ਕੰਮ ਲਈ ਪੈਸੇ ਵੀ ਮਿਲਦੇ ਸਨ। ਉਹ ਹਿੰਦੀ ਬੋਲ ਲੈਂਦਾ ਸੀ ਤੇ ਪੰਜਾਬੀ ਦਾ ਜਾਣਕਾਰ ਹੋਣ ਦਾ ਦਾਅਵਾ ਵੀ ਕਰਦਾ ਸੀ।*

ਹਾਪਕਿਨਸਨ ਦਾ ਕਤਲ ਕਰ ਕੇ ਸ਼ਹਾਦਤ ਨੂੰ ਵਰਨ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਲਈ ਉਸ ਪਿਛੋਕੜ ਉਤੇ ਸਰਸਰੀ ਝਾਤ ਮਾਰਨੀ ਲਾਜ਼ਮੀ ਹੈ ਜਿਸ ਨਾਲ ਮਰਨ ਜਾਂ ਮਾਰ ਦੇਣ ਵਾਲੇ ਇਸ ਮਾਹੌਲ ਦੀ ਉਸਾਰੀ ਹੋ ਗਈ। ਇਸ ਮਾਹੌਲ ਨੂੰ ਸਮਝਣ ਲਈ ਉਨ੍ਹਾਂ ਦੋ ਵਿਰੋਧੀ-ਜੁੱਟਾਂ ਦੀ ਸੋਚ, ਸਥਿਤੀ ਅਤੇ ਮਾਨਸਿਕਤਾ ਦਾ ਅਨੁਮਾਨ ਲਾਉਣਾ ਜ਼ਰੂਰੀ ਹੈ। ਇਨ੍ਹਾਂ ਵਿਰੋਧੀ ਜੁੱਟਾਂ ਵਿਚ ਇਕ ਜੁੱਟ ਸੀ- ਕੈਨੇਡਾ ਦੀ ਨਸਲਵਾਦੀ ਸਰਕਾਰ, ਬਰਤਾਨੀਆਂ ਵਿਚਲੀ ਅੰਗਰੇਜ਼ ਸਰਕਾਰ ਤੇ ਭਾਰਤ ਵਿਚਲੀ ਬਰਤਾਨਵੀ ਸਰਕਾਰ। ਇਹ ਬਹੁਤ ਵੱਡਾ ਤੇ ਵਿਆਪਕ ਸਮਰੱਥਾ ਵਾਲਾ ਸ਼ਕਤੀਸ਼ਾਲੀ ਜੁੱਟ ਸੀ। ਦੂਜਾ ਜੁੱਟ ਸੀ, ਕੈਨੇਡਾ ਵਿਚ ਵੱਸਦੇ ਸਾਊਥ ਏਸ਼ੀਅਨ ਭਾਈਚਾਰੇ ਦਾ ਜਿਸ ਵਿਚ ਬਹੁਤਾਤ ਭਾਵੇਂ ਪੰਜਾਬੀਆਂ ਅਤੇ ਸਿੱਖਾਂ ਦੀ ਸੀ, ਪਰ ਇਸ ਵਿਚ ਹਿੰਦੂ-ਮੁਸਲਮਾਨਾਂ ਦੀ ਸ਼ਮੂਲੀਅਤ ਵੀ ਸੀ। ਪਹਿਲਾ ਜੁੱਟ ਸਾਊਥ ਏਸ਼ੀਅਨ ਭਾਈਚਾਰੇ ਦੀ ਕੈਨੇਡਾ ਵਿਚ ਆਮਦ ਨੂੰ ਨਾ-ਪਸੰਦ ਕਰਦਾ ਸੀ ਅਤੇ ਉਨ੍ਹਾਂ ਨੂੰ ਕੈਨੇਡਾ ਵਿਚ ਦਾਖ਼ਲ ਹੋਣੋਂ ਰੋਕਣ ਲਈ ਅਤੇ ਦਾਖ਼ਲ ਹੋ ਚੁੱਕਿਆਂ ਨੂੰ ਕੈਨੇਡਾ ਤੋਂ ਬਾਹਰ ਕੱਢਣ ਲਈ ਹਰ ਸੰਭਵ ਹੀ ਨਹੀਂ, ਸਗੋਂ ਹਰ ਘਿਨਾਉਣਾ ਕਾਰਾ ਕਰਨ ਲਈ ਤਤਪਰ ਸੀ। ਦੂਜਾ ਜੁੱਟ ਬਰਤਾਨਵੀ ਪਰਜਾ ਹੋਣ ਅਤੇ ਫ਼ੌਜੀ ਸੇਵਾ ਰਾਹੀਂ ਅੰਗਰੇਜ਼ੀ ਸਲਤਨਤ ਲਈ ਮਾਰੀਆਂ ਮੱਲਾਂ ਦੇ ਮਾਣ ਨਾਲ ਕੈਨੇਡਾ ਵਿਚ ਆਉਣਾ, ਵੱਸਣਾ ਅਤੇ ਕੈਨੇਡੀਅਨ ਸ਼ਹਿਰੀਆਂ ਦੇ ਬਰਾਬਰ ਦੇ ਸ਼ਹਿਰੀ ਵਜੋਂ ਤਸਲੀਮ ਕੀਤੇ ਜਾਣਾ ਤੇ ਸਵੈਮਾਨ ਨਾਲ ਜਿਉਣਾ ਆਪਣਾ ਹੱਕ ਸਮਝਦਾ ਸੀ; ਪਰ ਬਰਤਾਨੀਆ ਤੇ ਭਾਰਤ ਵਿਚਲੀ ਬਰਤਾਨਵੀ ਸਰਕਾਰ ਦੀ ਸ਼ਹਿ ਅਤੇ ਸਾਥ ਨਾਲ ਆਪਣੇ ਨਸਲਵਾਦੀ ਮਨਸੂਬਿਆਂ ਨੂੰ ਪੂਰਾ ਕਰਨ ਲਈ ਕੈਨੇਡੀਅਨ ਸਰਕਾਰ ਪੱਬਾਂ ਭਾਰ ਹੋਈ ਪਈ ਸੀ ਅਤੇ ਸਾਊਥ ਏਸ਼ੀਅਨ ਭਾਈਚਾਰੇ ਦੀ ਦੂਜੀ ਧਿਰ ਦੀ ਕਿਸੇ ਵੀ ਇੱਛਾ ਦੀ ਪੂਰਤੀ ਕਰਨਾ ਉਸ ਦੇ ਏਜੰਡੇ ਉਤੇ ਨਹੀਂ ਸੀ।

ਕੈਨੇਡਾ ਨੂੰ ਸ਼ੁਰੂ ਤੋਂ ਹੀ 'ਗੋਰਿਆਂ ਦਾ ਦੇਸ਼' ਬਣਾਈ ਰੱਖਣ ਦੀ ਨੀਤੀ ਨਾਲ ਨਸਲੀ ਵਿਤਕਰੇ ਦੀ ਨੀਂਹ ਰੱਖ ਦਿੱਤੀ ਗਈ ਸੀ। ਕੈਨੇਡਾ ਨੂੰ ਗੋਰੇ ਲੋਕਾਂ ਦਾ ਦੇਸ਼ ਬਣਾਈ ਰੱਖਣ ਦੀ ਸਰਕਾਰ ਦੀ ਇੱਛਾ ਕੈਨੇਡਾ ਦੀ ਇਮੀਗ੍ਰੇਸ਼ਨ ਸਬੰਧੀ ਨੀਤੀ ਦਾ ਸਿਧਾਂਤਕ ਆਧਾਰ ਬਣ ਗਈ। ਇਸ ਲਈ ਏਸ਼ੀਅਨ ਲੋਕਾਂ ਲਈ 'ਦਰਵਾਜ਼ੇ ਖੋਲ੍ਹਣਾ' ਕੈਨੇਡਾ ਸਰਕਾਰ ਦੀ ਅਣਸਰਦੀ ਲੋੜ ਸੀ। ਨਵੇਂ ਕੈਨੇਡਾ ਦੀ ਉਸਾਰੀ ਹੋ ਰਹੀ ਸੀ। ਨਵੀਆਂ ਰੇਲ-ਪਟੜੀਆਂ ਉਸਾਰੀਆਂ ਜਾ ਰਹੀਆਂ ਸਨ; ਜੰਗਲ ਕੱਟੇ ਜਾ ਰਹੇ ਸਨ। ਕਈ ਕੰਪਨੀਆਂ ਅਤੇ ਮਿੱਲ ਮਾਲਕਾਂ ਨੂੰ ਅਜਿਹੇ ਭਾਰੇ ਕੰਮ ਕਰਨ ਲਈ ਸਸਤੇ ਮਜ਼ਦੂਰਾਂ ਦੀ ਲੋੜ ਸੀ। ਦੂਜੇ ਪਾਸੇ ਹੋਰ ਮੁਲਕਾਂ ਦੇ ਲੋਕਾਂ ਨੂੰ ਕੈਨੇਡਾ ਵਿਚ ਕੰਮ ਮਿਲਣ ਅਤੇ ਆਪਣੇ ਮੁਲਕ ਨਾਲੋਂ ਕਈ ਗੁਣਾ ਵੱਧ ਮਜ਼ਦੂਰੀ ਮਿਲਣ ਦਾ ਲਾਲਚ ਕੈਨੇਡਾ ਆਉਣ ਲਈ ਖਿੱਚਾਂ ਪਾ ਰਿਹਾ ਸੀ। ਕੰਮ ਕਰਵਾਉਣ ਵਾਲਿਆਂ ਨੂੰ ਕਾਮੇ ਚਾਹੀਦੇ ਸਨ ਜਦਕਿ ਸਿਆਸਤਦਾਨ, ਪ੍ਰੈਸ, ਵਪਾਰੀ, ਲੇਬਰ ਕੌਂਸਲ ਅਤੇ ਗੋਰੇ ਮਜ਼ਦੂਰ 'ਬਾਹਰਲੇ ਕਾਮਿਆਂ' ਦੇ ਦਾਖ਼ਲੇ ਦੇ ਵਿਰੁਧ ਸਨ। ਉਨ੍ਹਾਂ ਨੇ ਐਂਟੀ-ਏਸ਼ੀਆਟਿਕ ਲੀਗ ਦੀ ਸਥਾਪਨਾ ਕਰ ਕੇ ਏਸ਼ੀਅਨ ਕਾਮਿਆਂ ਨੂੰ ਕੈਨੇਡਾ ਵਿਚ ਵੜਨੋਂ ਰੋਕਣ ਅਤੇ ਆ ਚੁੱਕਿਆਂ ਨੂੰ ਵਾਪਸ ਮੋੜਨ ਦੀ ਸਰਗਰਮ ਮੁਹਿੰਮ ਅਰੰਭੀ ਹੋਈ ਸੀ ਪਰ ਉਨ੍ਹਾਂ ਦਾ ਮੁੱਖ ਨਿਸ਼ਾਨਾ ਹਿੰਦ ਵਾਸੀ ਸਨ। ਦੋਵਾਂ ਸਰਕਾਰਾਂ ਦੇ ਆਪਸੀ ਸਾਊਆਂ ਵਾਲੇ ਸਮਝੌਤੇ ਕਾਰਨ ਜਪਾਨੀ ਤਾਂ ਹਰ ਸਾਲ ਚਾਰ ਸੌ ਦੀ ਗਿਣਤੀ ਵਿਚ ਕੈਨੇਡਾ ਆ ਸਕਦੇ ਸਨ ਤੇ ਚੀਨ ਵਾਸੀ ਨਿਯਤ ਹੈਡ ਟੈਕਸ ਦੇ ਕੇ ਜਿੰਨੀ ਗਿਣਤੀ ਵਿਚ ਚਾਹੁਣ ਆ ਸਕਦੇ ਸਨ। ਹਿੰਦੀਆਂ ਪ੍ਰਤੀ ਖ਼ਿਲਾਫ਼ਤ ਦਾ ਕਾਰਨ ਇਹ ਸੀ ਕਿ ਕੈਨੇਡਾ ਵਿਚ ਆਉਣ ਨਾਲ ਹਿੰਦ ਵਾਸੀ ਰਾਜਨੀਤਕ ਤੌਰ 'ਤੇ ਚੇਤੰਨ ਹੋ ਕੇ, ਜਾਤਾਂ-ਧਰਮਾਂ ਦੇ ਵਿਰੋਧ ਭੁੱਲ ਕੇ, ਤੇ ਜਥੇਬੰਦ ਹੋ ਕੇ ਅੰਗਰੇਜ਼ੀ ਰਾਜ ਦਾ ਤਖ਼ਤਾ ਉਲਟਾਉਣ ਲਈ ਕਾਰਜਸ਼ੀਲ ਹੋ ਸਕਦੇ ਹਨ।

**ਪੁਆੜੇ ਦੀ ਜੜ੍ਹ ਹਾਪਕਿਨਸਨ:** ਹਿੰਦੀਆਂ ਦੇ ਜਾਗ੍ਰਿਤ ਤੇ ਜਥੇਬੰਦ ਹੋਣ ਦੀਆਂ ਸੂਚਨਾਵਾਂ ਭਾਰਤ ਵਿਚਲੀ ਅੰਗਰੇਜ਼ੀ ਸਰਕਾਰ ਨੂੰ ਮਿਲੀਆਂ ਤਾਂ ਉਸ ਵਲੋਂ ਕੈਨੇਡਾ ਵਿਚ ਹਿੰਦੀਆਂ ਦੀਆਂ ਸਰਗਰਮੀਆਂ ਨੂੰ ਅੱਖ ਹੇਠ ਰੱਖਣ ਲਈ ਹਾਪਕਿਨਸਨ ਨਾਂ ਦੇ ਸੀ.ਆਈ.ਡੀ. ਅਫ਼ਸਰ ਦੀ ਡਿਊਟੀ ਲਾ ਦਿੱਤੀ ਗਈ। ਉਸ ਦਾ ਪੂਰਾ ਨਾਂ ਵਿਲੀਅਮ ਚਾਰਲਸ ਹਾਪਕਿਨਸਨ ਸੀ। ਜਨਮ ਤੋਂ ਉਹ ਐਂਗਲੋ-ਇੰਡੀਅਨ ਸੀ। ਉਹਦੇ ਜਨਮ ਬਾਰੇ 'ਇੰਡੀਆ ਆਫਿਸ ਲਾਇਬ੍ਰੇਰੀ' ਵਿਚੋਂ ਮਿਲੀ ਸੂਚਨਾ ਮੁਤਾਬਕ ਉਹਦਾ ਜਨਮ 16 ਜੂਨ 1880 ਵਿਚ ਦਿੱਲੀ ਵਿਖੇ ਹੋਇਆ। ਉਦੋਂ ਉਹਦਾ ਪਿਉ ਅਲਾਹਾਬਾਦ ਵਿਚ ਫ਼ੌਜੀ ਅਫ਼ਸਰ ਵਜੋਂ ਸੇਵਾ ਨਿਭਾਅ ਰਿਹਾ ਸੀ। ਪਿੱਛੋਂ ਉਸ ਦਾ ਪਿਤਾ ਅਫ਼ਗਾਨਿਸਤਾਨ ਵਿਚ ਕਿਸੇ ਫ਼ੌਜੀ ਮੁਹਿੰਮ ਵਿਚ ਮਾਰਿਆ ਗਿਆ। ਅਨੁਮਾਨ ਹੈ ਕਿ ਉਹਦੀ ਮਾਂ ਭਾਰਤੀ-ਯੂਰਪੀ ਨਸਲ ਦਾ ਮਿਲਗੋਭਾ ਸੀ। ਕੈਨੇਡਾ ਆਉਣ ਤੋਂ ਪਹਿਲਾਂ ਹਾਪਕਿਨਸਨ ਸਿਖਿਅਤ ਤੇ ਤਜਰਬੇਕਾਰ ਪੁਲਿਸ ਅਫ਼ਸਰ ਸੀ। ਉਹ ਅੰਗਰੇਜ਼ੀ ਦੇ ਨਾਲ ਨਾਲ ਹਿੰਦੀ ਜ਼ਬਾਨ ਵੀ ਬੜੀ ਚੰਗੀ ਤਰ੍ਹਾਂ ਬੋਲ ਤੇ ਸਮਝ ਲੈਂਦਾ ਸੀ। ਸੋਲਾਂ ਸਾਲ ਦੀ ਉਮਰ ਵਿਚ ਉਹ ਪੰਜਾਬ ਪੁਲਿਸ ਵਿਚ ਭਰਤੀ ਹੋ ਗਿਆ ਸੀ ਤੇ ਇਥੇ ਉਹ ਪੰਜਾਬੀ ਜ਼ਬਾਨ ਤੇ ਪੰਜਾਬੀ ਸਭਿਆਚਾਰ ਦਾ ਚੰਗਾ ਜਾਣੂ ਹੋ ਗਿਆ, ਪਰ ਉਹਨੂੰ ਪੰਜਾਬ ਵਿਚ ਕੋਈ ਵਧੀਆ ਭਵਿੱਖ ਨਜ਼ਰੀਂ ਨਾ ਆਉਂਦਾ ਹੋਣ ਕਰ ਕੇ ਉਸ ਨੇ ਇੱਕੀ ਸਾਲ ਦੀ ਉਮਰ ਵਿਚ ਆਪਣਾ ਤਬਾਦਲਾ ਕਲਕੱਤੇ (ਹੁਣ ਕੋਲਕਾਤਾ) ਦਾ ਕਰਾ ਲਿਆ। ਕਲਕੱਤਾ ਪੁਲਿਸ ਵਿਚ ਜਦੋਂ ਉਹ ਇੰਸਪੈਕਟਰ ਦੀਆਂ ਸੇਵਾਵਾਂ ਨਿਭਾਅ ਰਿਹਾ ਸੀ ਤਾਂ ਉਹਨੂੰ ਸੂਹੀਆ ਵਿਭਾਗ ਨਾਲ ਜੋੜ ਦਿੱਤਾ ਗਿਆ ਸੀ ਤਾਂ ਕਿ ਉਸ ਰਾਹੀਂ ਦੇਸ਼ ਭਗਤਾਂ ਵਲੋਂ ਸਰਕਾਰ ਵਿਰੁਧ ਕੀਤੀਆਂ ਜਾਣ ਵਾਲੀਆਂ ਮੁਜਰਮਾਨਾ ਕਾਰਵਾਈਆਂ ਦੀ ਖ਼ੁਫ਼ੀਆ ਜਾਣਕਾਰੀ ਦੀ ਪ੍ਰਾਪਤ ਕੀਤੀ ਜਾ ਸਕੇ।

1908 ਦੀ ਪਤਝੜ ਦੇ ਮੌਸਮ ਵਿਚ ਹਾਪਕਿਨਸਨ ਕੈਨੇਡਾ ਪਹੁੰਚ ਗਿਆ। ਉਹਦੇ ਕੈਨੇਡਾ ਆਉਣ ਦਾ ਕਾਰਨ ਰਹੱਸ ਦੇ ਘੇਰੇ ਵਿਚ ਹੈ, ਪਰ ਇਸ ਵਿਚ ਸ਼ੱਕ ਨਹੀਂ ਕਿ ਕੈਨੇਡਾ ਪਹੁੰਚ ਕੇ ਵੀ ਉਸ ਨੇ ਭਾਰਤ ਵਿਚਲੀ ਬ੍ਰਿਟਿਸ਼ ਸਰਕਾਰ ਲਈ ਜਸੂਸੀ ਕਰਨ ਦਾ ਕੰਮ ਜਾਰੀ ਰੱਖਿਆ। ਪਹਿਲਾਂ ਪਹਿਲਾਂ ਭਾਵੇਂ ਉਹ ਕਿਸੇ ਸਟੋਰ 'ਤੇ ਸਟੋਰਕੀਪਰ ਵਜੋਂ ਕੰਮ ਕਰਦਾ ਸੀ, ਪਰ ਉਦੋਂ ਵੀ ਉਹ ਨਾਲ ਦੀ ਨਾਲ ਕੈਨੇਡਾ ਵਿਚ ਰਹਿੰਦੇ ਹਿੰਦੀਆਂ ਦੀਆਂ ਸਰਗਰਮੀਆਂ 'ਤੇ ਨਜ਼ਰ ਵੀ ਰੱਖਦਾ ਸੀ ਅਤੇ ਭਾਰਤ ਸਰਕਾਰ ਤੋਂ ਇਲਾਵਾ ਕੈਨੇਡਾ ਸਰਕਾਰ ਨੂੰ ਵੀ ਹਿੰਦੀਆਂ ਦੀਆਂ ਅੰਗਰੇਜ਼-ਵਿਰੋਧੀ ਸਰਗਰਮੀਆਂ ਬਾਰੇ ਰਿਪੋਰਟਾਂ ਭੇਜਦਾ ਰਹਿੰਦਾ। ਇਸ ਤੋਂ ਪ੍ਰਭਾਵਿਤ ਹੋ ਕੇ ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗਰੇ ਨੇ ਉਹਦੇ ਪਿਛੋਕੜ ਤੇ ਯੋਗਤਾਵਾਂ ਬਾਰੇ ਮੈਕਨਜ਼ੀ ਕਿੰਗ ਅਤੇ ਵਿਸ਼ੇਸ਼ ਤੌਰ 'ਤੇ ਹਾਂਡੂਰਸ ਦੇ ਅੰਗਰੇਜ਼ ਗਵਰਨਰ ਕਰਨਲ ਈ.ਜੇ. ਸਵੈਨ ਤੋਂ ਹੋਰ ਜਾਣਕਾਰੀ ਲਈ। ਉਹ ਉਹਨੂੰ ਬੜਾ ਕੰਮ ਦਾ ਬੰਦਾ ਲੱਗਾ। ਇੰਜ ਹਾਪਕਿਨਸਨ ਨੂੰ 'ਡੋਮੀਨੀਅਨ ਪੁਲਿਸ ਅਫ਼ਸਰ' ਵਜੋਂ ਭਰਤੀ ਕਰ ਲਿਆ ਗਿਆ। ਇਹਦੇ ਨਾਲ ਹੀ ਉਹਨੂੰ ਇਮੀਗ੍ਰੇਸ਼ਨ ਇੰਸਪੈਕਟਰ ਦੇ ਤੌਰ 'ਤੇ ਨਿਯੁਕਤ ਕਰ ਕੇ ਇਮੀਗ੍ਰੇਸ਼ਨ ਵਿਭਾਗ ਵਿਚ ਉਸ ਕੋਲੋਂ ਦੋਭਾਸ਼ੀਏ ਵਜੋਂ ਕੰਮ ਲੈਣਾ ਸ਼ੁਰੂ ਕਰ ਦਿੱਤਾ।

ਉਹ ਹਿੰਦੀ ਬੋਲ ਲੈਂਦਾ ਸੀ ਤੇ ਪੰਜਾਬੀ ਦਾ ਜਾਣਕਾਰ ਹੋਣ ਦਾ ਦਾਅਵਾ ਵੀ ਕਰਦਾ ਸੀ। ਇਸ ਲਈ ਕੈਨੇਡਾ ਪਹੁੰਚਣ ਵਾਲੇ ਹਰ ਭਾਰਤੀ ਬਾਰੇ ਤਾਂ ਉਹ ਆਉਂਦਿਆਂ ਹੀ ਜਾਣਕਾਰੀ ਹਾਸਲ ਕਰ ਲੈਂਦਾ ਸੀ, ਤੇ ਫਿਰ ਭਾਈਚਾਰੇ ਵਿਚ ਵਿਚਰਦੇ ਹਰ ਆਵਾਸੀ ਦੀਆਂ ਸਰਗਰਮੀਆਂ ਦਾ ਖ਼ਿਆਲ ਵੀ ਰੱਖਦਾ ਸੀ। ਉਹਨੇ ਵੈਨਕੂਵਰ ਵਿਚ ਵੱਸਦੇ ਅੰਗਰੇਜ਼ ਹਕੂਮਤ ਦੇ ਵਫ਼ਾਦਾਰ ਭਾਰਤੀਆਂ ਵਿਚੋਂ ਕੁਝ ਇਕ ਨੂੰ, ਉਨ੍ਹਾਂ ਦੇ ਸਬੰਧੀਆਂ ਤੇ ਜਾਣਕਾਰਾਂ ਨੂੰ ਵੀ ਕੈਨੇਡਾ ਵਿਚ ਉਤਾਰ ਲੈਣ ਅਤੇ ਹੋਰ ਕਈ ਤਰ੍ਹਾਂ ਦੇ ਲਾਲਚ ਦੇ ਕੇ ਆਪਣੇ ਨਾਲ ਵੀ ਜੋੜ ਲਿਆ ਹੋਇਆ ਸੀ। ਇਨ੍ਹਾਂ ਵਿਚੋਂ ਬੇਲਾ ਸਿੰਘ ਜਿਆਣ ਤੇ ਉਹਦੇ ਸਾਥੀ ਬਾਬੂ ਸਿੰਘ, ਗੰਗਾ ਰਾਮ ਆਦਿਕ ਹਾਪਕਿਨਸਨ ਦੇ ਮਹੱਤਵਪੂਰਨ ਹੱਥਠੋਕੇ ਬਣ ਚੁੱਕੇ ਸਨ। ਉਨ੍ਹਾਂ ਰਾਹੀਂ ਉਸ ਨੇ ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਭਾਰਤੀ ਭਾਈਚਾਰੇ ਵਿਚ ਫੁੱਟ ਦੇ ਬੀਜ ਬੀਜ ਦਿੱਤੇ ਸਨ। ਇਹ ਵੀ ਹਾਪਕਿਨਸਨ ਹੀ ਸੀ ਜਿਸ ਨੇ ਤਾਰਕਨਾਥ ਦਾਸ ਦੀਆਂ ਸਰਗਰਮੀਆਂ ਬਾਰੇ ਲੇਖ ਲਿਖ ਕੇ ਉਹਨੂੰ ਸਰਕਾਰੀ ਨਜ਼ਰਾਂ ਵਿਚ ਦੋਸ਼ੀ ਬਣਾ ਧਰਿਆ ਸੀ, ਤੇ ਤਾਰਕਨਾਥ ਦਾਸ ਨੂੰ ਵੈਨਕੂਵਰ ਛੱਡ ਕੇ ਅਮਰੀਕਾ ਵਿਚ ਜਾਣ ਲਈ ਮਜਬੂਰ ਹੋਣਾ ਪਿਆ ਸੀ। 1908 ਵਿਚ ਹਿੰਦੀਆਂ ਨੂੰ ਧੱਕ ਕੇ ਹਾਂਡੂਰਸ ਟਾਪੂ ਵਿਚ ਸੁੱਟ ਦੇਣ ਦੀ ਸਾਜ਼ਿਸ਼ ਵਿਚ ਵੀ ਉਹ ਪੇਸ਼-ਪੇਸ਼ ਸੀ। ਨਵੰਬਰ 1913 ਵਿਚ ਭਾਈ ਭਗਵਾਨ ਸਿੰਘ ਨੂੰ ਕੈਨੇਡਾ ਤੋਂ ਡੀਪੋਰਟ ਕਰਨ ਵਿਚ ਵੀ ਉਹਦਾ ਹੱਥ ਸੀ, ਕਿਉਂਕਿ ਭਾਈ ਭਗਵਾਨ ਸਿੰਘ ਨੇ ਉਹਦਾ ਹੱਥ-ਠੋਕਾ ਬਣਨ ਤੋਂ ਇਨਕਾਰ ਹੀ ਨਹੀਂ ਸੀ ਕੀਤਾ, ਸਗੋਂ ਉਹਨੇ ਆਪਣੀਆਂ ਤਕਰੀਰਾਂ ਨਾਲ ਭਾਰਤੀ ਭਾਈਚਾਰੇ ਦੇ ਮਨਾਂ ਵਿਚ ਦੇਸ਼ ਭਗਤੀ ਦੀ ਜਵਾਲਾ ਬਲਣ ਲਾ ਦਿੱਤੀ ਸੀ। ਹਾਪਕਿਨਸਨ ਨੇ ਹਸਨ ਰਹੀਮ ਨੂੰ ਵੀ ਦੇਸ਼ ਨਿਕਾਲਾ ਦਿਵਾਉਣ ਲਈ ਕਈ ਅਸਫ਼ਲ ਕੋਸ਼ਿਸ਼ਾਂ ਕੀਤੀਆਂ ਸਨ। ਕਾਮਾਗਾਟਾ ਮਾਰੂ ਜਹਾਜ਼ ਨੂੰ ਵਾਪਸ ਪਰਤਾਉਣ ਵਾਲੇ ਦੁਖਾਂਤ ਵਿਚ ਵੀ ਉਸ ਦਾ ਨਿੰਦਣਯੋਗ ਰੋਲ ਸਭ ਦੇ ਸਾਹਮਣੇ ਸੀ। ਉਹ ਵੈਨਕੂਵਰ ਹੀ ਨਹੀਂ, ਅਮਰੀਕਾ ਵਿਚ ਕੰਮ ਕਰਦੇ ਗ਼ਦਰੀਆਂ ਲਈ ਵੀ ਬੜਾ ਵੱਡਾ ਖ਼ਤਰਾ ਸੀ ਤੇ ਉਨ੍ਹਾਂ ਦੀਆਂ ਸਰਗਰਮੀਆਂ ਦੀ ਟੋਹ ਰੱਖਦਾ ਸੀ। ਲਾਲਾ ਹਰਦਿਆਲ ਨੂੰ ਅਮਰੀਕਾ ਤੋਂ ਬੇਦਖ਼ਲ ਕਰਵਾਉਣ ਵਿਚ ਵੀ ਉਹਦੀਆਂ ਰਿਪੋਰਟਾਂ ਦਾ ਹੱਥ ਸੀ। ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਕੰਢੇ ਨਾ ਲੱਗਣ ਦੇਣ ਵਿਚ ਵੀ ਹਾਪਕਿਨਸਨ ਦਾ ਮੁੱਖ ਰੋਲ ਸੀ। ਉਸ ਨੇ ਮੁਸਾਫ਼ਰਾਂ ਨੂੰ ਉਤਾਰਨ ਵਿਚ ਮਦਦ ਕਰਨ ਲਈ ਗੁਰਦਿੱਤ ਸਿੰਘ ਕੋਲੋਂ ਦੋ ਹਜ਼ਾਰ ਡਾਲਰ ਦੀ ਰਿਸ਼ਵਤ ਮੰਗੀ ਸੀ, ਪਰ ਕੁਝ ਕਾਰਨਾਂ ਕਰ ਕੇ ਰਿਸ਼ਵਤੀ-ਸਮਝੌਤਾ ਸਿਰੇ ਨਾ ਚੜ੍ਹਨ ਕਰ ਕੇ ਉਹ ਦੁਸ਼ਮਣੀ 'ਤੇ ਉਤਰ ਆਇਆ ਸੀ, ਤੇ ਕਾਮਾਗਾਟਾ ਮਾਰੂ ਜਹਾਜ਼ ਦੀ ਵਾਪਸੀ ਵਿਚ ਸਰਕਾਰ ਦਾ ਵੱਡਾ ਸਹਾਇਕ ਹੋ ਨਿੱਬੜਿਆ ਸੀ।

ਹਾਪਕਿਨਸਨ ਬਹੁਤ ਸ਼ਾਤਰ ਬੰਦਾ ਸੀ। ਵੈਨਕੂਵਰ ਰਹਿੰਦੇ ਹਿੰਦੀਆਂ ਵਿਚ ਆਪਣਾ ਸੂਹੀਆ ਜਾਲ ਵਿਛਾਉਣ ਲਈ ਉਹਨੇ ਭਾਰਤੀ ਭਾਈਚਾਰੇ ਵਿਚੋਂ ਲਾਲਚੀ ਬੰਦਿਆਂ ਨੂੰ ਕੁਝ ਰਿਆਇਤਾਂ ਦੇ ਕੇ ਆਪਣੇ ਨਾਲ ਜੋੜ ਲਿਆ। ਇਸ ਕੰਮ ਲਈ ਉਹਦੇ ਸਭ ਤੋਂ ਵੱਡੇ ਹੱਥ-ਠੋਕੇ ਬੇਲਾ ਸਿੰਘ ਜਿਆਣ, ਬਾਬੂ ਸਿੰਘ ਤੇ ਗੰਗਾ ਰਾਮ ਆਦਿ ਸਨ। ਬੇਲਾ ਸਿੰਘ ਉਹਦਾ ਸਭ ਤੋਂ ਵੱਡਾ ਸਹਾਇਕ ਤੇ ਲੋੜੀਂਦੀਆਂ ਅਸਾਮੀਆਂ ਲੱਭਣ ਲਈ ਉਹਦਾ ਸਭ ਤੋਂ ਵੱਡਾ ਦਲਾਲ ਸੀ। ਉਹ ਇਕ ਤਰ੍ਹਾਂ ਨਾਲ ਹਾਪਕਿਨਸਨ ਦੇ ਕੰਨਾਂ ਤੇ ਅੱਖਾਂ ਦਾ ਕੰਮ ਕਰਦਾ ਸੀ। ਉਹਨੂੰ ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵਲੋਂ ਇਸ ਕੰਮ ਲਈ ਪੈਸੇ ਵੀ ਮਿਲਦੇ ਸਨ। ਸਰਕਾਰ ਦੇ ਪੇ-ਰੋਲ 'ਤੇ ਹੋਣ ਕਰ ਕੇ ਉਹਨੂੰ ਸਾਢੇ ਬਾਹਟ ਡਾਲਰ ਪ੍ਰਤੀ ਮਹੀਨਾ ਮਿਲਦੇ ਸਨ। ਬੇਲਾ ਸਿੰਘ ਭਾਰਤੀ ਭਾਈਚਾਰੇ ਵਿਚ ਹੁੰਦੀ ਹਰ ਸਰਗਰਮੀ ਦੀ ਸੂਚਨਾ ਹਾਪਕਿਨਸਨ ਤੱਕ ਪਹੁੰਚਾਉਣਾ ਆਪਣਾ ਪਰਮ ਕਰਤੱਵ ਸਮਝਦਾ ਸੀ। ਹਾਪਕਿਨਸਨ ਨੇ ਬੇਲਾ ਸਿੰਘ ਦੀ ਮਦਦ ਨਾਲ ਪੰਜਾਹ-ਸੱਠ ਬੰਦੇ ਆਪਣੇ ਨਾਲ ਜੋੜ ਲਏ ਸਨ। ਇਮੀਗ੍ਰੇਸ਼ਨ ਵਿਭਾਗ ਵਿਚ ਹੋਣ ਕਰ ਕੇ ਉਹ ਉਨ੍ਹਾਂ ਨੂੰ ਲਾਲਚ ਦਿੰਦਾ ਕਿ ਉਨ੍ਹਾਂ ਦੇ ਸਕੇ-ਸਬੰਧੀਆਂ ਨੂੰ ਕੈਨੇਡਾ ਦੇ ਤੱਟ 'ਤੇ ਉਤਾਰਨ ਵਿਚ ਸਹਾਈ ਹੋਵੇਗਾ। ਇਸ ਕੰਮ ਲਈ ਉਹ ਉਨ੍ਹਾਂ ਤੋਂ ਰਿਸ਼ਵਤ ਵੀ ਲੈਂਦਾ ਤੇ ਕਈਆਂ ਨੂੰ ਉਸ ਨੇ ਉਨ੍ਹਾਂ ਦੇ ਕਾਗਜ਼ਾਂ ਵਿਚ 'ਗੜਬੜ' ਹੋਣ ਦੇ ਬਾਵਜੂਦ ਕੈਨੇਡਾ ਵਿਚ ਉਤਰਨ ਵਿਚ ਮਦਦ ਕੀਤੀ ਸੀ। ਜਿਹੜੇ ਆਵਾਸੀਆਂ ਨੂੰ ਉਸ ਨੇ ਅਜਿਹੀ ਰਿਆਇਤ ਦੇ ਕੇ ਕੈਨੇਡਾ ਦੀ ਧਰਤੀ 'ਤੇ ਉਤਾਰਿਆ ਸੀ, ਉਹ ਉਨ੍ਹਾਂ ਨੂੰ ਆਪਣੀ ਮੁੱਠ ਵਿਚ ਰੱਖਦਾ ਤੇ ਆਪਣਾ ਸਾਥ ਦੇਣ ਅਤੇ ਆਪਣੇ ਲਈ ਖ਼ੁਫ਼ੀਆ ਸੂਚਨਾਵਾਂ ਇਕੱਤਰ ਕਰਨ ਲਈ ਮਜਬੂਰ ਕਰਦਾ। ਉਨ੍ਹਾਂ ਦਾ ਭੇਤ ਲੁਕਾਈ ਰੱਖਣ ਲਈ ਉਨ੍ਹਾਂ ਨੂੰ ਬਲੈਕ-ਮੇਲ ਵੀ ਕਰਦਾ ਰਹਿੰਦਾ ਕਿ ਜੇ ਉਹ ਉਸ ਲਈ ਕੰਮ ਨਹੀਂ ਕਰਨਗੇ ਤਾਂ ਉਹ ਉਨ੍ਹਾਂ ਨੂੰ ਡਿਪੋਰਟ ਕਰਵਾ ਦੇਵੇਗਾ। ਸਮੇਂ ਸਮੇਂ ਉਨ੍ਹਾਂ ਤੋਂ ਪੈਸੇ ਵੀ ਬਟੋਰਦਾ ਰਹਿੰਦਾ। ਇੰਜ ਕਈ ਮਰਜ਼ੀ ਨਾਲ ਤੇ ਕਈ ਦਬਾਓ ਵੱਸ ਉਸ ਲਈ ਕੰਮ ਕਰਨ ਤੇ ਉਹਦਾ ਸਾਥ ਦੇਣ ਲਈ ਮਜਬੂਰ ਸਨ।



ਖਾਲਸਾ ਦੀਵਾਨ ਸੁਸਾਇਟੀ ਵਲੋਂ ਵੈਨਕੂਵਰ ਵਿਚ ਬਣਾਇਆ ਗੁਰਦੁਆਰਾ।

*ਸਿੰਘ ਸਭਾ ਲਹਿਰ ਤੋਂ ਪ੍ਰੇਰਨਾ ਲੈ ਕੇ ਕੈਨੇਡਾ ਵਿਚ ਵੀ ਖ਼ਾਲਸਾ ਦੀਵਾਨ ਸੁਸਾਇਟੀ'ਬਣਾ ਲਈ। ਧਾਰਮਿਕ ਵਿਸ਼ਵਾਸ ਦੀ ਤ੍ਰਿਪਤੀ ਲਈ ਅਤੇ ਮਿਲ-ਬੈਠ ਕੇ ਸਾਂਝੇ ਮਸਲੇ ਵਿਚਾਰਨ ਤੇ ਉਨ੍ਹਾਂ ਦਾ ਹੱਲ ਕੱਢਣ ਲਈ ਗੁਰਦੁਆਰਾ ਉਸਾਰਨ ਦਾ ਫ਼ੈਸਲਾ ਕਰ ਲਿਆ। ਜਿਹੜੇ ਆਗੂ ਗੁਰਦੁਆਰਾ ਉਸਾਰਨ ਦੀ ਇਸ ਮੁਹਿੰਮ ਵਿਚ ਅਗਲੀਆਂ ਸਫ਼ਾਂ ਵਿਚ ਕਾਰਜਸ਼ੀਲ ਸਨ, ਮੇਵਾ ਸਿੰਘ ਦਾ ਉਨ੍ਹਾਂ ਨਾਲ ਬੜਾ ਨੇੜਲਾ ਸਬੰਧ ਸੀ।*

ਭਾਈ ਮੇਵਾ ਸਿੰਘ ਕਿਉਂਕਿ ਸਭ ਦੇ ਪਿਆਰ-ਸਤਿਕਾਰ ਦਾ ਪਾਤਰ ਸੀ ਤੇ ਇਕ ਸਾਊ ਮਨੁੱਖ ਵਜੋਂ ਉਹਦੇ ਬੇਲਾ ਸਿੰਘ ਹੁਰਾਂ ਨਾਲ ਵੀ ਸੁਖਾਵੇਂ ਸਬੰਧ ਸਨ, ਇਕ ਦਿਨ ਭਾਈ ਭਾਗ ਸਿੰਘ ਤੇ ਦੂਜੇ ਸਾਥੀਆਂ ਨੇ ਮੇਵਾ ਸਿੰਘ ਨੂੰ ਕਿਹਾ ਕਿ ਉਹ ਬੇਲਾ ਸਿੰਘ ਨੂੰ ਮਿਲ ਕੇ ਸਮਝਾਵੇ ਕਿ ਉਹ ਆਪਣੇ ਦੇਸ਼-ਭਾਈਆਂ ਦੇ ਵਿਰੁਧ ਜਾ ਕੇ ਇਮੀਗ੍ਰੇਸ਼ਨ ਦਫ਼ਤਰ ਵਿਚ ਸੂਚਨਾਵਾਂ ਨਾ ਪਹੁੰਚਾਇਆ ਕਰੇ। ਇਸ ਦੀ ਪੂਰਤੀ ਲਈ ਉਸ ਨੂੰ ਪੰਜ ਸੌ ਡਾਲਰ ਦੇਣ ਤੇ ਉਸ ਲਈ ਰੀਅਲ ਅਸਟੇਟ ਦਾ ਬੰਦੋਬਸਤ ਕੀਤੇ ਜਾਣ ਦੀ ਪੇਸ਼ਕਸ਼ ਵੀ ਕੀਤੀ ਗਈ।

ਭਾਈ ਮੇਵਾ ਸਿੰਘ ਨੇ ਜਦੋਂ ਬੇਲਾ ਸਿੰਘ ਨੂੰ ਜਾ ਕੇ ਭਾਈਚਾਰੇ ਵਲੋਂ ਕੀਤੀ ਪੇਸ਼ਕਸ਼ ਤੇ ਸਲਾਹ ਬਿਆਨ ਕਰ ਕੇ ਇਮੀਗ੍ਰੇਸ਼ਨ ਦਫ਼ਤਰ ਵਿਚ ਸੂਚਨਾਵਾਂ ਦੇਣ ਤੋਂ ਵਰਜਿਆ ਤਾਂ ਬੇਲਾ ਸਿੰਘ ਨੇ ਉਹਨੂੰ ਤਾਂ ਕੁਝ ਨਾ ਕਿਹਾ, ਪਰ ਤੁਰਤ ਹੀ ਇਹ ਇਤਲਾਹ ਹਾਪਕਿਨਸਨ ਤੱਕ ਪੁੱਜਦੀ ਕਰ ਦਿੱਤੀ। ਹਾਪਕਿਨਸਨ ਨੇ ਬੇਲਾ ਸਿੰਘ ਨੂੰ ਮੇਵਾ ਸਿੰਘ ਨਾਲ ਬਣਾਈ ਰੱਖਣ ਲਈ ਕਿਹਾ। ਸ਼ਾਇਦ ਉਸ ਦਾ ਅਨੁਮਾਨ ਸੀ ਕਿ ਵਿਚੋਲਗੀ ਕਰਨ ਵਾਲਾ ਅਜਿਹਾ ਸਾਊ ਬੰਦਾ ਕਿਸੇ ਵੇਲੇ ਉਹ ਆਪਣੇ ਹਿਤ ਲਈ ਵੀ ਵਰਤ ਸਕਦੇ ਸਨ, ਪਰ ਮੇਵਾ ਸਿੰਘ ਤਾਂ ਹਾਪਕਿਨਸਨ ਦੇ ਘਿਨਾਉਣੇ ਕਿਰਦਾਰ ਨੂੰ ਭਲੀ-ਭਾਂਤ ਜਾਣਦਾ ਸੀ। ਉਹਨੇ ਆਪਣੀ ਅੱਖੀਂ ਹਾਪਕਿਨਸਨ ਨੂੰ ਕੈਨੇਡਾ ਵਿਚਲੇ ਭਾਰਤੀ ਅਵਾਸੀਆਂ ਨੂੰ ਹਾਂਡੂਰਾਸ ਟਾਪੂ ਵਿਚ ਧਕਾਉਣ ਦੀ ਸਾਜ਼ਿਸ਼ ਵਿਚ ਆਗੂ ਰੋਲ ਨਿਭਾਉਂਦਾ ਵੇਖਿਆ ਸੀ। ਹਰ ਰੋਜ਼ ਉਹਦੇ ਸੰਗੀ-ਸਾਥੀ ਗੁਰਦੁਆਰੇ ਵਿਚ ਹੁੰਦੇ ਗੁਪਤ ਇਕੱਠਾਂ ਵਿਚ ਹਾਪਕਿਨਸਨ ਤੇ ਉਹਦੇ ਚਾਟੜਿਆਂ ਦੀਆਂ ਕਰਤੂਤਾਂ ਦਾ ਜ਼ਿਕਰ ਕਰਦੇ ਰਹਿੰਦੇ ਤੇ ਆਪਣੇ ਸਾਥੀਆਂ ਨੂੰ ਉਨ੍ਹਾਂ ਗ਼ਦਾਰਾਂ ਤੋਂ ਸੁਚੇਤ ਰਹਿਣ ਲਈ ਆਖਦੇ ਰਹਿੰਦੇ ਸਨ।

(ਚਲਦਾ)

# ਹਮਾਸ ਦਾ ਬੇਟਾ

(ਸਫਾ 27 ਦੀ ਬਾਕੀ)

ਸਾਮਰਾਜੀ ਤਾਕਤਾਂ ਵੀ ਲੜ-ਲੜ ਕੇ ਸਾਹ ਸਤ ਹੀਣ ਹੋ ਗਈਆਂ। ਯਹੂਦੀਆਂ ਦੇ ਕਤਲੇਆਮ ਜੋ ਰੁਕ-ਰੁਕ ਕੇ ਪਿਛਲੇ 2000 ਸਾਲ ਤੋਂ ਲਗਾਤਾਰ ਹੁੰਦਾ ਆ ਰਿਹਾ ਸੀ, ਦੇ 'ਪਾਪ' ਦਾ ਬੋਝ ਆਖਰ ਯੂਰਪ ਦੀ ਜ਼ਮੀਰ ਉਪਰ ਪਿਆ, ਜਾਂ ਹੋਰ ਅਨੇਕ ਕਾਰਨਾਂ ਦੇ ਜਮ੍ਹਾਂ ਜੋੜ ਦੇ ਨਤੀਜੇ ਵਜੋਂ ਵਿਸ਼ਵ ਯੁੱਧ ਪਿਛੋਂ ਨਵੇਂ-ਨਵੇਂ ਹੋਂਦ ਵਿਚ ਆਏ ਯੂ.ਐਨ. ਸੰਗਠਨ ਨੇ ਗ੍ਰੇਟਰ ਸੀਰੀਆ ਦੇ ਫਲਸਤੀਨ ਨਾਂ ਦੇ ਪ੍ਰਾਂਤ ਵਿਚੋਂ ਅੱਧਿਓਂ ਥੋੜ੍ਹਾ ਵੱਧ, ਸਦੀਆਂ ਤੋਂ ਬੰਜਰ ਪਿਆ ਇਲਾਕਾ ਦੁਨੀਆਂ ਭਰ ਵਿਚੋਂ ਯਹੂਦੀਆਂ ਨੂੰ ਆ ਕੇ ਆਪਣਾ ਹੋਮਲੈਂਡ ਬਣਾਉਣ ਲਈ ਸੌਂਪ ਦਿਤਾ ਅਤੇ ਬਰਤਾਨਵੀ ਹਾਕਮ ਆਪ ਭਾਰਤ ਵਾਂਗ ਹੀ ਕਾਹਲੀ ਨਾਲ (ਆਪਣਾ ਬੋਰੀਆ-ਬਿਸਤਰ ਲਪੇਟ ਕੇ) ਫਲਸਤੀਨ ਵਿਚ ਨਵੇਂ ਵਸੇ ਯਹੂਦੀਆਂ ਨੂੰ ਆਪੋ ਵਿਚ ਸਦਾ-ਸਦਾ ਲਈ ਲੜਦੇ ਰਹਿਣ ਲਈ ਛੱਡ ਕੇ ਉਥੋਂ ਦੌੜ ਗਏ। ਵਿਸ਼ਾਲ ਅਰਬ ਖੇਤਰਾਂ ਦੇ ਅਰਬ ਜੋ ਸਦੀਆਂ ਤਕ ਆਟੋਮਾਨਾਂ ਅਗੇ ਨਤਮਸਤਕ ਹੁੰਦੇ ਰਹੇ ਸਨ, ਉਨ੍ਹਾਂ ਅੰਦਰ ਇਕ ਦਮ ਅੰਨ੍ਹਾ ਜਾਤੀ ਅਭਿਮਾਨ ਉਭਰ ਆਇਆ ਅਤੇ ਉਨ੍ਹਾਂ ਨੇ ਪੱਛਮੀ ਦੇਸ਼ਾਂ ਦੇ ਇਸ 'ਧੱਕੇ' ਵਿਰੁਧ ਜਹਾਦ ਦਾ ਬਿਗਲ ਵਜਾ ਦਿਤਾ ਅਤੇ ਅਲੀ-ਅਲੀ ਕਰ ਕੇ ਉਥੇ ਵਸੇ ਯਹੂਦੀਆਂ ਦੇ ਗਲ ਪੈ ਨਿਕਲੇ।

ਬਾਦਸ਼ਾਹ ਨੂੰ ਖਲੀਫਾ ਕਿਹਾ ਜਾਂਦਾ ਜੋ ਮਹਾਰਾਜਾ ਹੋਣ ਦੇ ਨਾਲ-ਨਾਲ ਅਰਬਾਂ ਦਾ ਕੀ, ਸਾਰੀ ਦੁਨੀਆਂ ਦੇ ਮੁਸਲਮਾਨਾਂ ਦਾ ਧਾਰਮਿਕ ਨੇਤਾ ਵੀ ਹੁੰਦਾ। ਪਹਿਲੋਂ ਠੀਕ ਸੀ, ਪਰ ਸਮਾਂ ਬੀਤਣ ਨਾਲ ਹਕੂਮਤ ਭ੍ਰਿਸ਼ਟ ਹੋ ਗਈ ਤੇ ਪਤਨ ਸ਼ੁਰੂ ਹੋ ਗਿਆ। ਮੱਧ ਪੂਰਬ ਦੇ ਪੇਂਡੂ ਕਿਸਾਨਾਂ ਉਤੇ ਭਾਰੇ ਟੈਕਸ ਲਾਏ ਗਏ। ਅਦਾਇਗੀ ਨਾ ਹੋਣ ਦੀ ਸੂਰਤ ਵਿਚ ਸਜ਼ਾਵਾਂ ਦਿੱਤੀਆਂ ਜਾਂਦੀਆਂ। ਸਿਪਾਹੀਆਂ ਅਤੇ ਸਥਾਨਕ ਮੁਲਾਜ਼ਮਾਂ ਦੀਆਂ ਜ਼ਿਆਦਤੀਆਂ ਦੀ ਖ਼ਬਰ ਦੂਰ-ਦੁਰਾਡੇ ਇਸਤੰਬੂਲ ਵਿਚ ਬਾਦਸ਼ਾਹ ਤੱਕ ਕਿਵੇਂ ਪਹੁੰਚਦੀ?

ਮੱਧ ਏਸ਼ੀਆ ਦੇ ਸਾਰੇ ਮੁਸਲਮਾਨ ਦੇਸ਼ਾਂ ਵਿਚ ਗੁੱਸਾ ਫੈਲ ਗਿਆ। ਕੁਰਾਨ ਸ਼ਰੀਫ ਵਿਚ ਲਿਖਿਆ ਹੈ, ਜਦੋਂ ਕੋਈ ਬੇਗਾਨਾ ਬੰਦਾ ਮੁਸਲਿਮ ਧਰਤੀ ਉਪਰ ਕਾਬਜ਼ ਹੋਵੇ, ਤਾਂ ਸਾਰੇ ਇਕੱਠੇ ਹੋ ਜਾਓ ਤੇ ਜਹਾਦ ਕਰੋ। ਅਲ-ਅਕਸ ਮਸੀਤ ਫਲਸਤੀਨ ਵਿਚ ਹੈ। ਮੱਕੇ ਅਤੇ ਮਦੀਨੇ ਤੋਂ ਬਾਅਦ ਇਹ ਤੀਜੇ ਥਾਂ 'ਤੇ ਸਭ ਤੋਂ ਪਵਿਤਰ ਥਾਂ ਹੈ। ਇਹ ਯਹੂਦੀਆਂ ਦੇ ਕਬਜ਼ੇ ਵਿਚ ਹੋ ਗਈ। ਇਹ ਉਹ ਥਾਂ ਹੈ ਜਿਥੋਂ ਇਜ਼ਰਾਈਲ ਫਰਿਸ਼ਤਾ ਹਜ਼ਰਤ ਮੁਹੰਮਦ ਸਾਹਿਬ ਨੂੰ ਆਪਣੇ ਨਾਲ ਲਿਜਾ ਕੇ ਪੈਗੰਬਰ ਮੂਸਾ ਅਤੇ ਯਸੂ ਨੂੰ ਮਿਲਵਾ ਕੇ ਲਿਆਇਆ ਸੀ। ਮਿਸਰ, ਲੈਬਨਾਨ, ਸੀਰੀਆ, ਜਾਰਡਨ ਅਤੇ ਇਰਾਕ ਨੇ ਮਿਲ ਕੇ ਨਵੀਂ ਬਣੀ ਯਹੂਦੀ ਸਟੇਟ 'ਤੇ ਹਮਲਾ ਕਰ ਦਿੱਤਾ। ਦਸ ਹਜ਼ਾਰ ਸੈਨਿਕ ਸਨ ਤੇ ਬਾਕੀ ਵੱਡੀ ਗਿਣਤੀ ਮੁਸਲਿਮ ਬ੍ਰਦਰਹੁੱਡ ਮੈਂਬਰਾਂ ਦੀ ਸੀ।



ਮੋਸਾਬ ਦਾ ਅੱਬਾ ਸ਼ੇਖ ਹਸਨ ਯੂਸਫ।

ਇਨ੍ਹਾਂ ਦੇਸ਼ਾਂ ਨੇ ਯਹੂਦੀਆਂ ਹੱਥੋਂ ਮਾਰ ਖਾਧੀ, ਹਾਰ ਗਏ। ਇਕ ਸਾਲ ਤੋਂ ਘੱਟ ਸਮੇਂ ਵਿਚ ਸਾਰੇ ਇਜ਼ਰਾਈਲ ਵਿਚੋਂ ਮੁਸਲਮਾਨ ਸੈਨਿਕ ਕੱਢ ਦਿੱਤੇ। ਸਾਢੇ ਸੱਤ ਲੱਖ ਮੁਸਲਮਾਨ, ਇਜ਼ਰਾਈਲ ਦੀ ਧਰਤੀ ਤੋਂ ਉਜੜ ਕੇ ਅਰਬ ਦੇਸ਼ਾਂ ਦੇ ਰਫਿਊਜੀ ਹੋ ਗਏ। ਅੱਜ ਤੱਕ ਇਨ੍ਹਾਂ ਰਫਿਊਜੀ ਕੈਂਪਾਂ ਨੂੰ ਯੂ.ਐਨ.ਓ. ਵਲੋਂ ਰਾਹਤ ਸਮੱਗਰੀ ਦਿੱਤੀ ਜਾ ਰਹੀ ਹੈ।

ਹਾਰ ਕੇ ਆਏ ਹਥਿਆਰਬੰਦ ਮੁਸਲਿਮ ਬ੍ਰਦਰਹੁੱਡ ਦੇ ਬੰਦਿਆਂ ਨੇ ਦੂਜੀ ਵਾਰ ਫਿਰ ਤੁਰਕ ਸਰਕਾਰ ਖਿਲਾਫ ਬਗਾਵਤ ਦਾ ਯਤਨ ਕੀਤਾ, ਪਰ ਦਬਾ ਦਿੱਤੇ ਗਏ। ਬ੍ਰਦਰਹੁੱਡ 'ਤੇ ਪਾਬੰਦੀ ਲਾ ਦਿੱਤੀ ਗਈ, ਇਸ ਦੀਆਂ ਜਾਇਦਾਦਾਂ ਕਬਜ਼ੇ ਵਿਚ ਲੈ ਲਈਆਂ ਤੇ ਲੀਡਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਗ੍ਰਿਫਤਾਰੀ ਤੋਂ ਬਚੇ ਬੰਦਿਆਂ ਨੇ ਥੋੜ੍ਹੇ ਸਮੇਂ ਬਾਅਦ ਮਿਸਰ ਦਾ ਪ੍ਰਧਾਨ ਮੰਤਰੀ ਕਤਲ ਕਰ ਦਿੱਤਾ। ਬਾਰਾਂ ਫਰਵਰੀ 1949 ਨੂੰ ਸਰਕਾਰ ਦੀ ਖੁਫੀਆ ਏਜੰਸੀ ਨੇ ਹਸਨ ਅਲਬਾਨਾ ਕਤਲ ਕਰ ਦਿੱਤਾ, ਪਰ ਮੁਸਲਿਮ ਬ੍ਰਦਰਹੁੱਡ ਦਾ ਸਿਰ ਨਹੀਂ ਫੇਹਿਆ ਗਿਆ। ਘਟਣ ਦੀ ਬਜਾਇ ਸਰਕਾਰ ਦੇ ਜ਼ਾਲਮਾਨਾ ਰਵੱਈਏ ਕਾਰਨ ਇਹ ਮਜ਼ਬੂਤ ਹੁੰਦਾ ਗਿਆ, ਫਿਰ ਇਹ ਕੇਵਲ ਮਿਸਰ ਵਿਚ ਨਾ ਰਿਹਾ, ਸੀਰੀਆ ਅਤੇ ਜਾਰਡਨ ਤੱਕ ਫੈਲ ਗਿਆ।

(ਚਲਦਾ)

ਕਹਾਣੀ

# ਦਿਲਗੀਰ ਸਿੰਘ

***ਚੜ੍ਹਦੇ ਪੰਜਾਬ ਤੋਂ ਉਜੜ ਕੇ ਗਈ ਅਫ਼ਜ਼ਲ ਤੌਸੀਫ਼ ਆਖਰਕਾਰ ਲਹਿੰਦੇ ਪੰਜਾਬ ਦੇ ਸ਼ਹਿਰ ਲਾਹੌਰ ਵਿਚ ਫੌਤ ਹੋ ਗਈ। ਚੜ੍ਹਦੇ ਪੰਜਾਬ ਤੋਂ ਉਹ ਗਮਾਂ ਦੀ ਪੰਡ ਸਿਰ 'ਤੇ ਲੈ ਕੇ ਗਈ ਸੀ ਅਤੇ ਇਸ ਪੰਡ ਦਾ ਭਾਰ ਸਾਰੀ ਉਮਰ ਉਸ ਦੇ ਸਿਰ ਉਤੇ ਹੀ ਰਿਹਾ। ਇਹ ਭਾਰ ਹੀ ਅਜਿਹਾ ਸੀ ਜੋ ਕੋਈ ਹੋਰ ਨਹੀਂ ਸੀ ਵੰਡਾ ਸਕਦਾ। 1947 ਦੀ ਫਿਰਕੂ ਹਨ੍ਹੇਰੀ ਵੇਲੇ ਉਹਦੇ ਪਰਿਵਾਰ ਦੇ 11 ਜੀਅ ਉਹਦੇ ਆਪਣੇ ਪਿੰਡ ਸਿੰਬਲੀ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਚ ਉਹਦੇ ਘਰ ਦੇ ਬਾਰ ਵਿਚ ਵੱਢੇ ਗਏ ਸਨ। ਇਹੀ ਉਹ ਭਾਰ ਸੀ ਜਿਹੜਾ ਉਹ ਆਪਣੇ ਨਾਲਦਿਆਂ ਨਾਲ ਸ਼ਬਦਾਂ ਰਾਹੀਂ ਵੰਡਾਉਣ/ਸੁਣਾਉਣ ਦਾ ਯਤਨ ਕਰਦੀ। ਅਫ਼ਜ਼ਲ ਆਪਣੇ ਨਾਨਕੇ ਪਿੰਡ ਗਈ ਹੋਣ ਕਰ ਕੇ ਬਚ ਗਈ ਸੀ। ਆਪਣੇ ਬਚਣ ਦਾ ਮੁੱਲ ਉਸ ਨੇ ਸਾਰੀ ਉਮਰ, ਸੱਚੇ ਅਤੇ ਸੁੱਚੇ ਸ਼ਬਦ ਬੀੜ/ਜੋੜ ਕੇ ਤਾਰਿਆ ਤਾਂ ਕਿ ਇਸ ਤਰ੍ਹਾਂ ਦੀ ਵੱਢ-ਟੁੱਕ ਤੋਂ ਅਗਲੀਆਂ ਪੀੜ੍ਹੀਆਂ ਮਹਿਫੂਜ਼ ਹੋ ਸਕਣ। ਉਹਨੇ ਕਹਾਣੀ, ਕਵਿਤਾ ਤੇ ਨਸਰ ਲਿਖੀ। ਕਾਲਮਨਵੀਸੀ ਵੀ ਕੀਤੀ ਅਤੇ ਧੜਕਦੀ ਜ਼ਿੰਦਗੀ ਨਾਲ ਜੁੜੇ ਹਰ ਮਸਲੇ ਬਾਰੇ ਲਿਖਣ ਦਾ ਯਤਨ ਕੀਤਾ। ਇਥੇ ਛਾਪੀ ਜਾ ਰਹੀ ਉਹਦੀ ਕਹਾਣੀ 'ਦਿਲਗੀਰ ਸਿੰਘ' ਵਿਚ ਉਸ ਨੇ ਹੱਡੀਂ ਹੰਢਾਏ ਦਰਦ ਦੀ ਬਾਤ ਪਾਈ ਹੈ। ਅਸੀਂ ਇਹ ਕਥਾ ਆਪਣੇ ਪਾਠਕਾਂ ਨਾਲ ਸਾਂਝੀ ਕਰ ਕੇ ਅਫ਼ਜ਼ਲ ਤੌਸੀਫ਼ ਅਤੇ ਉਸ ਵੱਲੋਂ ਹੰਢਾਏ ਦਰਦ ਨੂੰ ਚੇਤੇ ਕਰ ਰਹੇ ਹਾਂ। -ਸੰਪਾਦਕ***



ਅਫ਼ਜ਼ਲ ਤੌਸੀਫ਼
ਲਿਪੀ ਬਦਲੀ: ਹਰਭਜਨ ਸਿੰਘ ਹੁੰਦਲ

ਇਹ ਕਹਾਣੀ ਮੈਂ ਆਪਣੇ ਤਾਏ ਕੋਲੋਂ ਸੁਣੀ। ਤਾਏ ਨੂੰ ਇਹ ਕਹਾਣੀ ਉਸ ਵੇਲੇ ਲੱਭੀ, ਜਦੋਂ ਉਹ ਆਪਣੇ ਪਿੰਡੋਂ ਲੁੱਟਿਆ ਪੁੱਟਿਆ, ਵੇਲੇ ਦਾ ਮਾਰਿਆ ਲਾਹੌਰ ਆ ਵੜਿਆ। ਫਿਰ ਕੁਝ ਦਿਨਾਂ ਪਿੱਛੋਂ ਉਹ ਵਾਲਟਨ ਦੇ ਪਨਾਹਗੀਰ ਕੈਂਪ ਛੱਡ ਕੇ ਸ਼ੇਖੂਪੁਰੇ ਦੇ ਇੱਕ ਪਿੰਡ ਵਸਣ ਲਈ ਚਲੇ ਗਿਆ। ਉਥੇ ਉਹਨੂੰ ਕੁਝ ਖੇਤ 'ਗੁਜ਼ਾਰਾ ਯੂਨਿਟ' ਦੇ ਹਿਸਾਬ ਵਿਚ ਅਲਾਟ ਹੋਏ ਸੀ। ਉਸ ਖੇਤ ਦੇ ਬੰਨੇ 'ਤੇ ਬੈਠਾ ਉਹ ਕਹਾਣੀ ਵਾਲਾ ਮਿਲਿਆ। "ਇਹ ਦਿਲਗੀਰ ਸਿੰਘ ਏ", ਤਾਏ ਨੂੰ ਪਟਵਾਰੀ ਨੇ ਦੱਸਿਆ। ਤਾਏ ਨੇ ਵੇਖਿਆ, ਬਹੁਤ ਮੈਲੇ ਕੱਪੜੇ ਪਾਈ ਇੱਕ ਜਵਾਨ ਸਿਰ ਨੀਵਾਂ ਕਰੀ ਭੁੰਜੇ ਬੈਠਾ ਕੁਝ ਲਿਖ-ਲਿਖ ਕੇ ਮੇਟੀ ਜਾਂਦਾ ਸੀ। ਪਟਵਾਰੀ ਉਥੋਂ ਦਾ ਪੁਰਾਣਾ ਵਾਸੀ ਸੀ। ਉਹਨੇ ਸਾਰੀ ਗੱਲ ਦੱਸੀ।

"ਇਹ ਸਿਖੜਾ ਅਜੇ ਵੀ ਇਥੇ ਈ ਮੁਰੱਬੇ ਨੂੰ ਚਿੰਬੜ ਕੇ ਬੈਠਾ ਹੋਇਆ ਏ। ਨਾ ਘਰਦਿਆਂ ਨਾਲ ਗਿਆ, ਨਾ ਪਿੰਡ ਦਿਆਂ ਨਾਲ...ਹਾ ਹਾ।"

ਪਟਵਾਰੀ ਉਚੀ ਸਾਰੀ ਹੱਸਿਆ। ਤਾਏ ਨੂੰ ਉਹਦਾ ਹਾਸਾ ਚੰਗਾ ਨਾ ਲੱਗਿਆ। ਫਿਰ ਵੀ ਉਹ ਆਪਣੀ ਬਕਵਾਸ ਕਰਦਾ ਰਿਹਾ।

"ਰੱਸੀ ਸੜ ਗਈ, ਪਰ ਵੱਟ ਨਾ ਗਿਆ। ਇਹ ਹਾਲੇ ਵੀ ਆਪਣੇ ਆਪ ਨੂੰ ਮੁਰੱਬਿਆਂ ਵਾਲਾ ਸਮਝਦਾ ਏ। ਹਾ ਹਾ। ਇਹ ਥੋੜ੍ਹਾ ਜਿਹਾ ਗਵੱਈਆ ਵੀ ਏ।" ਫਿਰ ਮਾੜਾ ਜਿਹਾ ਖੰਘ ਕੇ ਆਖਣ ਲੱਗਾ, "ਕਿਉਂ ਭਾਈ ਸਰਦਾਰਾ! ਕਿੱਥੇ ਗਈ ਤੇਰੀ ਹੀਰ ਸਲੇਟੀ? ਪਤਾ ਏ ਮੁਰੱਬੇ ਦਾ ਨਵਾਂ ਮਾਲਕ ਆ ਗਿਆ ਏ। ਹੁਣ ਦੱਸ ਤੇਰਾ ਕੀ ਇਰਾਦਾ?"

ਦਿਲਗੀਰ ਸਿੰਘ ਨੇ ਪਟਵਾਰੀ ਦੀ ਗੱਲ ਵੱਲ ਧਿਆਨ ਹੀ ਨਾ ਦਿੱਤਾ। ਉਸੇ ਤਰ੍ਹਾਂ ਜ਼ਮੀਨ 'ਤੇ ਬੈਠਾ ਆਪਣੀਆਂ ਉਂਗਲਾਂ ਨਾਲ ਕੁਝ ਲਿਖਦਾ ਰਿਹਾ। ਤਾਏ ਨੇ ਉਹਦੇ ਲਿਖੇ ਹੋਏ ਲਫਜ਼ ਪੜ੍ਹੇ:

ਗੱਡੀ ਆਈ ਏ ਖ਼ੁਦਾਈ ਵਾਲੀ,
ਉਠ ਵਿਦਿਆ ਕਰ ਬਾਲੋ,
ਸਾਡੀ ਰਾਤ ਜੁਦਾਈ ਵਾਲੀ।

ਪਟਵਾਰੀ ਚਲਾ ਗਿਆ ਤਾਂ ਦਿਲਗੀਰ ਸਿੰਘ ਉਠ ਕੇ ਤਾਏ ਕੋਲ ਆ ਗਿਆ। ਹੁਣ ਉਹ ਦੋਵੇਂ ਇਕ-ਦੂਜੇ ਨੂੰ ਵੇਖ ਰਹੇ ਸਨ। ਦੋਵਾਂ ਦੀਆਂ ਅੱਖਾਂ ਵਿਚ ਬਥੇਰਾ ਕੁਝ ਸੀ, ਪਰ ਉਹ ਨਫ਼ਰਤ ਨਹੀਂ ਸੀ ਜੀਹਦੇ ਤੂਫ਼ਾਨ ਖੜ੍ਹੇ ਕੀਤੇ ਗਏ ਸਨ। ਉਸੇ ਨਫ਼ਰਤ ਨੇ ਉਨ੍ਹਾਂ ਦੋਵਾਂ ਨੂੰ ਉਜਾੜ ਛੱਡਿਆ ਸੀ। ਬੜੀ ਹੈਰਾਨੀ ਨਾਲ ਉਹ ਇੱਕ-ਦੂਜੇ ਕੋਲੋਂ ਅੱਖਾਂ ਦੀ ਜ਼ੁਬਾਨੀ ਪੁੱਛ ਰਹੇ ਸਨ-ਕਿਵੇਂ, ਕਿੰਜ, ਕਿਹਦੀ ਕਰਨੀ?...ਉਹ ਦੋਵੇਂ ਇੱਕ ਹੁਸ਼ਿਆਰਪੁਰ ਦਾ, ਇੱਕ ਸ਼ੇਖੂਪੁਰੇ ਦਾ, ਇੱਕ-ਦੂਜੇ ਦੇ ਸਾਹਮਣੇ ਆਣ ਖਲੋਤੇ। ਵੇਲੇ ਨੇ ਕੀ ਕੀਤਾ? ਸ਼ਾਇਦ ਈ ਦੁਨੀਆਂ ਵਿਚ ਕਦੇ ਇਸ ਤਰ੍ਹਾਂ ਦੀ ਹੋਈ ਹੋਵੇ। ਉਨ੍ਹਾਂ ਦੀ ਚੁੱਪ ਦੇ ਅਰਥ ਬੇਹਿਸਾਬ ਸਨ, ਪਰ ਐਨੇ ਲਫ਼ਜ਼ ਕਿੱਥੋਂ ਆਉਂਦੇ। ਅਖ਼ੀਰ ਉਨ੍ਹਾਂ ਵਿਚੋਂ ਇੱਕ ਬੋਲਿਆ ਜਿਹਦਾ ਨਾਂ ਦਿਲਗੀਰ ਸਿਆਂ ਸੀ- "ਤੈਨੂੰ ਇਥੇ ਛੇ ਕਿੱਲੇ ਮਿਲੇ ਹੋਏ ਨੇ। ਹੈ ਨਾ? ਉਂਜ ਇਹ ਸਾਰਾ ਮੁਰੱਬਾ ਈ ਮੇਰਾ ਏ। ਨਾਲ ਵਾਲਾ ਵੀ ਮੇਰਾ ਏ। ਸਾਰੇ ਪਿੰਡ ਵਿਚ ਇਹ ਦੋ ਮੁਰੱਬੇ ਇੱਕ ਨੰਬਰ ਨੇ। ਮੈਂ ਆਪ ਕਮਾਏ ਨੇ, ਮੈਂ ਨਿੱਕਾ ਜਿਹਾ ਹੁੰਦਾ ਸਾਂ ਜਦੋਂ ਆਪਣੇ ਮਾਂ ਅਤੇ ਬਾਪੂ ਨਾਲ ਇਥੇ ਆਇਆ। ਇਹ ਜ਼ਮੀਨਾਂ ਉਜਾੜ ਸਨ, ਅਸਾਂ ਆਬਾਦ ਕੀਤੀਆਂ। ਇਹ ਸਾਰੀ ਮਿੱਟੀ ਮੈਂ ਆਪ ਕਮਾਈ ਏ, ਮੈਂ।" ਉਹਨੇ ਬਾਹਾਂ ਖਿਲਾਰ ਕੇ ਜਿਵੇਂ ਸਾਰੀ ਧਰਤੀ ਨੂੰ ਆਪਣੇ ਕਲਾਵੇ ਵਿਚ ਲੈਣਾ ਚਾਹਿਆ। ਫਿਰ ਦੋਵੇਂ ਮੁੱਠੀਆਂ ਭਰ ਕੇ ਮਿੱਟੀ ਉਹਨੇ ਆਪਣੇ ਖੁੱਲ੍ਹੇ ਗਲਮੇ ਅੰਦਰ ਸਾਰੇ ਪਿੰਡੇ ਉਤੇ ਧੂੜ ਲਈ। ਮਿੱਟੀ ਭਰੇ ਹੱਥ ਉਹਨੇ ਆਪਣੇ ਵਾਲਾਂ ਨਾਲ ਸਾਫ਼ ਕਰ ਲਏ।

ਉਹਨੇ ਗੰਨੇ ਅਤੇ ਕਪਾਹ ਨਾਲ ਭਰੇ ਖੇਤਾਂ ਵੱਲ ਇਸ਼ਾਰਾ ਕੀਤਾ, "ਇਹ ਸਾਰੀ ਫਸਲ, ਇਹ ਸਭ ਮੇਰੇ ਹੱਥਾਂ ਦੀ ਬੀਜੀ ਹੋਈ ਏ।"

ਦੂਜੇ ਪਾਸੇ ਮੁੰਜੀ ਦੀਆਂ ਪੈਲੀਆਂ, ਬਾਸਮਤੀ ਦੇ ਖ਼ੁਸ਼ਬੂਦਾਰ ਗੁੱਛਿਆਂ ਨਾਲ ਲੱਦੀਆਂ ਖੜ੍ਹੀਆਂ ਸਨ। ਮੁੰਜੀ ਦੀ ਫਸਲ ਹਾਲੀਂ ਗਿੱਠ-ਗਿੱਠ ਉਚੀ ਹੋਈ ਹੋਣੀ ਏ। ਬਰਸਾਤ ਦੀਆਂ ਫੁਹਾਰਾਂ ਵਿਚ ਨਹਾ ਕੇ ਉਨ੍ਹਾਂ ਦੀ ਖ਼ੂਬਸੂਰਤ ਹਰਿਆਲੀ ਨਿਖਰ ਰਹੀ ਸੀ। ਅਚਨਚੇਤੀ ਲਹੂ ਵਰ੍ਹਨ ਲੱਗਾ। ਅੰਧੀਆਂ ਗ਼ਮ ਕੀ ਐਸੀ ਚਲੀ...ਉਹ ਗ਼ਮ ਦੀ ਦੁਨੀਆਂ ਵਿਚ ਗਵਾਚਣ ਲੱਗਾ ਸੀ ਕਿ ਤਾਏ ਨੇ ਸਵਾਲ ਕਰ ਦਿੱਤਾ, "ਇਥੇ ਵੀ ਉਸੇ ਤਰ੍ਹਾਂ ਵੱਢ-ਟੁੱਕ ਹੋਈ?" ਤਾਏ ਨੇ ਆਪਣੀ ਵੱਢੀ ਹੋਈ ਬਾਂਹ 'ਤੇ ਹੱਥ ਰੱਖਿਆ।

"ਹਾਂ, ਬੇਲੀਆ! ਇਥੇ ਵੀ ਸਭ ਕੁਝ ਹੋਇਆ। ਕਹਿਰ ਦੀ ਹਨ੍ਹੇਰੀ ਝੁੱਲ ਗਈ, ਸਭ ਕੁਝ ਉਡ-ਪੁੱਡ ਗਿਆ। ਮੇਰੇ ਦੋ ਭਰਾ ਸਨ, ਜਵਾਨ ਭੈਣ ਤੇ ਭਰਜਾਈ, ਹੋਰ ਮੇਰਾ...।" ਦਿਲਗੀਰ ਦੀ ਆਵਾਜ਼ ਬੈਠ ਗਈ। ਗਲ ਵਿਚ ਬੇਹਿਸਾਬ ਹਉਕੇ ਫਸ ਗਏ ਸਨ। ਉਹਨੇ ਕੌੜੇ ਅੱਥਰੂ ਘੁੱਟ ਭਰ ਕੇ ਪੀਤੇ। ਫਿਰ ਘੁੰਮ ਕੇ ਦੂਜੇ ਪਾਸੇ ਮੂੰਹ ਕਰ ਕੇ ਆਪ ਆਪਣੀਆਂ ਅੱਖਾਂ ਪੂੰਝ ਲਈਆਂ।

"ਅਹੁ ਵੇਖ", ਉਹਨੇ ਉਚੀ ਜਿਹੀ ਥਾਂ ਵੱਲ ਇਸ਼ਾਰਾ ਕੀਤਾ। ਉਸ ਥਾਂ ਕਈ ਨਿੱਕੀਆਂ-ਨਿੱਕੀਆਂ ਟਾਹਲੀਆਂ ਲਾਈਆਂ ਗਈਆਂ ਸਨ। "ਮੇਰੇ ਟੱਬਰ ਦੇ ਜੀਅ ਉਥੇ ਹੀ ਦੱਬੇ ਗਏ ਨੇ। ਮੈਂ ਉਨ੍ਹਾਂ ਦੇ ਹੱਡ ਅੱਗ ਦੇ ਹਵਾਲੇ ਨਹੀਂ ਕਰ ਸਕਿਆ, ਇਥੇ ਮਿੱਟੀ ਵਿਚ ਲੁਕੋ ਦਿੱਤੇ ਨੇ। ਹੁਣ ਮੈਂ ਆਪ ਵੀ ਇਥੇ ਹੀ ਆਂ। ਆਪਣੇ ਖੇਤ ਵਿਚ ਪਨਾਹਗੀਰ ਹੋਇਆ ਬੈਠਾ ਹਾਂ। ਮੇਰਾ ਕੋਈ ਨਹੀਂ। ਤੇਰੇ ਵਾਂਗ ਉਨ੍ਹਾਂ ਨੂੰ ਵੀ ਕਿਸੇ ਹੋਰ ਦੀ ਜ਼ਮੀਨ 'ਤੇ 'ਗੁਜ਼ਾਰਾ ਯੂਨਿਟ' ਮਿਲ ਗਿਆ ਹੋਵੇ। ਥੋੜ੍ਹੇ ਬਹੁਤੇ ਰਿਸ਼ਤੇਦਾਰ ਖਬਰੇ ਕਾਫਲਿਆਂ ਨਾਲ ਰਲ ਕੇ ਹਿੰਦੁਸਤਾਨ ਚਲੇ ਗਏ ਹੋਣਗੇ।"

ਪਤਾ ਨਹੀਂ ਕਿਹੜੇ ਵੇਲੇ ਤਾਏ ਨੇ ਦਿਲਗੀਰ ਸਿੰਘ ਦੀ ਬਾਂਹ ਫੜ ਲਈ। ਦੁੱਖ-ਸੁੱਖ ਦੀਆਂ ਗੱਲਾਂ ਤੁਰ ਪਈਆਂ। ਉਹ ਦੋਵੇਂ ਕਿਸਾਨ ਸਨ। ਗੱਲਾਂ ਕਰਦੇ-ਕਰਦੇ ਉਨ੍ਹਾਂ ਦੇ ਹੱਥ ਕਪਾਹ ਦੀਆਂ ਫੁੱਟੀਆਂ ਚੁਗਣ ਲੱਗ ਪਏ। ਖਿੜ-ਖਿੜ ਹੱਸਦੀ ਕਪਾਹ ਕਿਸੇ ਚੁਗਣ ਵਾਲੇ ਹੱਥਾਂ ਦਾ ਇੰਤਜ਼ਾਰ ਕਰਦੀ ਉਦਾਸ ਜਿਹੀ ਹੋ ਗਈ ਸੀ। ਫੁੱਟੀ ਚੁਗਦਾ ਦਿਲਗੀਰ ਗੱਲਾਂ ਕਰੀ ਗਿਆ।

"ਮੇਰੀ ਕਪਾਹ ਵਰਗਾ ਫੁੱਲ ਇੱਥੇ ਕਿਸੇ ਖੇਤ ਵਿਚ ਨਹੀਂ ਖਿੜਦਾ। ਮੇਰੇ ਗੰਨਿਆਂ ਜਿੱਡੇ ਉਚੇ ਗੰਨੇ ਕਿਸੇ ਵੀ ਕਮਾਦੀ ਵਿਚ ਨਹੀਂ ਉਗਦੇ। ਮੇਰੇ ਚੌਲਾਂ ਦੀ ਖ਼ੁਸ਼ਬੂ ਰਾਵੀਓਂ ਪਾਰ ਜਾਂਦੀ ਏ।"

ਇੱਕ ਪਲ ਵਾਸਤੇ ਵੇਲੇ ਦੇ ਪਰਿੰਦੇ ਨੇ ਉਡਾਣ ਭਰੀ, ਮੇਰੇ ਚੌਲ, ਮੇਰੇ ਖੇਤ, ਮੇਰਾ ਘਰ... ਫਿਰ ਪੰਛੀ ਮੁੜ ਗਿਆ। ਉਹਦੇ ਖੰਭ ਕੱਟੇ ਗਏ ਸਨ। ਦਿਲਗੀਰ ਉਦਾਸ ਹੋ ਗਿਆ। ਭੋਲਾ ਕਿਸਾਨ ਲੁੱਟਿਆ, ਉਜੜਿਆ, ਜ਼ਖ਼ਮੀ, ਦਿਹਾਤੀ ਬੰਦਾ, ਸਿਆਸਤ ਵਾਲਿਆਂ ਦਾ ਸ਼ਿਕਾਰ, ਮਜ਼ਹਬ ਵਾਲਿਆਂ ਦਾ ਸ਼ਿਕਾਰ। ਚੁੱਪ ਦੇ ਦੋ ਪਲ ਲੰਘ ਗਏ।

"ਚੰਗਾ ਹੋਇਆ ਚੌਧਰੀ ਤੂੰ ਇਥੇ ਆ ਗਿਆ ਏਂ।" ਉਹ ਬੜੇ ਰਮਾਣ ਨਾਲ ਬੋਲਿਆ, "ਇਹ ਜ਼ਮੀਨ ਸੋਨਾ ਏ। ਤੂੰ ਸਾਰਾ ਮੁਰੱਬਾ ਆਪਣੇ ਨਾਂ ਪਵਾ ਲਈਂ। ਮੇਰੀ ਥਾਂ ਤੂੰ ਹਲ ਵਾਹੀਂ, ਪਰ ਵੇਖੀਂ...ਉਸ ਥਾਂ ਦਾ ਧਿਆਨ ਰੱਖੀਂ, ਜਿੱਥੇ ਮੈਂ ਨਵੀਆਂ ਟਾਹਲੀਆਂ ਲਾਈਆਂ ਨੇ, ਉਨ੍ਹਾਂ ਥੱਲੇ ਮੇਰੀ ਅਮਾਨਤ ਏ।" ਫਿਰ ਉਹਨੇ ਤਾਏ ਦਾ ਹੱਥ ਫੜ ਲਿਆ, "ਮੈਂ ਵੀ ਪਨਾਹੀ, ਤੂੰ ਵੀ ਪਨਾਹੀ। ਸਾਡੇ ਵਿਚ ਫ਼ਰਕ ਕੀ ਏ? ਪਰ ਅੱਜ ਸਾਡੀ ਦੋਹਾਂ ਦੀ ਸੱਜਣੀ ਰੁੱਸ ਗਈ ਏ। ਅਸੀਂ ਬੇਠਿਕਾਣੇ ਹੋ ਗਏ ਆਂ।" ਉਹ ਦੋਵੇਂ ਧਰਤੀ ਦੇ ਪੁੱਤਰ ਬੈਠੇ ਰੋਂਦੇ ਰਹੇ।

ਤਾਏ ਨੇ ਰੋਟੀ ਲੱਸੀ ਖ਼ਾਤਰ ਦਿਲਗੀਰ ਨੂੰ ਆਖਿਆ, ਪਰ ਉਹ ਮੰਨਿਆ ਨਹੀਂ।

"ਉਥੇ ਪਿੰਡ ਵਿਚ ਹੁਣ ਮੇਰਾ ਕੀ ਏ। ਮੁੜ ਕਦੇ ਆਖੀਂ ਵੀ ਨਾ, ਨਹੀਂ ਤਾਂ ਮੇਰਾ ਸਾਹ ਨਿਕਲ ਜਾਊ।" ਫਿਰ ਉਹ ਗੀਤ ਜੋੜ ਕੇ ਲਿਖਣ ਲੱਗ ਪਿਆ:

ਸੁਫਨਿਆਂ ਦੇ ਹਵਾਲੇ
ਸੁਫਨਿਆਂ ਦੇ ਹਵਾਲੇ
ਮੇਰਾ ਪਿੰਡ, ਮੇਰਾ ਦਿਲ,
ਸਾਡੀ ਰਾਤ ਜੁਦਾਈ ਵਾਲੀ
ਵਿਦਿਆ ਕਰ ਬਾਲੋ।

ਕਈ ਦਿਨ ਇਸੇ ਤਰ੍ਹਾਂ ਗੱਲਾਂ ਹੋਈਆਂ। ਹੁਣ ਉਨ੍ਹਾਂ ਦੀ ਦੋਸਤੀ ਜਨਮ-ਜਨਮ ਪੱਕੀ ਸੀ। ਦਿਲ ਦੀ ਧਰਤੀ ਵਿਚ, ਦਰਦਾਂ ਦੀ ਸਾਂਝ ਨੇ ਜੜ੍ਹ ਫੜ ਲਈ ਸੀ ਨਾ। ਕਿੰਨੇ ਹੀ ਦਿਨ ਤਾਏ ਨੇ ਰੋਟੀ ਲੱਸੀ ਲਿਆ ਕੇ ਦਿਲਗੀਰ ਨੂੰ ਖਵਾਇਆ ਪਿਆਇਆ। ਉਹ ਤਾਂ ਜਿਵੇਂ ਕਾਮਾ ਈ ਬਣ ਗਿਆ ਸੀ। ਸਾਰਾ ਦਿਨ ਖੇਤਾਂ ਉਤੇ ਕੰਮ ਕਰੀ ਜਾਂਦਾ। ਕਪਾਹ ਦੀ ਫੁੱਟੀ-ਫੁੱਟੀ ਚੁਗ ਕੇ ਢੇਰੀਆਂ ਲਾਉਂਦਾ। ਸਬਜ਼ੀ ਨੂੰ ਗੋਡੀ ਦਿੰਦਾ। ਨਰਮ-ਨਰਮ ਤੋਰੀਆਂ, ਘੀਏ ਤੋੜ ਕੇ ਰੱਖ ਲੈਂਦਾ। ਪਾਣੀ ਦੀਆਂ ਆਡਾਂ, ਖਾਲੇ ਠੀਕ ਕਰਦਾ। ਜਦੋਂ ਥੱਕ ਜਾਂਦਾ ਤਾਂ ਉਹ ਆਪਣਾ ਠੀਕਰੀ ਦਾ ਕਲਮ ਫੜ ਕੇ ਜ਼ਮੀਨ 'ਤੇ ਲਿਖਣ ਲੱਗ ਪੈਂਦਾ। ਨਾਲ ਨਾਲ ਗਾਉਂਦਾ। ਡੁੱਬਦੇ ਸੂਰਜ ਨੂੰ ਵੇਖਦਾ ਰਹਿੰਦਾ। ਫਿਰ ਜਦੋਂ ਰਾਤ ਪੈ ਜਾਂਦੀ ਤਾਂ ਉਥੇ ਹੀ ਪੈ ਕੇ ਸੌਂ ਜਾਂਦਾ। ਖੇਤ ਦੇ ਇੱਕ ਪਾਸੇ ਬੰਨੇ ਨਾਲ, ਪੁਰਾਣੀ ਟਾਹਲੀ ਥੱਲੇ, ਉਹਨੇ ਥਾਂ ਨੀਵੀਂ ਕਰ ਕੇ ਪਰਾਲੀ ਵਿਛਾਈ ਹੋਈ ਸੀ। ਉਹੋ ਉਹਦਾ ਬਿਸਤਰਾ ਸੀ, ਉਹੋ ਰਜਾਈ। ਇਸ ਤਰ੍ਹਾਂ ਦੇ ਹਾਲਾਤ ਵਿਚ ਉਹ ਇੰਜ ਰਹਿੰਦਾ ਪਿਆ ਸੀ ਜਿਵੇਂ ਜਨਮ ਜਨਮ ਤੋਂ ਇਸੇ ਤਰ੍ਹਾਂ ਰਹਿੰਦਾ ਪਿਆ ਹੋਵੇ। ਜਿਵੇਂ ਜਨਮ ਤੋਂ ਬੇ-ਘਰਾ, ਬੇ-ਵਤਨਾ ਹੋਵੇ। ਉਹ ਸਿੱਖ ਸੀ, ਪਰ ਮਜ਼ਹਬ ਉਹਦਾ ਮਾਮਲਾ ਨਹੀਂ ਸੀ। ਉਹ ਤਾਂ ਆਪਣੀ ਪਿਆਰ ਦੀ ਧਰਤੀ ਨਾਲ ਬੰਨਿਆ ਹੋਇਆ ਸੀ। ਇਸੇ ਤਰ੍ਹਾਂ ਤਾਇਆ ਵੀ ਸੀ। ਫਿਰ ਵੀ ਤਾਏ ਨੇ ਉਹਨੂੰ ਮਸ਼ਵਰਾ ਦਿੱਤਾ। ਉਹ ਕੇਸ ਕਟਾ ਕੇ, ਨਾਂ ਬਦਲ ਕੇ ਇੱਥੇ ਹੀ ਰਹੇ ਆਰਾਮ ਨਾਲ।

"ਨਹੀਂ", ਉਹਨੇ ਜਵਾਬ ਦਿੱਤਾ-"ਇਹ ਤਾਂ ਦੂਜੀ ਵਾਰੀ ਜਨਮ ਲੈਣ ਦੇ ਬਰਾਬਰ ਦੀ ਗੱਲ ਹੋਈ। ਦੂਜੀ ਵਾਰੀ ਜਨਮ ਹੁੰਦਾ ਏ ਪਰ ਬੰਦੇ ਦੀ ਮਰਜ਼ੀ ਨਾਲ ਨਹੀਂ। ਇਸ ਤਰ੍ਹਾਂ ਤਾਂ ਨਾਂ ਦੇ ਨਾਲ ਮੈਨੂੰ ਮਾਂ ਵੀ ਬਦਲਣੀ ਪਵੇਗੀ, ਇੰਜ ਵੀ ਕਦੇ ਹੋਇਆ। ਇੱਕ ਆਦਮੀ ਦੀਆਂ ਦੋ-ਦੋ ਮਾਵਾਂ ਹੋਣ। ਜਾਨਵਰ ਦੀਆਂ ਵੀ ਦੋ ਨਹੀਂ ਹੁੰਦੀਆਂ।"

ਪਰ ਤਾਏ ਦੀਆਂ ਫ਼ਿਕਰਾਂ ਕੁਝ ਹੋਰ ਸਨ। ਲੋਕਾਂ ਨੇ ਇਤਰਾਜ਼ ਕਰਨੇ ਸ਼ੁਰੂ ਕਰ ਦਿੱਤੇ ਸਨ-'ਸਿੱਖ ਇੱਥੇ ਕਿਉਂ ਰਹਿੰਦਾ ਏ? ਉਹਨੂੰ ਜਾਣਾ ਚਾਹੀਦਾ ਏ।'

ਸੱਚੀ ਗੱਲ ਤਾਂ ਇਹ ਏ, ਪਈ ਤਾਇਆ ਦਿਲੋਂ ਨਹੀਂ ਸੀ ਚਾਹੁੰਦਾ ਕਿ ਦਿਲਗੀਰ ਜਾਵੇ। ਉਹ ਪਿੱਛੇ ਪੰਜ ਭਰਾ ਮਰਵਾ ਕੇ ਆਇਆ ਸੀ। ਉਹਦਾ ਦਿਲ ਕਰਦਾ ਸੀ ਦਿਲਗੀਰ ਦੀ ਜੂਨ ਉਨ੍ਹਾਂ ਵਿਚੋਂ ਕਿਸੇ ਇੱਕ ਵਰਗੀ ਹੋ ਜਾਵੇ। ਉਹਨੂੰ ਦੂਜੀ ਬਾਂਹ ਮਿਲ ਜਾਵੇ। ਉਹਨੂੰ ਚੰਗਾ ਵੀ ਲੱਗਾ ਸੀ।

ਇੱਕ ਦਿਨ ਦੁਪਹਿਰਾਂ ਵੇਲੇ ਲੱਸੀ ਦਾ ਛੰਨਾ ਖ਼ਾਲੀ ਕਰ ਕੇ ਉਹਨੇ ਤਾਏ ਕੋਲੋਂ ਪੁੱਛਿਆ, "ਸੱਚ ਦੱਸੀਂ ਚੌਧਰੀ, ਇਹ ਕਿਹੜੀ ਮੱਝ ਦੀ ਲੱਸੀ ਏ?"

"ਬੂਰੀ ਦੀ।" ਤਾਏ ਨੇ ਦੱਸਿਆ।

"ਬੂਰੀ ਪੰਜ ਕਲਿਆਣੀ ਦੀ?"

"ਆਹੋ।"

"ਉਹਦੀ ਇੱਕ ਅੱਖ ਬਲੌਰੀ ਏ?"

"ਆਹੋ।"

"ਉਹਦੇ ਮੱਥੇ ਫੁੱਲ ਏ?"

"ਆਹੋ, ਪਰ ਤੂੰ ਕਾਹਦੇ ਲਈ ਪੁੱਛੀ ਜਾਨਾ ਏਂ?"

"ਸਹੁੰ ਰੱਬ ਦੀ ਚੌਧਰੀ, ਇਹ ਆਪਣੀ ਮੱਝ ਏ। ਮੇਰੀ ਭਾਬੋ ਦੇ ਦਾਜ ਵਿਚ, ਝਾਂਜਰਾਂ ਪਾ ਕੇ ਆਈ ਸੀ। ਬੜੀ ਨਰੋਈ ਲੱਸੀ ਏ ਇਹਦੀ।"

ਫਿਰ ਉਹਨੇ ਆਪਣੇ ਦਿਲ ਦੀ ਗੱਲ ਦੱਸੀ, ਸਗੋਂ ਫਰਮਾਇਸ਼ ਕੀਤੀ।

"ਚੌਧਰੀ ਬੂਰੀ ਦੀ ਖ਼ਿਦਮਤ ਕੀਤੀ ਨੂੰ ਬਹੁਤ ਦਿਨ ਹੋ ਗਏ ਨੇ। ਕਿਸੇ ਦਿਨ ਮੁਰੱਬੇ ਲਿਆ ਨਾ। ਮੈਂ ਉਸੇ ਤਰ੍ਹਾਂ ਮਲ-ਮਲ ਕੇ ਨੁਹਾਵਾਂਗਾ ਉਹਨੂੰ। ਤਾਏ ਨੇ ਫਰਮਾਇਸ਼ ਪੂਰੀ ਕਰ ਦਿੱਤੀ ਤਾਂ ਅਜਬ ਤਮਾਸ਼ਾ ਲੱਗਾ। ਬੂਰੀ ਦੂਰੋਂ ਅੜਿੰਗਣ ਲੱਗ ਪਈ। ਉਹਨੂੰ ਦਿਲਗੀਰ ਦੀ ਖ਼ੁਸ਼ਬੂ ਆ ਗਈ ਸੀ। ਦਿਲਗੀਰ ਨੇ ਮੱਝ ਦੀ ਆਵਾਜ਼ ਸੁਣੀ ਤਾਂ ਪਾਗਲਾਂ ਵਾਂਗ ਨੱਸਿਆ। ਉਹਦੇ ਗਲ ਵਿਚ ਬਾਹਾਂ ਪਾ ਕੇ ਸਿਰ ਮੱਥਾ ਚੁੰਮਿਆ। ਇੰਜ ਜਿਵੇਂ ਉਹਦਾ ਕੋਈ ਭੈਣ-ਭਰਾ ਮਿਲ ਗਿਆ ਹੋਵੇ। ਦੋਵੇਂ ਰੋਣ ਲੱਗ ਪਏ, ਧਾਹਾਂ ਮਾਰ ਕੇ ਰੋਏ ਤਾਂ ਬੂਰੀ ਉਨ੍ਹਾਂ ਦੋਹਾਂ ਦੇ ਸਿਰ ਮੂੰਹ ਚੱਟ ਕੇ ਤਸੱਲੀ ਦਿੰਦੀ ਰਹੀ। ਉਸ ਦਿਨ ਦਿਲਗੀਰ ਨੇ ਬੜੇ ਚਾਅ ਨਾਲ ਬੂਰੀ ਨੂੰ ਨਹਾਇਆ। ਮਲ-ਮਲ ਕੇ ਮੈਲ ਲਾਹੁੰਦਾ, ਉਹਦੇ ਨਾਲ ਗੱਲਾਂ ਵੀ ਕਰਦਾ ਰਿਹਾ। ਬੂਰੀ ਦਾ ਪਿੰਡਾ ਲਿਸ਼ਕਣ ਲੱਗ ਪਿਆ ਤਾਂ ਦਿਲਗੀਰ ਨੂੰ ਇੰਜ ਤਸੱਲੀ ਹੋਈ ਜਿਵੇਂ ਮਾਂ ਨੂੰ ਆਪਣਾ ਬਾਲ ਸਾਫ਼-ਸੁਥਰਾ ਕਰ ਕੇ ਹੁੰਦੀ ਏ।

ਫਿਰ ਉਹਨੇ ਪੁਰਾਣੀਆਂ ਗੱਲਾਂ ਯਾਦ ਕੀਤੀਆਂ...ਉਹ ਦਿਨ...ਜਦੋਂ ਬੂਰੀ ਉਨ੍ਹਾਂ ਦੇ ਘਰ ਆਈ ਸੀ। ਭਾਬੀ ਦੀ ਡੋਲੀ ਦੇ ਮਗਰ-ਮਗਰ ਸਜੀ, ਸ਼ਿੰਗਾਰੀ ਹੋਈ। ਸਿਰ 'ਤੇ ਸੁੱਚੇ ਰੇਸ਼ਮ ਦਾ ਫੁੰਮਣਾਂ ਵਾਲਾ ਸਿਹਰਾ, ਪੈਰੀਂ ਚਾਂਦੀ ਦੀਆਂ ਝਾਂਜਰਾਂ, ਗਲ ਵਿਚ ਲਾਲ ਪੀਲੇ ਰੰਗ ਦਾ ਔਟਾ। ਲੋਕੀ ਖੜ੍ਹੇ ਹੋ ਕੇ ਵੇਖਦੇ ਸਨ। ਕੇਹੀ ਮੱਝ ਦਿੱਤੀ ਏ ਦਾਜ ਵਿਚ।

ਫਿਰ ਉਹਨੇ ਬੜੀ ਮਾਰਫਤ ਵਾਲੀ ਗੱਲ ਕੀਤੀ। ਕਹਿਣ ਲੱਗਾ, "ਇਹ ਮੱਝ ਸਿੱਖਾਂ ਦੀ ਮੱਝ ਸੀ, ਹੁਣ ਮੁਸਲਮਾਨਾਂ ਦੀ ਹੋ ਗਈ ਏ, ਪਰ ਲੱਸੀ ਦਾ ਸਵਾਦ ਉਹੋ ਹੀ ਹੈ। ਇਹਨੇ ਤਾਂ ਆਪਣਾ ਮਜ਼ਹਬ ਨਹੀਂ ਬਦਲਿਆ। ਬੂਰੀ ਤਾਂ ਬੂਰੀ ਏ। ਉਹਨੂੰ ਜੋ ਵੀ ਆਪਣੇ ਕਿੱਲੇ ਨਾਲ ਬੰਨ੍ਹ ਲਵੇ।"

ਤਾਇਆ ਆਪ ਵੀ ਇਸੇ ਤਰ੍ਹਾਂ ਸੋਚਦਾ ਸੀ, ਪਰ ਦਿਲਗੀਰ ਨੂੰ ਦੱਸ ਨਹੀਂ ਸਕਿਆ। ਬੰਦੇ ਨੇ ਬੰਦੇ ਨੂੰ ਕਿਸ ਤਰ੍ਹਾਂ ਦਾ ਜਨੌਰ ਬਣਾ ਛੱਡਿਆ ਏ। ਕਦੇ ਕਿੱਲੇ ਬੰਨ੍ਹ ਦਿੰਦਾ ਏ, ਕਦੇ ਪਰਾਂ ਹਿੱਕ ਦਿੰਦਾ ਏ।

ਦਿਲਗੀਰ ਦਾ ਦਿਲ ਹਰ ਵੇਲੇ ਦਲੀਲਾਂ ਵਿਚ ਪਿਆ ਰਹਿੰਦਾ। ਅੱਜ ਭਾਵੇਂ ਉਹ ਜਨੌਰ ਦੀ ਜੂਨੇ ਜੀ ਰਿਹਾ ਸੀ। ਇਨਸਾਨਾਂ ਦੀ ਦੁਨੀਆਂ ਵਿਚ ਉਹਦੀ ਕੋਈ ਥਾਂ ਨਹੀਂ ਸੀ ਰਹੀ। ਉਹ ਥਾਂ ਮੰਗਣ ਲਈ ਉਹਨੂੰ ਗੁੱਥ ਸਿਰ 'ਤੇ ਚੁੱਕ ਕੇ ਬਾਰਡਰ ਪਾਰ ਕਰਨਾ ਪੈਂਦਾ ਸੀ, ਪਰ ਜੇ ਉਹ 'ਸ਼ਾਰਟ-ਕੱਟ' ਕਰਦਾ ਤਾਂ ਰਾਵੀ ਦੇ ਪਾਣੀ ਪਾਰ ਕਰਦੇ ਈ ਦੂਜੇ ਕੰਢੇ ਉਹਨੂੰ ਜ਼ਿੰਦਗੀ ਦਾ ਪ੍ਰਵਾਨਾ ਮਿਲ ਜਾਂਦਾ, ਪਰ ਹਾਲੇ ਉਹ ਦਿਲ ਦੀ ਲੜਾਈ ਲੜ ਰਿਹਾ ਸੀ। ਜਿੰਨੇ ਦਿਨ ਵੀ ਆਪਣੀ ਧਰਤੀ, ਆਪਣਾ ਪਿੰਡ ਇੱਕ-ਮੁੱਕ ਰਵੇ, ਉਨੇ ਦਿਨ ਆਪਣੇ। ਹੁਣ ਤਾਏ ਦੇ ਆਵਣ ਨਾਲ ਉਹਦੇ ਵਜੂਦ ਦਾ ਉਖੜਿਆ ਬੂਟਾ ਮੁੜ ਜੀਵਨ ਧਰਤੀ ਵਿਚ ਆਪਣੀ ਥਾਂ ਬਣਾਉਣ ਲੱਗ ਪਿਆ ਸੀ। ਤਾਏ ਦੇ ਨਿਆਣੇ ਵੇਖਦਾ ਤਾਂ ਉਹਦੇ ਵਿਚ ਨਵੀਂ ਜਾਨ ਪੈ ਜਾਂਦੀ। ਦੋਵਾਂ ਨੂੰ ਆਪਣੇ ਮੋਢਿਆਂ 'ਤੇ ਬਿਠਾ ਕੇ ਉਹ ਉਠ ਵਾਂਗ ਖੇਤਾਂ ਵਿਚ ਨੱਸਿਆ ਫਿਰਦਾ ਰਹਿੰਦਾ- "ਮੈਨੂੰ ਚਾਚਾ ਕਹਿ ਕੇ ਹਾਕ ਮਾਰੋ। ਮੈਂ ਤੁਹਾਡੇ ਲਈ ਵਧੀਆ ਗੰਨੇ ਭੰਨ ਕੇ ਲਿਆਵਾਂਗਾ।"

ਫਿਰ ਉਹ ਗੰਨੇ ਛਾਂਟਣ ਕਮਾਦੀ ਵਿਚ ਉਤਰ ਜਾਂਦਾ। ਇੱਕ ਦਿਨ ਕੁਝ ਲੋਕੀ ਉਹਨੂੰ ਮਾਰਨ ਲਈ ਆਏ। ਉਹਨੇ ਗੰਨੇ ਮਾਰ-ਮਾਰ ਕੇ ਉਨ੍ਹਾਂ ਦੀਆਂ ਲਾਠੀਆਂ ਤਾਂ ਰਖਾ ਲਈਆਂ, ਪਰ ਉਦਾਸ ਬੜਾ ਹੋਇਆ। ਮੈਂ ਇਥੇ ਨਹੀਂ ਰਹਿ ਸਕਦਾ। ਇਸ ਗੱਲ ਦਾ ਯਕੀਨ ਉਹਨੂੰ ਹੋਣ ਲੱਗਾ ਸੀ। ਹੁਣ ਉਹ ਕਿਸੇ ਸ਼ੈਅ ਦਾ ਮਾਲਕ ਨਹੀਂ ਸੀ। ਫਿਰ ਵੀ ਕਿਸੇ ਕਾਂ ਚਿੜੀ ਵਾਂਗ ਆਪਣੀ ਟਾਹਲੀ 'ਤੇ ਰਹਿ ਕਿਉਂ ਨਹੀਂ ਸਕਦਾ? ਬੰਦਾ ਹੋਣਾ ਵੀ ਕੇਡਾ ਪਾਪ ਏ! ਆਹੋ ਬੰਦਾ ਹੋਣਾ!! ਕਿਉਂ ਜੇ ਇੱਕ ਮਜ਼ਹਬ ਵਾਲੇ ਵੀ ਤਾਂ ਇੱਕ-ਦੂਜੇ ਦੇ ਗਾਟੇ ਕੱਟ ਰਹੇ ਸਨ। ਉਹਨੇ ਅੱਖੀਂ ਵੇਖ ਲਿਆ ਸੀ।

ਇਸੇ ਕਰ ਕੇ ਇੱਕ ਦਿਨ ਤਾਏ ਨੂੰ ਦੱਸਿਆ ਕਿ ਪਟਵਾਰੀ ਦੀ ਨੀਅਤ ਠੀਕ ਨਹੀਂ ਲੱਗਦੀ। ਉਹ ਇਸ ਜ਼ਮੀਨ ਉਤੇ ਕਿਸੇ ਹੋਰ ਦਾ ਕਬਜ਼ਾ ਕਰਾਉਣਾ ਚਾਹੁੰਦਾ ਏ। ਵੱਢੀ ਖਾ ਲਈ ਹੋਣੀ ਏ। ਇੰਜ ਉਹ ਕਿਸੇ ਸਰਕਾਰੀ ਅਹਿਲਕਾਰ ਨੂੰ ਵੀ ਨਾਲ ਲਈ ਫਿਰਦਾ ਏ। ਇਸ ਮੁਰੱਬੇ ਉਤੇ ਸਰਕਾਰੀ ਅਹਿਲਕਾਰ ਦੀ ਵੀ ਨਜ਼ਰ ਲੱਗਦੀ ਏ। ਪਟਵਾਰੀ ਜ਼ਰੂਰ ਇਹ ਜ਼ਮੀਨ ਉਹਦੇ ਨਾਂ ਕਰ ਦੇਵੇਗਾ। ਤਾਏ ਨੂੰ ਬੇਵਸ ਪਨਾਹੀ ਸਮਝ ਕੇ ਕੋਈ ਹਲਕੀ ਜ਼ਮੀਨ ਦੇ ਦੇਵੇਗਾ। ਪਿੱਛੋਂ ਹੋਇਆ ਵੀ ਇਸੇ ਤਰ੍ਹਾਂ, ਪਰ ਇਸ ਤੋਂ ਪਹਿਲਾਂ ਜੋ ਹੋਇਆ, ਉਹ ਇਸ ਤਰ੍ਹਾਂ ਸੀ ਕਿ ਪਟਵਾਰੀ ਨੇ ਦਿਲਗੀਰ ਸਿੰਘ ਨੂੰ ਆਪਣੇ ਘਰ ਸੱਦਿਆ, ਉਹ ਗਿਆ ਨਹੀਂ। ਫਿਰ ਆਪ ਆ ਕੇ ਉਹਨੇ ਧਮਕੀ ਦਿੱਤੀ, ਪਈ ਇਹ ਮੁਰੱਬਾ ਛੱਡ ਕੇ ਆਪੇ ਚਲਾ ਜਾਵੇ ਨਹੀਂ ਤਾਂ...।

ਦਿਲਗੀਰ ਨੇ ਪਟਵਾਰੀ ਨੂੰ ਜੋ ਜਵਾਬ ਦਿੱਤਾ, ਉਹ ਬੱਸ ਐਨਾ ਕੁ ਹੀ ਸੀ-"ਜੇ ਮੈਂ ਜਾਣ ਵਾਲਾ ਹੁੰਦਾ ਤਾਂ ਉਸੇ ਦਿਨ ਚਲਾ ਗਿਆ ਹੁੰਦਾ। ਮੈਨੂੰ ਵੇਲੇ ਨੇ ਫੜ ਕੇ ਇਥੇ ਕੈਦ ਕੀਤਾ ਹੋਇਆ ਹੈ। ਜਿਸ ਦਿਨ ਛੱਡ ਦਿੱਤਾ, ਮੈਂ ਜਹਾਨ ਤੋਂ ਹੀ ਚਲਿਆ ਜਾਵਾਂਗਾ।" ਦੋ-ਚਾਰ ਦਿਨ ਚੁੱਪ ਕਰ ਕੇ ਲੰਘ ਗਏ। ਇੱਕ ਦਿਨ ਸਵੇਰ ਨੂੰ ਦਿਲਗੀਰ ਜਾਗਿਆ ਈ ਨਾ। ਆਪਣੀ ਆਦਤ ਦੇ ਖ਼ਿਲਾਫ ਉਹ ਦਿਨ ਚੜ੍ਹੇ ਤਾਈਂ ਪਰਾਲੀ ਵਿਚ ਹੀ ਪਿਆ ਰਿਹਾ। ਰੋਜ਼ ਤਾਂ ਉਹ ਤੜਕੇ ਉਠ ਕੇ ਕੰਮ ਕਰਨ ਲੱਗ ਜਾਂਦਾ ਸੀ। ਨਰਮ ਦੁਪਹਿਰੇ ਜਦੋਂ ਤਾਇਆ ਉਹਦੇ ਲਈ ਲੱਸੀ ਲੈ ਕੇ ਆਇਆ ਤਾਂ ਪਰਾਲੀ ਉਹਦੇ ਮੂੰਹ ਤੋਂ ਪਰ੍ਹਾਂ ਕੀਤੀ। ਉਹਦਾ ਪਿੰਡਾ ਠੰਢਾ ਸੀ। ਉਹਦੇ ਬੁੱਲ੍ਹ ਨੀਲੇ ਕੱਚ। ਉਹਦੀ ਪੁੜਪੁੜੀ ਉਤੇ ਗੁੰਮ ਜਿਹਾ ਜ਼ਖ਼ਮ ਸੀ। ਉਹਨੂੰ ਡੰਗ ਲਿਆ ਸੀ...ਕਾਲੇ ਨਾਗ ਨੇ...ਖਬਰੇ ਪਟਵਾਰੀ ਨੇ। ਕੋਈ ਵੀ ਨਹੀਂ ਜਾਣਦਾ। ਤਾਏ ਨੇ ਆਪਣੇ ਅੱਥਰੂਆਂ ਨਾਲ ਉਹਦਾ ਮੂੰਹ ਧੋਤਾ। ਫਿਰ ਟੋਇਆ ਕੱਢ ਕੇ ਦੱਬ ਦਿੱਤਾ। ਉਥੇ ਉਸੇ ਖੇਤ ਵਿਚ। ਫਿਰ ਉਹਦੀ ਕਬਰ 'ਤੇ ਨਵੀਂ ਟਾਹਲੀ ਲਾ ਦਿੱਤੀ। ਉਹ ਨਿਸ਼ਾਨੀ ਹੁਣ ਜਵਾਨ ਹੋ ਚੁੱਕੀ ਏ।

ਤਾਏ ਨੇ ਮੈਨੂੰ ਸਾਰੀ ਕਹਾਣੀ ਸੁਣਾਉਂਦੇ ਹੋਏ ਦੱਸਿਆ ਸੀ। ਬੱਸ ਤਾਏ ਨੂੰ ਪਤਾ ਸੀ ਉਹ ਟਾਹਲੀ ਕਿਹੜੀ ਏ। ਉਨ੍ਹਾਂ ਟਾਹਲੀਆਂ ਦਾ ਵੀ ਕੇਵਲ ਤਾਏ ਨੂੰ ਹੀ ਪਤਾ ਸੀ ਜੋ ਦਿਲਗੀਰ ਨੇ ਖ਼ਾਸ ਥਾਂ ਬੀਜੀਆਂ ਸਨ। ਤਾਏ ਨੇ ਉਨ੍ਹਾਂ ਦੀ ਚੰਗੀ ਤਰ੍ਹਾਂ ਦੇਖ-ਭਾਲ ਕੀਤੀ। ਇਨ੍ਹਾਂ ਟਾਹਲੀਆਂ ਦੀ ਖ਼ਾਤਰ ਉਹਨੇ ਆਪਣੀ ਬਹੁਤੀ ਜ਼ਮੀਨ ਛੱਡ ਕੇ ਇਥੇ ਥੋੜ੍ਹੀ ਜ਼ਮੀਨ ਲੈਣੀ ਕਬੂਲ ਕੀਤੀ ਸੀ। ਇਸ ਗੱਲ ਦਾ ਮੈਨੂੰ ਹੀ ਪਤਾ ਸੀ ਹੋਰ ਕਿਸੇ ਨੂੰ ਨਹੀਂ। ਹੁਣ ਸਾਰੀਆਂ ਟਾਹਲੀਆਂ ਜਵਾਨ ਹੋ ਚੁੱਕੀਆਂ। ਉਂਜ ਤਾਂ ਹੋਰ ਬਥੇਰੀਆਂ ਟਾਹਲੀਆਂ ਜੋ ਏਸ ਜ਼ਮੀਨ ਵਿਚ ਥਾਂ-ਥਾਂ ਉਗੀਆਂ ਖੜ੍ਹੀਆਂ, ਮੇਰੇ ਤਾਏ ਦੇ ਦਿਲ ਵਿਚ ਜਿੱਥੇ ਸਨ, ਉਨ੍ਹਾਂ ਸਾਰੀਆਂ ਉਤੇ ਵੇਲੇ ਨੇ ਆਪਣੀਆਂ ਘਰ ਦੀਆਂ ਬੀਜ ਦਿੱਤੀਆਂ। ਇਹ ਗੱਲ ਵੀ ਤਾਏ ਆਪੇ ਹੀ ਕਹੀ ਸੀ, "ਵੇਲਾ ਆਪ ਵੀ ਟਾਹਲੀਆਂ ਬੀਜ ਦਿੰਦਾ ਏ।"

ਫਿਰ ਵੀ ਦੁੱਖਾਂ ਦੀਆਂ ਹੱਡੀਆਂ ਮਿੱਟੀ ਵਿਚ ਲੁਕੀਆਂ ਰਹਿ ਜਾਂਦੀਆਂ ਨੇ। ਲਫ਼ਜ਼ਾਂ ਦੇ ਕੱਪੜੇ ਪਾ ਕੇ ਜਦੋਂ ਦਿਲਗੀਰ ਦੀ ਕਹਾਣੀ ਇਥੋਂ ਤੋੜੀ ਪਹੁੰਚੀ ਤਾਂ ਮੇਰਾ ਤਾਇਆ ਆਪਣੀਆਂ ਬੁੱਢੀਆਂ ਅੱਖਾਂ ਮੀਟ ਕੇ ਅੰਦਰ-ਅੰਦਰ ਈ ਘੁੱਟ ਅੱਥਰੂ ਪੀ ਗਿਆ।

"ਕੁਝ ਨਹੀਂ ਲਾਲੀ, ਇਹ ਦੁਨੀਆਂ ਕੁਝ ਨਹੀਂ। ਇਹਦੀ ਖ਼ੁਸ਼ੀ ਚੰਗੀ ਨਹੀਂ, ਨਾ ਇਹਦਾ ਦੁੱਖ ਭਲਾ।" ਇਹ ਲਫ਼ਜ਼ ਤਾਏ ਨੇ ਕਹਾਣੀ ਦੇ ਅੰਤ ਵਿਚ ਆਖੇ। ਉਹੋ ਲਫ਼ਜ਼ ਤਾਂ ਅੰਤ ਹੋ ਗਏ, ਪਰ ਇਹ ਕਹਾਣੀ ਅੰਤ ਦੀ ਕਹਾਣੀ ਬਿਲਕੁਲ ਨਹੀਂ।

# ਦਿਲ ਵਾਲਾ ਦੁਖੜਾ

*ਸਾਲ 1947 ਵਿਚ ਪੰਜਾਬੀਆਂ ਨੇ ਜੋ ਦਰਦ ਹੰਢਾਇਆ ਹੈ, ਉਸ ਦੀਆਂ ਬਹੁਤ ਸਾਰੀਆਂ ਪਰਤਾਂ ਹਨ। ਕਿਸੇ ਵੀ ਪਰਤ ਦੀ ਕੰਨੀ ਚੁੱਕ ਲਵੋ, ਦਰਦ ਘਰਾਲਾਂ ਬਣ ਕੇ ਤੁਰਦਾ ਨਜ਼ਰੀਂ ਪੈਂਦਾ ਹੈ। ਸ. ਜਸਵੰਤ ਸਿੰਘ ਸੰਧੂ ਨੇ ਆਪਣੇ ਇਸ ਲੇਖ ਵਿਚ ਬਚਪਨ ਦਾ ਉਹ ਦਰਦ ਫਰੋਲਿਆ ਹੈ ਜੋ ਸਮਾਂ ਪਾ ਕੇ ਘਟਣ ਦੀ ਥਾਂ ਵਧਦਾ ਹੀ ਗਿਆ ਹੈ। ਅਸਲ ਵਿਚ 1947 ਦੀ ਵੱਢ-ਟੁੱਕ ਦਾ ਉਹ ਦੌਰ ਹੀ ਅਜਿਹਾ ਸੀ ਜਿਹੜਾ ਹਰ ਬੰਦੇ ਦੇ ਜ਼ਿਹਨ ਵਿਚ ਬਹੁਤ ਡੂੰਘਾ ਲੱਥਿਆ ਹੋਇਆ ਹੈ। ਫਿਰ ਵਿਯੋਗ ਵਿਚ ਇਸ ਦਰਦ ਨੂੰ ਲਗਾਤਾਰ ਜਰਬ ਹੀ ਆਈ ਗਿਆ। ਜਸਵੰਤ ਸਿੰਘ ਸੰਧੂ ਨੇ ਇਸੇ ਜਰਬ ਕਾਰਨ ਦਿਲ ਅੰਦਰ ਧਮੱਚੜ ਮਚਾਉਂਦੇ ਦੁੱਖ-ਦਰਦ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ*

1947 ਵੇਲੇ ਮੇਰੀ ਉਮਰ 8 ਕੁ ਸਾਲ ਸੀ। ਪਿੰਡ ਵਿਚ ਹਿੰਦੂ, ਸਿੱਖ, ਮੁਸਲਮਾਨ ਤੇ ਮਜ਼੍ਹਬੀ ਸਿੱਖ ਬੜੇ ਪਿਆਰ ਨਾਲ ਰਹਿੰਦੇ ਸਨ। ਦੁੱਖ-ਸੁੱਖ ਵੇਲੇ ਇਕ-ਦੂਜੇ ਦੇ ਦਿਲੋਂ ਹਮਦਰਦ ਸਨ। ਦੋ ਮੁਸਲਮਾਨ ਅੱਲ੍ਹਾ ਬਖ਼ਸ਼ ਤੇ ਇਬਰਾਹੀਮ, ਵਾਹੀ ਖੇਤੀ ਵਿਚ ਮੇਰੇ ਪਿਤਾ ਜੀ ਦੇ ਭਿਆਲ ਸਨ। ਤਿੰਨੇ ਜਣੇ ਪੈਲੀਆਂ ਵਿਚ ਭਰਾਵਾਂ ਵਾਂਗ ਰਲ ਕੇ ਕੰਮ ਕਰਦੇ। ਉਨ੍ਹਾਂ ਦੀਆਂ ਘਰਵਾਲੀਆਂ ਅੱਲ੍ਹਾ ਰੱਖੀ ਅਤੇ ਸਾਇਰਾ ਬੀਬੀ ਮੈਨੂੰ ਆਪਣੇ ਪੁੱਤਾਂ ਵਾਂਗ ਪਿਆਰ ਕਰਦੀਆਂ। ਮਨਾਰਿਆਂ ਵਿਚੋਂ ਛੱਲੀਆਂ ਕੱਢਦਿਆਂ ਇਬਰਾਹੀਮ ਦੀ ਅੰਮਾਂ ਤਾਬਾਂ ਨੇ ਕਿਆਮਤ ਆਉਣ ਦੀਆਂ ਗੱਲਾਂ ਕਰਨੀਆਂ..."ਕਿਆਮਤ ਦੇ ਦਿਨ ਲਹੂ ਦੀਆਂ ਨਦੀਆਂ ਵਹਿਣਗੀਆਂ, ਮਾਵਾਂ ਨੇ ਪੁੱਤਰ ਨਹੀਂ ਸੰਭਾਲਣੇ, ਕੋਈ ਰਿਸ਼ਤਾ ਨਹੀਂ ਰਹੇਗਾ।" (ਪਾਕਿਸਤਾਨ ਬਣਨ 'ਤੇ ਮੇਰੇ ਬੀਬੀ (ਮਾਤਾ) ਇਸ ਨੂੰ ਅੰਮਾਂ ਤਾਬਾਂ ਦੀ ਕਿਆਮਤ ਨਾਲ ਜੋੜਦੇ ਸੀ)। ਪਿੰਡ ਵਿਚ ਛਿੰਝ ਪੈਂਦੀ ਹੁੰਦੀ ਸੀ। ਮੁਸਲਮਾਨ


**ਜਸਵੰਤ ਸਿੰਘ ਸੰਧੂ ਘਰਿੰਡਾ**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-516-5971**


ਭਲਵਾਨ ਜਦੋਂ ਅਖਾੜੇ ਵਿਚ ਆਉਂਦੇ ਤਾਂ 'ਯਾ ਅਲੀ ਮਦਤ' ਦਾ ਨਾਅਰਾ ਮਾਰਦੇ। ਪਿੰਡ ਵਿਚ ਮੁਸਲਮਾਨਾਂ ਦੀ ਆਬਾਦੀ ਹਿੰਦੂ ਸਿੱਖਾਂ ਨਾਲੋਂ ਜ਼ਿਆਦਾ ਸੀ। ਮੁਸਲਮਾਨ ਜ਼ਿਆਦਾਤਰ ਅਰਾਈਂ ਸਨ, ਬੜੇ ਮਿਹਨਤੀ। ਜਦੋਂ ਮੈਂ ਆਪਣੇ ਨਾਨਕੇ ਪਿੰਡ ਲਾਹੌਰੀ ਮਲ ਜਾਣਾ ਤਾਂ ਮੇਰੀ ਨਾਨੀ ਕਹਿੰਦੀ ਹੁੰਦੀ ਸੀ, "ਆ ਗਏ 'ਰਾਈਂ'।" ਜ਼ਮੀਨ ਉਨ੍ਹਾਂ ਪਾਸ ਬਹੁਤ ਥੋੜ੍ਹੀ ਸੀ। ਕਈਆਂ ਕੋਲ ਤਾਂ ਸਿਰਫ਼ ਇਕ-ਇਕ ਕਿੱਲਾ, ਪਰ ਉਹ ਕਿੱਲੇ ਵਿਚ ਸਬਜ਼ੀਆਂ ਆਦਿ ਕਾਸ਼ਤ ਕਰ ਕੇ ਆਪਣੇ ਟੱਬਰ ਦਾ ਬੜਾ ਸੋਹਣਾ ਗੁਜ਼ਾਰਾ ਕਰ ਲੈਂਦੇ। ਕਈਆਂ ਨੇ ਤਾਂ ਜੱਟਾਂ ਤੋਂ ਜ਼ਮੀਨਾਂ ਗਹਿਣੇ ਲਈਆਂ ਹੋਈਆਂ ਸਨ। ਕਈਆਂ ਨੇ ਆਪਣੀ ਜ਼ਮੀਨ ਵਿਚ ਬੇਰੀਆਂ ਲਾਈਆਂ ਹੋਈਆਂ ਸਨ। ਛਾਬਿਆਂ ਵਿਚ 'ਅੱਛੇ ਮਿੱਠੇ ਬੇਰ' ਦਾ ਹੋਕਾ ਦੇ ਕੇ ਬੇਰ ਵੇਚਦੇ ਮੈਂ ਅੱਖੀਂ ਦੇਖੇ ਨੇ। ਸਾਡਾ ਪਿੰਡ ਹੁਣ ਵੀ ਬਹੁਤ ਸਬਜ਼ੀਆਂ ਪੈਦਾ ਕਰਦਾ ਹੈ, ਲਗਦਾ ਹੈ...ਇਹ ਪਿੰਡ ਦੇ ਮੁਸਲਮਾਨ ਅਰਾਈਆਂ ਦੀ ਹੀ ਦੇਣ ਹੈ!

ਮਈ 1947 ਵਿਚ ਮੇਰੇ ਪਿਤਾ ਜੀ ਨੇ ਮੈਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨੇ ਪਾਇਆ। ਸਕੂਲ ਵਿਚ ਦੋ ਮਾਸਟਰ ਸਨ। ਮਰ੍ਹਾਜਦੀਨ ਸਾਡੇ ਪਿੰਡ ਦਾ, ਤੇ ਹਵੇਲੀ ਰਾਮ ਖਾਪੜ ਖੇੜੀ ਦਾ। ਦੋਵੇਂ ਬੜੀ ਮਿਹਨਤ ਨਾਲ ਪੜ੍ਹਾਉਂਦੇ। ਮੇਰੇ ਨਾਲ ਮੁਸਲਮਾਨਾਂ ਦੇ ਮੁੰਡੇ ਵੀ ਪੜ੍ਹਦੇ ਸਨ। ਉਨ੍ਹਾਂ ਵਿਚੋਂ ਇਕ ਭੋਲੂ ਜਿਹਾ ਮੁੰਡਾ ਮੇਰਾ ਗੂੜ੍ਹਾ ਯਾਰ ਬਣ ਗਿਆ। ਉਸ ਨੇ ਦਵਾਤ ਵਿਚ ਸਿਆਹੀ, ਸੂਫ਼ ਤੇ ਪਾਣੀ ਪਾ ਕੇ ਕਲਮ ਨਾਲ ਰਿੜਕਣਾ ਅਤੇ ਨਾਲ ਹੀ ਕਹਿਣਾ, "ਆਲੇ ਵਿਚ ਪੇਠਾ, ਮੇਰੀ ਦਵਾਤ ਗਲੇਪਾ।" ਪਾਕਿਸਤਾਨ ਬਣਨ 'ਤੇ ਉਹ ਮੁੰਡਾ ਅਤੇ ਮਾਸਟਰ ਮਰ੍ਹਾਜਦੀਨ ਪਾਕਿਸਤਾਨ ਚਲੇ ਗਏ। ਉਹਦੇ ਜਾਣ ਪਿੱਛੋਂ ਮੇਰਾ ਕਈ ਮਹੀਨੇ ਜੀਅ ਨਾ ਲੱਗਾ। ਅੱਜ ਵੀ ਉਹਦੀ ਭੋਲੂ ਜਿਹੀ ਸ਼ਕਲ ਮੇਰੀਆਂ ਅੱਖਾਂ ਸਾਹਮਣੇ ਫਿਰਦੀ ਰਹਿੰਦੀ ਹੈ।

ਸਾਡੀ ਇਕ ਧਰਤੀ, ਇਕੋ ਮੌਸਮ, ਇਕੋ ਬੋਲੀ ਅਤੇ ਇਕੋ ਸਭਿਆਚਾਰ; ਪਰ ਅਸੀਂ ਦੋ ਕਿਉਂ ਹੋ ਗਏ? ਅਸੀਂ ਦੋ ਹੋਏ ਸਾਂ, ਜਾਂ ਸਾਨੂੰ ਕਰ ਦਿੱਤਾ ਗਿਆ ਸੀ, ਇਹ ਬਹੁਤ ਵੱਡਾ ਸਵਾਲ ਹੈ; ਪ੍ਰੇਸ਼ਾਨ ਕਰਨ ਵਾਲਾ ਜਿਸ ਦਾ ਜਵਾਬ ਲੋਕ ਸਦੀਆਂ ਤੱਕ ਲੱਭਦੇ ਰਹਿਣਗੇ। ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ, "ਪੰਜਾਬ ਜੀਂਦਾ ਗੁਰਾਂ ਦੇ ਨਾਮ ਤੇ...ਪੰਜਾਬ ਨਾ ਹਿੰਦੂ ਨਾ ਮੁਸਲਮਾਨ।" ਗੁਰੂਆਂ ਦਾ ਸੰਦੇਸ਼ ਸੀ- ਏਕ ਪਿਤਾ ਏਕਸ ਕੇ ਹਮ ਬਾਰਿਕ॥...ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥ ਵੱਡੇ ਗੁਰੂ ਨੇ ਕਿਹਾ ਸੀ-ਨਾ ਹਮ ਹਿੰਦੂ ਨਾ ਮੁਸਲਮਾਨ॥ ਇਹੋ ਕਾਰਨ ਹੈ ਕਿ ਸਾਡੇ ਲਈ ਬਾਬੇ ਨਾਨਕ ਵਾਂਗ ਬਾਬਾ ਫਰੀਦ ਵੀ ਉਨਾ ਹੀ ਪਿਆਰਾ ਹੈ। ਨਾ ਸਾਡੇ ਲਈ ਸ਼ਾਹ ਹੁਸੈਨ ਓਪਰਾ ਹੈ ਅਤੇ ਨਾ ਹੀ ਬੁੱਲ੍ਹੇ ਸ਼ਾਹ। ਜੇ ਗੁਰੂਆਂ ਨੇ ਮਾਨਸ ਦੇ ਏਕੇ ਦਾ ਸੰਦੇਸ਼ ਦਿੱਤਾ, ਤਾਂ ਸੂਫ਼ੀਆਂ ਨੇ ਵਾਹਦਤ ਦਾ ਪੈਗਾਮ ਦਿੱਤਾ। ਬਾਬੇ ਫਰੀਦ ਨੇ ਇਹੋ ਕੁਝ ਕਿਹਾ ਸੀ। ਜਦੋਂ ਕੁਝ ਸ਼ਰਧਾਲੂ ਕੈਂਚੀ ਭੇਟ ਕਰਨ ਆਏ ਤਾਂ ਉਸ ਨੇ ਅੱਗਿਉਂ ਕਿਹਾ ਸੀ-"ਮੈਨੂੰ ਕੈਂਚੀ ਨਾ ਦਿਓ, ਮੈਨੂੰ ਸੂਈ ਦਿਓ। ਮੈਂ ਲੋਕਾਂ ਨੂੰ ਪਾੜਨ ਨਹੀਂ ਆਇਆ, ਜੋੜਨ ਵਾਸਤੇ ਆਇਆ ਹਾਂ।"

ਜਿਉਂ-ਜਿਉਂ ਅਸੀਂ ਆਪਣੇ ਇਸ ਮਹਾਨ ਵਿਰਸੇ ਨਾਲੋਂ ਆਪਣੇ ਆਪ ਨੂੰ ਵਿਜੋਗੀ ਗਏ, ਅਸੀਂ ਪਾਟਦੇ ਗਏ ਅਤੇ ਫਿਰ ਇੰਨੇ ਪਾਟ ਗਏ ਕਿ ਪਿਆਰੇ ਪੰਜਾਬ ਦੀ ਧਰਤੀ ਦੇ ਕਲੇਜੇ ਨੂੰ ਚੀਰ ਕੇ 1947 ਵਿਚ ਦੋ ਹਿੱਸਿਆਂ ਵਿਚ ਵੰਡ ਦਿੱਤਾ। ਜਦੋਂ ਦਿੱਲੀ ਅਤੇ ਕਰਾਚੀ ਵਿਚ ਨੇਤਾ ਲੋਕ ਆਜ਼ਾਦੀ ਦੇ ਜਸ਼ਨ ਮਨਾ ਰਹੇ ਸਨ, ਤਾਂ ਪੰਜਾਬੀ ਇਕ-ਦੂਜੇ ਨੂੰ ਵੱਢ-ਕੱਟ ਰਹੇ ਸਨ; ਆਪੋ-ਆਪਣੀ ਪਿਆਰੀ ਜੰਮਣ ਭੋਇੰ ਛੱਡ ਰਹੇ ਸਨ; ਇਕ-ਦੂਜੇ ਦੀਆਂ ਧੀਆਂ ਭੈਣਾਂ ਦੀਆਂ ਇੱਜ਼ਤਾਂ ਰੋਲ ਕੇ ਆਪਣੀ ਹੀ ਹੇਠੀ ਕਰ ਰਹੇ ਸਨ। ਤਕਰੀਬਨ ਦਸ ਲੱਖ ਪੰਜਾਬੀ ਲੋਕ ਇਸ 'ਆਜ਼ਾਦੀ' ਦੀ ਭੇਟ ਚੜ੍ਹ ਗਏ। ਡੇਢ ਕਰੋੜ ਦੇ ਲਗਭਗ ਘਰੋਂ ਬੇਘਰ ਹੋਏ। ਲੱਖਾਂ-ਪਤੀ ਕੱਖਾਂ-ਪਤੀ ਬਣ ਗਏ। ਸਾਡੇ ਮਹਾਨ ਲੀਡਰ ਕਹਿੰਦੇ ਸਨ ਕਿ ਅਸੀਂ ਬਿਨਾਂ ਖੂਨ-ਖਰਾਬੇ ਤੋਂ ਆਜ਼ਾਦੀ ਲਈ ਹੈ; ਉਨ੍ਹਾਂ ਮਹਾਨ ਲੀਡਰਾਂ ਨੂੰ 250 ਦੇਸ਼ ਭਗਤਾਂ ਦੀਆਂ ਫ਼ਾਂਸੀਆਂ ਪਤਾ ਨਹੀਂ ਕਿਉਂ ਯਾਦ ਨਹੀਂ ਆਉਂਦੀਆਂ? ਉਂਜ, ਸਾਡੇ ਲੀਡਰ ਠੀਕ ਹੀ ਕਹਿੰਦੇ ਸਨ ਕਿਉਂਕਿ ਸਾਡੇ ਦੇਸ਼ ਵਿਚ ਇਕ ਵੀ ਲੀਡਰ ਦਾ ਖੂਨ ਨਹੀਂ ਸੀ ਡੁੱਲ੍ਹਿਆ। ਗਰੀਬਾਂ ਦਾ ਕੀ ਹੈ, ਉਨ੍ਹਾਂ ਵਿਚ ਲਹੂ ਹੁੰਦਾ ਹੀ ਕਿਥੇ ਹੈ?

1849 ਤੋਂ ਪਹਿਲਾਂ ਭਾਰਤ ਇਕ ਦੇਸ਼ ਨਹੀਂ ਸੀ। 29 ਮਾਰਚ, 1849 ਵਿਚ ਅੰਗਰੇਜ਼ਾਂ ਨੇ ਪੰਜਾਬ ਨੂੰ ਫਤਿਹ ਕਰ ਕੇ ਸਾਰੇ ਭਾਰਤ ਉਤੇ ਕਬਜ਼ਾ ਕਰ ਲਿਆ। ਉਸ ਤੋਂ ਬਾਅਦ ਅੰਗਰੇਜ਼ਾਂ ਨੇ ਭਾਰਤੀਆਂ ਨੂੰ ਲੁੱਟਿਆ ਵੀ ਤੇ ਕੁੱਟਿਆ ਵੀ; ਪਰ ਉਨ੍ਹਾਂ ਇਸ ਦੇਸ਼ ਨੂੰ ਇਕ ਝੰਡੇ ਥੱਲੇ ਇਕੱਠਾ ਕਰ ਦਿੱਤਾ। ਜਿਹੜੇ ਲੀਡਰ ਕਹਿੰਦੇ ਸੀ ਕਿ ਪਾਕਿਸਤਾਨ ਸਾਡੀ ਲਾਸ਼ 'ਤੇ ਬਣੇਗਾ, ਉਹ ਦੇਸ਼ ਨੂੰ ਇਕੱਠਾ ਨਾ ਰੱਖ ਸਕੇ; ਇਸ ਦੇ ਤਿੰਨ ਟੁਕੜੇ ਕਰ ਦਿੱਤੇ ਗਏ। ਕੀ ਕੋਈ ਲੀਡਰ ਇਸ ਗਲਤੀ ਨੂੰ ਪ੍ਰਵਾਨ ਕਰੇਗਾ? ਨਹੀਂ, ਸਾਡੇ ਕਿਸੇ ਵੱਡੇ ਤੋਂ ਵੱਡੇ ਲੀਡਰ ਵਿਚ ਵੀ ਇਹ ਇਖਲਾਕੀ ਦਲੇਰੀ ਨਹੀਂ! ਸਾਡੇ ਸਿੱਖ ਲੀਡਰਾਂ ਨੇ ਕਾਂਗਰਸ ਦੇ ਵੱਡੇ-ਵੱਡੇ ਲੀਡਰਾਂ 'ਤੇ ਜ਼ੁਬਾਨੀ ਭਰੋਸਾ ਕਰ ਲਿਆ। ਭਾਰਤ ਦੀ ਆਜ਼ਾਦੀ ਤੇ ਪਾਕਿਸਤਾਨ ਦੇ ਜਨਮ ਵਿਚ ਪੰਜਾਬੀਆਂ ਨੂੰ ਕੁਰਬਾਨੀ ਦਾ ਬੱਕਰਾ ਬਣਨਾ ਪਿਆ। ਤਾਕਤ ਹੱਥ ਆ ਜਾਣ ਪਿੱਛੋਂ ਇਕ ਵਾਕ ਨਾਲ ਹੀ ਸਭ ਕੁਝ ਬਦਲ ਗਿਆ। ਹੁਣ ਹਾਲਾਤ ਬਦਲ ਗਏ ਹਨ। ਅਜੋਕਾ ਕਸ਼ਮੀਰ ਮਸਲਾ ਵੀ ਸਾਡੇ 'ਮਹਾਨ' ਲੀਡਰਾਂ ਦੀ ਦੇਣ ਹੈ। ਪਤਾ ਨਹੀਂ, ਇਹ ਮਸਲਾ ਕਿੰਨਾ ਚਿਰ ਹੋਰ ਦੇਸ਼ ਦਾ ਜਾਨੀ ਤੇ ਮਾਲੀ ਨੁਕਸਾਨ ਕਰਦਾ ਰਹੇਗਾ। ਅੰਗਰੇਜ਼ਾਂ ਦਾ ਇਕ ਕੀਤਾ ਭਾਰਤ, ਵੰਡਿਆ ਜਾਣਾ ਸਾਡੇ ਲੀਡਰਾਂ ਦੀ ਰਾਜਨੀਤਕ ਹਾਰ ਸੀ।

ਪਾਕਿਸਤਾਨ ਬਣ ਗਿਆ। ਪਿਸ਼ਾਵਰ ਅਤੇ ਰਾਵਲਪਿੰਡੀ ਤੋਂ ਹਿੰਦੂ-ਸਿੱਖ ਸ਼ਰਨਾਰਥੀ ਉਜੜ ਕੇ ਛੇਹਰਟਾ ਸਾਹਿਬ ਗੁਰਦੁਆਰੇ ਆ ਗਏ। ਕਹਿੰਦੇ ਸਨ ਕਿ ਮੁਸਲਮਾਨਾਂ ਨੇ ਉਨ੍ਹਾਂ ਦੇ ਘਰ-ਬਾਰ ਲੁੱਟ ਲਏ ਅਤੇ ਧੀਆਂ ਭੈਣਾਂ ਦੀ ਬੇਹੁਰਮਤੀ ਕੀਤੀ ਸੀ। ਸਾਡੇ ਪਿੰਡ ਲਾਗੇ ਤਿੰਨ ਮੁਸਲਮਾਨ ਕਤਲ ਹੋ ਗਏ। ਪੁਲਿਸ ਨੂੰ ਇਤਲਾਹ ਦਿੱਤੀ। ਪੁਲਿਸ ਨੇ ਖੋਜੀ ਮੰਗਵਾਏ, ਪਰ ਕਾਤਲਾਂ ਦਾ ਕੋਈ ਪਤਾ ਨਾ ਲੱਗਾ। ਅਫ਼ਵਾਹ ਸੀ ਕਿ ਉਹ ਕਤਲ ਪਿਸ਼ੌਰੀਆਂ ਨੇ ਬਦਲਾ ਲੈਣ ਦੀ ਭਾਵਨਾ ਨਾਲ ਕੀਤੇ ਸਨ। ਇਨ੍ਹਾਂ ਕਤਲਾਂ ਦੇ ਡਰ ਕਾਰਨ ਲਾਗਲੇ ਪਿੰਡਾਂ ਦੇ ਮੁਸਲਮਾਨ ਹੁਸ਼ਿਆਰ ਨਗਰ ਪਿੰਡ ਵਿਚ ਇਕੱਠੇ ਹੋ ਗਏ। ਉਹ ਅਸਲਾ ਵਗੈਰਾ ਜਮ੍ਹਾਂ ਕਰਨ ਲੱਗੇ। ਸਿੱਖ ਵੀ ਆਪਣੇ ਕੋਲ ਬਰਛਾ ਰੱਖਣ ਲਈ ਸ੍ਰੀ ਅਕਾਲ ਤਖਤ ਤੋਂ ਅੰਮ੍ਰਿਤ ਛਕ ਕੇ 'ਨਿਹੰਗ' ਬਣਨ ਲੱਗੇ। ਮੁਸਲਿਮ ਲੀਗੀਆਂ ਦੀ ਇਕ ਕਾਰ ਅਸਲਾ ਦੇਣ ਵਾਸਤੇ ਆਈ ਜਿਸ ਨੂੰ ਨਿਹੰਗਾਂ ਨੇ ਗੁਰੂ ਸਰ ਸਤਲਾਣੀ ਗੁਰਦੁਆਰੇ ਦੀ ਹੱਦ ਵਿਚ ਅੱਗ ਲਾ ਕੇ ਲੂਹ ਦਿੱਤਾ। ਬੜੇ ਸਾਲ ਕਾਰ ਦਾ ਸੜਿਆ ਢਾਂਚਾ ਗੁਰਦੁਆਰੇ ਦੀ ਹਦੂਦ ਵਿਚ ਪਿਆ ਰਿਹਾ। ਨਿਹੰਗਾਂ ਨੇ ਹੁਸ਼ਿਆਰ ਨਗਰ 'ਤੇ ਹਮਲਾ ਕਰ ਕੇ ਘਰਾਂ ਨੂੰ ਅੱਗ ਲਾ ਦਿੱਤੀ। ਹੁਸ਼ਿਆਰ ਨਗਰ ਦੇ ਚੁਬਾਰਿਆਂ ਤੋਂ ਅੱਗ ਦੀਆਂ ਨਿਕਲਦੀਆਂ ਲਾਟਾਂ ਸਾਡੇ ਪਿੰਡੋਂ ਦਿਸਦੀਆਂ ਸਨ। ਕਾਫ਼ੀ ਮੁਸਲਮਾਨ ਕਤਲ ਕਰ ਦਿੱਤੇ ਗਏ। ਬਾਕੀਆਂ ਨੇ ਭੱਜ ਕੇ ਜਾਨ ਬਚਾਈ ਅਤੇ ਰੇਲ ਪਟੜੀ ਪੈ ਕੇ ਲਾਹੌਰ ਦੌੜ ਗਏ। ਲਾਹੌਰ ਵੱਲੋਂ ਕਈ ਗੱਡੀਆਂ ਆਉਣੀਆਂ। ਉਨ੍ਹਾਂ ਦੇ ਡੱਬਿਆਂ ਵਿਚੋਂ ਲਹੂ ਦੀਆਂ ਘਰਾਲਾਂ ਵਗੀਆਂ ਮੈਂ ਅੱਖੀਂ ਦੇਖੀਆਂ। ਹਿੰਦੂ ਸਿੱਖ ਸ਼ਰਨਾਰਥੀਆਂ ਦੀਆਂ ਇਹ ਗੱਡੀਆਂ ਰੇਲਵੇ ਸਟੇਸ਼ਨ ਲਾਹੌਰ 'ਤੇ ਵੱਢੀਆਂ ਜਾਂਦੀਆਂ ਸਨ। ਇਧਰੋਂ ਮੁਸਲਮਾਨ ਸ਼ਰਨਾਰਥੀਆਂ ਦੇ ਡੇਢ-ਡੇਢ ਸੌ ਗੱਡੀਆਂ ਦੇ ਕਾਫਲੇ ਸੜਕਾਂ ਰਾਹੀਂ ਲਾਹੌਰ ਜਾ ਰਹੇ ਸਨ। ਕਹਿੰਦੇ ਹੁੰਦੇ ਸਨ, ਖੂਹਾਂ ਵਿਚ ਜ਼ਹਿਰ ਪਾ ਦਿੱਤਾ ਗਿਆ। ਉਹ ਆਪ ਅਤੇ ਆਪਣੇ ਤਿਹਾਏ ਬੱਚਿਆਂ ਨੂੰ ਡਰਦੇ ਪਾਣੀ ਨਹੀਂ ਸੀ ਪਿਆਉਂਦੇ। ਬੱਚੇ 'ਹਾਇ ਲਾਲਾ, ਹਾਇ ਲਾਲਾ' ਆਖ ਕੇ ਪਾਣੀ ਮੰਗਦੇ ਸਨ।

ਸਾਡੇ ਭਿਆਲ ਇਬਰਾਹੀਮ ਦਾ ਲੜਕਾ ਸਾਕੀ ਮੇਰਾ ਹਾਣੀ ਸੀ। ਮੈਂ ਤੇ ਸਾਕੀ ਘੁਲ ਵੀ ਲੈਂਦੇ ਸੀ; ਕਦੇ ਮੈਂ ਉਹਨੂੰ ਢਾਹ ਲੈਂਦਾ, ਤੇ ਕਦੀ ਉਹ ਮੈਨੂੰ। ਪਿੰਡ ਛੱਡਣ ਵੇਲੇ ਅੱਲ੍ਹਾ ਬਖ਼ਸ਼, ਉਸ ਦੀ ਪਤਨੀ ਅੱਲ੍ਹਾ ਰੱਖੀ ਅਤੇ ਇਬਰਾਹੀਮ ਦੀ ਪਤਨੀ ਸਾਇਰਾ, ਮੇਰੀ ਦਾਦੀ ਨੂੰ ਮਿਲਣ ਆਈਆਂ। ਦਾਦੀ ਜੀ ਦੇ ਗਲ ਲਗ ਕੇ ਉਚੀ-ਉਚੀ ਰੋ ਰਹੀਆਂ ਸਨ। ਅੱਲ੍ਹਾ ਬਖ਼ਸ਼ ਕਹਿ ਰਿਹਾ ਸੀ, "ਅੰਮਾਂ! ਜਿਉਂਦੇ ਰਹੇ ਤਾਂ ਫਿਰ ਮਿਲਾਂਗੇ, ਨਹੀਂ ਤਾਂ ਸਾਨੂੰ ਭੁਲਾਇਓ ਨਾ। ਅਸੀਂ ਤੁਹਾਨੂੰ ਕਦੇ ਵੀ ਨਹੀਂ ਭੁੱਲ ਸਕਦੇ।" ਪਾਕਿਸਤਾਨ ਵਿਚ ਉਹ ਸੱਚਾ ਸੌਦਾ ਚੂਹੜਕਾਣਾ (ਹੁਣ ਫ਼ਰੂਕਾਬਾਦ) ਮੰਡੀ ਲਾਗਲੇ ਪਿੰਡ ਸਰਕਾਰੀ ਖੂਹ ਖੁਰਦ ਜਾ ਬੈਠੇ। 1956 ਵਿਚ ਉਨ੍ਹਾਂ ਦਾ ਪਹਿਲਾ ਖਤ ਪਿਤਾ ਜੀ ਨੂੰ ਮਿਲਿਆ ਜਿਸ ਵਿਚ ਸਾਡੇ ਪਰਿਵਾਰ ਅਤੇ ਪਿੰਡ ਦਾ ਹਾਲ ਪੁੱਛਿਆ ਹੋਇਆ ਸੀ। 1998 ਵਿਚ ਮੈਂ ਗੁਰੂ ਨਾਨਕ ਦੇ ਜਨਮ ਦਿਨ 'ਤੇ ਯਾਤਰੀ-ਜਥੇ ਨਾਲ ਪਾਕਿਸਤਾਨ ਗਿਆ। ਪੂਰੇ 51 ਸਾਲ ਬਾਅਦ ਮੈਂ ਚਾਚੇ ਇਬਰਾਹੀਮ, ਫਿਰੋਜ਼ ਅਤੇ ਸਾਕੀ ਨੂੰ ਮਿਲਿਆ। ਪੰਜ ਮਿੰਟ ਅਸੀਂ ਇਕ-ਦੂਜੇ ਦੇ ਗਲ ਲੱਗ ਕੇ ਰੋਂਦੇ ਰਹੇ। ਅੱਲ੍ਹਾ ਰੱਖੀ, ਅੱਲ੍ਹਾ ਬਖ਼ਸ਼ ਅਤੇ ਸਾਇਰਾ ਮਰ ਚੁੱਕੇ ਸਨ। ਮੇਰੀ ਤੇ ਸਾਕੀ ਦੀਆਂ ਦਾੜ੍ਹੀਆਂ ਚਿੱਟੀਆਂ ਹੋ ਚੁੱਕੀਆਂ ਸਨ। ਮੇਰੇ ਨਾਲ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਸੀ। ਉਸ ਨੇ ਸਾਨੂੰ ਦੋਵਾਂ ਨੂੰ ਫੜ ਕੇ ਘੁਲਣ ਲਾ ਦਿੱਤਾ। ਅਸੀਂ ਦੋਵੇਂ ਝੂਠੇ-ਮੂਠੇ ਘੁਲੇ। ਮੈਂ ਤੋਹਫ਼ੇ ਵਜੋਂ ਇਬਰਾਹੀਮ ਨੂੰ ਧਾਰੀਵਾਲ ਦੀ ਲੋਈ ਅਤੇ ਇਕ ਕਿਲੋ ਚਾਹ ਦਿੱਤੀ। ਉਸ ਨੇ ਮੈਨੂੰ ਕੱਪੜੇ ਤੇ ਸੌ ਰੁਪਿਆ ਦਿੱਤਾ। ਸੌ ਰੁਪਿਆ ਮੈਂ ਵਾਪਸ ਕਰ ਦਿੱਤਾ। ਕਪੜੇ ਲੈ ਕੇ ਉਥੋਂ ਹੀ ਉਸ ਦਾ ਸਲਵਾਰ ਕਮੀਜ਼ ਸਵਾ ਲਿਆ ਜੋ ਅਜੇ ਤੱਕ ਹੰਢਾ ਰਿਹਾ ਹਾਂ। ਮਾਰਚ, 1999 ਨੂੰ ਚਾਚਾ ਇਬਰਾਹੀਮ ਵੀ ਫੌਤ ਹੋ ਗਿਆ। ਅੱਜ ਵੀ ਮੇਰਾ ਜੀਅ ਕਰਦਾ ਹੈ ਕਿ ਮੈਂ ਅੱਲ੍ਹਾ ਬਖ਼ਸ਼, ਅੱਲ੍ਹਾ ਰੱਖੀ, ਸਾਇਰਾ ਤੇ ਇਬਰਾਹੀਮ ਦੀਆਂ ਕਬਰਾਂ ਦੇ ਦਰਸ਼ਨ ਕਰਾਂ।

ਪੰਜਾਬ ਵਿਚ ਵੱਢ-ਕੱਟ ਜ਼ੋਰਾਂ 'ਤੇ ਸੀ। ਲਾਹੌਰ ਅਤੇ ਅੰਮ੍ਰਿਤਸਰ ਤੋਂ ਸਿੱਖਾਂ ਤੇ ਮੁਸਲਮਾਨਾਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਸਨ। ਸਾਡੇ ਪਿੰਡ ਦੇ ਮੁਸਲਮਾਨਾਂ ਤੇ ਸਿੱਖਾਂ ਦੇ ਸਬੰਧ ਭਰਾਵਾਂ ਵਰਗੇ ਸਨ। ਕੁਝ ਮੁਸਲਮਾਨ ਪਰਿਵਾਰ ਪਿੰਡ ਛੱਡ ਕੇ ਜਾ ਚੁੱਕੇ ਸਨ; ਕੁਝ ਕੁ ਇਧਰ ਸਨ। ਸਾਡੇ ਖੂਹ 'ਤੇ ਜਮਾਲਦੀਨ ਨਾਂ ਦਾ ਮੁਸਲਮਾਨ ਜਿਸ ਨੇ ਲੰਮੀ ਦਾੜ੍ਹੀ ਰੱਖੀ ਹੋਈ ਸੀ, ਹਿੱਸੇ 'ਤੇ ਜ਼ਮੀਨ ਲੈ ਕੇ ਵਾਹੁੰਦਾ ਸੀ। ਉਹ ਖੂਹ ਦੀ ਮੌਣ 'ਤੇ ਨਮਾਜ਼ ਪੜ੍ਹ ਕੇ ਰੋਟੀ ਖਾਂਦਾ, ਬੜਾ ਨੇਕ ਇਨਸਾਨ ਸੀ। ਸਾਡੇ ਪਿੰਡ ਲਾਗਿਓਂ ਅੰਮ੍ਰਿਤਸਰ ਤੋਂ ਲਾਹੌਰ ਨੂੰ ਰੇਲਵੇ ਲਾਈਨ ਲੰਘਦੀ ਹੈ। ਮੁਸਲਮਾਨ ਸ਼ਰਨਾਰਥੀਆਂ ਦੀ ਗੱਡੀ ਲਾਹੌਰ ਨੂੰ ਜਾ ਰਹੀ ਸੀ। ਇੰਜਨ ਨਾਲ ਬਿਨਾਂ ਛੱਤ ਵਾਲਾ ਮਾਲ ਗੱਡੀ ਦਾ ਡੱਬਾ ਲੱਗਾ ਹੋਇਆ ਸੀ ਜਿਸ ਵਿਚ ਗੱਡੀ ਦੀ ਹਿਫਾਜ਼ਤ ਲਈ ਮੁਸਲਮਾਨ ਰਾਈਫ਼ਲਾਂ ਲੈ ਕੇ ਬੈਠੇ ਸਨ। ਲਾਈਨ ਦੇ ਆਸ-ਪਾਸ ਉਹ ਜਿਹੜਾ ਵੀ ਸਿੱਖ ਵੇਖਦੇ ਸਨ, ਮਾਰੀ ਜਾਂਦੇ। ਸਾਡੇ ਪਿੰਡ ਦਾ ਮੁਖਤਾਰ ਸਿੰਘ ਉਨ੍ਹਾਂ ਦੀ ਗੋਲੀ ਨਾਲ ਮਾਰਿਆ ਗਿਆ, ਉਹਦੀ ਲਾਸ਼ ਚੁੱਕ ਕੇ ਘਰ ਲਿਆਂਦੀ ਗਈ। ਸਮੇਤ ਜਮਾਲਦੀਨ ਪਿੰਡ ਦੇ ਕਈ ਮੁਸਲਮਾਨ ਉਸ ਦੇ ਬਾਪ ਕੋਲ ਅਫ਼ਸੋਸ ਕਰਨ ਆਏ। ਕਈ ਮੁਸਲਮਾਨਾਂ ਦੀਆਂ ਅੱਖਾਂ ਵਿਚ ਅੱਥਰੂ ਸਨ। ਸਾਡੇ ਲੀਡਰਾਂ ਵਿਚੋਂ ਜੇ ਥੋੜ੍ਹੀ ਜਿਹੀ ਇਨਸਾਨੀਅਤ ਹੁੰਦੀ ਤਾਂ ਸ਼ਾਇਦ 47 ਦਾ ਕਤਲੇਆਮ ਟਲ ਜਾਂਦਾ।

ਸਾਡੇ ਪਿੰਡ ਵਿਚ ਸ਼ਾਦੀ ਨਾਮ ਦਾ ਮੁਸਲਮਾਨ ਸੀ। ਉਸ ਦੀ ਇਕੋ ਇਕ ਧੀ ਚਰਾਗੋ ਸੀ। ਮੇਰੇ ਪਿਤਾ ਜੀ ਨੂੰ ਉਸ ਨੇ ਧਰਮ ਦਾ ਪੁੱਤਰ ਬਣਾਇਆ ਹੋਇਆ ਸੀ। ਪਿੰਡ ਵਿਚ ਸਿੱਖਾਂ ਤੇ ਮੁਸਲਮਾਨਾਂ ਦਰਮਿਆਨ ਲੜਾਈ ਹੋ ਪਈ। ਮੇਰੇ ਪਿਤਾ ਜੀ ਤੋਂ ਭੁਲੇਖੇ ਨਾਲ ਡਾਂਗ ਵੱਜਣ ਨਾਲ ਬਾਬੇ ਸ਼ਾਦੀ ਦੇ ਸੱਟ ਲੱਗ ਗਈ। ਕਾਫ਼ੀ ਵੱਡਾ ਜ਼ਖ਼ਮ ਹੋ ਗਿਆ। ਪਿੰਡ ਦੇ ਜਨੂੰਨੀ ਮੁਸਲਮਾਨ ਉਸ ਨੂੰ ਕਹਿਣ ਕਿ ਉਹ ਥਾਣੇ ਰਪਟ ਦਰਜ ਕਰਵਾਏ। ਬਾਬੇ ਸ਼ਾਦੀ ਨੇ ਕਿਹਾ, "ਮੇਰੇ ਪੁੱਤ ਤੋਂ ਭੁਲੇਖੇ ਨਾਲ ਮੈਨੂੰ ਸੱਟ ਲਗ ਗਈ ਹੈ, ਮੈਂ ਥਾਣੇ ਨਹੀਂ ਜਾਣਾ।"

ਚੌਧਰੀ ਅਨਾਇਤ ਉਲ੍ਹਾ ਸਾਡੇ ਪਿੰਡ ਦਾ ਅਮੀਰ ਮੁਸਲਮਾਨ ਸੀ। ਬਹੁਤ ਵਧੀਆ ਬੰਦਾ ਸੀ। ਸਾਰੇ ਪਿੰਡ ਦੇ ਲੋਕਾਂ ਦੇ ਜਾਇਜ਼ ਕੰਮਾਂ ਵਿਚ ਮਦਦ ਕਰਦਾ। ਪਿੰਡ ਦੇ ਹਿੰਦੂ ਸਿੱਖਾਂ ਵਿਚ ਉਸ ਦਾ ਬੜਾ ਆਦਰ-ਮਾਣ ਸੀ। 1947 ਵਿਚ ਉਹ ਲਾਹੌਰ ਜਾ ਵਸਿਆ। ਉਧਰ ਜਾ ਕੇ ਐਮ.ਪੀ.ਏ. (ਮੈਂਬਰ ਆਫ਼ ਪ੍ਰੋਵਿੰਸ਼ੀਅਲ ਅਸੈਂਬਲੀ) ਬਣ ਕੇ ਵਜ਼ੀਰ ਵੀ ਬਣ ਗਿਆ। ਪਾਕਿਸਤਾਨ ਬਣਨ ਪਿਛੋਂ ਪਹਿਲੀ ਵਾਰ ਵਜ਼ੀਰ ਬਣ ਕੇ ਪਿੰਡ ਆਇਆ, ਤਾਂ ਪਿੰਡ ਦੇ ਲੋਕਾਂ ਨੇ ਆਪਣੇ ਵਜ਼ੀਰ ਦੇ ਗਲ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ। ਸਾਰੇ ਪਿੰਡ ਦੇ ਲੋਕ ਭੁੰਜੇ ਦਰੀਆਂ 'ਤੇ ਬੈਠੇ ਸਨ। ਚੌਧਰੀ ਅਨਾਇਤ ਉਲ੍ਹਾ ਮੰਜੇ 'ਤੇ ਬੈਠਾ ਸੀ। ਪਿੰਡ ਦੀਆਂ ਪੁਰਾਣੀਆਂ ਯਾਦਾਂ ਦੁਹਰਾ ਰਿਹਾ ਸੀ ਅਤੇ ਕਹਿ ਰਿਹਾ ਸੀ, "ਮੈਂ ਆਪਣੇ ਮੁਸਲਮਾਨ ਭਰਾਵਾਂ ਨੂੰ ਕਹਿੰਦਾ ਹੁੰਨਾਂ ਕਿ ਜਿੰਨੀ ਮੇਰੀ ਇੱਜ਼ਤ ਸਰਦਾਰ ਕਰਦੇ ਨੇ, ਤੁਸੀਂ ਨਹੀਂ ਕਰਦੇ। ਮੈਨੂੰ ਮੇਰੇ ਭਰਾ ਫਜ਼ਲ ਇਲਾਹੀ ਦੀ ਮੌਤ ਅਤੇ ਘਰਿੰਡੇ ਪਿੰਡ ਦਾ ਵਿਛੋੜਾ ਪਤਾ ਨਹੀਂ ਕਿੰਨੀ ਵਾਰ ਰਵਾ ਦਿੰਦਾ ਹੈ।"

ਨਨਕਾਣਾ ਸਾਹਿਬ ਮੈਨੂੰ ਪਿੰਡ ਕੋਹਾਲਾ 7 ਜੀ.ਬੀ ਜ਼ਿਲ੍ਹਾ ਲਾਇਲਪੁਰ (ਹੁਣ ਫੈਸਲਾਬਾਦ) ਦਾ ਰਹਿਣ ਵਾਲਾ ਲਿਆਕਤ ਅਲੀ ਔਲਖ ਮਿਲ ਗਿਆ। ਉਸ ਨੇ ਦੱਸਿਆ, "ਸਾਡੇ ਬਜ਼ੁਰਗ 1880 ਵਿਚ ਲਾਇਲਪੁਰ ਦੇ ਚੱਕ ਨੰਬਰ 7 ਜੀ.ਬੀ. ਵਿਚ ਆ ਵਸੇ, ਜਦੋਂ ਸਾਂਦਲ ਬਾਰ ਵਸਿਆ। ਸਾਡਾ ਜੱਦੀ ਪਿੰਡ ਕੋਹਾਲਾ (ਲਾਗੇ ਲੋਪੋਕੇ ਚੋਗਾਵਾਂ) ਜ਼ਿਲ੍ਹਾ ਅੰਮ੍ਰਿਤਸਰ ਹੈ। ਉਸ ਨੇ ਔਲਖਾਂ ਦੇ ਬਾਰਾਂ ਪਿੰਡ ਸਮੇਤ ਕੋਹਾਲਾ ਗਿਣ ਕੇ ਦੱਸੇ। ਮੈਂ ਹੈਰਾਨ ਸਾਂ ਕਿ ਉਸ ਦੇ ਪਰਿਵਾਰ ਨੂੰ 128 ਸਾਲਾਂ ਬਾਅਦ ਵੀ ਆਪਣੀ ਜੰਮਣ-ਭੋਇੰ ਅਤੇ ਔਲਖਾਂ ਦੇ ਪਿੰਡ ਨਹੀਂ ਭੁੱਲੇ। ਸੰਨ 1947 ਵਿਚ ਗਏ ਲੋਕਾਂ ਨੂੰ ਆਪਣੇ ਪਿੰਡ ਕਿਵੇਂ ਭੁੱਲ ਸਕਦੇ ਹਨ? ਉਸ ਨੇ ਕਿਹਾ, "ਮੈਂ ਆਪਣਾ ਜੱਦੀ ਪਿੰਡ ਕੁਹਾਲਾ ਦੇਖਣਾ ਚਾਹੁੰਦਾ ਹਾਂ, ਪਰ ਮੈਨੂੰ ਵੀਜ਼ਾ ਨਹੀਂ ਦਿੰਦੇ। ਕਹਿੰਦੇ, ਤੈਨੂੰ ਅਜਮੇਰ ਸ਼ਰੀਫ਼ ਦਾ ਵੀਜ਼ਾ ਮਿਲ ਸਕਦਾ ਹੈ, ਪਰ ਕੁਹਾਲੇ ਦਾ ਨਹੀਂ। ਮੈਂ ਕਹਿੰਦਾ ਹਾਂ-ਮੇਰਾ ਪਿੰਡ ਹੀ ਮੇਰੇ ਵਾਸਤੇ ਅਜਮੇਰ ਸ਼ਰੀਫ਼ ਹੈ।" ਕਿਹੋ ਜਿਹੀ ਵਿਡੰਬਨਾ ਹੈ, ਬੇਜਾਨ ਦਰਗਾਹਾਂ ਉਤੇ ਤਾਂ ਅਸੀਂ ਜਾ ਸਕਦੇ ਹਾਂ, ਪਰ ਜਿਉਂਦੇ ਹਮ-ਵਤਨੀਆਂ ਨੂੰ ਨਹੀਂ ਮਿਲ ਸਕਦੇ! ਦੋਹਾਂ ਮੁਲਕਾਂ ਦੇ ਸਿਆਸਤਦਾਨਾਂ ਦੀ 'ਸਿਆਸਤ' ਹੀ ਕੁਝ ਹੋਰ ਹੈ।

ਦੋਬਲੀਆਂ ਪਿੰਡ ਦਾ ਰਹਿਣ ਵਾਲਾ ਅੱਲ੍ਹਾ ਬਖ਼ਸ਼ ਲਗਾਤਾਰ ਨਨਕਾਣਾ ਸਾਹਿਬ ਗੁਰੂ ਨਾਨਕ ਦੇ ਗੁਰਪੁਰਬ 'ਤੇ ਆ ਰਿਹਾ ਹੈ। ਉਸ ਦਾ ਕਹਿਣਾ ਹੈ-"ਦੋਹਾਂ ਸਰਕਾਰਾਂ ਦੀ 'ਕਿਰਪਾ' ਨਾਲ ਭਾਰਤ ਦਾ ਵੀਜ਼ਾ ਤਾਂ ਮੈਨੂੰ ਮਿਲਣਾ ਨਹੀਂ; ਮੈਂ ਕਹਿਨਾਂ, ਮਰਨ ਤੋਂ ਪਹਿਲਾਂ ਪਿੰਡ ਤਾਂ ਮੈਂ ਜਾ ਨਹੀਂ ਸਕਦਾ, ਮੇਰੇ ਪਿੰਡ ਦਾ ਕੋਈ ਬੰਦਾ ਹੀ ਮਿਲ ਪਏ, ਤਾਂ ਕਿ ਮੈਂ ਸਕੂਨ ਨਾਲ ਮਰ ਸਕਾਂ।"

ਜਦ ਨਨਕਾਣਾ ਸਾਹਿਬ ਤੋਂ ਲਾਹੌਰ ਆਏ ਤਾਂ ਸ਼ਾਹੂ ਦੀ ਗੜ੍ਹੀ, ਚੌਧਰੀ ਅਨਾਇਤ ਉਲ੍ਹਾ ਦੇ ਲੜਕੇ ਰਸ਼ੀਦ ਨੂੰ ਥ੍ਰੀ-ਵ੍ਹੀਲਰ 'ਤੇ ਮਿਲਣ ਜਾ ਰਹੇ ਸਾਂ। ਭੀੜ ਕਾਰਨ ਸਾਡਾ ਥ੍ਰੀ-ਵ੍ਹੀਲਰ ਰੁਕ ਗਿਆ। ਚਾਲੀ ਕੁ ਸਾਲ ਦੀ ਔਰਤ ਆਪਣੀ ਤੇਰਾਂ-ਚੌਦਾਂ ਸਾਲ ਦੀ ਲੜਕੀ ਨਾਲ ਸੜਕ 'ਤੇ ਖਲੋਤੀ ਸੀ। ਮੇਰੀ ਸਿੱਖ ਸ਼ਕਲ ਵੇਖ ਕੇ ਉਸ ਨੇ ਆਪਣੀ ਲੜਕੀ ਨੂੰ ਕਿਹਾ, "ਬੇਟਾ! ਵੇਖੋ ਸਰਦਾਰ ਸਾਹਿਬ", ਤੇ ਨਾਲ ਹੀ ਸਲਾਮ-ਦੁਆ ਕੀਤੀ। ਮੈਂ ਅੱਗਿਉਂ ਸਲਾਮ ਦਾ ਜਵਾਬ ਦਿੱਤਾ। ਉਸ ਨੇ ਕਿਹਾ, "ਸਰਦਾਰ ਜੀ! ਮੇਰੀ ਬੱਚੀ ਨੂੰ ਪਿਆਰ ਕਿਉਂ ਨਹੀਂ ਦਿੰਦੇ?" ਮੈਂ ਉਸ ਬੱਚੀ ਨੂੰ ਪਿਆਰ ਦਿੱਤਾ। ਉਹ ਦੋਵੇਂ ਬੜੀਆਂ ਖ਼ੁਸ਼ ਹੋਈਆਂ। ਮੈਨੂੰ ਹੁਣ ਪਛਤਾਵਾ ਹੈ ਕਿ ਮੈਂ ਉਸ ਭੈਣ ਦਾ ਸਿਰਨਾਵਾਂ ਕਿਉਂ ਨਾ ਲਿਆ? ਮੈਂ ਸਦਾ ਵਾਸਤੇ ਉਸ ਨੂੰ ਆਪਣੀ ਧਰਮ ਭੈਣ ਬਣਾ ਲੈਂਦਾ!

ਮੈਨੂੰ ਜਿੰਨੇ ਵੀ ਪੰਜਾਬੀ ਪੰਜਾ ਸਾਹਿਬ, ਨਨਕਾਣਾ ਸਾਹਿਬ ਅਤੇ ਲਾਹੌਰ ਮਿਲੇ, ਜੋ ਚੜ੍ਹਦੇ ਪੰਜਾਬ ਤੋਂ ਉਜੜ ਕੇ ਗਏ ਸਨ, ਸਭ ਦੀ ਖਾਹਿਸ਼ ਸੀ...ਉਹ ਆਪਣਾ ਪਿੰਡ ਤੇ ਆਪਣੇ ਲੋਕਾਂ ਨੂੰ ਵੇਖਣ/ਮਿਲਣ...ਉਹ ਪਿੱਪਲ ਤੇ ਬੋਹੜ ਵੀ ਦੇਖਣ ਜਿਥੇ ਉਹ ਬਚਪਨ ਵਿਚ ਖੇਡਦੇ ਰਹੇ ਸਨ। ਦੋਹਾਂ ਪਾਸਿਆਂ ਦੇ ਪੰਜਾਬੀ ਸੰਤਾਲੀ ਦਾ ਦੁਖਾਂਤ ਭੁੱਲ ਕੇ ਫਿਰ ਮਿਲਣਾ ਚਾਹੁੰਦੇ ਸਨ, ਪਰ ਦੋਹਾਂ ਪਾਸਿਆਂ ਦੇ ਕੱਟੜਵਾਦੀ ਅਤੇ ਸਿਆਸਤਦਾਨ ਪੰਜਾਬੀਆਂ ਨੂੰ ਮਿਲਣ ਨਹੀਂ ਦੇਣਾ ਚਾਹੁੰਦੇ! ਦੋਵੇਂ ਪਾਸੇ ਗਰੀਬੀ, ਅਨਪੜ੍ਹਤਾ, ਜਹਾਲਤ, ਭ੍ਰਿਸ਼ਟਾਚਾਰ ਅਤੇ ਨਾ-ਬਰਾਬਰੀ ਦਾ ਬੋਲਬਾਲਾ ਹੈ। ਸੋਹਣ ਸਿੰਘ ਸੀਤਲ ਦੇ ਬੋਲਾਂ ਅਨੁਸਾਰ, "ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ, ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ।" ਦੋਹਾਂ ਪਾਸਿਆਂ ਦੇ ਸਿਆਸਤਦਾਨ ਲੋਕਾਂ ਨੂੰ ਧਰਮ, ਭਾਸ਼ਾ, ਇਲਾਕੇ ਅਤੇ ਜਾਤ-ਪਾਤ ਦੇ ਨਾਂ 'ਤੇ ਲੜਾ ਕੇ ਆਪਣੀਆਂ ਗੱਦੀਆਂ ਪੱਕੀਆਂ ਕਰ ਰਹੇ ਹਨ; ਲੁੱਟ ਦੇ ਮਾਲ ਨਾਲ ਆਪਣੇ ਘਰ ਭਰ ਰਹੇ ਹਨ। ਲੋਕਾਂ ਦੀਆ ਲੋੜਾਂ-ਰੋਟੀ, ਕੱਪੜਾ, ਮਕਾਨ, ਸਿਹਤ ਅਤੇ ਵਿਦਿਆ ਦਾ ਫ਼ਿਕਰ ਨਹੀਂ। ਅੱਜ ਮਲਕ ਭਾਗੋਆਂ ਦਾ ਬੋਲਬਾਲਾ ਹੈ; ਤੇ ਭਾਈ ਲਾਲੋਆਂ ਤੇ ਉਨ੍ਹਾਂ ਦੇ ਬੱਚਿਆਂ ਦੀ ਕੋਈ ਪੁੱਛ ਨਹੀਂ। ਗਰੀਬੀ ਕਾਰਨ ਦੋਹੀਂ ਪਾਸੀਂ ਲੋਕ ਆਪਣੇ ਗੁਰਦੇ ਵੇਚ ਰਹੇ ਹਨ। ਹਸਪਤਾਲਾਂ ਵਿਚ ਦਾਖਲ ਮਰੀਜ਼ਾਂ ਦੇ ਗੁਰਦੇ ਚੋਰੀ ਕੱਢੇ ਜਾ ਰਹੇ ਹਨ।

1947 ਵਿਚ ਆਜ਼ਾਦੀ ਤਾਂ ਸਾਨੂੰ ਮਿਲ ਗਈ, ਪਰ ਆਰਥਿਕ ਆਜ਼ਾਦੀ ਤੋਂ ਬਗੈਰ ਇਹ ਅਧੂਰੀ ਹੈ। ਜਿਸ ਆਜ਼ਾਦੀ ਦਾ ਸੁਪਨਾ ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਅਤੇ ਭਗਤ ਸਿੰਘ ਵਰਗੇ ਦੇਸ਼ ਭਗਤਾਂ ਨੇ ਲਿਆ ਸੀ, ਉਹ ਆਜ਼ਾਦੀ ਅਜੇ ਵੀ ਨਹੀਂ ਆਈ। ਸ. ਭਗਤ ਸਿੰਘ ਨੇ ਕਿਹਾ ਸੀ, "ਜਦੋਂ ਤੱਕ ਇਨਸਾਨ ਦੇ ਹੱਥੋਂ ਇਨਸਾਨ ਦੀ ਲੁੱਟ ਖਤਮ ਨਹੀਂ ਹੋ ਜਾਂਦੀ, ਸਾਡਾ ਸੰਘਰਸ਼ ਜਾਰੀ ਰਹੇਗਾ।"


ਸਾਡੇ ਅਖੌਤੀ ਕਲਾਕਾਰਾਂ, ਗੀਤਕਾਰਾਂ, ਗਾਇਕਾਂ-ਗਾਇਕਾਵਾਂ ਨੇ ਨੌਜਵਾਨ ਮੁੰਡੇ-ਕੁੜੀਆਂ ਦੀ ਜੜ੍ਹ ਪੁੱਟ ਕੇ ਰੱਖ ਦਿਤੀ ਹੈ। ਸੈਕਸ ਪੱਖੋਂ ਜੋ ਵੀ ਦੁਰਘਟਨਾਵਾਂ ਪੰਜਾਬ ਵਿਚ ਵਾਪਰ ਰਹੀਆਂ ਹਨ, ਸਭ ਇਨ੍ਹਾਂ ਦੀ ਦੇਣ ਹੈ। 'ਖਾਣ ਬੱਕਰੇ ਤੇ ਪੀਣ ਸ਼ਰਾਬਾਂ, ਪੁੱਤ ਸਰਦਾਰਾਂ ਦੇ'। ਸਰਦਾਰ ਭਾਵੇਂ ਪੰਜ ਕਨਾਲ ਦਾ ਮਾਲਕ ਹੋਵੇ, ਗੀਤ ਗਾਉਣ ਵਾਲੇ ਲੱਖਾਂ-ਪਤੀ ਹੋ ਗਏ ਹਨ, ਪਰ ਮੀਟ ਖਾਣ ਵਾਲੇ ਸਰਦਾਰ ਖੁਦਕਸ਼ੀਆਂ ਕਰ ਰਹੇ ਹਨ! ਆਸ ਹੈ, ਕਾਲੀ ਬੋਲੀ ਰਾਤ ਤੋਂ ਬਾਅਦ ਸੁਨਹਿਰਾ ਦਿਨ ਜ਼ਰੂਰ ਚੜ੍ਹਦਾ ਹੈ। ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਵਾਲਾ ਮਰਦ ਜ਼ਰੂਰ ਪੈਦਾ ਹੋਵੇਗਾ ਜੋ ਕੂੜ ਨੂੰ ਸੱਚ ਵਿਚ ਬਦਲ ਦੇਵੇਗਾ। ਬਾਬੇ ਨਾਨਕ ਦੀ ਬਾਣੀ ਦੀ ਤੁਕ 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ' ਜ਼ਰੂਰ ਪੂਰੀ ਹੋਵੇਗੀ। ਪ੍ਰਸਿੱਧ ਢਾਡੀ ਤੇ ਨਾਮਵਰ ਵਿਦਵਾਨ ਮਰਹੂਮ ਪਿਆਰਾ ਸਿੰਘ ਪੰਛੀ ਜੀ ਦੇ ਇਨ੍ਹਾਂ ਬੋਲਾਂ ਜੋ ਉਨ੍ਹਾਂ 1947 ਦੀ ਵੰਡ 'ਤੇ ਲਿਖੇ ਸਨ, ਨਾਲ ਆਗਿਆ ਲੈਂਦਾ ਹਾਂ:

ਕਈ ਚਿਰਾਂ ਦੀ ਹੈ ਸੀ ਉਡੀਕ ਸਾਨੂੰ,
ਕਦੋਂ ਹੋਵੇਗਾ ਦੇਸ਼ ਆਜ਼ਾਦ ਸਾਡਾ।
ਬੇਗੁਨਾਹਾਂ ਨੂੰ ਪਿੰਜਰੀਂ ਪਾਉਣ ਵਾਲਾ,
ਨਿਕਲ ਜਾਏਗਾ ਏਥੋਂ ਸੱਯਾਦ ਸਾਡਾ।
ਸਾਡੀ ਕੀਤੀ ਕਮਾਈ ਨੂੰ ਲੁੱਟੂ ਕੋਈ ਨਾ,
ਸੋਹਣਾ ਹੋਵੇਗਾ ਦੇਸ਼ ਆਬਾਦ ਸਾਡਾ।
ਏਸ ਗੱਲ ਦਾ 'ਪੰਛੀਆ' ਪਤਾ ਨਹੀਂ ਸੀ,
ਹੋ ਜਾਣਾ ਹੈ ਝੁੱਗਾ ਬਰਬਾਦ ਸਾਡਾ।

ਪਿਆਰਾ ਸਿੰਘ 'ਪੰਛੀ' ਦੇ ਦਿਲ ਦਾ ਇਹ ਦੁੱਖ, ਸਾਡਾ ਸਾਰਿਆਂ ਦਾ ਸਾਂਝਾ ਦੁੱਖ ਹੈ।

ਲਾਹੌਰ ਵੱਸਦਾ ਵਿਦਵਾਨ ਨਜਮ ਹੁਸੈਨ ਸੱਯਦ ਪੰਜਾਬ ਦੀ ਨਾਬਰੀ ਵਾਲੀ ਪਰੰਪਰਾ ਉਤੇ ਪਹਿਰਾ ਦੇਣ ਦਾ ਚੇਤਾ ਵਾਰ-ਵਾਰ ਨਹੀਂ, ਸਗੋਂ ਹਰ ਵਾਰ ਕਰਵਾਉਂਦਾ ਹੈ। ਉਹ ਪਾਠਕ ਮਨ ਨੂੰ ਆਪਣੇ ਸ਼ਬਦਾਂ ਦੀਆਂ ਹੁੱਝਾਂ ਨਾਲ ਝੰਜੋੜਦਾ, ਉਠ ਤੁਰਨ ਲਈ ਪ੍ਰੇਰਦਾ ਹੈ। ਪੰਜਾਬੀ ਸਾਹਿਤ ਅਤੇ ਸਭਿਆਚਾਰ, ਪੂਰੇ ਜਲੌਅ ਨਾਲ ਉਹਦੀਆਂ ਲਿਖਤਾਂ ਦਾ ਹਿੱਸਾ ਬਣਿਆ ਹੈ। ਬਾਗੀ ਪੰਜਾਬੀ ਨਾਇਕ ਦੁੱਲੇ ਬਾਰੇ ਲਿਖੇ ਇਸ ਲੇਖ 'ਭਾਜੜ ਤਖਤ ਲਾਹੌਰ' ਵਿਚ ਉਹ ਅਸਲ ਵਿਚ ਸੱਚੀ-ਸੁੱਚੀ ਪੰਜਾਬੀ ਪਰੰਪਰਾ ਅਤੇ ਰੀਤ ਬਾਰੇ ਹੀ ਗੱਲਾਂ ਕਰਦਾ ਹੈ। ਬਹੁਤ ਵਾਰ ਉਹ ਸਪਸ਼ਟ ਅਤੇ ਕਈ ਵਾਰ ਗੁੱਝੀਆਂ ਰਮਜ਼ਾਂ ਨਾਲ ਪਾਠਕ ਦਾ ਦਿਲ ਠਕੋਰਦਾ ਹੈ। ਇਸ ਠਕੋਰ ਵਿਚ ਲੋਹੜੇ ਦਾ ਸੇਕ ਰਲਿਆ ਹੁੰਦਾ ਹੈ ਜਿਸ ਦੀ ਨੇੜ ਨਾਲ ਪਾਠਕ-ਮਨ ਤਰਲ ਹੋ ਤੁਰਦਾ ਹੈ। ਇਸ ਲੇਖ ਦੇ ਕੁਝ ਕੁ ਸ਼ਬਦ-ਜੋੜ ਪਾਠਕਾਂ ਦੀ ਸਹੂਲਤ ਲਈ ਸੌਖੇ ਕਰ ਲਏ ਹਨ ਅਤੇ ਬਾਕੀ ਸਾਰੇ ਜਿਵੇਂ ਦੇ ਤਿਵੇਂ ਰਹਿਣ ਦਿੱਤੇ ਹਨ ਤਾਂ ਕਿ ਸਾਨੂੰ ਪੰਜਾਬੀਆਂ, ਜਿਹੜੇ ਅਸੀਂ ਨਿੱਤ ਦਿਨ ਪੰਜਾਬੀ ਮੁਹਾਵਰੇ ਅਤੇ ਰਹਿਤਲ ਤੋਂ ਦੂਰ ਜਾਈ ਜਾਂਦੇ ਹਾਂ, ਨੂੰ ਲਹਿੰਦੀ ਪੰਜਾਬੀ ਦੇ ਇਸ ਰੰਗ ਦਾ ਥੋੜ੍ਹਾ ਅਹਿਸਾਸ ਤਾਂ ਹੋਵੇ। ਆਪਣੀ ਲਿਖਤ ਵਿਚ ਨਜਮ ਹੁਸੈਨ ਸੱਯਦ ਇਸੇ ਤਰ੍ਹਾਂ ਅਪਣੱਤ ਦਾ ਅਹਿਸਾਸ ਕਰਵਾਉਂਦਾ ਪਾਠਕ ਨੂੰ ਨਵੇਂ ਰਾਹਾਂ ਦਾ ਰਾਹੀ ਬਣਾਉਂਦਾ ਹੈ। ਦੁੱਲਾ ਭੱਟੀ ਬਾਰੇ ਇਸ ਲੇਖ ਵਿਚ ਉਹ ਲਾਲ ਹੁਸੈਨ (ਸੂਫੀ ਸ਼ਾਇਰ ਸ਼ਾਹ ਹੁਸੈਨ) ਅਤੇ ਮਾਧੋ ਦਾ ਜ਼ਿਕਰ ਕਰਨਾ ਨਹੀਂ ਭੁੱਲਦਾ ਜੋ ਨਾਬਰੀ ਦੀ ਪਰੰਪਰਾ ਨੂੰ ਤਾਂਘਦੇ ਹਨ। ਲੋਹੜੀ ਮੌਕੇ ਅਸੀਂ ਇਸ ਲੇਖ ਰਾਹੀਂ ਆਪਣੇ ਨਾਇਕ ਦੁੱਲੇ ਨੂੰ ਯਾਦ ਕਰ ਰਹੇ ਹਾਂ। -ਸੰਪਾਦਕ

# ਭਾਜੜ ਤਖਤ ਲਾਹੌਰ



ਨਜਮ ਹੁਸੈਨ ਸੱਯਦ

ਸੋਲ੍ਹਵੀਂ ਸਦੀ ਦਾ ਲਾਹੌਰ ਅਸਲੋਂ ਅਜੋਕਾ ਲਾਹੌਰ ਹੀ ਹੈ। ਇਹ ਦਰਬਾਰੀ ਕਾਰਮੁਖ਼ਤਾਰਾਂ ਦੀ ਗੱਦੀ ਹੈ। ਸ਼ਾਹੀ ਨੌਕਰਾਂ ਦਾ ਠਾਣਾ ਹੈ। ਇਥੇ ਹਾਕਮ ਟਾਬਰੀ ਉਚੀ ਵਲਗਣ ਵਲੀ ਬੈਠੀ ਹੈ, ਉਚੀ ਵਲਗਣ ਉਹਲਿਉਂ ਰੱਬ ਦੀ ਧਰਤ ਉਤੇ ਰੁੱਝੇ ਵਾਹਕਾਂ ਤੇ ਕਾਰਗੀਰਾਂ ਦੇ ਰਿਜ਼ਕ ਦੀ ਡੋਰ ਜਿਵੇਂ ਚਾਂਹਵਦੀ ਹੈ, ਭੁਆਂਵਦੀ ਹੈ, ਕਿ ਵਾਹਕ ਤੇ ਕਾਰਗੀਰ ਉਹਦੀ ਮਨਸ਼ਾ ਮੂਜਬ ਕੰਮੀਂ ਜੁਟੇ ਰਹਿਣ ਤੇ ਉਹਨੂੰ ਲੋੜੀਂਦੇ ਅੰਨ ਵਸਤ ਦੀ ਤਰੋਟ ਨਾ ਆਵੇ।

ਵਾਹਕ ਤੇ ਕਾਰਗੀਰ ਨੂੰ ਹੱਥ ਹੇਠ ਰੱਖਣ ਲਈ ਹਾਕਮ ਟਾਬਰੀ ਉਨ੍ਹਾਂ ਨੂੰ ਸਿਆਸਤ, ਇਲਮ ਤੇ ਵਰਤ ਵਰਤਾਰੇ ਵਿਚ ਆਪਣਾ ਮੁਥਾਜ ਬਣਾ ਲੈਂਦੀ ਹੈ। ਸਿਆਸਤ ਤੇ ਇਲਮ ਦੀ ਝੂਠੀ ਚੌਧਰ ਸਾਂਭਣ ਨਾਲ ਹਾਕਮ ਟਾਬਰੀ ਦੀ ਆਪਣੇ ਰਿਜ਼ਕ ਵਾਸਤੇ ਵਾਹਕ ਤੇ ਕਾਰਗੀਰ ਅੱਗੇ ਅਸਲੀ ਮੁਥਾਜੀ ਲੁਕ ਵੈਂਦੀ ਹੈ। ਹਾਕਮ ਟਾਬਰੀ ਸਿਆਸਤ ਦਾ ਅਜਿਹਾ ਢੰਗ ਚਲਾਂਵਦੀ ਹੈ, ਕਿ ਅਸਲ ਅਖ਼ਤਿਆਰ ਸ਼ਹਿਰੋਂ ਬਾਹਰ ਨਾ ਜਾਵੇ, ਆਪਣੇ ਹੱਥ ਰਵ੍ਹੇ। ਉਹ ਕਾਨੂੰਨ ਅਜਿਹੇ ਬਣਾਂਵਦੀ ਹੈ, ਜਿਹੜੇ ਕਾਰਗੀਰ ਤੇ ਵਾਹਕ ਨੂੰ ਨਾ ਸੂਝ-ਸਿਆਣ ਵਿਚ, ਨਾ ਵਾਹ-ਵਰਤਣ ਵਿਚ-ਕਿਧਰੇ ਵੀ ਆਪ-ਵਸਾਹੇ ਨਾ ਹੋਵਣ ਦੇਣ। ਉਹ ਮਦਰਸੇ ਅਜਿਹੇ ਚਾਲੂ ਕਰੇਂਦੀ ਹੈ, ਜਿਥੇ ਹਾਕਮ ਟੋਲੀ ਦੀ ਰਹਿਤਲ ਰੀਤ ਦਾ ਝੰਡਾ ਉਚਾ ਕੀਤਾ ਜਾਵੇ; ਜਿਥੇ ਪਰਖ-ਤੋਲ ਦੇ ਅਜਿਹੇ ਢੰਗ ਸਿਖੀਂਜਣ ਜਿਹੜੇ ਹਾਕਮ ਟੋਲੀ ਦੀ ਜਗ-ਮੰਨਤਾ ਕਰਾਉਣ। ਹਾਕਮ ਟਾਬਰੀ ਆਪਣਾ ਇਲਮ, ਆਪਣਾ ਰਿਵਾਜ਼, ਆਪਣਾ ਵਰਤਾਰਾ, ਆਪਣਾ ਕਾਨੂੰਨ ਪਿੰਡ ਵਸੋਂ ਦੀਆਂ ਆਂਦਰਾਂ ਵਿਚ ਵਗਾਉਣ ਵਾਸਤੇ ਵੱਟਾਂ, ਆਡਾਂ, ਮੋਘਿਆਂ ਦਾ ਪੂਰਾ ਸਰਬੰਦ ਕਰੇਂਦੀ ਹੈ। ਸ਼ਹਿਰ 'ਚ ਹੀ ਛਾਵਣੀ ਤੇ ਬਾਰੂਦਖਾਨੇ ਹਨ, ਇਹ ਉਹ ਧੌਂਸੇ ਹਨ ਜਿਨ੍ਹਾਂ ਆਸਰੇ ਹਾਕਮ ਦਾ ਹੁਕਮ ਚਲਦਾ ਹੈ।

ਦੁੱਲਾ ਭੱਟੀ ਬਾਰ ਦਾ ਵਸਨੀਕ ਹੈ। ਉਹ ਪਿੰਡ ਵਾਸੀਆਂ ਦੇ ਉਸ ਧੜੇ ਵਿਚ ਹੈ, ਜਿਨ੍ਹਾਂ ਸੱਤਾਂ ਪੀੜ੍ਹੀਆਂ ਥੀਂ ਦਿੱਲੀ ਵਿਚ ਜੰਮੀ ਅਤੇ ਲਾਹੌਰੀਂ ਪਲੀ ਬਾਦਸ਼ਾਹੀ ਦੇ ਅੱਗੇ ਸਿਰ ਨਹੀਂ ਨਿਵਾਇਆ। ਉਹਦਿਆਂ ਵੱਡ-ਵਡੇਰਿਆਂ ਏਸ ਬਾਦਸ਼ਾਹੀ ਦੇ ਘੋੜੇ ਨੂੰ ਡੱਕਣ ਲਈ ਸਿਰਾਂ ਦੇ ਬੰਨ੍ਹ ਮਾਰੇ, ਤੇ ਰੱਤ ਦੇ ਖਾਲ ਕੱਢੇ। ਦੁੱਲੇ ਵੀ ਨਿੱਕੇ ਹੁੰਦਿਆਂ ਆਪਣੀ ਰੱਤ ਨੂੰ ਅਮਾਨਤ ਹੀ ਸਮਝਿਆ ਹੈ। ਉਹਦੇ ਘਰ 'ਚ ਵੱਡਿਆਂ ਦੇ ਕੀਤੇ ਘੋਲ ਦੀ ਕਹਾਣੀ ਨਵੇਂ ਪੋਚ ਦੀ ਗੁੜ੍ਹਤੀ ਹੈ। ਉਹਨੇ ਇਸ ਕਹਾਣੀ ਨੂੰ ਮੁੜ ਖੇਡ ਕੇ ਵਿਖਾਉਣਾ ਹੈ।

ਦੁੱਲੇ ਨੇ ਆਪਣੇ ਆਪ ਨੂੰ ਨਿੱਕੇ ਹੁੰਦਿਆਂ ਤੋਂ ਹੀ ਲੜਾਈ ਲਈ ਤਿਆਰਿਆ ਹੈ। ਉਹ ਪਿੰਡ ਵਾਸੀਆਂ ਦੀ ਜੁਗਾਂ ਪੁਰਾਣੀ ਕੌੜ ਦਾ ਨਿਸ਼ਾਨ ਹੈ। ਉਹਨੂੰ ਆਪਣਾ ਆਪ ਬਚਾਉਣ ਦਾ ਕੋਈ ਧਿਆਨ ਨਹੀਂ। ਲਾਹੌਰ ਦਰਬਾਰ ਨੂੰ ਹਰ ਦਮ ਦੁੱਲੇ ਦਾ ਧੁੜਕਾ ਹੈ। ਦਰਬਾਰ ਵਾਲਿਆਂ ਲਈ ਦੁੱਲੇ ਦੇ ਜੀਵਨ ਦੀ ਹਰ ਘੜੀ ਨਵਾਂ ਜੋਖੋਂ ਜਗਾਂਵਦੀ ਹੈ। ਦੁੱਲੇ ਦਾ ਲੜਨ ਢੰਗ ਨਿਵੇਕਲਾ ਹੈ। ਉਹ ਹੁਣੇ ਹੈ, ਤੇ ਹੁਣੇ ਨਹੀਂ। ਉਹ ਹਰ ਥਾਂ ਹੋਂਦਾ ਹੈ, ਪਰ ਲੱਭਦਾ ਕਿਧਰੇ ਨਹੀਂ।

ਕਦੀ ਪਹਾੜ ਦੇ ਪਿੱਛੇ, ਕਦੀ ਝੱਲਾਂ ਵਿਚ, ਕਦੀ ਖੁੱਲ੍ਹੀ ਸੜਕ ਉਤੇ...ਸਭਨੀਂ ਥਾਈਂ ਉਹਦਾ ਲਿਸ਼ਕਾਰ ਤੇ ਘੁੰਮਕਾਰ ਹੈ। ਉਹ ਸ਼ਾਹੀ ਕਿਲ੍ਹੇ ਦੇ ਅੰਦਰ ਵੀ ਆ ਵੜਦਾ ਹੈ ਤੇ ਦਿਹੁੰ ਦੀਵੀ ਆਪਣੀ ਕਾਰ ਕਰ ਕੇ ਛਾਈਂ-ਮਾਈਂ ਹੋ ਵੈਂਦਾ ਹੈ। ਭਾਰਿਆ ਹਥਿਆਰਾਂ ਵਾਲਾ ਲੋਹੇ-ਪੋਸ਼ ਬਾਦਸ਼ਾਹੀ ਕਟਕ ਦੁੱਲੇ ਪਿਛੇ ਭੌਂਚਲਿਆ ਵੱਤਦਾ ਹੈ। ਸ਼ਾਹੀ ਕਿਲ੍ਹੇ ਵਿਚ ਰਾਤੀਂ ਕੋਈ ਸੁੱਖ ਨੀਂਦਰ ਨਹੀਂ ਸੌਂ ਸਕਦਾ।

ਓੜਕ ਪਿੰਡ ਵਸੋਂ ਦੀਆਂ ਆਂਦਰਾਂ ਵਿਚ ਧਸੀ ਹੋਈ ਸਰਕਾਰੀ ਨੌਕਰਚਾਰੀ ਕਿਸੇ ਫੰਧੇ ਨਾਲ ਦੁੱਲੇ ਨੂੰ ਫੰਧਾ ਦੇਂਦੀ ਹੈ। ਦੁੱਲੇ ਨੂੰ ਸੰਗਲ ਘੱਤ ਕੇ ਲਾਹੌਰ ਲਿਆਂਵਦੇ ਹਨ। ਵੱਤ ਲਾਹੌਰ ਦੀ ਵਲਗਣ ਹੇਠ ਉਹਨੂੰ ਸੂਲੀ ਚਾੜ੍ਹ ਦੇਂਦੇ ਹਨ। ਮੌਤ ਦੁੱਲੇ ਨੂੰ ਨਾ ਘਬਰਾਂਵਦੀ ਹੈ, ਨਾ ਥੜੇਂਦੀ ਹੈ। ਉਹਦੇ ਭਾਣੇ ਸੂਲੀ ਕੋਈ ਤਕਦੀਰ ਦਾ ਧ੍ਰੋਹ ਨਹੀਂ, ਆਪਣੀ ਲੜਾਈ ਦਾ ਮੋਰਚਾ ਹੈ, ਆਪਣੀ ਸਿਆਸਤ ਦਾ ਪੈਂਤੜਾ ਹੈ। ਦੁੱਲੇ ਨੂੰ ਮਾਰਨ ਵਾਲਿਆਂ ਦਾ ਮਨਸੂਬਾ ਇਹ ਆਹਾ, ਕਿ ਉਹਨੂੰ ਸੂਲੀ ਚਾੜ੍ਹ ਕੇ ਨਾਬਰੀ ਦੀ ਉਸ ਪੁਰਾਣੀ ਕਹਾਣੀ ਉਤੇ ਮਿੱਟੀ ਘੱਤੀਏ ਜਿਹਨੂੰ ਦੁੱਲੇ ਆਪਣੇ ਜੀਵਨ ਵਿਚ ਮੁੜ ਖੇਡ ਵਿਖਾਇਆ, ਪਰ ਦੁੱਲੇ ਆਪਣੀ ਜਾਨ ਜਲਾਦਾਂ ਦੇ ਹੱਥੋਂ ਖੱਸ ਲੀਤੀ। ਉਹਨੇ ਸੂਲੀ ਚੜ੍ਹਦਿਆਂ ਵੀ ਧੌਣ ਨਾ ਲਿਫਾਈ। ਉਹਨੇ ਸੂਲੀ ਚੜ੍ਹ ਕੇ ਵੀ ਅਕਬਰ ਨੂੰ ਲਲਕਾਰਿਆ ਤੇ ਸ਼ਾਹੀ ਮਾਣ ਭੰਡਿਆ; ਸਗੋਂ ਮਰ ਕੇ ਉਹਨੇ ਨਾਬਰੀ ਵਾਲੀ ਕਹਾਣੀ ਦਾ ਰੰਗ ਘਣਾ ਉਘਾੜਿਆ। ਮਰ ਕੇ ਉਹਨੇ ਆਪਣੀ ਸਹੁੰ ਨੂੰ ਵਧੇਰੇ ਪਕੇਰਾ ਕੀਤਾ।



*ਲਾਹੌਰ ਦੇ ਸਭ ਤੋਂ ਵੱਡੇ ਮਿਆਣੀ ਸਾਹਿਬ ਕਬਰਸਤਾਨ ਵਿਚ ਦੁੱਲੇ ਦੀ ਕਬਰ ਜਿੱਥੇ ਉਸ ਨੂੰ 1599 ਵਿਚ ਦਫਨਾਇਆ ਗਿਆ ਸੀ।*

***ਦੁੱਲੇ ਨੇ ਆਪਣੇ ਆਪ ਨੂੰ ਨਿੱਕੇ ਹੁੰਦਿਆਂ ਤੋਂ ਹੀ ਲੜਾਈ ਲਈ ਤਿਆਰਿਆ ਹੈ। ਉਹ ਪਿੰਡ ਵਾਸੀਆਂ ਦੀ ਜੁਗਾਂ ਪੁਰਾਣੀ ਕੌੜ ਦਾ ਨਿਸ਼ਾਨ ਹੈ। ਉਹਨੂੰ ਆਪਣਾ ਆਪ ਬਚਾਉਣ ਦਾ ਕੋਈ ਧਿਆਨ ਨਹੀਂ। ਲਾਹੌਰ ਦਰਬਾਰ ਨੂੰ ਹਰ ਦਮ ਦੁੱਲੇ ਦਾ ਧੁੜਕਾ ਹੈ। ਦਰਬਾਰ ਵਾਲਿਆਂ ਲਈ ਦੁੱਲੇ ਦੇ ਜੀਵਨ ਦੀ ਹਰ ਘੜੀ ਨਵਾਂ ਜੋਖੋਂ ਜਗਾਂਵਦੀ ਹੈ। ਦੁੱਲੇ ਦਾ ਲੜਨ ਢੰਗ ਨਿਵੇਕਲਾ ਹੈ। ਉਹ ਹੁਣੇ ਹੈ, ਤੇ ਹੁਣੇ ਨਹੀਂ। ਉਹ ਹਰ ਥਾਂ ਹੋਂਦਾ ਹੈ, ਪਰ ਲੱਭਦਾ ਕਿਧਰੇ ਨਹੀਂ।***

ਸ਼ਹਿਰਦਾਰਾਂ ਦੀ ਚੋਖੀ ਭੀੜ ਦੁੱਲੇ ਨੂੰ ਸੂਲੀ ਚੜ੍ਹਦਿਆਂ ਵੇਖਣ ਢੁਕੀ। ਵਿਹਲ ਦੇ ਅਕਾਏ ਲੋਕੀਂ ਤੇ ਉਹ ਲੋਕੀਂ ਜਿਹੜੇ ਉਹਦੇ ਜੀਂਵਦੇ ਦੇ ਨਾਂ ਤੋਂ ਕੰਬਦੇ ਸਨ, ਨਿੱਕਿਆਂ ਤੇ ਮੋਟਿਆਂ ਵਪਾਰਾਂ ਵਾਲੇ, ਨੀਵੀਆਂ ਉਚੀਆਂ ਨੌਕਰੀਆਂ ਵਾਲੇ, ਤੇ ਉਹ ਜਿਨ੍ਹਾਂ ਦੇ ਕੋਲ ਕੱਖ ਨਾ ਆਹਾ, ਪਰ ਡਰਦੇ ਸਨ...ਮਤਾਂ ਦੁੱਲਾ ਅਸਾਂ ਗੋਲਿਆਂ ਕੋਲੋਂ ਗਲ ਦੇ ਪਟਕੇ ਤੇ ਲੱਕ ਦੀਆਂ ਪੇਟੀਆਂ ਖੱਸ ਖੜੇ। ਮਾਲਕਾਂ ਦੀ ਮਰਜ਼ੀ ਇਹ ਆਹੀ, ਕਿ ਗੋਲਿਆਂ ਨੂੰ ਆਪਣੇ ਬਲਕਾਰ ਦਾ ਨਜ਼ਾਰਾ ਦਸੀਜੇ, ਪਰ ਗੋਲਿਆਂ ਨੂੰ ਏਸ ਨਜ਼ਾਰੇ ਦੀ ਲੋੜ ਈ ਨਹੀਂ। ਉਨ੍ਹਾਂ ਚਿਰੋਕਣਾ ਖੌਫ ਨੂੰ ਮੁਰਸ਼ਦ ਮੰਨ ਲੀਤਾ ਹੋਇਆ ਹੈ। ਖੌਫ ਨੂੰ ਉਹ ਬਲਾ ਟਾਲ ਟੂਣਾ ਸਮਝ ਕੇ ਸੀਨਿਆਂ ਅੰਦਰ ਮੜ੍ਹਾਈ ਬੈਠੇ ਹਨ। ਉਨ੍ਹਾਂ ਮਾਲਕਾਂ ਦੀ ਰਹਿਤਲ ਨੂੰ, ਉਨ੍ਹਾਂ ਦੇ ਵਰਤਾਰੇ ਨੂੰ ਉਚਾ ਸੱਚ ਮੰਨ ਘਿੱਦਾ ਹੈ। ਉਹ ਮਾਲਕ ਦੀ ਦੌਲਤ ਲੈ ਨਹੀਂ ਸਕਦੇ ਪਰ ਏਸ ਦੌਲਤ ਦੇ ਚਾਕਰਾਂ, ਸਾਂਭਿਆਂ ਤੇ ਰਾਖਿਆਂ ਵਿਚ ਨਾਵਾਂ ਲਵਾ ਕੇ ਉਹਦੇ ਨਾਲ ਝੂਠਾ ਜਿਹਾ ਸਾਂਗਾ ਤਾਂ ਜੋੜ ਸਕਦੇ ਹਨ। ਲਾਹੌਰ ਦੇ ਇਹ ਵਸਨੀਕ ਸਦਾ ਹੁਸੜੇ ਤੇ ਉਦਾਸੇ ਰਹਿੰਦੇ ਹਨ। ਉਹ ਜੋ ਕੁਝ ਬਣ ਗਏ ਹਨ, ਉਹ ਬਣਨ ਲਈ ਉਨ੍ਹਾਂ ਨੂੰ ਆਪਣੇ ਅੰਦਰ ਕਿਸੇ ਸ਼ੈਅ ਦਾ ਸੰਘ ਘੁਟਣਾ ਪਿਆ। ਉਨ੍ਹਾਂ ਨੂੰ ਇਹ ਤਾਂ ਸਾਰ ਨਹੀਂ ਕਿ ਉਹ ਕੀ ਸ਼ੈਅ ਆਹੀ, ਪਰ ਇਤਨਾ ਪਤਾ ਕਿ ਅੰਦਰ ਕੋਈ ਮੁਰਦਾ ਪਿਆ ਤਰੱਕਦਾ ਹੈ। ਜਦੋਂ ਦੁੱਲਾ ਸੂਲੀ ਚੜ੍ਹਿਆ, ਪਲ ਦਾ ਪਲ ਉਨ੍ਹਾਂ ਨੂੰ ਝਉਲਾ ਜਿਹਾ ਪਿਆ ਕਿ ਦੁੱਲੇ ਦੇ ਮਰਨ ਦਾ ਸਾਡੇ ਜੀਵਨ ਨਾਲ ਕੋਈ ਸਬੰਧ ਹੈ, ਪਰ ਇਹ ਪਲ ਦਾ ਝਉਲਾ ਮੁੱਕ ਗਿਆ। ਦੁੱਲਾ ਸੂਲੀ ਚੜ੍ਹ ਗਿਆ ਤੇ ਲਾਹੌਰ ਦੇ ਇਹ ਵਸਨੀਕ ਖਲੋਤੇ ਤੱਕਦੇ ਰਹੇ।

ਲਾਹੌਰ ਦੇ ਵਸਨੀਕਾਂ ਦੀ ਏਸ ਭੀੜ ਵਿਚ ਪਵਲੀ ਪੁੱਤਰ ਲਾਲ ਹੁਸੈਨ ਵੀ ਹੈ। ਲਾਹੌਰ ਦਾ ਜੰਮ-ਪਲ ਹੋਂਦਿਆਂ ਵੀ ਹੋਰਾਂ ਕੋਲੂੰ ਅੱਡਰਾ ਹੈ। ਸੋਚ ਵੀ ਉਹਦੀ ਡਰਾਵਣੀ ਹੈ, ਪਰ ਸਰਕਾਰ ਉਹਨੂੰ ਏਸ ਕਾਰਨ ਚਾਂਵਦੀ ਹੈ, ਕਿ ਉਹਦੀ ਸੋਚ ਤੇ ਉਹਦੇ ਜੀਵਨ ਵਿਚ ਕੋਈ ਨਿਖੇੜ ਨਹੀਂ। ਮਲਕ ਅਲੀ ਕੋਤਵਾਲ ਜਿਹੜਾ ਦੁੱਲੇ ਦੀ ਸੂਲੀ ਦਾ ਸਰਬੰਧ ਕਰਨ ਆਇਆ ਹੈ, ਚਿਰੋਕਣਾ ਲਾਲ ਹੁਸੈਨ ਦੀ ਟੋਹ ਵਿਚ ਹੈ। ਭੀੜ ਵਿਚ ਲਾਲ ਹੁਸੈਨ ਨੂੰ ਵੇਖ ਕੇ ਮਲਕ ਅਲੀ ਕੋਤਵਾਲ ਨੂੰ ਦੁੱਲਾ ਭੁੱਲ ਗਿਆ। ਹੁਕਮ ਕੀਤੋਸ, ਤੇ ਪਿਆਦਿਆਂ ਲਾਲ ਹੁਸੈਨ ਨੂੰ ਸੰਗਲ ਚਾ ਘੱਤੇ, ਪਰ ਸੰਗਲ ਲਾਲ ਹੁਸੈਨ ਦੇ ਵਜੂਦ 'ਤੇ ਖਲੋਂਵਦੇ ਨਹੀਂ, ਖੁੱਲ੍ਹ ਕੇ ਪਰ੍ਹਾਂ ਜਾ ਪੈਂਦੇ ਹਨ। ਕੋਤਵਾਲ ਛਿੱਥਾ ਪੈ ਕੇ ਏਸ ਰਮਜ਼ ਵੱਲ ਗਹੁ ਨਹੀਂ ਕਰੇਂਦਾ, ਤੇ ਲਾਲ ਹੁਸੈਨ ਨੂੰ ਬੁੜ੍ਹਕਦਾ ਹੈ ਕਿ 'ਤੈਨੂੰ ਤਸੀਹੇ ਦੇ ਕੇ ਮਰੇਸਾਂ'। ਇਹ ਵੀ ਹੋ ਸਕਦਾ ਹੈ ਕਿ ਮਲਕ ਅਲੀ ਨੂੰ ਸੰਗਲਾਂ ਵਾਲੀ ਰਮਜ਼ ਦੀ ਡਾਢੀ ਸੰਵਾਨ ਹੋਵੇ ਤੇ ਉਸ ਸਹੀ ਬੁੱਝਿਆ ਹੋਵੇ ਕਿ ਲਾਲ ਹੁਸੈਨ ਉਹਦਿਆਂ ਮਾਲਕਾਂ ਦੇ ਰਾਜ ਦਾ ਓਡਾ ਈ ਕਰੜਾ ਵੈਰੀ ਹੈ ਜਿੱਡਾ ਦੁੱਲਾ। ਦੁੱਲਾ ਸ਼ਾਹੀ ਹੁਕਮ ਦੇ ਘਰ ਨੂੰ ਬਾਹਰੋਂ ਧਾਵਾ ਕਰ ਕੇ ਢਾਵਣ ਚੜ੍ਹਿਆ ਹੈ; ਲਾਲ ਹੁਸੈਨ ਅੰਦਰੋਂ ਲਾਂਬੂ ਲਾ ਕੇ ਫੂਕਣ ਲੋੜਦਾ ਹੈ। ਐਵੇਂ ਨਹੀਂ ਉਹ ਸੂਲੀ ਵੇਲੇ ਦੁੱਲੇ ਸਾਹਵੇਂ ਹੋਇਆ।

ਪਰ ਮਲਕ ਅਲੀ ਕੋਤਵਾਲ ਇਹ ਨਹੀਂ ਜਾਤਾ, ਪਈ ਜਦ ਤਾਈਂ ਅਸਾਂ ਜੀਵਦੇ ਹਾਂ, ਲਾਲ ਹੁਸੈਨ ਨੂੰ ਸੰਗਲੀਂ ਵਲਿਆ ਨਹੀਂ ਜਾ ਸਕਦਾ। ਸਾਡਾ ਈਮਾਨ ਇਸ ਗੱਲ ਨੂੰ ਕਬੂਲਦਾ ਨਹੀਂ। ਸਾਡੇ ਲਈ ਉਹ ਰਾਂਝਾ ਹੈ ਜਿਸ ਖੇੜਿਆਂ ਦੇ ਸ਼ਹਿਰ ਲਾਹੌਰ ਵਿਚ ਆਣ ਉਤਾਰਾ ਕੀਤਾ ਹੈ। ਉਹ ਸਾਡੇ ਵਸੇਬੇ ਦੀਆਂ ਨਾੜਾਂ ਵਿਚੋਂ ਜ਼ਾਹਿਰ ਪੂਜਾ ਦੇ ਝੁਮੇ ਲਾਹ ਕੇ ਸੂਹੀ ਧੁਖਦੀ ਰੱਤ ਦੀ ਛਲ ਉਛਾਲਣ ਆਇਆ ਹੈ।

ਸਾਡੇ ਵਸੇਬੇ ਵਿਚ ਸੋਚ ਉਤੇ ਕਾਜ਼ੀ ਮੁੱਲਾਂ ਤੇ ਕੈਦੋਂ ਦਾ ਪਹਿਰਾ ਹੈ। ਇਥੇ ਜੀਵਦਿਆਂ ਜੀਆਂ ਦੀਆਂ ਲੋੜਾਂ-ਥੁੜਾਂ ਨੂੰ ਕਦੀ ਗਹੁ ਗੋਚਰਾ ਨਹੀਂ ਸਮਝਿਆ ਜਾਂਦਾ; ਮਤਾਂ ਵਿਹਾਰ ਦਾ ਬਾਹਰਲਾ ਪੋਚਾ ਨਾ ਤਿੜਕੇ। ਇਥੇ ਸੱਚੇ ਸਾਂਗੇ ਨੂੰ ਤਾਂਘਣਾ ਨਿਕੰਮੀ ਗੱਲ ਸਮਝਿਆ ਜਾਂਵਦਾ ਹੈ। ਜ਼ਾਹਿਰ ਬਾਹਰ ਦੇ ਸਬੰਧ ਹੀ ਢੇਰ ਸਮਝਦੇ ਜਾਂਵਦੇ ਹਨ, ਪਰ ਬੰਦਾ ਜ਼ਾਹਿਰ ਬਾਹਰ ਦਿਆਂ ਸਬੰਧਾਂ ਨਾਲ ਨਹੀਂ ਜੀਅ ਸਕਦਾ। ਉਹਨੂੰ ਆਪਣੇ ਆਪ ਨਾਲ ਇਕ ਹੋ ਕੇ ਜੀਵਨ ਲਈ ਤੇ ਹੱਡਾਂ ਵਿਚ ਜੀਵਨ ਸੇਕ ਮਾਨਣ ਲਈ ਸੱਚਿਆਂ, ਗੂੜ੍ਹਿਆਂ ਸਾਂਗਿਆਂ ਦੀ ਭੁੱਖ ਰਹਿੰਦੀ ਹੈ। ਉਹਨੂੰ ਆਪਣੇ ਅੰਦਰੋਂ ਉਛਲਦੀ ਜੀਵਨ ਲਹਿਰ ਨਾਲ ਤੇ ਬਾਹਰ ਵਗਦੇ ਜੀਵਣ ਵਹਿਣ ਨਾਲ, ਆਪਣੇ ਮਨ ਨਾਲ ਤੇ ਦੂਜਿਆਂ ਦੇ ਮਨ ਨਾਲ ਗੂੜ੍ਹੀਆਂ ਪਾਵਣ ਦੀ ਤਾਂਘ ਰਹਿੰਦੀ ਹੈ। ਉਹ ਜੀਅ ਤਦੇ ਸਕਦਾ ਹੈ, ਜੇ ਹਰਦਮ ਜੀਵਨ ਚੱਕ ਉਤੇ ਚੜ੍ਹਿਆ ਬਣ-ਬਣ ਪਿਆ ਉਭਰੇ, ਤੇ ਉਭਰ ਉਭਰ ਪਿਆ ਬਣੇ। ਅਰਸ਼ਾਂ ਵਲ ਪਿਆ ਉਛਲੇ, ਤੇ ਧਰਤ ਅੰਦਰ ਮੇਂਵਦਾ ਤੇ ਪਸਰਦਾ ਰਵ੍ਹੇ, ਪਰ ਖੇੜਾਸ਼ਾਹੀ ਦਾ ਜ਼ਾਬਤਾ, ਕਾਜ਼ੀ ਮੁੱਲਾਂ ਤੇ ਕੈਦੋਂ ਦਾ ਪ੍ਰਚਾਰਿਆ ਤੇ ਪਾਲਿਆ ਜ਼ਾਬਤਾ ਬੰਦਿਆਂ ਕੋਲੋਂ ਜ਼ਮਾਨਤਾਂ ਮੰਗਦਾ ਹੈ, ਪਈ ਜੇ ਰਹਿਣਾ ਹੈ ਤਾਂ ਛੜੇ ਸਿਫ਼ਰੇ ਬਣ ਕੇ ਰਹੋ। ਬਾਹਰੋਂ ਬੰਦ ਤੇ ਅੰਦਰੋਂ ਸੱਖਣੇ।

ਪਰ ਲਾਲ ਹੁਸੈਨ ਸਿਫ਼ਰਾ ਬਣ ਕੇ ਨਹੀਂ ਰਹਿ ਸਕਦਾ, ਤੇ ਨਾ ਹੋਰਾਂ ਨੂੰ ਸਿਫ਼ਰੇ ਬਣ ਕੇ ਰਹਿੰਦਿਆਂ ਵੇਖ ਸਕਦਾ ਹੈ। ਉਹ ਨਿਰਾ ਜਾਲਣ ਨਹੀਂ, ਜੀਵਨ ਚਾਂਹਵਦਾ ਹੈ, ਹੋਵਣ ਚਾਂਹਵਦਾ ਹੈ। ਉਹ ਬੰਦੇ ਦਿਆਂ ਹੱਡਾਂ ਨੂੰ ਮੁੜ ਜੀਵਨ ਦਾ ਨਿੱਘ ਦੇਵਣ ਲੋੜਦਾ ਹੈ। ਖੇੜਾਸ਼ਾਹੀ ਉਹਨੂੰ ਡੱਕਣ 'ਤੇ ਤੁਲੀ ਬੈਠੀ ਹੈ, ਕਿਉਂ ਜੇ ਖੇੜਾਸ਼ਾਹੀ ਜੀਵਨ ਦੇ ਸਾਰੇ ਰਸਤੇ ਡੱਕ ਕੇ ਈ ਆਪਣੀ ਖੋਖਲੀ ਜਾਲ, ਜਾਲ ਸਕਦੀ ਹੈ। ਖੇੜਾਸ਼ਾਹੀ ਠੁੱਕ ਤਾਂ ਈ ਖਲੋ ਸਕਦੇ ਹਨ, ਜੇ ਉਨ੍ਹਾਂ ਦੇ ਸਾਹਵੇਂ ਹੋਰ ਕੋਈ ਠੁੱਕ ਨਾ ਉਠੇ, ਤੇ ਵਸੇਬ ਦੀ ਹੋਣੀ, ਕਰਨੀ ਦੀ ਮੁਹਾਰ ਉਨ੍ਹਾਂ ਦੇ ਹੱਥ ਈ ਟਿਕੀ ਰਵ੍ਹੇ। ਖੇੜੇ ਅਸਲੀ ਬੰਦੇ ਨਹੀਂ। ਜੀਂਵਦੇ ਜਾਗਦੇ ਹੋਵਣਹਾਰ ਜੀਅ ਨਹੀਂ, ਪਰਛਾਵੇਂ ਹਨ। ਉਨ੍ਹਾਂ ਦੀ ਨਿਸ਼ਾ ਤਾਹੀਉਂ ਹੈ ਜੇ ਸਾਰਾ ਜੱਗ ਪਰਛਾਵਾਂ ਬਣ ਵੰਞੇ।

ਲਾਲ ਹੁਸੈਨ ਉਤੇ ਖੇੜਾਸ਼ਾਹੀ ਦਾ ਮੰਤਰ ਨਾ ਫਿਰਿਆ। ਉਹ ਪਰਛਾਵਾਂ ਬਣਨ ਤੋਂ ਨਾਬਰ ਹੋ ਖਲੋਤਾ। ਲਾਲ ਹੁਸੈਨ ਖੇੜਿਆਂ ਦੇ ਜ਼ਾਬਤੇ ਤੋਂ ਮੂਲੋਂ ਕੰਡ ਵਲਾ ਗਿਆ ਹੈ। ਪਰਛਾਵਿਆਂ ਦੀ ਦੁਨੀਆਂ ਵਿਚੋਂ ਉਹਨੇ ਆਪਣਾ ਦਾਣਾ-ਪਾਣੀ ਚਾ ਖੜਿਆ ਹੈ। ਉਹ ਹੁਣ ਕਿਸੇ ਸ਼ੈਅ ਦੀ ਮਾਲਕੀ ਲਈ ਨਹੀਂ ਪਿਆ ਘੁਲਦਾ, ਸਗੋਂ ਉਹ ਆਪਣੇ ਸਿਰੋਂ ਮੂਲ ਦੇ ਭਾਰ ਲਾਹੀ ਜਾਂਵਦਾ ਹੈ। ਅਸਲੋਂ ਆਪਣਾ ਆਪ ਥੀਵਣ ਵਾਸਤੇ ਉਹਨੇ ਸਾਰੇ ਕੱਪੜੇ ਲਾਹ ਛੱਡੇ ਹਨ। ਲਾਲ ਹੁਸੈਨ ਦਾ ਵਰਤਾਰਾ ਖੇੜਾਸ਼ਾਹੀ ਦਾ ਅਸਲ ਤੋੜ ਹੈ। ਉਹਦੇ ਹੋਵਣ ਵਿਚ ਖੇੜਿਆਂ ਨੂੰ ਆਪਣਾ ਨਾ ਹੋਵਣ, ਉਹਦੇ ਵਾਸ ਵਿਚ ਆਪਣਾ ਉਜਾੜਾ ਦਿਸਦਾ ਹੈ।

ਲਾਲ ਹੁਸੈਨ ਦੇ ਕੰਮ, ਵਸੇਬ ਦਿਆਂ ਰੋਗਾਂ ਦਾ ਉਪਾਅ ਹਨ। ਉਹ ਇਕੋ ਸੱਟ ਨਾਲ ਢਾਂਵਦਾ ਤੇ ਉਸਾਰਦਾ ਟੁਰਿਆ ਜਾਂਵਦਾ ਹੈ। ਲਾਲ ਹੁਸੈਨ ਦੇ ਕੰਮ ਖੇੜਿਆਂ ਦੇ ਕੋਝ ਨੂੰ, ਉਨ੍ਹਾਂ ਦੀ ਵਾਂਝ ਰਹਿਤਲ ਨੂੰ ਧੁਪ ਲੁਆ ਕੇ ਸਾੜਦੇ ਹਨ। ਉਹਦੀ ਥਾਂਵੇਂ ਨਵੇਂ ਜੀਵਨ ਦੇ ਬੀਅ ਕੇਰੀ ਆਂਵਦੇ ਹਨ। ਉਹਦੀ ਸ਼ਰਾਬ ਦੀ ਮਸਤੀ ਖੇੜਾ-ਰਹਿਤਲ ਦੀ ਖੋਟੀ ਸਾਵਧਾਨੀ ਤੇ ਹੀਣੀ ਸੁਰਤ ਸੰਭਾਲ ਨੂੰ ਭੰਡਦੀ ਹੈ। ਖੇੜਾ-ਰਹਿਤਲ ਦੀ ਸੁਰਤ ਸੰਭਾਲ ਨਿਰਾ ਭਰਮ ਹੈ। ਲਾਲ ਹੁਸੈਨ ਦੀ ਮਸਤੀ ਭਰਮ ਗੰਵਾਂਵਦੀ ਤੇ ਚਾਨਣ ਲਾਂਵਦੀ ਹੈ। ਮਾਧੋ ਨਾਲ ਉਹਦਾ ਇਸ਼ਕ ਇਹ ਦੱਸਦਾ ਹੈ, ਪਈ ਖੇੜਾਸ਼ਾਹੀ ਵਿਚ ਜਣੇ-ਜ਼ਨਾਨੀ ਦਾ ਸਾਕ ਸੱਚਾ ਨਹੀਂ ਹੋ ਸਕਦਾ। ਖੋਹ-ਖੱਸ ਤੇ ਮੱਲੋ-ਮੱਲੀ ਦੇ ਵਿਹਾਰ ਨੇ ਜ਼ਨਾਨੀ ਨੂੰ ਉਕਾ ਬਿਹਬਲ ਕਰ ਛੱਡਿਆ ਹੈ। ਉਹਨੂੰ ਸੂਝ ਸੋਚ ਤੋਂ ਵਾਂਝ ਕੇ ਉਹਦੀ ਆਪ-ਵਸਾਹੀ ਮੁਕਾ ਦਿੱਤੀ ਹੈ। ਹੁਣ ਉਹਦੀ ਡੋਰ ਉਨ੍ਹਾਂ ਬੇਨਾਮ, ਬੇਸ਼ਕਲ ਪਰਛਾਵਿਆਂ ਦੇ ਹੱਥ ਹੈ ਜਿਨ੍ਹਾਂ ਨੂੰ ਖੇੜਾਸ਼ਾਹੀ ਦੇ ਠੁੱਕ ਆਖਿਆ ਜਾਂਦਾ ਹੈ। ਜ਼ਨਾਨੀ ਨੇ ਆਪ ਵੀ ਇਨ੍ਹਾਂ ਠੁੱਕਾਂ ਦੀ ਗੋੱਲੀ ਬਣਨਾ ਕਬੂਲ ਲੀਤਾ ਹੈ। ਹੁਣ ਉਹ ਇਨ੍ਹਾਂ ਠੁੱਕਾਂ ਦੀ ਪਾਲਣਹਾਰ ਤੇ ਸੰਭਾਲਣਹਾਰ ਹੈ। ਲੋਕਾਈ ਦਾ ਸਿਰ ਖੇੜਾਸ਼ਾਹੀ ਅੱਗੇ ਨਿਵਾਵਣ ਲਈ ਵਿਚੋਲੀ ਹੈ। ਜਣੇ-ਜ਼ਨਾਨੀ ਦਾ ਸਾਕ ਹੁਣ ਖੇੜਾ-ਰਹਿਤਲ ਨੂੰ ਚਲਾਵਣ ਤੇ ਵਧਾਵਣ ਵਾਸਤੇ ਸਭ ਤੋਂ ਵੱਡਾ ਹਥਿਆਰ ਹੈ। ਮਾਧੋ ਖੇੜਾਸ਼ਾਹੀ ਦਾ ਦਾਸ ਨਹੀਂ ਬਣਦਾ। ਉਹ ਲਾਲ ਹੁਸੈਨ ਨਾਲ ਨਿਹੁੰ ਲਾਂਵਦਾ ਹੈ। ਲਾਲ ਹੁਸੈਨ ਤੇ ਮਾਧੋ ਦਾ ਨਿਹੁੰ ਖੇੜਾਸ਼ਾਹੀ ਦੇ ਕੋਝ ਦੇ ਪਰਦੇ ਪਾੜਦਾ ਹੈ। ਆਪ ਇਹ ਨਿਹੁੰ ਬੇਪਰਦ, ਨਿਲੱਜ ਤੇ ਅਣਝਕ ਹੈ। ਖੇੜਿਆਂ ਦੀ ਹਨੇਰ ਰਹਿਤਲ ਵਿਚ ਅੱਗ ਦਾ ਨੰਗਾ ਲਾਂਬੂ ਹੈ ਜਿਹੜਾ ਸਾੜਦਾ ਵੀ ਹੈ ਤੇ ਜਵਾਲਦਾ ਵੀ ਹੈ।

ਅੰਦਰ ਮਚੇ ਬੇਵਸਾਹੀ ਦੇ ਝਲ ਵਿਚ ਖੇੜਾ-ਰਹਿਤਲ ਦੇ ਜਣੇ-ਜ਼ਨਾਨੀਆਂ ਇਕ-ਦੂਜੇ ਨਾਲ ਨਿਰੇ ਕਾਗ਼ਜ਼ੀ ਸਾਂਗੇ ਲਾਂਵਦੇ ਹਨ। ਤ੍ਰੀਮਤਾਂ ਇਕੇ ਤਾਂ ਲਛਮੀਆਂ ਹਨ ਜਿਹੜੀਆਂ ਬਾਹਰੋਂ ਧਨ ਰੋਲ ਕੇ ਘਰੀਂ ਲਿਆਂਵਦੀਆਂ ਹਨ, ਤੇ ਇਕੇ ਆਪ ਪਰਾਇਆ ਧਨ ਹਨ ਜਿਹੜਾ ਮਾਪਿਆਂ ਦੇ ਖਾਤੇ ਵਿਚੋਂ ਨਿਕਲ ਕੇ ਬਿਗਾਨੇ ਖਾਤੇ ਵਿਚ ਚੜ੍ਹ ਵੈਂਦਾ ਹੈ। ਤ੍ਰੀਮਤਾਂ ਤ੍ਰੀਮਤਾਂ ਨਹੀਂ, ਖਾਤਿਆਂ ਦੇ ਅੰਕੜੇ ਹਨ। ਮੁੜ ਜ਼ਨਾਨੀਆਂ ਬਣਨਾ ਉਨ੍ਹਾਂ ਦੇ ਵੱਸ ਨਹੀਂ। ਨਾ ਹੀ ਉਨ੍ਹਾਂ ਨੂੰ ਇਹਦੀ ਸੱਧਰ ਹੈ। ਜਦੋਂ ਬੰਦਾ ਰਹਿਤਲ ਦਿਆਂ ਠੁੱਕਾਂ ਅੱਗੇ ਹਾਰ ਮੰਨ ਘਿੰਨਦਾ ਹੈ ਤੇ ਉਹਦੀਆਂ ਸਿੱਕਾਂ ਸੱਧਰਾਂ ਉਵੀਂ ਥੀ ਵੈਂਦੀਆਂ ਹਨ, ਜਿਵੇਂ ਰਹਿਤਲ ਵਾਲਿਆਂ ਨੂੰ ਭਾਵੇ।

ਖੇੜਿਆਂ ਦੀ ਰਹਿਤਲ ਵਿਚ ਸਮਝੋ ਭੁੱਖ ਭੁੱਖ ਨਹੀਂ ਰਹੀ, ਤੇ ਕਾਮ ਕਾਮ ਨਹੀਂ ਰਿਹਾ। ਜਿਵੇਂ-ਜਿਵੇਂ ਕਾਮ ਉਤੇ ਸਜਾਵਟਾਂ ਦੇ ਸਤਰੰਗੇ ਚਿਲਕਵੇਂ ਪਰਦੇ ਪੈਂਦੇ ਗਏ, ਸਜਾਵਟੀ ਰਹਿਤ ਵਿਚ ਸਜਾਵਟੀ ਆਰਟ ਤੇ ਸਜਾਵਟੀ ਸ਼ਾਇਰੀ ਰਾਹੀਂ ਕਾਮ ਦਾ ਸਤਰੰਗਿਆ ਲਾਟੂ ਜਗਦਾ ਗਿਆ, ਤਿਵੇਂ-ਤਿਵੇਂ ਰਸ ਅੱਗੇ ਝੱਪੇ ਚੜ੍ਹਦੇ ਗਏ, ਉਲੇਲ ਮੁੱਕਦੀ ਗਈ, ਸੁਰਤ ਸੌਂਦੀ ਗਈ, ਸੁਭਾਅ ਖੁੰਢੇ ਹੁੰਦੇ ਗਏ। ਹੁਣ ਸਦਾ ਹੁਸੜੇ ਖੇੜੇ ਜ਼ਨਾਨੀ ਨੂੰ ਵੇਖਦੇ ਹਨ, ਤੇ ਉਨ੍ਹਾਂ ਨੂੰ ਕਾਮ ਸੈਨਤ ਮਰੇਂਦਾ ਹੈ, ਪਰ ਕੋਲ ਜਾਂਦੇ ਹਨ ਤੇ ਇਹ ਸੈਨਤ ਝੌਂ ਜਾਂਵਦੀ ਹੈ, ਤੇ ਜ਼ਨਾਨੀ ਲੱਭਦੀ ਹੀ ਨਹੀਂ। ਕਾਮ ਦੀ ਸੈਨਤ ਐਵੇਂ ਝਉਲਾ ਹੈ ਜਿਹੜਾ ਅਸਲ ਵਿਚ ਜੀਵਨ ਆਸਰੇ ਲੱਭਣ ਦਾ ਤਰਲਾ ਹੈ। ਕਾਮ ਦੀ ਇਹ ਸੈਨਤ, ਇਹ ਝਉਲਾ, ਇਹ ਤਰਲਾ ਬੰਦਿਆਂ ਦਾ ਆਸਰਾ ਤਾਂ ਨਹੀਂ ਬਣ ਸਕਦਾ, ਹਾਂ! ਪਰਛਾਵਿਆਂ ਵਿਚ ਜਾਨ ਪਾਈ ਰੱਖਦਾ ਹੈ। ਹੋਵਣ ਦੀ ਰੜਕ ਲੁਕਾਈ ਰੱਖਦਾ ਹੈ, ਤੇ ਨਾ ਹੋਵਣ ਦੇ ਵਹਿਣ ਵਿਚ ਵਗਾਈ ਰੱਖਦਾ ਹੈ।

ਜਣੇ ਜਣੇ ਨਹੀਂ ਤੇ ਜ਼ਨਾਨੀਆਂ ਜ਼ਨਾਨੀਆਂ ਨਹੀਂ। ਉਹ ਇਕ-ਦੂਜੇ ਨਾਲ ਰਹਿੰਦੇ ਨਹੀਂ, ਆਪੋ ਆਪਣਾ ਭਿਲਾ ਕਰਨ ਲਈ ਇਕ-ਦੂਜੇ ਨੂੰ ਵਰਤਦੇ ਹਨ। ਇਕ-ਦੂਜੇ ਨੂੰ ਆਪੋ-ਆਪਣੇ ਪਰਛਾਵੇਂ ਦੀ ਵਸਾਖੀ ਬਣੇਂਦੇ ਹਨ। ਵਧੋ-ਵਧੀ ਮੱਲ ਮਾਰਨ ਦੇ ਵਪਾਰ ਵਿਚ ਇਕ-ਦੂਜੇ ਦੇ ਸ਼ਰੀਕ ਵੀ ਹਨ ਤੇ ਭਾਈਵਾਲ ਵੀ। ਜੇ ਤੁਸਾਂ ਦਾ ਵਪਾਰ ਲਾਹੇਵੰਦਾ ਹੋਵੇ ਤਾਂ ਕਾਮ ਦੇ ਝਾਕੇ ਵਾਲੀ ਖੇਡ ਵੀ ਬਣੀ ਰਹਿੰਦੀ ਹੈ। ਜੇ ਵਪਾਰ ਵਿਚ ਹਾਰ ਹੋਈ, ਤੇ ਇਹ ਖੇਡ ਵੀ ਠੱਪ ਘੱਤੀ! ਖੇੜਿਆਂ ਦੇ ਠੁੱਕ ਕੁਦਰਤ

**(ਅਗਲੇ ਸਫੇ 'ਤੇ ਜਾਰੀ)**

ਦਿਆਂ ਠੁੱਕਾਂ ਨੂੰ ਤਰੋੜਦੇ ਹਨ। ਖੇੜਿਆਂ ਦਿਆਂ ਠੁੱਕਾਂ ਨੂੰ ਭੰਡ ਕੇ ਲਾਲ ਹੁਸੈਨ ਕੁਦਰਤ ਦਿਆਂ ਠੁੱਕਾਂ ਦਾ ਪਾਲਣ ਕਰੇਂਦਾ ਹੈ। ਉਹ ਬੰਦੇ ਦੀਆਂ ਸੁੱਕੀਆਂ ਜੜ੍ਹਾਂ ਵਿਚ ਪਾਣੀ ਤਰੌਂਕਦਾ ਹੈ।

ਮਾਧੋ ਦੇ ਇਸ਼ਕ ਵਿਚ ਦੋ ਰਮਜ਼ਾਂ ਹੋਈਆਂ। ਇਕ ਤਾਂ ਇਹ ਇਸ਼ਕ ਹੋਕਾ ਪਿਆ ਦੇਂਦਾ ਹੈ ਕਿ ਖੇੜਾਸ਼ਾਹੀ ਵਿਚ ਕਾਮ ਦੇ ਸੋਮੇ ਪੂਰ ਘੜੇ ਹਨ, ਤੇ ਖੇੜਾਸ਼ਾਹੀ ਆਪਣੇ ਅਖ਼ੀਰ ਨੂੰ ਪੁੱਜ ਖਲੋਤੀ ਹੈ। ਦੂਜਾ ਇਹ ਇਸ਼ਕ ਵਿਖਾਲਦਾ ਹੈ, ਪਈ ਅਸਲ ਸਾਂਗਾ ਕੀ ਹੋਂਵਦਾ ਹੈ ਤੇ ਕਿਵੇਂ ਮੋਈਆਂ ਰੂਹਾਂ ਵਿਚ ਜ਼ਿੰਦ ਪਾਂਵਦਾ ਹੈ। ਖੇੜਿਆਂ ਦੇ ਵਾਂਝ ਨਗਰ ਵਿਚ ਲਾਲ ਹੁਸੈਨ ਸੁੱਕੇ ਟਾਹਣ ਢਾਵਣ ਵਾਲੀ ਲਾਲ ਹਨ੍ਹੇਰੀ ਵੀ ਹੈ, ਤੇ ਸਾਵੇ ਪੱਤਰ ਜਗਾਵਣ ਵਾਲੀ ਫ਼ਜ਼ਰ ਦੀ 'ਵਾ ਵੀ। ਉਹ ਨਵੇਂ ਜੀਵਨ ਦਾ ਸੱਦਾ ਹੈ। ਉਹ ਖੱਟੇ ਅਤੇ ਸੂਹੇ ਲਾਂਵਦਾ ਹੈ ਜਿਹੜੇ ਬਸੰਤ ਤੇ ਵਿਸਾਖ ਦੇ ਰੰਗ ਹਨ। ਉਹਦੇ ਨੱਚਣ ਨਾਲ, ਉਹਦੀ ਮਸਤੀ ਦੇ ਉਭਾਰ ਨਾਲ ਖੇੜਾਸ਼ਾਹੀ ਦੇ ਜ਼ਾਬਤੇ ਪਏ ਤਰੁੱਟਦੇ ਹਨ। ਖੇੜਿਆਂ ਦੀ ਰਹਿਤਲ ਡੋਲਣ ਲੱਗ ਪੈਂਦੀ ਹੈ। ਬੰਦਾ ਆਪਣੇ ਭਰਮ ਘੇਰੇ ਵਿਚੋਂ ਛਿਟਦਾ ਹੈ। ਆਪਣੀ ਜਿੰਦ ਨੂੰ ਮੁੜ ਗੌਲਦਾ ਹੈ। ਜੀਵਨ ਦੀਆਂ ਸਾਰਾਂ ਮੁੜ ਭਾਲਦਾ ਤੇ ਨਿਹੁੰ ਦੇ ਰਸ ਮੁੜ ਮਾਣਦਾ ਹੈ। ਆਪਣੀਆਂ ਨਾੜਾਂ ਵਿਚ ਰੱਤ ਦਾ ਸੇਕ ਮੁੜ ਪਛਾਣਦਾ ਹੈ।

ਲਾਲ ਹੁਸੈਨ ਕੌਣ ਹੈ। ਲਾਲ ਹੁਸੈਨ ਨਾਂ ਹੈ ਸਾਡੀ ਰਾਂਝਾ ਬਣ ਵੰਝਣ ਦੀ ਰੀਝ ਦਾ। ਉਹ ਨਾਂ ਹੈ ਸਾਡੀ ਜੀਵਨ ਦੀ ਤਾਂਘ ਦਾ, ਹੋਵਣ ਦੀ ਆਸ ਦਾ। ਉਹ ਸਾਡੇ ਵਸੇਬ, ਸਾਡੇ ਵਿਹਾਰ ਦਿਆਂ ਕੋਹੜਾਂ ਨੂੰ ਚੌਕ ਵਿਚ ਲਿਆ ਕੇ ਖੋਲ੍ਹਦਾ ਹੈ। ਇਹ ਕੋਹੜ ਅਣਡਿੱਠੇ, ਅਣ-ਪਛਾਣੇ ਸਾਨੂੰ ਜੰਮਣ ਲਾ ਦੇ ਚੰਬੜੇ ਹਨ। ਵਤ ਰਹਿੰਦੀ ਉਮਰ ਅਸਾਂ ਸਾਰੇ ਆਪਣੀ ਰੱਤ ਖੁਆ ਕੇ ਇਨ੍ਹਾਂ ਨੂੰ ਪਏ ਪਾਲਦੇ ਹਾਂ। ਲਾਲ ਹੁਸੈਨ ਇਨ੍ਹਾਂ ਕੋਹੜਾਂ ਨੂੰ ਉਖਾੜ ਕੇ ਵਿਖਾਂਵਦਾ ਹੈ। ਮੁੜ ਆਪਣੇ ਉਦਮ ਤੇ ਜ਼ੇਰੇ ਨਾਲ ਇਨ੍ਹਾਂ ਨੂੰ ਮੇਟਣ ਦਾ ਵਸੀਲਾ ਵੀ ਬਣਦਾ ਹੈ। ਰੋਜ਼ ਚੜ੍ਹਦੇ ਸੂਰਜ ਉਹ ਗਾਂਵਦਾ ਬੇੜਾ ਚੜ੍ਹਦਾ ਹੈ, ਤੇ ਗਾਂਵਦਾ ਰਾਵੀ ਪਾਰ ਕਰ ਕੇ ਮਾਧੋ ਨੂੰ ਮਿਲਣ ਜਾਂਵਦਾ ਹੈ। ਉਹਦਾ ਗਾਵਣ, ਉਹਦਾ ਰਾਵੀਉਂ ਪਾਰ ਮਾਧੋ ਨਾਲ ਮੇਲ ਖੇੜਾਸ਼ਾਹੀ ਨਾਲ ਉਹਦੇ ਆਢੇ ਦੀਆਂ ਮੰਜ਼ਲਾਂ ਹਨ। ਇਹ ਆਢਾ ਉਹਦਾ ਨਿਹੁੰ ਹੈ। ਹਰ ਨਵਾਂ ਦਿਹੁੰ ਉਹਦੇ ਨਿਹੁੰ ਦੀ ਗਵਾਹੀ ਭਰੇਂਦਾ ਹੈ। ਖੇੜਾ ਰਹਿਤਲ ਦੇ ਲਾਕੜੀ ਕਾਜ਼ੀ ਮੁੱਲਾਂ ਤੇ ਕੈਦੋਂ ਉਹਨੂੰ ਡੱਕਣ ਲਈ ਟਿੱਲ ਲਾਂਵਦੇ ਹਨ। ਉਨ੍ਹਾਂ ਨੂੰ ਸਮਝ ਨਹੀਂ ਆਂਵਦੀ ਜੇ ਉਹਨੂੰ ਕਿਥੇ ਡੱਕਣ। ਉਹ ਥਾਂਈਂ-ਕੁਥਾਂਈਂ ਪਿਆ ਦਿਸਦਾ ਹੈ- ਪੱਤਣਾਂ ਉਤੇ, ਸੜਕਾਂ ਉਤੇ, ਪੈਲੀਆਂ, ਵਿਹੜਿਆਂ, ਮਦਰਸਿਆਂ ਤੇ ਢਾਰਿਆਂ ਵਿਚ, ਖੇੜਿਆਂ ਦੇ ਪਸਾਰ ਠੱਪਦਾ ਲੱਭਦਾ ਹੈ। ਉਨ੍ਹਾਂ ਨੂੰ ਉਹ ਖੁਆਬਾਂ ਵਿਚ ਵੀ ਆਂਵਦਾ ਹੈ। ਉਨ੍ਹਾਂ ਦੀਆਂ ਜ਼ਨਾਨੀਆਂ ਦੇ ਨਾਲ ਮੌਜਾਂ ਮਾਣਦਾ ਤੇ ਉਨ੍ਹਾਂ ਦੇ ਘਰ ਉਜਾੜਦਾ ਹੈ। ਉਹ ਹਰਦਮ ਉਨ੍ਹਾਂ ਦੇ ਸਿਰ ਦਾ ਸੂਲ ਬਣਿਆ ਰਹਿੰਦਾ ਹੈ। ਉਹ ਵਧਰ ਤਰਲਾ ਮਰੇਂਦੇ ਹਨ ਜੇ ਉਹਨੂੰ ਵਲਾ-ਤਲਾ ਕੇ ਆਪਣੀ ਰਹਿਤਲ ਵਿਚ ਰਲਾ ਲਈਏ, ਤੇ ਦਰਬਾਰ ਦਾ ਵਜ਼ੀਫੇਖਾਰ ਸੂਝਵਾਨ ਬਣਾ ਲਈਏ, ਪਰ ਲਾਲ ਹੁਸੈਨ ਨੂੰ ਕੌਣ ਵਲਾਵੇ?

ਲਾਲ ਹੁਸੈਨ ਦੀ ਜੀਵਨੀ ਅਸਾਂ ਆਪਣੇ ਚੇਤੇ ਵਿਚ ਸਾਂਭੀ ਰੱਖੀ। ਅੰਗਰੇਜ਼ਾਂ ਦੇ ਪੰਜਾਬੇ ਆਵਣ ਤਾਂਈਂ ਇਹ ਜੀਵਨੀ ਸਾਡੇ ਚੇਤੇ ਵਿਚ ਪਈ ਵਸੀ। ਸਾਡੇ ਮਨ ਵਿਚ ਲਾਲ ਹੁਸੈਨ ਰੁੱਤ ਫਿਰਨ ਦਾ, ਧਰਤ ਦੇ ਨਵਿਆਂ ਹੋਵਣ ਦਾ, ਬੀਅ ਪੁੰਗਰਨ ਤੇ ਕਣਕਾਂ ਨਿਸਰਨ ਦਾ ਨਿਸ਼ਾਨ ਬਣ ਗਿਆ।

ਇਕ ਬੇਔਲਾਦ ਜ਼ਨਾਨੀ ਲਾਲ ਹੁਸੈਨ ਨੂੰ ਆਖਿਆ: 'ਮੇਰੇ ਲਈ ਦੁਆ ਕਰੋ।' ਉਸ ਆਖਿਆ: 'ਮੈਂ ਰਾਤੀਂ ਆਵਸਾਂ। ਤੂੰ ਸ਼ਰਾਬ ਤੇ ਕਬਾਬ ਤਿਆਰ ਰੱਖੀਂ।' ਜ਼ਨਾਨੀ ਲਾਲ ਹੁਸੈਨ ਦੀ ਖਾਤਰ ਜੋਗਾ ਸਾਰਾ ਸਰਬੰਧ ਕੀਤਾ। ਉਹ ਆਇਆ, ਤੇ ਖਾਣ-ਪੀਣ ਕਰ ਕੇ ਦੋਵੇਂ ਸੌਂ ਗਏ। ਗੋੱਲੀ ਬਾਹਰ ਪਹਿਰੇ 'ਤੇ ਆਹੀ। ਉਹਦੇ ਮਨ ਆਈ, ਵੇਖਾਂ ਇਹ ਫਕੀਰ ਮੇਰੀ ਬੀਬੀ ਨਾਲ ਕੀ ਪਿਆ ਕਰੇਂਦਾ ਹੈ। ਉਹਨੇ ਝੀਤ ਵਿਚੋਂ ਤੱਕਿਆ, ਤੇ ਲਾਲ ਹੁਸੈਨ ਸੱਜ-ਜੰਮਿਆ ਬਾਲੜਾ ਬਣਿਆ ਬੀਬੀ ਦੇ ਥਣੀਂ ਲੱਗਾ ਪਿਆ ਆਹਾ। ਉਹਦਾ ਦੁਆ ਕਰਨ ਦਾ ਇਹੀ ਢੰਗ ਆਹਾ। ਕੁਝ ਦਿਹੁੰ ਪਾ ਕੇ ਉਸ ਜ਼ਨਾਨੀ ਨੂੰ ਆਸ ਲੱਗ ਗਈ। ਉਹਦਾ ਜਣਾ ਘਰ ਪਰਤਿਆ, ਤੇ ਸ਼ੱਕ ਪਿਉਸ, ਜੇ ਫਕੀਰ ਮੈਂਡੀ ਜ਼ਨਾਨੀ ਨਾਲ ਭੋਗ ਕਰ ਗਿਆ ਹੈ। ਲਾਲ ਹੁਸੈਨ ਨੂੰ ਪਰਖਣ ਵਾਸਤੇ ਉਹਨੇ ਸੱਦਾ ਦਿੱਤਾ, ਪਈ ਅੱਜ ਸ਼ਾਮੀਂ ਮੇਰੇ ਘਰ ਅੰਨ-ਪਾਣੀ ਕਰੋ। ਸ਼ਰਾਬ ਦੀ ਥਾਂ ਬੋਤਲ ਵਿਚ ਜ਼ਹਿਰ ਭਰਿਉਸ। ਲਾਲ ਹੁਸੈਨ ਆਇਆ, ਤੇ ਬੋਤਲ ਡੀਕ ਗਿਆ। ਵਤ ਆਖਣ ਲੱਗਾ: 'ਮੀਆਂ, ਇਹ ਤੇ ਪਾਣੀ ਹੈ। ਅਸਾਂ ਤੇ ਸ਼ਰਾਬ ਦਾ ਨਾਂ ਸੁਣ ਕੇ ਆਏ ਹਾਂ।'

ਇਹ ਗੱਲ ਡਾਢੀ ਰਮਜ਼ ਭਰੀ ਹੈ। ਨਵੀਂ ਜੂਨੇ ਜੰਮਣ ਦੀ ਰਮਜ਼। ਖਾਰ ਤੇ ਸਾਂਭ ਸਹੇੜ ਉਤੇ ਉਸਰੀ ਰਹਿਤਲ ਹੁਣ ਮੂਲੋਂ ਵਾਂਝ ਥੀ ਗਈ ਹੈ। ਉਡੀਕ ਵਾਲਾ ਚੰਗਿਆੜਾ ਇਹਦੇ ਵਿਚ ਅਜੇ ਹੈ, ਖਬਰੇ ਕੋਈ ਆਵੇ! ਕੌਣ ਹੈ ਜਿਹੜਾ ਇਸ ਵਾਂਝ ਦੀ ਕੁੱਖ ਪੁੰਗਾਰੇ। ਇਹ ਲਾਲ ਹੁਸੈਨ ਫਕੀਰ ਈ ਹੈ। ਹੋਰ ਬੱਸ। ਲਾਲ ਹੁਸੈਨ ਫਕੀਰ ਜਿਹੜਾ ਰਹਿਤਲ ਦੇ ਅੰਦਰ ਹੋਂਵਦਿਆਂ ਵੀ ਰਹਿਤਲ ਦੇ ਬਾਹਰ ਹੈ। ਜਿਹੜਾ ਖਾਰ ਤੇ ਸਾਂਭ ਸਹੇੜ ਦੇ ਵਿਹਾਰ ਦਾ ਹਥਿਆਰ ਵੀ ਨਹੀਂ, ਤੇ ਏਸ ਵਿਹਾਰ ਦਾ ਕੁੱਠਾ ਵੀ ਨਹੀਂ। ਬਸ ਉਹਦੇ ਅੰਦਰ ਨਿਵੇਕਲੇ, ਨਿੱਤ ਉਛਲਦੇ ਸਤ ਦਾ ਸੋਮਾ ਹੈ। ਉਹੋ ਈ ਹੈ ਜੋ ਆਪਣੀ ਸੂਝ ਰਾਹੀਂ, ਸਿਰੜ ਰਾਹੀਂ, ਆਪਣੇ ਨਿਤ ਖਿੜੇ ਪਿਆਰ ਦੀ ਵਾਸ਼ਨਾ ਰਾਹੀਂ ਜੱਗ ਨੂੰ ਮੁੜ ਜਵਾਲ ਸਕਦਾ ਹੈ। ਉਹੋ ਹੀ ਪੁਰਾਣੀ ਰਹਿਤਲ ਦੇ ਮਲਬੇ ਵਿਚੋਂ ਨਵੀਂ ਰਹਿਤਲ ਉਸਾਰ ਸਕਦਾ ਹੈ। ਉਹ ਨਵੇਂ ਜੁਗ ਦਾ ਬਾਲ ਹੈ, ਨਵਾਂ ਮਾਹਣੂੰ।

ਪੁਰਾਣੀ ਰਹਿਤਲ ਦਿਆਂ ਮਾਲਕਾਂ ਨੂੰ, ਕੁਰਸੀ ਦੀਆਂ ਖੱਸੀ ਜੋਕਾਂ ਨੂੰ ਫਕੀਰ ਦੀ ਪੀਚਵੀਂ ਗਲਵਕੜੀ ਵਿਚ ਆਪਣੀ ਮੌਤ ਦਿਸਦੀ ਹੈ, ਪਰ ਫਕੀਰ ਨੂੰ ਉਨ੍ਹਾਂ ਦੀ ਵਿਸ ਵੀ ਨਹੀਂ ਪੋਂਹਦੀ। ਉਹਦੇ ਸਗਵੇਂ ਤੇ ਸੁੱਚੇ ਵਜੂਦ ਨੂੰ ਲਗਦਿਆਂ ਸਾਰ ਈ ਵਿਸ ਪਾਣੀ ਬਣ ਵੈਂਦੀ ਹੈ। ਉਹ ਸ਼ਰਾਬ ਮੰਗਦਾ ਹੈ, ਪਰ ਇਨ੍ਹਾਂ ਕੋਲ ਸ਼ਰਾਬ ਕਿਥੇ? ਇਹ ਉਹਨੂੰ ਜ਼ਹਿਰ ਦੇਂਦੇ ਹਨ। ਉਹ ਸ਼ਰਾਬ ਮੰਗੀ ਆਂਵਦਾ ਹੈ, ਇਹ ਜ਼ਹਿਰ ਪਵਾਈ ਆਂਵਦੇ ਹਨ। ਓੜਕ ਫਕੀਰ ਇਨ੍ਹਾਂ ਜੋਕਾਂ ਦਾ ਸਾਰਾ ਜ਼ਹਿਰ, ਪਾਣੀ ਜਿਹੜਾ ਰੱਤ ਦੀ ਥਾਂ ਇਨ੍ਹਾਂ ਦੀਆਂ ਨਾੜਾਂ ਵਿਚ ਫਿਰਦਾ ਹੈ, ਛਿੱਕ ਖੜਿਆ ਤੇ ਇਹ ਡਿੱਗ ਕੇ ਢੇਰੀ ਹੋ ਗਏ। ਫਕੀਰ ਨੇ ਇਕੋ ਇਸ਼ਕ ਕਲਾਵੇ ਵਿਚ ਨਵਾਂ ਜੁੱਗ ਜਾਇਆ ਤੇ ਪੁਰਾਣਾ ਠੱਪਿਆ ਹੈ।

ਲੰਮੀ ਔੜ ਲੱਗੀ। ਲਾਹੌਰ ਨੇੜੇ ਇਕ ਪਿੰਡ ਦਿਆਂ ਚੌਧਰੀਆਂ ਲਾਲ ਹੁਸੈਨ ਦਿਆਂ ਕੁਝ ਸੰਗੀਆਂ ਨੂੰ ਫਧੀਉਨਿ ਤੇ ਆਖਿਉਨਿ, ਦੁਆ ਮੰਗ ਕੇ ਮੀਂਹ ਵਰ੍ਹਾਓ। ਆਪਣੇ ਦਿਲੋਂ ਚੌਧਰੀਆਂ ਬਖੇੜੀ ਕੀਤੀ। ਮਤਾ ਇਹ ਪਕਾਇਉ ਨੇ ਜੇ ਲਾਲ ਹੁਸੈਨ ਦਿਆਂ ਸੰਗੀਆਂ ਨੂੰ ਭੰਡੀਏ। ਜੇ ਫਕੀਰ ਦੁਆ ਮੰਗਣ ਤੋਂ ਨਾਂਹ ਕਰ ਗਏ, ਤੇ ਇੰਜ ਫਕੜੀ ਲੱਗ ਜਾਸੀ, ਤੇ ਜੇ ਦੁਆ ਮੰਗਣ 'ਤੇ ਰਾਜ਼ੀ ਹੋ ਗਏ, ਤਾਂ ਮੀਂਹ ਤੇ ਵਰ੍ਹਨਾ ਨਹੀਂ, ਇਨ੍ਹਾਂ ਦੇ ਮੂੰਹ ਕਾਲੇ ਕਰ ਕੇ ਸ਼ਹਿਰ ਵਿਚ ਭਵਾਈਏ। ਲਾਲ ਹੁਸੈਨ ਨੂੰ ਖ਼ਬਰ ਲੱਗੀ ਤਾਂ ਉਹ ਪਿੰਡ ਅੱਪੜਿਆ, ਤੇ ਆਖਣ ਲੱਗਾ- 'ਤੁਸੀਂ ਸ਼ਰਾਬ ਤੇ ਟੁੱਕਰ ਵਣਵਾਓ, ਅਸਾਂ ਦੁਆ ਕਰੇਂਦੇ ਹਾਂ।'

ਲਾਲ ਹੁਸੈਨ ਸੰਗੀਆਂ ਲਾਲ ਰਲ ਕੇ ਪਿੰਡ ਵਿਚ ਧਮਾਲ ਪਾਈ। ਧਮਾਲ ਮਚੀ, ਅੰਬਰਾਂ ਵਿਚ ਘਟਾ ਚੜ੍ਹੀ, ਤੇ ਵਾਛੜ ਲਹਿ ਪਈ। ਧਮਾਲ ਮਚਦੀ ਰਹੀ, ਪਰਨਾਲੇ ਸੁਰਲਾਟਦੇ ਰਹੇ ਤੇ ਪਹੇ-ਪੈਲੀਆਂ ਇਕ ਥੀ ਗਏ। ਚੌਧਰੀਆਂ ਦੇ ਕੰਧਾਂ ਕੋਠੇ ਖੁਰਨ ਲੱਗ ਪਏ। ਪਿੰਡ ਰੁੜ੍ਹਨ ਲੱਗਾ ਤੇ ਚੌਧਰੀਆਂ ਲਾਲ ਹੁਸੈਨ ਦੇ ਪੈਰ ਫੜ ਲੀਤੇ, ਪਈ ਸਾਨੂੰ ਬਖ਼ਸ਼ ਦੇ। ਲਾਲ ਹੁਸੈਨ ਨੇ ਪੈਰ ਤਾਂ ਡੱਕ ਲੀਤੇ, ਪਰ ਚੌਧਰੀਆਂ ਦੇ ਦਿਲਾਂ ਵਿਚ ਧਮਾਲ ਮਚ ਗਈ ਆਹੀ। ਉਨ੍ਹਾਂ ਸਿਰ ਮੁਨਾ ਲੀਤੇ, ਗਲਮੇਂ ਪਾੜ ਲੀਤੇ, ਭੋਈਂ ਭਾਂਡਾ ਛੱਡ ਕੇ ਲਾਲ ਹੁਸੈਨ ਦੇ ਨਾਲ ਈ ਟੁਰ ਪਏ।

ਲਾਲ ਹੁਸੈਨ ਦੀ ਜੀਵਨੀ ਵਿਚ ਸਾਨੂੰ ਇਹ ਨਕਸ਼ਾ ਮੁੜ-ਮੁੜ ਦਿਸਦਾ ਹੈ। ਪਹਿਲਾਂ ਔੜ, ਸੋਕੇ ਤੇ ਅਠਰਾਹ ਦੀ ਰੁੱਤ ਹੋਂਦੀ ਹੈ। ਲੋਕ ਏਸ ਰੁੱਤ ਤੋਂ ਖਲਾਸ ਹੋਵਣਾ ਲੋਚਦੇ ਹਨ, ਪਰ ਰੂਹ ਬੇਵਸਾਹਿਆ ਆਖਦਾ ਹੈ ਜੇ ਖਲਾਸੀ ਹੋਣੀ ਨਹੀਂ, ਇਹ ਰੁੱਤ ਕਦੀਮੀ ਹੈ, ਇਹਦਾ ਅੰਤ ਨਹੀਂ। ਜਦੋਂ ਅੱਤ ਸੌੜੇ ਪੌਂਦੇ ਹਨ, ਤਾਂ ਲਾਲ ਹੁਸੈਨ ਨੂੰ ਵੰਗਾਰਦੇ ਤਾਂ ਹਨ, ਪਰ ਦਿਲਾਂ ਵਿਚੋਂ ਸ਼ੱਕ, ਖੋਟ ਤੇ ਬੇਵਸਾਹੀ ਦੇ ਚੋਰ ਨਹੀਂ ਨਿਕਲਦੇ। ਲਾਲ ਹੁਸੈਨ ਨੂੰ ਵਿਹੜੇ ਵਾੜਦੇ ਤਾਂ ਹਨ, ਪਰ ਅਧ-ਯਕੀਨੇ ਜਿਹੇ ਹੋ ਕੇ ਉਹਨੂੰ ਖਲਦੇ ਤੇ ਟਿਚਕਰਦੇ ਹਨ।

ਪਰ ਲਾਲ ਹੁਸੈਨ ਇਕ ਵਾਰੀਂ ਵਿਹੜੇ ਵੜਿਆਂ ਨਹੀਂ ਨਿਕਲਦਾ; ਭਾਵੇਂ ਉਹਨੂੰ ਹਾਸੇ ਭਾਣੇ ਹੀ ਵਾੜੋ। ਉਹਦੇ ਸਿਰੜ ਤੇ ਲਗਨ ਦੇ ਛੱਟੇ ਐਡੇ ਭਰਵੇਂ ਹੋਂਵਦੇ ਹਨ ਜੇ ਤੋੜੇ ਤੁਸੀਂ ਝੂਠੇ ਦਿਲੋਂ ਈ ਉਹਦੇ ਸਾਹਵੇਂ ਹੋ ਵੰਞੋ ਭਜਣੋਂ ਨਹੀਂ ਰਹਿ ਸਕਦੇ। ਤੇ ਜਿਹੜਾ ਇਕ ਵਾਰੀ ਭੱਜਿਆ, ਉਹਦਾ ਮਨ ਮੌਜਦਾ ਹੈ। ਉਹਦੇ ਆਪਣੇ ਅੰਦਰੋਂ ਲਗਨ ਤੇ ਦ੍ਰਿੜ੍ਹਤਾ ਦਾ ਹੜ੍ਹ ਉਭਰ ਪੌਂਦਾ ਹੈ। ਖੇੜਿਆਂ ਦੇ ਤਖ਼ਤ ਲਾਹੌਰ ਨੂੰ ਦੋਪਾਸੀਂ ਘੇਰਾ ਹੈ। ਬਾਹਰੋਂ ਦੁੱਲਾ ਫਕੀਰ ਨਿਮਾਣਿਆਂ ਤੇ ਹੀਣਿਆਂ ਦੀਆਂ ਫੌਜਾਂ ਬੰਨ੍ਹ ਕੇ ਇਹਦੇ ਕਿੰਗਰੇ ਢਾਵਣ ਚੜ੍ਹ ਪਿਆ ਹੈ, ਤੇ ਅੰਦਰੋਂ ਲਾਲ ਹੁਸੈਨ ਫਕੀਰ ਦੇ ਬੋਲ ਤੇ ਧਮਾਲਾਂ ਇਹਦੀਆਂ ਕੰਧਾਂ ਨੂੰ ਸੰਨ੍ਹ ਪਏ ਲਾਂਵਦੇ ਹਨ।

# ਲੋਹੜੀ ਵੇ ਲੋਹੜੀ...

ਲੋਹੜੀ ਸ਼ਬਦ ਤਿਲ+ਰੋੜੀ ਦੇ ਜੋੜ ਨਾਲ ਬਣਿਆ ਹੈ ਜੋ ਸਮਾਂ ਪਾ ਕੇ ਤਿਲੋੜੀ ਤੇ ਫਿਰ ਲੋਹੜੀ ਬਣਿਆ। ਕਈ ਥਾਂਈਂ ਇਸ ਨੂੰ ਲੋਹੀ ਜਾਂ ਲੋਈ ਵੀ ਕਹਿੰਦੇ ਹਨ। ਵੈਦਿਕ ਕਾਲ ਵਿਚ ਲੋਕ ਦੇਵੀ-ਦੇਵਤਿਆਂ ਨੂੰ ਖੁਸ਼ ਕਰਨ ਲਈ ਹਵਨ ਕਰਦੇ ਸਨ। ਹਵਨ ਵਿਚ ਗੁੜ, ਘਿਉ, ਤਿਲ, ਚੌਲ, ਸੁੱਕੇ

ਬਲਜਿੰਦਰ ਮਾਨ
ਫੋਨ: 91-98150-18947

ਮੇਵੇ ਅਤੇ ਸ਼ਹਿਦ ਆਦਿ ਪਾਏ ਜਾਂਦੇ ਸਨ। ਇਕ ਕਥਾ ਅਨੁਸਾਰ ਲੋਹੜੀ ਦੇਵੀ ਨੇ ਇਕ ਰਾਕਸ਼ ਨੂੰ ਮਾਰਿਆ ਸੀ ਜਿਸ ਦੀ ਯਾਦ ਵਿਚ ਇਹ ਤਿਉਹਾਰ ਮਨਾਇਆ ਜਾਣ ਲੱਗਾ। ਪੌਰਾਣਿਕ ਕਥਾਵਾਂ ਵਿਚ ਇਸ ਦਾ ਸਬੰਧ ਸਤੀ ਦਹਿਨ ਨਾਲ ਵੀ ਜੋੜਿਆ ਜਾਂਦਾ ਹੈ।

ਲੋਹੜੀ ਦੇ ਤਿਉਹਾਰ ਦੇ ਅਰੰਭ ਬਾਰੇ ਵੱਖੋ ਵੱਖਰੀਆਂ ਕਹਾਣੀਆਂ ਪ੍ਰਚੱਲਤ ਹਨ। ਦੁੱਲੇ ਭੱਟੀ ਦੀ ਕਹਾਣੀ ਨਾਲ ਇਸ ਤਿਉਹਾਰ ਦੇ ਅਰੰਭ ਨੂੰ ਮੰਨਿਆ ਗਿਆ ਹੈ,

ਸੁੰਦਰ ਮੁੰਦਰੀਏ-ਹੋ
ਤੇਰਾ ਕੌਣ ਵਿਚਾਰਾ-ਹੋ
ਦੁੱਲਾ ਭੱਟੀ ਵਾਲਾ-ਹੋ
ਦੁੱਲੇ ਧੀ ਵਿਆਹੀ-ਹੋ
ਸੇਰ ਸ਼ੱਕਰ ਆਈ-ਹੋ
ਕੁੜੀ ਦੇ ਬੋਝੇ ਪਾਈ-ਹੋ
ਕੁੜੀ ਦਾ ਲਾਲ ਪਟਾਕਾ-ਹੋ...।

ਪੋਹ ਮਹੀਨੇ ਦੀ ਆਖਰੀ ਰਾਤ ਨੂੰ ਲੋਹੜੀ ਮੌਕੇ ਆਪਸੀ ਸਾਂਝ ਦੇ ਗੀਤ ਛਿੜਦੇ ਨੇ। ਅਤਿ ਦੀ ਸਰਦੀ ਵਿਚ ਗੁੜ ਤੇ ਤਿਲਾਂ ਦੀ ਗਰਮੀ ਅਤੇ ਧੂਣੀਆਂ ਦਾ ਨਿੱਘ ਹਰ ਕਿਸੇ ਨੂੰ ਗਲਵੱਕੜੀ ਪਾ ਲੈਂਦਾ ਹੈ। ਇਸ ਤਿਉਹਾਰ ਦਾ ਸਿੱਧਾ ਸਬੰਧ ਲੜਕੇ ਦੇ ਜਨਮ ਨਾਲ ਜੁੜਦਾ ਹੈ। ਜਿਸ ਘਰ ਲੜਕਾ ਪੈਦਾ ਹੋਇਆ ਹੁੰਦਾ ਹੈ ਜਾਂ ਜਿਸ ਘਰ ਨਵਾਂ ਵਿਆਹ ਹੋਇਆ ਹੁੰਦਾ ਹੈ, ਉਥੇ ਲੋਹੜੀ ਦੀ ਰੌਣਕ ਦੇਖਿਆਂ ਹੀ ਬਣਦੀ ਹੈ। ਬੱਚਿਆਂ ਦੀਆਂ ਟੋਲੀਆਂ ਲੋਹੜੀ ਦੇ ਗੀਤ ਗਾਉਂਦੀਆਂ। ਨਵੇਂ ਆਏ ਬਾਲ ਅਤੇ ਉਸ ਦੇ ਮਾਪਿਆਂ ਲਈ ਦੁਆਵਾਂ ਮੰਗਦੀਆਂ ਹਨ। ਘਰ ਵਾਲੇ ਉਨ੍ਹਾਂ ਨੂੰ ਖੁਸ਼ੀ ਨਾਲ ਗੁੜ, ਦਾਣੇ, ਮੂੰਗਫਲੀ ਆਦਿ ਵੰਡਦੇ ਹਨ।

ਜੇ ਘਰ ਵਾਲੇ ਲੋਹੜੀ ਪਾਉਣ ਵਿਚ ਦੇਰੀ ਕਰ ਦਿੰਦੇ ਤਾਂ ਲੜਕੀਆਂ ਗਾਉਣ ਲਗਦੀਆਂ,

ਸਾਡੇ ਪੈਰਾਂ ਹੇਠ ਸਿਲਾਈਆਂ
ਅਸੀਂ ਕਿਹੜੇ ਵੇਲੇ ਦੀ ਆਈਆਂ।
ਕੋਠੀ ਹੇਠ ਚਾਕੂ
ਗੁੜ ਦੇਵੇ ਮੁੰਡੇ ਦਾ ਬਾਪੂ।
ਕੋਠੀ ਉਤੇ ਕਾਂ
ਗੁੜ ਦੇਵੇ ਮੁੰਡੇ ਦੀ ਮਾਂ।

ਇਸ ਤਰ੍ਹਾਂ ਲੋਹੜੀ ਮੰਗਣ ਵਾਲੇ ਬੱਚੇ ਮੁੰਡੇ ਵਾਲੇ ਘਰਾਂ ਵਿਚ ਜਾਂਦੇ ਅਤੇ ਲੋਹੜੀ ਮੰਗਦੇ।

ਫਿਰ ਵਾਰੀ ਆਉਂਦੀ ਹੈ ਧੂਣੀ ਦੀ। ਸਾਰੇ ਰਿਸ਼ਤੇਦਾਰ ਅਤੇ ਸਾਕ ਸਬੰਧੀ ਧੂਣੀ ਦੁਆਲੇ ਇਕੱਤਰ ਹੋ ਕੇ ਖੁਸ਼ੀ ਦੇ ਮਾਹੌਲ ਨੂੰ ਤਿਲ ਅਤੇ ਚੌਲਾਂ ਨਾਲ ਗਰਮਾ ਦਿੰਦੇ। ਸੱਸ-ਨਣਾਨ ਅਤੇ ਦਰਾਣੀਆਂ-ਜਠਾਣੀਆਂ ਇਕੱਠੀਆਂ ਹੋ ਕੇ ਗਿੱਧੇ ਦਾ ਪਿੜ ਵੀ ਧੂਣੀ ਲਾਗੇ ਹੀ ਬੰਨ੍ਹ ਲੈਂਦੀਆਂ ਨੇ।

ਵਿਆਹੀਆਂ ਲੜਕੀਆਂ ਨੂੰ ਪੇਕਿਆਂ ਵਲੋਂ ਲੋਹੜੀ ਦਾ ਤਿਉਹਾਰ ਦਿੱਤਾ ਜਾਂਦਾ ਹੈ, ਭਾਵ ਇਸ ਮਹੀਨੇ ਪੇਕਿਆਂ ਵਲੋਂ ਪਿੰਨੀਆਂ, ਮਠਿਆਈਆਂ ਅਤੇ ਹੋਰ ਲੀੜਾ-ਲੱਤਾ ਦਿੱਤਾ ਜਾਂਦਾ ਹੈ। ਇਸ ਮਹੀਨੇ ਭੈਣਾਂ ਨੂੰ ਵੀਰਾਂ ਤੇ ਭਰਜਾਈਆਂ ਦੀ ਉਡੀਕ ਰਹਿੰਦੀ ਹੈ ਕਿ ਉਹਦੇ ਲਈ ਉਹ ਲੋਹੜੀ ਤਿਉਹਾਰ ਲੈ ਕੇ ਆਉਣਗੇ। ਜਦ ਭੈਣ ਘਰ ਭਾਈ ਪੁੱਜਦਾ ਹੈ ਤਾਂ ਉਹ ਅਜਿਹਾ ਗੀਤ ਗਾਉਂਦੀ ਹੈ। ਪਹਿਲਾਂ ਪਹਿਲ ਲੋਹੜੀ ਮੰਗਣਾ ਲੋਹੜੀ ਵਾਲੇ ਦਿਨ ਤੋਂ ਅੱਠ ਦਸ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਸੀ। ਸਮੇਂ ਦੀ ਤੋਰ ਨਾਲ ਸਾਰੇ ਰੀਤੀ ਰਿਵਾਜ਼ ਬਦਲ ਰਹੇ ਹਨ। ਲੋਹੜੀ ਦਾ ਮੌਜੂਦਾ ਰੂਪ ਵੀ ਕੁਝ ਅਜਿਹਾ ਹੀ ਬਣ ਗਿਆ ਹੈ।

ਦਿਖਾਵੇ ਦੇ ਇਸ ਦੌਰ ਵਿਚ ਲੋਹੜੀ ਵੀ ਦਿਖਾਏ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਨ੍ਹਾਂ ਅਮੀਰ ਘਰਾਂ ਵਿਚ ਪੁੱਤ ਜੰਮੇ ਹੁੰਦੇ ਨੇ, ਉਹ ਲੱਖਾਂ ਰੁਪਏ ਲਾਈਟਾਂ, ਡੀ.ਜੇ. ਅਤੇ ਦਿਖਾਵੇ ਦੇ ਹੋਰ ਬਾਨਣੂ ਬੰਨ੍ਹਣ ਉਤੇ ਲਾ ਦਿੰਦੇ ਹਨ। ਕਈ ਵਾਰ ਤਾਂ ਸ਼ਰਾਬ ਦਾ ਅਜਿਹਾ ਦੌਰ ਚੱਲਦਾ ਹੈ ਕਿ ਮਾਰ ਕੁਟਾਈ ਅਤੇ ਗੋਲੀਆਂ ਚੱਲਣ ਤਕ ਦੀ ਨੌਬਤ ਆ ਜਾਂਦੀ ਹੈ।

ਬਦਲੇ ਜ਼ਮਾਨੇ ਦਾ ਇਕ ਹੋਰ ਖੁਸ਼ਨੁਮਾ ਪਹਿਲੂ ਵੀ ਉਭਰ ਕੇ ਸਾਹਮਣੇ ਆਇਆ ਹੈ; ਉਹ ਹੈ ਲੜਕੀਆਂ ਦੀ ਲੋਹੜੀ ਵੰਡਣ ਦਾ ਰਿਵਾਜ਼। ਬਹੁਤ ਸਾਰੀਆਂ ਸਮਾਜਿਕ ਜਥੇਬੰਦੀਆਂ ਦੇ ਉਦਮ ਨਾਲ ਲੋਕਾਂ ਨੂੰ ਜਾਗ੍ਰਿਤ ਕੀਤਾ ਗਿਆ ਕਿ ਮੁੰਡੇ-ਕੁੜੀ ਵਿਚ ਕੋਈ ਅੰਤਰ ਨਹੀਂ। ਇਸ ਲਈ ਅਗਾਂਹ ਵਧੂ ਸੋਚ ਦੇ ਮਾਲਕ ਲੜਕੀਆਂ ਦੀ ਲੋਹੜੀ ਵੀ ਮੁੰਡਿਆ ਵਾਂਗ ਪਾ ਰਹੇ ਹਨ। ਸਮਾਜ ਵਿਚ ਆਈ ਇਸ ਚਾਨਣ ਦੀ ਲੋਅ ਵਿਚ ਹਰ ਭਾਰਤ ਵਾਸੀ ਨੂੰ ਨਹਾਉਣ ਚਾਹੀਦਾ ਹੈ।



# ਲੋਹੜੀ ਅਤੇ ਦੁੱਲਾ ਭੱਟੀ



*ਲਹਿੰਦੇ ਪੰਜਾਬ ਵਿਚ ਪਿੰਡ ਦੁੱਲੇ ਕੀ ਦੇ ਚੁਰਾਹੇ 'ਤੇ ਦੁੱਲਾ ਭੱਟੀ ਦਾ ਬੁੱਤ ਅਤੇ ਮੂਹਰੇ ਖੜ੍ਹਾ ਲੇਖਕ ਧਰਮ ਸਿੰਘ ਗੋਰਾਇਆ*

ਲਾਹੌਰ ਤੋਂ ਉਤਰ-ਪੱਛਮ ਵੱਲ ਕਰੀਬ 95 ਕਿਲੋਮੀਟਰ ਦੂਰ ਸਾਂਦਲ ਬਾਰ ਦੇ ਇਲਾਕੇ ਵਿਚ ਦੁੱਲੇ ਭੱਟੀ ਦਾ ਜਨਮ ਫਰੀਦ ਖਾਨ ਭੱਟੀ ਦੇ ਘਰੇ ਹੋਇਆ। ਇਹ ਰਾਜਪੂਤ ਘਰਾਣੇ ਰਾਜਸਥਾਨ ਤੋਂ ਦਰਿਆ ਝਨਾਂ ਦੇ ਕਿਨਾਰਿਆਂ 'ਤੇ ਆ ਵੱਸੇ ਸਨ। ਬੜੇ ਦਿਲਦਾਰ ਤੇ ਖੁੱਲ੍ਹੇ ਸੁਭਾਅ ਦੇ ਆਦੀ ਸਨ।

ਧਰਮ ਸਿੰਘ ਗੋਰਾਇਆ
ਫੋਨ: 301-653-7029

ਮੁਗਲਾਂ ਦੀ ਹਕੂਮਤ ਵੇਲੇ ਰਾਜਪੂਤਾਂ ਦੇ 80 ਪਿੰਡ ਸਨ ਤੇ ਜਲਾਲ ਭੱਟੀ ਦੀਆਂ ਛੇ ਪੀੜ੍ਹੀਆਂ ਦੀ ਹਕੂਮਤ ਰਹੀ।

ਉਦੋਂ ਹਕੂਮਤ ਦੇ ਖਜ਼ਾਨੇ ਦਾ ਮੂੰਹ, ਜ਼ਮੀਨ ਦੇ ਲਗਾਨ ਨਾਲ ਭਰਿਆ ਜਾਂਦਾ। ਬਾਬਰ ਤੇ ਅਕਬਰ ਦੇ ਸਮੇਂ, ਬਾਦਸ਼ਾਹਾਂ ਦੇ ਮਨਸਬਦਾਰ ਸਾਂਦਲ ਬਾਰ ਦੇ ਇਲਾਕਿਆਂ ਵਿਚ ਲਗਾਨ ਲੈਣ ਜਾਂਦੇ ਰਹੇ ਪਰ ਹਰ ਵਾਰ ਖਾਲੀ ਹੱਥ ਤੇ ਨੁਕਸਾਨ ਕਰਵਾ ਕੇ ਮੁੜਦੇ। ਅਕਬਰ ਲਈ ਇਹ ਵੱਡੀ ਚੁਣੌਤੀ ਸੀ। ਹਕੂਮਤ ਬਾਗੀਆਂ ਦੇ ਪਿਛੇ ਪੈ ਗਈ। ਦੁੱਲੇ ਭੱਟੀ ਦੇ ਬਾਪ ਤੇ ਦਾਦੇ (ਬਿਜਲੀ ਖਾਨ ਭੱਟੀ) ਨੂੰ ਮੁਗਲ ਸੈਨਾ ਨੇ ਗ੍ਰਿਫਤਾਰ ਕਰ ਲਿਆ ਅਤੇ ਦੋਹਾਂ ਨੂੰ ਸਜ਼ਾ-ਏ-ਮੌਤ ਦੇ ਦਿੱਤੀ।

ਸਮਾਂ ਬੀਤਦਾ ਹੈ, ਦੁੱਲਾ ਜਵਾਨ ਹੁੰਦਾ ਹੈ ਤੇ ਵਾਪਰ ਚੁੱਕੀਆਂ ਘਟਨਾਵਾਂ 'ਤੇ ਨਜ਼ਰ ਮਾਰਦਾ ਹੈ। ਇਲਾਕੇ ਦੇ ਪੰਜ ਸੌ ਗੱਭਰੂਆਂ ਨੂੰ ਲਾਮਬੰਦ ਕਰਦਾ ਹੈ। ਸਵਾਰੀ ਲਈ ਕੁਝ ਚੰਗੀਆਂ ਘੋੜੀਆਂ ਖਰੀਦੀਆਂ ਤੇ ਕੁਝ ਵੱਡੇ ਵਪਾਰੀਆਂ ਤੋਂ ਖੋਹੀਆਂ। ਬਗਾਵਤ ਦੀ ਕੁਝ ਚਿਰਾਂ ਤੋਂ ਬੰਦ ਹੋਈ ਸੁਰ ਨੂੰ ਨਗਾਰੇ ਦੀ ਚੋਟ ਲਾ ਕੇ ਲਾਹੌਰ ਦੇ ਸ਼ਾਹੀ ਕਿਲੇ ਤੱਕ ਪਹੁੰਚਾ ਦਿੱਤਾ। ਅਮੀਰਾਂ-ਵਜ਼ੀਰਾਂ, ਜਾਗੀਰਦਾਰ, ਵਪਾਰੀਆਂ ਤੇ ਮਨਸਬਦਾਰਾਂ ਦਾ ਮਾਲ ਲੁੱਟਿਆ ਜਾਂਦਾ ਅਤੇ ਆਮ ਪੇਂਡੂ ਗਰੀਬਾਂ ਵਿਚ ਤਕਸੀਮ ਕੀਤਾ ਜਾਂਦਾ। ਦੁੱਲੇ ਦਾ ਨਾਂ ਸਾਂਦਲ ਬਾਰ ਦੀਆਂ ਹੱਦਾਂ ਟੱਪ ਕੇ ਪੰਜਾਂ ਦਰਿਆਵਾਂ ਦੀ ਧਰਤੀ 'ਤੇ ਗੂੰਜਣ ਲੱਗਾ। ਫਰਿਆਦੀ ਲਾਹੌਰ ਦਰਬਾਰ ਦੀ ਥਾਂ, ਦੁੱਲੇ ਕੋਲ ਪਿੰਡ ਭੱਟੀਆਂ ਜਾਣ ਲੱਗੇ।

ਇਸੇ ਤਰ੍ਹਾਂ ਇਕ ਦੁਕਾਨਦਾਰ ਮੂਲ ਚੰਦ ਖੱਤਰੀ ਦੁੱਲੇ ਕੋਲ ਜਾ ਕੇ ਵਾਸਤਾ ਪਾਉਂਦਾ ਹੈ ਕਿ ਪਿੰਡ ਨਿਕਾਹ ਦਾ ਵੱਡਾ ਜ਼ਿਮੀਂਦਾਰ ਉਸ ਦੀ ਲੜਕੀ ਨੂੰ ਆਪਣੇ ਘਰੇ ਰੱਖਣਾ ਚਾਹੁੰਦਾ ਹੈ। ਮੂਲ ਚੰਦ ਨੂੰ ਦੁੱਲਾ ਭੱਟੀ ਬੇਫਿਕਰ ਹੋਣ ਲਈ ਕਹਿੰਦਾ ਹੈ ਅਤੇ ਕੁੜੀ ਨੂੰ ਆਪਣੀ ਧੀ ਬਣਾ ਕੇ ਉਸ ਦੀ ਸ਼ਾਦੀ ਇਕ ਚੰਗੇ ਹਿੰਦੂ ਪਰਿਵਾਰ ਵਿਚ ਕਰਦਾ ਹੈ ਤੇ ਜ਼ਿਮੀਂਦਾਰ ਨੂੰ ਸਜ਼ਾ ਦਿੰਦਾ ਹੈ। ਇਸ ਘਟਨਾ ਵਿਚੋਂ ਹੀ 'ਸੁੰਦਰ ਮੁੰਦਰੀਏ...ਤੇਰਾ ਕੌਣ ਵਿਚਾਰਾ...ਦੁੱਲਾ ਭੱਟੀ ਵਾਲਾ' ਦਾ ਇਤਿਹਾਸਕ ਪ੍ਰਸੰਗ ਨਿਕਲਿਆ। ਪੰਜਾਬੀਆਂ ਦੀ ਗੈਰਤ ਦੇ ਪ੍ਰਤੀਕ ਦੁੱਲਾ ਭੱਟੀ ਨੂੰ ਗ੍ਰਿਫਤਾਰ ਕਰ ਕੇ ਮੁਗਲ ਹਕੂਮਤ ਨੇ ਲਾਹੌਰ ਵਿਖੇ ਫਾਂਸੀ 'ਤੇ ਚਾੜ੍ਹ ਦਿੱਤਾ। ਦੁੱਲੇ ਨੂੰ ਫਾਂਸੀ ਲੱਗਿਆਂ ਸਵਾ ਚਾਰ ਸੌ ਸਾਲ ਹੋ ਚੁੱਕੇ ਹਨ। ਉਹ ਅੱਜ ਵੀ ਪੰਜਾਬੀਆਂ ਦੀ ਧੜਕਣ ਵਿਚ ਵੱਸਦਾ ਹੈ ਤੇ ਹਮੇਸ਼ਾ ਵੱਸਦਾ ਰਹੇਗਾ।

ਆਖਰੀ ਤੇ ਅਹਿਮ ਗੱਲ...ਆਓ! ਅਸੀਂ ਧੀਆਂ ਦੀਆਂ ਲੋਹੜੀਆਂ ਮਨਾਉਣ ਦਾ ਵਿਖਾਵਾ ਬੰਦ ਕਰੀਏ। ਆਓ...ਧੀਆਂ ਨੂੰ ਸਹੀ ਵਿਦਿਆ ਮੁਹੱਈਆ ਕਰਵਾਈਏ। ਆਓ...ਧੀਆਂ ਨੂੰ ਜ਼ੁਲਮ ਖਿਲਾਫ ਲੜਨ ਲਈ ਤਿਆਰ ਕਰੀਏ। ਆਓ...ਵੇਖੀਏ ਨੰਨ੍ਹੀ ਛਾਂ ਨੂੰ ਕਿਸ ਤਰ੍ਹਾਂ ਪ੍ਰਚੰਡ ਕੀਤਾ ਜਾਵੇ।

# ਮਾਸ਼ੂਕ ਵਰਗਾ ਮਿੱਤਰ ਜਸਵਿੰਦਰ


ਜਸਵਿੰਦਰ

***ਨਵੇਂ ਖਿਆਲਾਂ ਅਤੇ ਦਗਦੇ ਸ਼ਬਦਾਂ ਨਾਲ ਸਜੀਆਂ ਜਸਵਿੰਦਰ ਦੀਆਂ ਗਜ਼ਲਾਂ ਪਹਿਲਾਂ ਵੀ ਖੂਬ ਧਿਆਨ ਖਿੱਚਦੀਆਂ ਸਨ, ਪਰ ਹੁਣ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਪਿਛੋਂ ਇਨ੍ਹਾਂ ਗਜ਼ਲਾਂ ਅਤੇ ਸ਼ਾਇਰ ਜਸਵਿੰਦਰ ਬਾਰੇ ਵੱਡੇ ਪੱਧਰ ਉਤੇ ਵਿਚਾਰਾਂ ਸ਼ੁਰੂ ਹੋਈਆਂ ਹਨ। ਅਮਰੀਕਾ ਵੱਸਦੇ ਸ਼ਾਇਰ ਅਤੇ ਪੰਜਾਬ ਵਿਚ ਵਿਦਿਆਰਥੀ ਸੰਘਰਸ਼ ਦੇ ਦਿਨਾਂ ਦੌਰਾਨ ਜਸਵਿੰਦਰ ਦੇ ਅੰਗ-ਸੰਗ ਵਿਚਰੇ ਰਵਿੰਦਰ ਸਹਿਰਾਅ ਨੇ ਜਸਵਿੰਦਰ ਦੀ ਕਵਿਤਾ ਅਤੇ ਜ਼ਿੰਦਗੀ ਦੇ ਇਕ ਖਾਸ ਦੌਰ ਬਾਰੇ 'ਮਾਸ਼ੂਕ ਵਰਗਾ ਮਿੱਤਰ ਜਸਵਿੰਦਰ' ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਭੇਜਿਆ ਹੈ। ਸਹਿਰਾਅ ਦੇ ਇਸ ਲੇਖ ਰਾਹੀਂ ਅਸੀਂ ਜਸਵਿੰਦਰ ਦੀ ਸ਼ਾਇਰੀ ਨੂੰ ਸਲਾਮੀ ਦੇ ਰਹੇ ਹਾਂ। -ਸੰਪਾਦਕ***

ਜਸਵਿੰਦਰ ਨੂੰ ਮੈਂ ਉਦੋਂ ਦਾ ਜਾਣਦਾ ਹਾਂ, ਜਦੋਂ ਉਹ 1973-74 ਵਿਚ ਗੌਰਮਿੰਟ ਪੌਲੀਟੈਕਨਿਕ ਕਾਲਜ-ਰੋਡੇ ਵਿਚ ਪੜ੍ਹਦਾ ਸੀ। ਉਹ ਪੰਜਾਬ ਸਟੂਡੈਂਟਸ ਯੂਨੀਅਨ ਦਾ ਬੜਾ ਹੀ ਇਤਬਾਰੀ ਤੇ ਸਮਰਪਿਤ ਵਿਦਿਆਰਥੀ ਸੀ। ਗਜ਼ਲਗੋ ਗੁਰਤੇਜ ਕੋਹਾਰਵਾਲਾ ਤੇ ਟੋਰਾਂਟੋ ਵਾਲਾ ਪਵਨਜੀਤ ਵੀ ਉਹਦੇ ਨਾਲ ਹੀ ਉਥੇ ਹੁੰਦੇ ਸਨ।

1973 ਦੇ ਢੁੱਡੀਕੇ ਅਜਲਾਸ ਤਕ ਪੰਜਾਬ ਸਟੂਡੈਂਟਸ ਯੂਨੀਅਨ ਸਾਂਝੀ ਹੁੰਦੀ ਸੀ। ਬਹੁਤ ਹੀ ਪ੍ਰਭਾਵਸ਼ਾਲੀ ਤੇ ਹੋਣਹਾਰ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਇਸ ਦਾ ਜਨਰਲ ਸਕੱਤਰ ਸੀ। ਉਸ ਦੀ ਅਗਵਾਈ ਵਿਚ ਹੀ ਮੋਗਾ ਘੋਲ ਲੜਿਆ ਗਿਆ। ਇਸ ਤੋਂ ਬਾਅਦ ਪੀ.ਐਸ.ਯੂ. ਦੀਆਂ ਇਕਾਈਆਂ ਪੰਜਾਬ ਦੇ ਹਰ ਕਾਲਜ ਵਿਚ ਬਣੀਆਂ ਜਿਥੇ ਪਹਿਲਾਂ ਕਦੇ ਦੂਜੀਆਂ ਫੈਡਰੇਸ਼ਨਾਂ ਦਾ ਬੋਲਬਾਲਾ ਹੁੰਦਾ ਸੀ

**ਰਵਿੰਦਰ ਸਹਿਰਾਅ**
**ਫੋਨ: 717-861-3130**
**ਈਮੇਲ:** ravisahra@gmail.com

ਪਰ ਢੁੱਡੀਕੇ ਅਜਲਾਸ ਵਿਚ ਪ੍ਰੇਮ ਸਿੰਘ ਚੰਦੂਮਾਜਰਾ ਤੇ ਹੋਰ ਮੁੱਦਿਆਂ ਨੂੰ ਲੈ ਕੇ ਯੂਨੀਅਨ ਦੋਫਾੜ ਹੋ ਗਈ। ਸਿੱਟੇ ਵਜੋਂ ਸੰਗਰੂਰ, ਬਠਿੰਡਾ, ਫਰੀਦਕੋਟ ਤੇ ਫਿਰੋਜ਼ਪੁਰ ਦੇ ਬਹੁਤੇ ਡੈਲੀਗੇਟ ਬਲਵਾਨ ਸਿੰਘ ਤੇ ਬਿੱਕਰ ਸਿੰਘ ਦੀ ਅਗਵਾਈ ਵਿਚ ਬਾਈਕਾਟ ਕਰ ਗਏ। ਅਸੀਂ ਦੁਆਬੇ ਵਾਲੇ ਵੀ ਇਸ ਧੜੇ ਨਾਲ ਖੜ੍ਹੇ (ਇਹ ਫੈਸਲਾ ਸਿਆਣਪ ਵਾਲਾ ਸੀ ਜਾਂ ਬਚਗਾਨਾ, ਇਸ ਨੂੰ ਕਦੇ ਫਿਰ ਫਰੋਲਿਆ ਜਾਵੇਗਾ)। ਜਨਵਰੀ 1974 ਵਿਚ ਬਾਗ਼ੀ ਧੜੇ ਦਾ ਰੋਡੇ ਕਾਲਜ ਵਿਚ ਅਜਲਾਸ ਕਰ ਕੇ ਬਾਕਾਇਦਾ ਸੂਬਾ ਕਮੇਟੀ ਦੀ ਚੋਣ ਕਰ ਲਈ ਗਈ। ਜਸਵਿੰਦਰ ਸਾਡੇ ਵਾਲੇ ਧੜੇ ਨਾਲ ਸੀ ਤੇ ਅੰਤ ਤਕ ਨਾਲ ਰਿਹਾ।

ਇਥੋਂ ਸਾਡੀਆਂ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਅਸੀਂ ਦੋਵੇਂ ਸਾਹਿਤਕ ਮੱਸ ਰੱਖਣ ਕਾਰਨ ਹੋਰਾਂ ਤੋਂ ਜ਼ਿਆਦਾ ਕਰੀਬੀ ਬਣੇ। 1975 ਵਿਚ ਐਮਰਜੈਂਸੀ ਲੱਗਣ ਸਮੇਂ ਬਿੱਕਰ ਤੇ ਕਮਲਜੀਤ ਉਸ ਕੋਲ ਹੋਸਟਲ ਵਿਚ ਕਾਫ਼ੀ ਜਾਂਦੇ ਰਹੇ। ਮੈਂ ਇਕ ਦੋ ਵੇਰ ਹੀ ਜਾ ਸਕਿਆ ਜਦੋਂ ਉਧਰ ਕਿਤੇ ਮੀਟਿੰਗ ਵਗੈਰਾ ਹੋਣੀ। ਉਹਨੇ ਪੂਰੀ ਇਮਾਨਦਾਰੀ ਤੇ ਬੇਖ਼ੌਫ ਹੋ ਕੇ ਰੂਪੋਸ਼ ਸਾਥੀਆਂ ਦੀ ਆਓ ਭਗਤ ਕਰਨੀ।

ਇਲਾਕੇ ਵਿਚ ਬੰਤ ਮਾਣੂਕੇ ਦੀ ਚੜ੍ਹਤ ਸੀ ਤੇ ਜਸਵਿੰਦਰ ਉਸ ਦਾ ਚਹੇਤਾ ਸੀ। ਭੂਰ ਬਰਜਿੰਦਰ ਸਿੰਘ, ਦੇਵਾ ਸਿੰਘ ਮਾਹਲਾ ਤੇ ਹੋਰ ਸਾਥੀਆਂ ਵਲੋਂ ਕੀਤੀ ਜਾਂਦੀ ਸਕੂਲਿੰਗ ਸਮੇਂ ਵੀ ਅਕਸਰ ਉਹ ਹਾਜ਼ਰ ਹੁੰਦਾ। ਉਸ ਦਾ ਸਹਿਜ-ਸੰਜਮ ਤੇ ਮਿੱਠਬੋਲੜਾ ਸੁਭਾਅ ਸਾਰੇ ਮੁੰਡੇ-ਕੁੜੀਆਂ ਨੂੰ ਆਕਰਸ਼ਿਤ ਕਰਦਾ ਸੀ। ਇਨ੍ਹਾਂ ਹੀ ਸਮਿਆਂ ਵਿਚ ਉਹ ਸੰਤ ਰਾਮ ਉਦਾਸੀ ਦੇ ਬਹੁਤ ਕਰੀਬ ਆਇਆ। ਉਦਾਸੀ ਦੇ ਘਰ ਉਹ ਘਰ ਦਾ ਜੀਅ ਬਣ ਕੇ ਜਾਂਦਾ। ਉਦਾਸੀ ਦੀਆਂ ਬੱਚੀਆਂ ਬੇਟੇ ਇਕਬਾਲ, ਪ੍ਰਿਤਪਾਲ, ਕੀਰਤਨ, ਮੋਹਕਮ ਤੇ ਮਰਹੂਮ ਪੁੱਤਰ ਬੱਲੀ ਨੂੰ ਉਸ ਨੇ ਕੁੱਛੜ ਚੁੱਕ ਕੇ ਖਿਡਾਇਆ ਹੋਇਆ ਹੈ। ਸਿਰ ਤਲੀ 'ਤੇ ਧਰ ਕੇ ਤੁਰਨ ਵਾਲੇ ਸਾਥੀਆਂ ਦੀ ਸੰਗਤ ਕਰ ਕੇ ਹੀ ਸਾਹਿਤ ਅਤੇ ਜੀਵਨ ਪ੍ਰਤੀ ਪ੍ਰਤੀਬੱਧ ਹੋਇਆ। ਉਦਾਸੀ ਵਰਗੇ ਕਵੀਆਂ ਦੀ ਸੰਗਤ ਨੇ ਜਸਵਿੰਦਰ ਦੀ ਸੋਚ ਅਤੇ ਲਿਖਤ ਵਿਚ ਹੋਰ ਨਿਖਾਰ ਲਿਆਂਦਾ। ਅੱਜ ਜਸਵਿੰਦਰ ਜੋ ਵੀ ਹੈ, ਉਸ ਨੂੰ ਸੰਵਾਰਨ ਤੇ ਨਿਖਾਰਨ ਵਿਚ ਉਪਰੋਕਤ ਸਾਥੀਆਂ ਦਾ ਬੜਾ ਵੱਡਾ ਹੱਥ ਰਿਹਾ ਹੈ। ਇਸ ਗੱਲ ਨੂੰ ਖੁਦ ਜਸਵਿੰਦਰ ਵੀ ਸਵੀਕਾਰ ਕਰਦਾ ਹੈ।

ਸੋਹਣੇ ਸੁਨੱਖੇ ਤੇ 6 ਫੁੱਟ ਉਚੇ ਕੱਦ ਵਾਲਾ ਜਸਵਿੰਦਰ ਦਿਲ ਦਾ ਵੀ ਉਨਾ ਹੀ ਖੂਬਸੂਰਤ ਹੈ। ਮਿੱਤਰਾਂ ਦੇ ਘੇਰੇ ਵਿਚ ਉਹਨੂੰ ਮੋਰਨੀ ਵਰਗਾ ਸ਼ਾਇਰ ਕਹਿ ਕੇ ਬੁਲਾਇਆ ਜਾਂਦਾ ਹੈ। ਸੱਚੀ-ਮੁੱਚੀਂ ਉਹ ਲੰਮੇ ਕੱਦ ਤੇ ਸੰਭਾਲੇ ਹੋਏ ਸਰੀਰ ਨਾਲ ਜਦੋਂ ਮਿੱਤਰਾਂ ਵੱਲ ਹੱਥ ਮਿਲਾਉਣ ਜਾਂ ਗਲ ਲੱਗਣ ਲਈ ਆਉਂਦਾ ਹੈ ਤਾਂ ਕਲਹਿਰੀ ਮੋਰ ਵਰਗਾ ਹੀ ਲੱਗਦਾ ਹੈ। 2002 ਵਿਚ ਮੈਂ ਪੰਜਾਬ ਗਿਆ ਤਾਂ ਫਗਵਾੜੇ ਸੁਰਜੀਤ ਜੱਜ ਦੇ ਘਰ ਦਸ-ਪੰਦਰਾਂ ਪੁਰਾਣੇ ਅਦੀਬ ਦੋਸਤਾਂ ਨਾਲ ਮਹਿਫਿਲ ਰੱਖ ਲਈ। ਜਲੰਧਰ ਵਾਲੇ ਤਾਂ ਪਰਤ ਗਏ, ਪਰ ਦੂਰ ਵਾਲੇ ਰਾਤ ਠਹਿਰ ਗਏ। ਗਰਮੀਆਂ ਦੇ ਦਿਨ, ਰਾਤੀਂ ਖਾਣ ਪੀਣ ਤੋਂ ਵਿਹਲੇ ਹੋ ਕੇ, ਛੱਤ ਉਪਰ ਖੁੱਲ੍ਹੇ ਅਸਮਾਨ ਹੇਠ ਮੰਜੇ ਡਾਹ ਲਏ ਗਏ। ਸਭ ਘੁਰਾੜੇ ਮਾਰਨ ਲੱਗ ਪਏ ਪਰ ਅਸੀਂ ਦੋਵੇਂ ਜਾਗਦੇ ਤੇ ਪੁਰਾਣੀਆਂ ਯਾਦਾਂ ਸਾਂਝੀਆਂ ਕਦੇ ਰਹੇ। ਕੋਈ ਡੇਢ ਦਹਾਕੇ ਬਾਅਦ ਜੋ ਮਿਲੇ ਸੀ। ਸਵੇਰੇ ਸੂਰਜ ਦੀਆਂ ਕਿਰਨਾਂ ਨੇ ਚਮਕ ਦਿਖਾਈ ਤਾਂ ਦਰਸ਼ਨ ਬੁੱਟਰ ਅੱਖਾਂ ਮਲਦਾ ਉਠਿਆ ਤੇ ਕਹਿੰਦਾ, "ਯਾਰ ਤੁਸੀਂ ਸਾਰੀ ਰਾਤ ਨਹੀਂ ਸੁੱਤੇ, ਪਤਾ ਨਹੀਂ ਕਿਹੜੀਆਂ ਗੱਲਾਂ ਕਰਦੇ ਰਹੇ; ਮੇਰੀ ਤਾਂ ਕੁਝ ਸਮਝ ਨਹੀਂ ਪਈਆਂ। ਜਦੋਂ ਵੀ ਅੱਖ ਖੁੱਲ੍ਹੇ, ਬੱਸ ਤੁਸੀਂ ਗੱਲਾਂ ਕਰ ਰਹੇ ਸੀ।"

ਦਸੰਬਰ 2013 ਵਿਚ ਜਸਵਿੰਦਰ ਨਾਲ ਗੱਲ ਹੋਈ ਤਾਂ ਕਹਿੰਦਾ, "ਬੇਟੀ ਕੈਨੇਡਾ ਤੋਂ ਆ ਰਹੀ ਹੈ ਤੇ ਉਸ ਦੀ ਸ਼ਾਦੀ ਹੈ। ਮੈਂ ਚਾਹੁੰਨਾ ਕਿ ਬਰਾਤ ਦੇ ਸਵਾਗਤ ਸਮੇਂ ਤੂੰ ਮੇਰੇ ਨਾਲ ਖਲੋਤਾ ਹੋਵੇਂ।" ਮੈਨੂੰ ਉਸ ਵਲੋਂ ਦਿੱਤੇ ਮਾਣ 'ਤੇ ਖੁਸ਼ੀ ਮਹਿਸੂਸ ਹੋਈ। ਜਨਵਰੀ 2014 ਵਿਚ ਅਸੀਂ ਜਾਣਾ ਤਾਂ ਹੈ ਈ ਸੀ; ਸੋ, ਉਸ ਹਿਸਾਬ ਨਾਲ ਪ੍ਰੋਗਰਾਮ ਬਣਾ ਲਿਆ। ਮੈਂ ਤੇ ਨੀਰੂ ਸਾਝਰੇ ਹੀ ਰੋਪੜ ਪਹੁੰਚ ਗਏ। ਬਹੁਤ ਖੁਸ਼ ਸੀ ਉਹ। ਹੋਰ ਵੀ ਬਹੁਤ ਸਾਰੇ ਸਾਹਿਤਕ ਦੋਸਤ ਹੌਲੀ-ਹੌਲੀ ਪਹੁੰਚ ਗਏ। ਕਾਮਰੇਡ ਦਰਸ਼ਨ ਕੂਹਲੀ ਵੀ ਆ ਗਏ ਜੋ ਕਦੇ ਸਾਡੀ ਸੂਬਾ ਕਮੇਟੀ ਦੇ ਇੰਚਾਰਜ ਹੁੰਦੇ ਸਨ। ਉਦੋਂ ਉਨ੍ਹਾਂ ਦਾ ਗੁਪਤ ਨਾਂ ਦਲਬੀਰ ਹੁੰਦਾ ਸੀ। ਸਿਹਤ ਕੁਝ ਢਿੱਲੀ ਲੱਗਦੀ ਸੀ, ਪਰ ਬੜੇ ਤਪਾਕ ਨਾਲ ਮਿਲੇ ਤੇ ਸਾਰਿਆਂ ਦਾ, ਖਾਸ ਕਰ ਕੇ ਕਮਲਜੀਤ ਵਿਰਕ ਦਾ ਹਾਲ ਪੁੱਛਿਆ।

ਵਿਆਹ ਤੋਂ ਬਾਅਦ ਉਹ ਬੇਟੀਆਂ, ਜਵਾਈ ਤੇ ਹੋਰ ਰਿਸ਼ਤੇਦਾਰਾਂ ਨਾਲ ਮਸਰੂਫ ਹੋ ਗਿਆ। ਬੇਟੀ ਨੂੰ ਕੈਨੇਡਾ ਤੋਂ ਉਸ ਦੇ ਪਤੀ ਲਈ ਅਪਲਾਈ ਕਰਨ ਲਈ ਵਿਆਹ ਦਾ ਸਰਟੀਫਿਕੇਟ ਚਾਹੀਦਾ ਸੀ। ਉਹ ਸਮਰਾਲੇ ਤਹਿਸੀਲਦਾਰ ਨੂੰ ਮਿਲਣ ਗਏ ਹੋਏ ਸੀ। ਉਨ੍ਹਾਂ ਦਿਨਾਂ ਵਿਚ ਹੀ ਸਾਡੀ ਵਾਪਸੀ ਸੀ। ਫਗਵਾੜੇ ਸਾਡੇ ਅਪਾਰਟਮੈਂਟ ਵਿਚ ਅਸੀਂ ਉਸ ਨੂੰ ਉਸੇ ਦਿਨ ਹੀ ਮਿਲਣਾ ਸੀ। ਦਰਸ਼ਨ ਬੁੱਟਰ ਤੇ ਸੁਸ਼ੀਲ ਵੀ ਉਦਣ ਮੇਰੇ ਕੋਲ ਫਗਵਾੜੇ ਹੀ ਸਨ। ਦੁਸਾਂਝ ਕਲਾਂ ਦੇ ਇਕ ਪ੍ਰੋਗਰਾਮ ਤੋਂ ਵਿਹਲੇ ਹੋ ਕੇ ਕਾਮਰੇਡ ਮੰਗਤ ਰਾਮ ਪਾਸਲਾ ਤੇ ਕੁਲਵੰਤ ਸੰਧੂ ਵੀ ਸਾਡੇ ਕੋਲ ਆ ਗਏ। ਮਾੜੀ ਕਿਸਮਤ, ਉਸੇ ਦਿਨ ਫਗਵਾੜੇ ਇਕ ਫਿਰਕੇ ਵਲੋਂ ਧਾਰਮਿਕ ਸੋਭਾ ਯਾਤਰਾ ਸੀ ਜਿਸ ਨੇ ਮੀਲਾਂ ਤਕ ਟ੍ਰੈਫਿਕ ਜਾਮ ਕਰ ਦਿੱਤਾ। ਜਸਵਿੰਦਰ ਦਾ ਫੋਨ ਆਇਆ ਕਿ ਮੈਂ ਗੁਰਾਇਆਂ ਲਾਗੇ ਪਹੁੰਚ ਗਿਆ ਹਾਂ, ਪਰ ਟ੍ਰੈਫਿਕ ਬਹੁਤ ਹੈ। ਖਿੱਚ ਧੂਹ ਕੇ ਉਹਦੀ ਬੱਸ ਗੁਹਾਵਰ (ਗਹੌਰ) ਦੇ ਅੱਡੇ ਤਕ ਲੈ ਆਈ। ਟ੍ਰੈਫਿਕ ਇਕਦਮ ਠੱਪ। ਉਹ ਬੱਸ ਵਿਚੋਂ ਬਾਹਰ ਨਿਕਲ ਆਇਆ। ਲੰਮਾ ਸਾਹ ਲਿਆ। ਗਹੌਰ ਦਾ ਅੱਡਾ ਉਹਨੂੰ ਜਾਣਿਆ ਪਛਾਣਿਆ ਲੱਗਿਆ। ਕਦੀ ਉਹ ਸਾਡੇ ਨਾਲ ਇਥੇ ਸਾਡੀ ਯੂਨੀਅਨ ਦੇ ਸਾਥੀ ਸੁਖਪਾਲ ਸੰਘੇੜਾ (ਜੋ ਹੁਣ ਬਹੁਤ ਨਾਮ ਵਾਲਾ ਸਾਇੰਸਦਾਨ ਹੈ) ਦੇ ਘਰ ਠਹਿਰਿਆ ਸੀ। ਸਾਡਾ ਅਪਾਰਟਮੈਂਟ ਉਥੋਂ 5-6 ਕਿਲੋਮੀਟਰ ਸੀ। ਉਹ ਤੁਰ ਕੇ ਹੀ ਸਾਨੂੰ ਆਣ ਮਿਲਿਆ। ਇਹ ਉਸ ਦੀ ਮੁਹੱਬਤ ਹੀ ਸੀ, ਜਿਸ ਕਰ ਕੇ ਮੈਂ ਉਹਨੂੰ ਮਾਸ਼ੂਕਾ ਵਰਗਾ ਮਿੱਤਰ ਵੀ ਕਹਿੰਦਾ ਹਾਂ।

ਇਨਾਮਾਂ ਮਗਰ ਉਹ ਕਦੇ ਨਹੀਂ ਦੌੜਿਆ, ਸਗੋਂ ਇਨਾਮ ਉਹਦੇ ਮਗਰ ਦੌੜਦੇ ਰਹੇ ਹਨ। ਹਿੰਦੁਸਤਾਨ ਦੇ ਹਰ ਕੋਨੇ ਵਿਚ ਉਹ ਪੰਜਾਬੀ ਦੇ ਨਾਮਵਰ ਸ਼ਾਇਰਾਂ ਨਾਲ ਆਪਣਾ ਕਲਾਮ ਸੁਣਾ ਚੁੱਕਿਆ ਹੈ। ਕੁਝ ਵਰ੍ਹੇ ਪਹਿਲਾਂ ਸਵਰਗੀ ਰਣਧੀਰ ਸਿੰਘ ਨਿਊ ਯਾਰਕ ਜੋ ਨਿੱਕੀ ਬਹਿਰ ਦੇ ਬੜੇ ਵਧੀਆ ਗ਼ਜ਼ਲਗੋ ਸਨ, ਦੀ ਯਾਦ ਵਿਚ 51,000 ਰੁਪਏ ਦੇ ਇਨਾਮ ਦੇਣ ਬਾਰੇ ਸੁਰਿੰਦਰ ਸੋਹਲ ਤੇ ਰਜਿੰਦਰ ਜਿੰਦ ਨੇ ਅਖਬਾਰ ਵਿਚ ਖ਼ਬਰ ਲੁਆ ਦਿੱਤੀ ਕਿ ਇਹ ਇਨਾਮ ਜਸਵਿੰਦਰ ਲਈ ਹੈ। ਉਹ ਪੜ੍ਹ ਕੇ ਹੈਰਾਨ ਹੋਇਆ। ਫਿਰ ਉਹਨੇ ਪੁੱਛਿਆ ਕਿ ਇਹ ਇਨਾਮ ਤੁਸੀਂ ਸੱਚੀਂ ਹੀ ਮੇਰੀ ਸ਼ਾਇਰੀ ਨੂੰ ਦੇ ਰਹੇ ਹੋ ਜਾਂ...? ਜੇ ਨਹੀਂ ਤਾਂ ਤੁਸੀਂ ਕਿਸੇ ਹੋਰ ਨੂੰ ਦੇ ਸਕਦੇ ਹੋ। ਇਹ ਗੱਲ ਮੈਨੂੰ ਸੁਰਿੰਦਰ ਸੋਹਲ ਨੇ ਦੱਸੀ ਤਾਂ ਮੈਨੂੰ ਆਪਣੇ ਇਸ ਯਾਰ 'ਤੇ ਰਸ਼ਕ ਆਇਆ, ਨਹੀਂ ਤਾਂ ਅੱਜ ਕਲ੍ਹ ਲੇਖਕ ਪੰਜ-ਪੰਜ ਸੌ ਦੇ ਇਨਾਮਾਂ ਲਈ ਵੀ ਲਾਲ੍ਹਾਂ ਸੁੱਟਦੇ ਫਿਰਦੇ ਹਨ।

ਉਸ ਦਾ ਇਕ ਸ਼ਿਅਰ ਹੈ,

ਹੰਸ ਤੇ ਬਗਲੇ ਪਛਾਣੇ ਜਾਣਗੇ ਏਸੇ ਤਰ੍ਹਾਂ
ਮੋਤੀਆਂ ਦੀ ਚੋਗ ਪਾ ਦੇ ਕੰਕਰਾਂ ਦੇ ਨਾਲ ਨਾਲ।

ਪਾਰਖੂਆਂ ਨੇ ਸ਼ਾਨਦਾਰ ਸ਼ਾਇਰ ਅਤੇ ਜਾਨਦਾਰ ਮਨੁੱਖ ਜਸਵਿੰਦਰ ਦੀ ਪਛਾਣ ਕਰ ਲਈ ਹੈ। ਉਸ ਦੀ 'ਅਗਰਬੱਤੀ' ਨੂੰ ਜੋ ਪਿਛਲੇ ਕਈ ਦਹਾਕਿਆਂ ਤੋਂ ਉਸ ਅੰਦਰ ਮਹਿਕ ਰਹੀ ਸੀ, ਨੂੰ ਭਾਰਤੀ ਸਾਹਿਤ ਅਕਾਦਮੀ ਦਾ ਵੱਕਾਰੀ ਇਨਾਮ ਮਿਲਿਆ ਹੈ। ਇਸ ਇਨਾਮ ਲਈ ਜਸਵਿੰਦਰ ਅਤੇ ਨਾਲ ਹੀ ਪਿਰਤਾਂ ਤੋੜ ਕੇ ਲਿਖਤਾਂ ਨੂੰ ਪਹਿਲ ਦੇਣ ਵਾਲੀ ਨਵੀਂ ਪਿਰਤ ਪਾਉਣ ਵਾਲੀ ਜਿਊਰੀ ਨੂੰ ਮੁਬਾਰਕਾਂ! ਸ਼ਾਲਾ! ਇਹ ਪਿਰਤ ਕਾਇਮ ਰਵ੍ਹੇ।

## ਜਸਵਿੰਦਰ ਦੀਆਂ ਤਿੰਨ ਗਜ਼ਲਾਂ

*(1)*

ਉੱਚੇ ਟਿੱਬੇ ਤੋਂ ਸੁਰੀਲੀ ਤਾਨ ਸੁਣ ਕੇ
ਵੱਗ ਹੀ ਮੁੜਦੇ ਨੇ ਹੇ ਗੋਪਾਲ ਤੇਰੇ।
ਮੁਕਟ ਲਾਹ ਕੇ ਜੇ ਵਜਾਉਂਦਾ ਬੰਸਰੀ ਤੂੰ
ਸਾਰਾ ਜੰਗਲ ਝੂਮਣਾ ਸੀ ਨਾਲ ਤੇਰੇ।

ਪੰਛੀਆਂ ਵਰਗਾ ਸੁਦਾਮੇ ਦਾ ਕਬੀਲਾ
ਰਿਜ਼ਕ ਆਪਣਾ ਨਾਮ ਤੇਰੇ ਕਰ ਰਿਹਾ ਹੈ,
ਬਹੁਤ ਗੁੰਝਲਦਾਰ ਹੈ ਤੇਰਾ ਤਲਿੱਸਮ
ਬਹੁਤ ਹੀ ਬਾਰੀਕ ਨੇ ਇਹ ਜਾਲ ਤੇਰੇ।

ਸੁੱਕੀਆਂ ਝੀਲਾਂ 'ਚ ਕੀ ਹੰਸਾਂ ਦੀ ਹੋਣੀ
ਰੋੜ ਖਾ ਖਾ ਕੇ ਕਦੋਂ ਤਕ ਜੀਣਗੇ ਇਹ,
ਆਉਣਗੇ ਤੇ ਕਰਨਗੇ ਖਾਲੀ ਕਿਸੇ ਦਿਨ
ਮੋਤੀਆਂ ਦੇ ਨਾਲ ਲੱਦੇ ਥਾਲ ਤੇਰੇ।

ਕਿਸ ਤਰ੍ਹਾਂ ਦਾ ਹੈ ਭਲਾ ਇਹ ਅਹਿਦ ਤੇਰਾ
ਫੁੱਲ ਤਾਂ ਸਭ ਦੇ ਨੇ ਪਰ ਇਹ ਸ਼ਹਿਦ ਤੇਰਾ,
ਘੇਰਦੇ ਰਹਿੰਦੇ ਨੇ ਭੀਲਾਂ ਨੂੰ ਯੁਗਾਂ ਤੋਂ
ਗੁੰਬਦਾਂ 'ਚੋਂ ਉਡ ਕੇ ਮਖਿਆਲ ਤੇਰੇ।

ਜਲ ਵੀ ਓਹੀ, ਪੌਣ ਓਹੀ, ਰੇਤ ਓਹੀ
ਜ਼ਖ਼ਮ ਵੀ ਓਹੀ ਤੇ ਸਿੰਮਦੀ ਰੱਤ ਓਹੀ,
ਤੇਰੀ ਸ਼ਹਿ 'ਤੇ ਜੋ ਕੁਰੂਖੇਤਰ 'ਚ ਚੱਲੇ
ਭਰ ਕੇ ਹੁਣ ਵੀ ਵਗਣ ਓਹੀ ਖਾਲ ਤੇਰੇ।

ਓਹੀ ਸੀਨੇ, ਸੀਨਿਆਂ ਵਿਚ ਤੀਰ ਓਹੀ
ਦਰਦ ਓਹੀ, ਦਰਦ ਦੀ ਤਾਸੀਰ ਓਹੀ,
ਫ਼ਰਕ ਬਸ ਏਨਾ ਪਿਆ ਕਲਯੁਗ 'ਚ ਆ ਕੇ
ਬਣ ਗਏ ਕੌਰਵ ਵੀ ਭਾਈਵਾਲ ਤੇਰੇ।

*(2)*

ਸ਼ਾਮ ਨੂੰ ਦਰਵੇਸ਼ ਪੰਛੀ ਜਾਣਗੇ ਕਿਹੜੇ ਘਰੇ।
ਕੇਸਰੀ ਨ੍ਹੇਰੀ ਉਡਾ ਕੇ ਲੈ ਗਈ ਪੱਤੇ ਹਰੇ।

ਕਾਲੀਆਂ ਪੌਣਾਂ ਅਜੇ ਇਕ ਇਕ ਨੂੰ ਸੈਂਸਰ ਕਰਦੀਆਂ,
ਪਿਆਸ ਨੇ ਬਰਸਾਤ ਨੂੰ ਜੋ ਖਤ ਲਿਖੇ ਦੁੱਖਾਂ ਭਰੇ।

ਕਿਸ ਤਰ੍ਹਾਂ ਦਾ ਹੈ ਤੁਹਾਡਾ ਕੋਸ਼ ਇਸ ਅਨੁਸਾਰ ਤਾਂ,
ਖਾਸ ਹੀ ਸਿਰ ਸੀਸ ਨੇ ਤੇ ਆਮ ਸਿਰ ਨੇ ਠੀਕਰੇ।

ਕੀ ਪਤੈ ਉਹ ਸਿੱਧ ਕੀ ਕਰਨਾ ਹੈ ਚਾਹੁੰਦਾ ਇਸ ਤਰ੍ਹਾਂ,
ਛਾਂ ਦੀ ਪੂਜਾ ਕਰਨ ਪਿੱਛੋਂ ਬਿਰਖ ਦੀ ਹੱਤਿਆ ਕਰੇ।

ਹੋਰ ਕੀ ਬਚਿਆ ਹੈ ਜਿਸ ਦੀ ਭਾਲ ਵਿਚ ਪਾਗਲ ਹਵਾ,
ਜਿਉਂਦਿਆਂ ਦੇ ਸਾਹ ਫਰੋਲੇ ਮੁਰਦਿਆਂ ਦੇ ਮਕਬਰੇ।

ਖੂਬ ਹੈ ਤੇਰੀ ਕਲਾ ਪਰ ਕਰ ਨਾ ਏਨੀ ਵੀ ਕਮਾਲ,
ਨਾ ਬਣਾ ਜੈਤੂਨ ਦੀ ਪੱਤੀ ਦੁਆਲੇ ਉਸਤਰੇ।

ਬਾਂਸ ਦੀ ਪੋਰੀ 'ਚੋਂ ਜਿਹੜੀ ਪੌਣ ਕਢਦੀ ਹੈ ਸੁਰਾਂ,
ਬਾਂਸ ਦਾ ਜੰਗਲ ਉਸੇ ਹੀ ਪੌਣ ਦੇ ਵਗਣੋਂ ਡਰੇ।

*(3)*

ਦਰਦ ਦੀ ਪੁਸਤਕ ਪੜ੍ਹਨ ਵੇਲੇ ਜ਼ਰਾ ਰੱਖੀਂ ਖਿਆਲ।
ਕੁਝ ਕੁ ਅਣਲਿਖਿਆ ਵੀ ਹੈ ਹਰ ਹਾਸ਼ੀਏ ਦੇ ਨਾਲ ਨਾਲ।

ਬਲਦਿਆਂ ਬੱਦਲਾਂ ਦੀ ਸਿਰ 'ਤੇ ਗਸ਼ਤ ਇਹ ਚੰਗੀ ਨਹੀਂ,
ਇਕ ਕਣੀ ਦੇ ਨਾਲ ਆ ਸਕਦੈ ਸਮੁੰਦਰ ਨੂੰ ਉਬਾਲ।

ਜੇ ਤੁਹਾਡੇ ਸ਼ਬਦਕੋਸ਼ਾਂ ਵਿਚ ਨਹੀਂ ਇਕ ਵੀ ਕਣੀ,
ਔੜ ਦੀ ਭਾਸ਼ਾ 'ਚ ਤਾਂ ਪੁੱਛੋ ਨਾ ਫਸਲਾਂ ਨੂੰ ਸਵਾਲ।

ਸੁਰਖ਼ਰੂ ਹੋਏ ਹਾਂ ਕੰਧਾਂ 'ਤੇ ਬਣਾ ਕੇ ਸੂਲੀਆਂ,
ਇਉਂ ਅਸੀਂ ਈਸਾ ਬਣਨ ਤੋਂ ਬਚ ਗਏ ਹਾਂ ਵਾਲ ਵਾਲ।

ਬੁਰਜ ਦੇ ਅੰਦਰ ਅਜੇ ਵੀ ਸਲਤਨਤ ਨ੍ਹੇਰੇ ਦੀ ਹੈ,
ਬੁਰਜੀਆਂ ਉਤੇ ਮਸ਼ਾਲਾਂ ਜਗਦੀਆਂ ਨੇ ਬੇਮਿਸਾਲ।

ਖੂਬ ਰੋਂਦੇ ਨੇ ਤੇ ਸੁਰਮਾ ਵੀ ਖੁਰਨ ਦਿੰਦੇ ਨਹੀਂ,
ਲੋਕ ਮਾਤਮ ਕਰਨ ਵੇਲੇ ਵੀ ਬੜਾ ਰੱਖਣ ਖ਼ਿਆਲ।

ਤੇਰੇ ਦਿਲ ਢਾਹੂ ਜਵਾਬਾਂ ਨਾਲ ਮੈਂ ਮੁੱਕਿਆ ਨਾ ਸੀ,
ਮੈਂ ਉਦੋਂ ਮੁੱਕਿਆ ਜਦੋਂ ਸੀ ਮੁੱਕ ਗਏ ਮੇਰੇ ਸਵਾਲ।

ਜੇ ਲਹੂ ਵਿਚ ਖ਼ੌਫ਼ ਰੂਹ ਅੰਦਰ ਰਹੇ ਵੀਰਾਨਗੀ,
ਧੜਕਣਾਂ ਵੀ ਲਗਦੀਆਂ ਫਿਰ ਹਾਦਸੇ ਦੀ ਪੈੜ-ਚਾਲ।

ਸਮਝਣਾ ਔਖੈ ਕਿਵੇਂ ਹੈ ਜ਼ਹਿਰ ਕੱਟਦਾ ਜ਼ਹਿਰ ਨੂੰ,
ਪੈਰ ਦਾ ਕੰਡਾ ਕਿਵੇਂ ਨਿਕਲਦਾ ਹੈ ਕੰਡੇ ਦੇ ਨਾਲ।

## ਮਾਨਵ ਨੇ ਫੁੱਲ ਸਾਰੇ

ਕੁਦਰਤ ਦੀ ਕੀਰਤੀ ਦਾ, ਅਪਮਾਨ ਕਰ ਨਾ ਬੰਦੇ।
ਸੁਹਜਾਂ ਦੇ ਗੁਲਸਤਾਂ ਨੂੰ, ਵੀਰਾਨ ਕਰ ਨਾ ਬੰਦੇ।

ਦੁਨੀਆਂ ਦੇ ਬਾਗ ਅੰਦਰ, ਮਾਨਵ ਨੇ ਫੁੱਲ ਸਾਰੇ,
ਫੁੱਲਾਂ ਨੂੰ ਤੋੜਨੇ ਦਾ, ਐਲਾਨ ਕਰ ਨਾ ਬੰਦੇ।

ਕੋਈ ਏਸ ਥਾਂ ਹੈ ਮਰਿਆ, ਕੋਈ ਓਸ ਥਾਂ ਹੈ ਮਰਿਆ,
ਬੰਦੇ ਦਾ ਮਰਨ ਏਨਾ, ਆਸਾਨ ਕਰ ਨਾ ਬੰਦੇ।

ਕਿਧਰੇ ਹੈ ਧਰਤ ਲੂਹੀ, ਲੂਹਿਆ ਆਕਾਸ਼ ਕਿਧਰੇ,
ਹਰ ਥਾਂ ਬਾਰੂਦ ਅੱਗ ਦਾ, ਰੱਥਵਾਨ ਕਰ ਨਾ ਬੰਦੇ।

ਨਗਰੀ ਮਨੁੱਖਤਾ ਦੀ, ਕਿਧਰੇ ਨਾ ਫੂਕ ਦੇਵਣ,
ਹੈਂਕੜ ਤੇ ਹਿਰਸ ਏਨੇ, ਬਲਵਾਨ ਕਰ ਨਾ ਬੰਦੇ।

ਅੱਖਾਂ ਦੇ ਠੀਕ ਸਾਹਵੇਂ, ਡੁਲ੍ਹਦਾ ਨਾ ਖੂਨ ਤੱਕੇਂ
ਆਪਣਾ ਅਹਿਸਾਸ ਏਨਾ, ਬੇਜਾਨ ਕਰ ਨਾ ਬੰਦੇ।

ਮਤਲਬ ਨੂੰ ਪੂਜਦਾ ਏਂ, ਹੱਕ ਸੱਚ ਨਾ ਪਛਾਣੇ,
ਕੌਡਾਂ ਤੋਂ ਹੀਰਿਆਂ ਨੂੰ, ਕੁਰਬਾਨ ਕਰ ਨਾ ਬੰਦੇ।

ਧਰਮਾਂ ਦੇ ਨਾਂ 'ਤੇ ਧੰਦਾ, ਕਰਮਾਂ ਦੇ ਨਾਂ 'ਤੇ ਠੱਗੀ,
ਹਰ ਥਾਂ ਮਲੀਨ ਆਪਣਾ, ਈਮਾਨ ਕਰ ਨਾ ਬੰਦੇ।

ਹਰ ਥਾਂ ਜਹੂਰ ਰੱਬ ਦਾ, ਹਰ ਸ਼ੈ 'ਚ ਨੂਰ ਉਸ ਦਾ,
ਉਸ ਨੂੰ ਵੰਗਾਰਨੇ ਦਾ, ਅਭਿਮਾਨ ਕਰ ਨਾ ਬੰਦੇ।

ਕੋਈ ਕਿਸੇ ਦਾ ਦਿਲ ਹੈ, ਕੋਈ ਨੂਰ ਹੈ ਕਿਸੇ ਦਾ,
ਵਸਦੇ ਘਰਾਂ ਦੇ ਜ਼ਖਮੀ, ਅਰਮਾਨ ਕਰ ਨਾ ਬੰਦੇ।

ਉਸ ਦੀ ਰਜ਼ਾ ਦੇ ਅੰਦਰ, ਸਰਬੱਤ ਦਾ ਭਲਾ ਹੈ,
ਆਪਣੇ ਲਈ ਕਿਸੇ ਦਾ, ਨੁਕਸਾਨ ਕਰ ਨਾ ਬੰਦੇ।

ਹਰ ਦਿਲ ਹੈ ਮੂਲ ਮਾਣਕ, ਦੈਵੀ ਅਮੋਲ ਰਚਨਾ,
ਦਿਲ ਤੋੜਨੇ ਦਾ ਕੋਈ, ਸਾਮਾਨ ਕਰ ਨਾ ਬੰਦੇ।

ਦਯਾ ਧਰਮ ਤੇ ਨੇਕੀ, ਇਨਸਾਨ ਦੇ ਨੇ ਗਹਿਣੇ,
ਬੰਦਿਓਂ ਸ਼ੈਤਾਨ ਬਣਨਾ, ਪਰਵਾਨ ਕਰ ਨਾ ਬੰਦੇ।


ਮਾਨਵ ਦੇ ਧਰਮ ਸਾਰੇ, ਸਰਬ ਸਾਂਝ ਨੇ ਸਿਖਾਉਂਦੇ ,
ਲਾਲਚ ਲਈ ਵੱਖ ਆਪਣਾ, ਭਗਵਾਨ ਕਰ ਨਾ ਬੰਦੇ।

***-ਗਿਆਨ ਸਿੰਘ ਕੋਟਲੀ ਵੈਨਕੂਵਰ***
***ਫੋਨ: 604-502-7151***



# ਦੀਪਿਕਾ ਪਾਦੂਕੋਣ ਦੀ ਪਰੀ ਕਥਾ

ਕਰੀਅਰ ਦੀ ਚੋਟੀ ਉਤੇ ਚੱਲ ਰਹੀ ਸੁਨੱਖੀ ਅਦਾਕਾਰਾ ਦੀਪਿਕਾ ਪਾਦੂਕੋਣ ਨੇ ਹੁਣੇ-ਹੁਣੇ ਆਪਣਾ 29ਵਾਂ ਜਨਮ ਦਿਨ ਮਨਾਇਆ ਹੈ ਅਤੇ ਆਪਣੇ ਨੇੜਲਿਆਂ ਨਾਲ ਖੂਬ ਜਸ਼ਨ ਮਨਾਏ ਹਨ। 'ਟਾਈਮਜ਼ ਸੈਲੀਬੈਕਸ' ਨੇ ਫਿਲਮੀ ਸਿਤਾਰਿਆਂ ਬਾਰੇ ਜਿਹੜਾ ਨਵਾਂ ਸਰਵੇਖਣ ਰਿਲੀਜ਼ ਕੀਤਾ ਹੈ, ਉਸ ਵਿਚ ਹੀਰੋਇਨਾਂ ਵਿਚੋਂ ਦੀਪਿਕਾ ਪਾਦੂਕੋਣ ਅਤੇ ਹੀਰੋਆਂ ਵਿਚੋਂ ਸ਼ਾਹਰੁਖ ਖਾਨ ਨੂੰ ਚੋਟੀ 'ਤੇ ਰੱਖਿਆ ਗਿਆ ਹੈ। ਵੱਡੀ ਗੱਲ ਇਹ ਵੀ ਹੈ ਕਿ ਦੂਜੇ ਨੰਬਰ 'ਤੇ ਰਹੀ ਅਦਾਕਾਰਾ ਕਰੀਨਾ ਕਪੂਰ ਦੇ ਨੰਬਰ ਦੀਪਿਕਾ ਪਾਦੂਕੋਣ ਨਾਲੋਂ ਅੱਧੇ ਹਨ। ਇਸ ਸਰਵੇਖਣ ਵਿਚ ਦੀਪਿਕਾ ਨੂੰ 65 ਅਤੇ ਕਰੀਨਾ ਕਪੂਰ ਨੂੰ 30 ਅੰਕਾਂ ਦਿੱਤੇ ਗਏ ਹਨ। ਦੀਪਿਕਾ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 2006 ਵਿਚ ਕੰਨੜ ਫਿਲਮ 'ਐਸ਼ਵਰਿਆ' ਨਾਲ ਕੀਤੀ ਸੀ। ਇਹ ਰੁਮਾਂਟਿਕ ਕਾਮੇਡੀ ਸੀ ਅਤੇ ਮਸ਼ਹੂਰ ਤਮਿਲ ਫਿਲਮ 'ਮਨਵਾਧੁਡੂ' ਦੀ ਰੀਮੇਕ ਸੀ। ਹਿੰਦੀ ਫਿਲਮਾਂ ਵਿਚ ਉਸ ਦੀ ਐਂਟਰੀ ਸ਼ਾਹਰੁਖ ਖਾਨ ਨਾਲ ਫਿਲਮ 'ਓਮ ਸ਼ਾਂਤੀ ਓਮ' ਨਾਲ ਹੋਈ ਸੀ। ਇਸ ਪਲੇਠੀ ਫਿਲਮ ਨੇ ਹੀ ਦੀਪਿਕਾ ਪਾਦੂਕੋਣ ਨੂੰ ਚੋਟੀ ਦੀ ਸਟਾਰ ਬਣਾ ਦਿੱਤਾ ਸੀ। ਇਸ ਤੋਂ ਬਾਅਦ ਤਾਂ ਚੱਲ ਸੋ ਚੱਲ...। ਉਸ ਨੇ ਬਚਨਾ ਐ ਹਸੀਨੋ, ਚਾਂਦਨੀ ਚੌਕ ਟੂ ਚਾਈਨਾ, ਬਿੱਲੂ, ਲਵ ਆਜ ਕੱਲ੍ਹ, ਮੈਂ ਔਰ ਮਿਸੇਜ਼ ਖੰਨਾ, ਕਾਰਤਿਕ ਕਾਲਿੰਗ ਕਾਰਤਿਕ, ਹਾਊਸਫੁੱਲ, ਲਫੰਗੇ ਪ੍ਰਿੰਦੇ, ਬ੍ਰੇਕ ਕੇ ਬਾਅਦ, ਖੇਲੇਂ ਹਮ ਜੀ ਜਾਨ ਸੇ, ਦਮ ਮਾਰੋ ਦਮ, ਆਰੱਕਸ਼ਨ, ਦੇਸੀ ਬੁਆਏਜ਼, ਕੌਕਟੇਲ ਵਰਗੀਆਂ ਫਿਲਮਾਂ ਵਿਚ ਕੰਮ ਕੀਤਾ। 2013 ਵਾਲਾ ਵਰ੍ਹਾ ਉਸ ਲਈ ਬੜਾ ਲੱਕੀ ਸਾਬਤ ਹੋਇਆ। ਇਸ ਵਰ੍ਹੇ ਦੌਰਾਨ ਉਸ ਦੀਆਂ ਪੰਜ ਫਿਲਮਾਂ ਆਈਆਂ ਅਤੇ ਪੰਜਾਂ ਦੀ ਪੰਜ ਹਿੱਟ ਰਹੀਆਂ। ਇਨ੍ਹਾਂ ਫਿਲਮਾਂ ਦੇ ਨਾਂ ਹਨ- ਰੇਸ-2, ਬੰਬੇ ਟਾਕੀਜ਼, ਯੇਹ ਜਵਾਨੀ ਹੈ ਦੀਵਾਨੀ, ਚੇਨਈ ਐਕਸਪ੍ਰੈਸ ਅਤੇ ਗੋਲੀਓਂ ਕੀ ਰਾਸਲ੍ਹੀਲਾ-



ਰਾਮਲੀਲ੍ਹਾ। ਇਕ ਵਾਰ ਤਾਂ ਹਰ ਪਾਸੇ ਦੀਪਿਕਾ ਦੀਪਿਕਾ ਹੀ ਹੋ ਗਈ। ਫਿਲਮ 'ਗੋਲੀਓਂ ਕੀ ਰਾਸਲ੍ਹੀਲਾ- ਰਾਮਲੀਲ੍ਹਾ' ਲਈ ਤਾਂ ਉਸ ਨੂੰ ਫਿਲਮਫੇਅਰ ਦਾ ਸਰਵੋਤਮ ਅਦਾਕਾਰਾ ਦਾ ਐਵਾਰਡ ਵੀ ਮਿਲਿਆ। ਸਾਲ 2015 ਵਿਚ ਉਸ ਦੀਆਂ ਤਿੰਨ ਫਿਲਮਾਂ- 'ਪੀਕੂ', 'ਤਮਾਸ਼ਾ' ਅਤੇ 'ਬਾਜ਼ੀਰਾਓ ਮਸਤਾਨੀ' ਰਿਲੀਜ਼ ਹੋ ਰਹੀਆਂ ਹਨ। 'ਪੀਕੂ' ਫਿਲਮ ਸੁਜੀਤ ਸਰਕਾਰ ਬਣਾ ਰਿਹਾ ਹੈ ਅਤੇ ਇਹ ਮੁੱਖ ਰੂਪ ਵਿਚ ਬਾਪ-ਬੇਟੀ ਦੀ ਕਹਾਣੀ ਹੈ। ਇਸ ਫਿਲਮ ਵਿਚ ਦੀਪਿਕਾ ਦੇ ਨਾਲ ਅਮਿਤਾਭ ਬੱਚਨ ਤੋਂ ਇਲਾਵਾ ਇਰਫਾਨ ਖਾਨ ਅਤੇ ਜਿੱਸੂ ਸੇਨਗੁਪਤਾ ਦੀਆਂ ਅਹਿਮ ਭੂਮਿਕਾਵਾਂ ਹਨ। ਫਿਲਮ 'ਤਮਾਸ਼ਾ' ਮਸ਼ਹੂਰ ਫਿਲਮਸਾਜ਼ ਇਮਤਿਆਜ਼ ਅਲੀ ਬਣਾ ਰਿਹਾ ਹੈ। ਇਸ ਫਿਲਮ ਵਿਚ ਦੀਪਿਕਾ ਨਾਲ ਰਣਬੀਰ ਕਪੂਰ ਦੀ ਜੋੜੀ ਬਣਾਈ ਗਈ ਹੈ। ਫਿਲਮ 'ਬਾਜ਼ੀਰਾਓ ਮਸਤਾਨੀ' ਇਤਿਹਾਸਕ ਰੁਮਾਂਟਿਕ ਫਿਲਮ ਹੈ ਜੋ ਸੰਜੇ ਲੀਲਾ ਭੰਸਾਲੀ ਦੀ ਅਗਵਾਈ ਵਿਚ ਬਣ ਰਹੀ ਹੈ। ਇਸ ਫਿਲਮ ਵਿਚ ਮਸਤਾਨੀ ਦੀ ਮੁੱਖ ਭੂਮਿਕਾ ਦੀਪਿਕਾ ਪਾਦੂਕੋਣ ਨਿਭਾਅ ਰਹੀ ਹੈ ਅਤੇ ਇਸ ਫਿਲਮ ਵਿਚ ਚੋਟੀ ਦੀ ਇਕ ਹੋਰ ਹੀਰੋਇਨ ਪ੍ਰਿਯੰਕਾ ਚੋਪੜਾ ਵੀ ਕੰਮ ਕਰ ਰਹੀ ਹੈ। ਫਿਲਮ ਵਿਚ ਹੀਰੋ ਰਣਬੀਰ ਸਿੰਘ ਨੂੰ ਲਿਆ ਗਿਆ ਹੈ ਜਿਸ ਦੇ ਦੀਪਿਕਾ ਪਾਦੂਕੋਣ ਨਾਲ ਪਿਆਰ ਦੇ ਚਰਚੇ ਅੱਜ ਕੱਲ੍ਹ ਖੂਬ ਚੱਲ ਰਹੇ ਹਨ।

ਉਂਜ ਵੀ ਦੀਪਿਕਾ ਪਾਦੂਕੋਣ ਮੀਡੀਆ ਵਿਚ ਹਰ ਵਕਤ ਛਾਈ ਰਹਿੰਦੀ ਹੈ। ਮਸ਼ਹੂਰ ਪੱਤਰਕਾਰ ਵੀਰ ਸੰਘਵੀ ਨੇ 2013 ਵਿਚ ਉਸ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦਿਆਂ ਕਿਹਾ ਸੀ ਕਿ ਦੀਪਿਕਾ ਦਿਲ ਦੀ ਬਹੁਤ ਮਜ਼ਬੂਤ ਕੁੜੀ ਹੈ, ਉਸ ਦੇ ਕਾਰ-ਵਿਹਾਰ ਵਿਚੋਂ ਵੀ ਸਵੈ-ਭਰੋਸਾ ਠਾਠਾਂ ਮਾਰਦਾ ਦਿਸਦਾ ਹੈ। ਇਹ ਗੱਲ ਹੈ ਵੀ ਸੱਚ। ਫਿਲਮੀ ਦੁਨੀਆਂ ਵਿਚ ਉਹ ਅਜਿਹੀਆਂ ਗਿਣਤੀ ਦੀਆਂ ਅਦਾਕਾਰਾਵਾਂ ਵਿਚ ਸ਼ੁਮਾਰ ਹੈ ਜਿਨ੍ਹਾਂ ਨੂੰ ਫਿਲਮਾਂ ਵਿਚ ਕੰਮ ਕਰਨ ਦੇ ਮੂੰਹ ਮੰਗੇ ਪੈਸੇ ਮਿਲਦੇ ਹਨ।

# ਮਸ਼ਹੂਰੀ ਦੀ ਖਾਨ ਮਲਾਇਕਾ

ਮਸ਼ਹੂਰ ਮਾਡਲ ਮਲਾਇਕਾ ਅਰੋੜਾ ਖਾਨ ਨੇ ਫਿਲਮਾਂ ਵਿਚ ਆਈਟਮ ਗੀਤਾਂ ਬਾਰੇ ਚੱਲ ਰਹੀ ਬਹਿਸ ਨੂੰ ਫਜ਼ੂਲ ਅਤੇ ਹਾਸੋਹੀਣੀ ਦੱਸਿਆ ਹੈ। ਉਸ ਦਾ ਕਹਿਣਾ ਹੈ ਕਿ ਉਹ ਆਈਟਮ ਗੀਤ ਸਿਰਫ਼ ਮਨੋਰੰਜਨ ਦੇ ਪੱਖ ਨੂੰ ਮੁੱਖ ਰੱਖ ਕੇ ਫ਼ਿਲਮਾਉਂਦੀ ਹੈ। ਯਾਦ ਰਹੇ ਕਿ ਫਿਲਮਸਾਜ਼ ਅਭਿਸ਼ੇਕ ਡੋਗਰਾ ਦੀ ਨਵੀਂ ਫਿਲਮ 'ਡੌਲੀ ਕੀ ਡੋਲੀ' ਵਿਚ ਮਲਾਇਕਾ ਅਰੋੜਾ ਖਾਨ ਨੇ 'ਫੈਸ਼ਨ ਮੁਝ ਪਰ ਖਤਮ' ਨਾਂ ਦਾ ਆਈਟਮ ਗੀਤ ਕੀਤਾ ਹੈ ਅਤੇ ਇਹ ਗੀਤ ਅੱਜ ਕੱਲ੍ਹ ਅਖਬਾਰੀ ਚਰਚਾ ਵਿਚ ਹੈ। ਇਸ ਫਿਲਮ ਵਿਚ ਸੋਨਮ ਕਪੂਰ ਅਤੇ ਰਾਜ ਕੁਮਾਰ ਰਾਓ ਦੀਆਂ ਮੁੱਖ ਭੂਮਿਕਾਵਾਂ ਹਨ। ਇਸ ਗੀਤ ਵਿਚ ਮਲਾਇਕਾ ਅਰੋੜਾ ਖਾਨ ਰਾਜ ਕੁਮਾਰ ਰਾਓ ਨਾਲ ਨੱਚਦੀ ਨਜ਼ਰ ਆ ਰਹੀ ਹੈ। ਮਲਾਇਕਾ ਅਰੋੜਾ ਖਾਨ ਹਿੰਦੀ ਫਿਲਮਾਂ ਵਿਚ ਹਿੱਟ ਆਈਟਮ ਗੀਤ ਵਾਲੀ ਅਦਾਕਾਰਾ ਵਜੋਂ ਮਸ਼ਹੂਰ ਹੋ ਚੁੱਕੀ ਹੈ। 1998 ਵਿਚ ਫਿਲਮ 'ਦਿਲ ਸੇ' ਦਾ ਗੀਤ 'ਛਈਆਂ ਛਈਆਂ' ਅਤੇ 2010 ਵਿਚ ਰਿਲੀਜ਼ ਹੋਈ ਫਿਲਮ 'ਦਬੰਗ' ਵਿਚ 'ਮੁੰਨੀ ਬਦਨਾਮ ਹੂਈ' ਗੀਤ ਨਾਲ ਉਸ ਨੇ ਖੂਬ ਧਮਾਲਾਂ ਪਾਈਆਂ ਸਨ।

ਮਲਾਇਕਾ ਦਾ ਪਿਛੋਕੜ ਪੰਜਾਬ ਦਾ ਹੈ। ਉਸ ਦਾ ਪਿਤਾ ਅਨਿਲ ਅਰੋੜਾ ਫ਼ਾਜ਼ਿਲਕਾ ਦਾ ਰਹਿਣ ਵਾਲਾ ਸੀ ਅਤੇ ਉਸ ਨੇ ਮਲਿਆਲੀ ਮੁਟਿਆਰ ਜੋਇਸ ਪੋਲੀਕਾਪ ਨਾਲ ਵਿਆਹ ਕਰਵਾਇਆ ਸੀ। ਉਦੋਂ ਮਲਾਇਕਾ ਸਿਰਫ਼ 11 ਸਾਲ ਦੀ ਸੀ ਜਦੋਂ ਅਨਿਲ ਅਤੇ ਜੋਇਸ ਵਿਚਕਾਰ ਤਲਾਕ ਹੋ ਗਿਆ। ਮਲਾਇਕਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਐਮ.ਟੀ.ਵੀ. ਉਤੇ ਵੀ.ਜੇ. ਨਾਲ ਸ਼ੁਰੂ ਕੀਤੀ ਸੀ। ਇਸ ਤੋਂ ਬਾਅਦ ਉਹ ਮਾਡਲਿੰਗ ਦੀ ਦੁਨੀਆਂ ਵਿਚ ਚਲੀ ਗਈ। ਨਾਲ ਹੀ ਉਸ ਨੂੰ ਕਈ ਇਸ਼ਤਿਹਾਰਾਂ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਹਿੱਟ ਹੋਏ ਪੰਜਾਬੀ ਗੀਤ 'ਗੁੜ ਨਾਲੋਂ ਇਸ਼ਕ ਮਿੱਠਾ' ਵਿਚ ਬਤੌਰ ਮਾਡਲ ਉਸ ਦੀ ਬੜੀ ਮਸ਼ਹੂਰੀ ਹੋਈ। ਇਸ ਤੋਂ ਬਾਅਦ ਉਸ ਲਈ ਹਿੰਦੀ ਫਿਲਮਾਂ ਵੱਲ ਰਾਹ ਖੁੱਲ੍ਹ ਗਿਆ ਅਤੇ 'ਛਈਆਂ ਛਈਆਂ' ਨਾਲ ਉਹ ਛਾ ਗਈ। ਮਗਰੋਂ ਉਹਨੇ ਅਦਾਕਾਰ ਅਰਬਾਜ਼ ਖਾਨ ਨਾਲ ਵਿਆਹ ਕਰਵਾ ਲਿਆ। ਉਸ ਦੀ ਭੈਣ ਅੰਮ੍ਰਿਤਾ ਅਰੋੜਾ ਵੀ ਫਿਲਮ ਅਦਾਕਾਰਾ ਹੈ। ਮਲਾਇਕਾ ਦੱਸਦੀ ਹੈ ਕਿ ਉਸ ਨੂੰ 'ਫੈਸ਼ਨ ਮੁਝ ਪਰ ਖਤਮ' ਵਿਚ ਰਾਜ ਕੁਮਾਰ ਰਾਓ ਨਾਲ ਕੰਮ ਕਰ ਕੇ ਬੜਾ ਚੰਗਾ ਲੱਗਿਆ। ਉਸ ਨੂੰ ਆਸ ਨਹੀਂ ਸੀ ਕਿ ਰਾਜ ਕੁਮਾਰ ਇੰਨਾ ਵਧੀਆ ਡਾਂਸਰ ਹੈ।





# ਰਿਕਾਰਡਤੋੜ 'ਪੀ ਕੇ'

ਅਦਾਕਾਰ ਆਮਿਰ ਖਾਨ ਅਤੇ ਫਿਲਮਸਾਜ਼ ਰਾਜ ਕੁਮਾਰ ਹਿਰਾਨੀ ਦੀ ਫਿਲਮ 'ਪੀ ਕੇ' ਭਾਰਤ ਵਿਚ ਬਾਕਸ ਆਫਿਸ ਉਤੇ 300 ਕਰੋੜ ਰੁਪਏ ਕਮਾ ਕੇ ਸਭ ਤੋਂ ਵੱਧ ਕਮਾਈ ਕਰਨ ਵਾਲੀ ਫਿਲਮ ਬਣ ਗਈ ਹੈ। ਵਿਦੇਸ਼ਾਂ ਵਿਚ ਵੀ ਇਹ ਫਿਲਮ ਖੂਬ ਕਮਾਈ ਕਰ ਰਹੀ ਹੈ। ਆਮਿਰ ਖਾਨ ਦੀ ਆਸਟਰੇਲੀਆ ਵਿਚ ਇਹ ਲਗਾਤਾਰ ਤੀਜੀ ਫਿਲਮ ਹੈ ਜਿਸ ਨੇ ਵਧੇਰੇ ਕਮਾਈ ਕੀਤੀ ਹੈ। ਇਸ ਤੋਂ ਪਹਿਲਾਂ ਉਸ ਦੀਆਂ ਦੋ ਹੋਰ ਫਿਲਮਾਂ- '3 ਈਡੀਅਟਸ' ਤੇ 'ਧੂਮ-3' ਨੇ ਵੀ ਆਸਟਰੇਲੀਆ ਵਿਚ ਖੂਬ ਧੁੰਮਾਂ ਪਾਈਆਂ ਸਨ। ਦਰਸ਼ਕਾਂ ਅਤੇ ਫਿਲਮ ਆਲੋਚਕਾਂ ਨੇ ਫਿਲਮ 'ਪੀ ਕੇ' ਦੀ ਬਹੁਤ ਤਾਰੀਫ ਕੀਤੀ ਹੈ ਅਤੇ ਇਸ ਫਿਲਮ ਬਾਰੇ ਵਿਵਾਦ ਛਿੜਨ ਤੋਂ ਬਾਅਦ ਲੋਕ ਇਹ ਫਿਲਮ ਹੋਰ ਵੀ ਜ਼ਿਆਦਾ ਦੇਖ ਰਹੇ ਹਨ। ਅਸਲ ਵਿਚ ਇਸ ਫਿਲਮ ਵਿਚ ਧਰਮ-ਪੁਰਸ਼ਾਂ ਵੱਲੋਂ ਆਮ ਲੋਕਾਈ ਦੀ ਕੀਤੀ ਜਾ ਰਹੀ ਲੁੱਟ-ਖਸੁੱਟ ਨੂੰ ਬਹੁਤ ਵਧੀਆ ਢੰਗ ਨਾਲ ਬਿਆਨ ਕੀਤਾ ਗਿਆ ਹੈ। ਫਿਲਮ ਦੀ ਪਟਕਥਾ ਨੂੰ ਰੋਚਕ ਬਣਾਈ ਰੱਖਣ ਲਈ ਵਿਅੰਗ ਨੂੰ ਮੁੱਖ ਹਥਿਆਰ ਬਣਾਇਆ ਗਿਆ ਹੈ ਅਤੇ ਇਸ ਕਾਰਜ ਵਿਚ ਇਸ ਫਿਲਮ ਨੂੰ ਬਣਾਉਣ ਵਾਲੇ ਬਹੁਤ ਕਾਮਯਾਬ ਰਹੇ ਹਨ।

ਇਸ ਫਿਲਮ ਦਾ ਸਭ ਤੋਂ ਜ਼ਿਆਦਾ ਵਿਰੋਧ ਕੱਟੜ ਹਿੰਦੂ ਜਥੇਬੰਦੀਆਂ ਨੇ ਕੀਤਾ ਹੈ। ਇਨ੍ਹਾਂ ਦਾ ਕਹਿਣਾ ਹੈ ਕਿ ਫਿਲਮ ਵਿਚ ਹਿੰਦੂ ਦੇਵੀ-ਦੇਵਤਿਆਂ ਦਾ ਮਜ਼ਾਕ ਉਡਾਇਆ ਗਿਆ ਹੈ। ਦੂਜੇ ਬੰਨ੍ਹੇ ਰਾਜ ਕੁਮਾਰ ਹਿਰਾਨੀ ਅਤੇ ਆਮਿਰ ਖਾਨ ਨੇ ਇਨ੍ਹਾਂ ਦੋਸ਼ਾਂ ਨੂੰ ਉਕਾ ਹੀ ਰੱਦ ਕੀਤਾ ਹੈ। ਹੋਰ ਤਾਂ ਹੋਰ ਦਰਸ਼ਕ ਵੀ ਇਸ ਦੋਸ਼ ਨੂੰ ਮੰਨਣ ਲਈ ਤਿਆਰ ਨਹੀਂ। ਦਰਸ਼ਕਾਂ ਦਾ ਕਹਿਣਾ ਹੈ ਕਿ ਚਿਰਾਂ ਬਾਅਦ ਅਜਿਹੀ ਫਿਲਮ ਆਈ ਹੈ ਜੋ ਮਨੋਰੰਜਨ ਨਾਲ ਤਾਂ ਭਰਪੂਰ ਹੈ ਹੀ, ਇਸ ਫਿਲਮ ਵਿਚ ਸੁਨੇਹਾ ਵੀ ਦਿੱਤਾ ਗਿਆ ਹੈ। ਇਸੇ ਕਰ ਕੇ ਲੋਕ ਇਸ ਫਿਲਮ ਨੂੰ ਇਕ ਤੋਂ ਵੱਧ ਵਾਰ ਦੇਖਣ ਜਾ ਰਹੇ ਹਨ। ਕੱਟੜ ਜਥੇਬੰਦੀਆਂ ਵੱਲੋਂ ਕੀਤੀ ਭੰਨ-ਤੋੜ ਅਤੇ ਡਰਾਵੇ ਦਾ ਵੀ ਦਰਸ਼ਕਾਂ ਉਤੇ ਕੋਈ ਅਸਰ ਨਹੀਂ ਪਿਆ ਹੈ ਅਤੇ ਉਹ ਕਤਾਰਾਂ ਬੰਨ੍ਹ ਕੇ ਸਿਨੇਮਾ ਘਰਾਂ ਵਿਚ ਇਹ ਫਿਲਮ ਦੇਖਣ ਜਾ ਰਹੇ ਹਨ ਅਤੇ ਆਪਣੇ ਨਾਲਦਿਆਂ ਨੂੰ ਵੀ ਇਹ ਫਿਲਮ ਦੇਖਣ ਲਈ ਪ੍ਰੇਰ ਰਹੇ ਹਨ।

ਉਂਜ ਵੀ ਇਹ ਫਿਲਮ ਅੱਜ ਕੱਲ੍ਹ ਬਣ ਰਹੀਆਂ ਫਿਲਮਾਂ ਤੋਂ ਐਨ ਵੱਖਰੀ ਹੈ। ਫਿਲਮ ਦੀ ਸਫਲਤਾ ਲਈ ਕੋਈ ਵਾਧੂ ਫਾਰਮੂਲਾ ਫਿਲਮਸਾਜ਼ ਨੇ ਵਰਤਣ ਦਾ ਕੋਈ ਯਤਨ ਨਹੀਂ ਕੀਤਾ ਗਿਆ ਹੈ। ਬੱਸ, ਇਸ ਫਿਲਮ ਦੀ ਪਟਕਥਾ ਹੀ ਇੰਨੇ ਜ਼ਬਰਦਸਤ ਤਰੀਕੇ ਨਾਲ ਗੁੰਦੀ ਗਈ ਹੈ ਕਿ ਸਾਰੇ ਹਰ ਬੰਦਾ ਅਸ਼-ਅਸ਼ ਕਰ ਉਠਿਆ ਹੈ।

# MOST CRICKET ANYWHERE

With the Hopper and qualifying American packages starting at $34.99/mo for 12 months.

**Live your passion for cricket with Willow HD.**
**Plus, get the best Punjabi and Hindi entertainment.**



YOUR CRICKET DESTINATION WILLOW HD

## Punjabi Mega Pack

$24.99/mo

WILLOW HD · ETC Punjabi · 9X Punjab · 9X Tashan · Jus Punjabi · MH One · PTC Punjabi · Jus 24x7

## Hindi Elite Pack

~~$34.99/mo~~ EVERYDAY PRICE

3 MONTHS FREE
APPLIES TO THE 4TH, 5TH AND 6TH MONTHS

WILLOW HD · StarPlus HD · Sony · Zee TV HD · aapka colors · Life OK · TV Asia HD · Sony SAB · Sahara One · rishtey (New)

Requires 24-month commitment, credit qualification, and subscription to qualifying American programming.

# FREE

- **100+ Bollywood Movies** On Demand
- **Professional Installation** in up to 6 rooms

All offers require 24-month commitment and credit qualification. Monthly fees apply based on number of rooms.

## LIMITED-TIME OFFER

**ORDER NOW!**

**1-888-816-0166**

MUST MENTION OFFER CODE AT TIME OF ORDER
**SAVE 3**
Cannot be combined with other Offer Codes

dish

International programming requires additional $10/mo International Basic package or any America's Top package.

**Important Terms and Conditions: International 4th, 5th, and 6th Months Free:** Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. **Promotional Offers:** Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. **ETF:** If you cancel service during first 24 months, early termination fee of $20 for each month remaining applies.

**Additional Requirements: Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. **Offer ends 6/10/15.**

© 2015 DISH Network L.L.C. All rights reserved.

0166-0181 Punjabi+Hindi Jan